ਰਾਗੁ ਗਉੜੀ ਭਗਤਾਂ ਕੀ ਬਾਣੀ ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ ੧੪ ॥

ੴ = ਸਰਬ ਸ਼ਕਤੀਮਾਨ ਵੈਰਾਟ ਰੂਪ ਅਦੁਤੀ ਪ੍ਰਮਾਤਮਾ, ਜਿਸਦੇ ਬਰਾਬਰ ਹੋਰ ਕੋਈ ਦੂਜਾ ਨਹੀਂ। ਸਤਿ = ਸੱਚ ਸਰੂਪ ਪ੍ਰਮਾਤਮਾ, ਜੋ ਸਦੀਵੀ ਹੋਂਦਾ ਵਾਲਾ ਹੈ। ਨਾਮ = ਨਿਰੰਕਾਰ ਦੀ ਸਰਬ ਵਿਆਪਕ ਸ਼ਕਤੀ, ਜਿਸ ਰਾਹੀਂ ਸਮੁੱਚੀ ਰਚਨਾ ਨੂੰ ਆਸਰਾ ਦੇ ਕੇ ਟਿਕਾਇਆ ਹੋਇਆ ਹੈ। ਕਰਤਾ ਪੁਰਖੁ = ਰਚਨਹਾਰ ਹਸਤੀ। ਗੁਰ ਪ੍ਰਸਾਦਿ = ਗੁਰੂ ਦੀ ਕ੍ਰਿਪਾ ਨਾਲ (ਉਹ) ਮਿਲਦਾ ਹੈ।(ਇਹ ਮੰਗਲ ਗੁਰੂ ਗ੍ਰੰਥ ਸਾਹਿਬ ਵਿਚ ੯ ਵਾਰ ਆਉਂਦਾ ਹੈ)। ਚਉਪਦੇ ੧੪–ਚਾਰ ਪਦਿਆਂ ਵਾਲੇ ੧੪ ਸ਼ਬਦ।

ਅਬ ਮੋਹਿ ਜਲਤ ਰਾਮ ਜਲੁ ਪਾਇਆ ॥ ਰਾਮ ਉਦਕਿ ਤਨੁ ਜਲਤ ਬੁਝਾਇਆ ॥੧॥ਰਹਾਉ॥ ਮਨੁ ਮਾਰਣੁ ਕਾਰਣਿ ਬਨ ਜਾਈਐ ॥ ਸੋ ਜਲੁ ਬਿਨੁ ਭਗਵੰਤ ਨ ਪਾਈਐ ॥੧॥ ਜਿਹ ਪਾਵਕ ਸੁਰਿ ਨਰ ਹੈ ਜਾਰੇ ॥ ਰਾਮ ਉਦਕਿ ਜਨ ਜਲਤ ਉਬਾਰੇ ॥੨॥ ਭਵ ਸਾਗਰ ਸੁਖ ਸਾਗਰ ਮਾਹੀ ॥ ਪੀਵਿ ਰਹੇ ਜਲ ਨਿਖੁਟਤ ਨਾਹੀ ॥੩॥ ਕਹਿ ਕਬੀਰ ਭਜੁ ਸਾਰਿੰਗਪਾਨੀ ॥ ਰਾਮ ਉਦਕਿ ਮੇਰੀ ਤਿਖਾ ਬੁਝਾਨੀ ॥੪॥੧॥ ਹੁਣ ਮੈਂ (ਤ੍ਰਿਸ਼ਨਾ ਦੀ ਅੱਗ ਵਿਚ) ਜਲਦੇ ਹੋਏ ਨੇ ਰਾਮ ਦਾ ਨਾਮ ਰੂਪ ਅੰਮ੍ਰਿਤ ਜਲ ਪ੍ਰਾਪਤ ਕਰ ਲਿਆ ਹੈ। ਰਾਮ ਦੇ ਨਾਮ ਰੂਪ ਜਲ ਨੇ (ਮੇਰੇ) ਸੜਦੇ ਸਰੀਰ ਨੂੰ ਬੁਝਾ (ਸੀਤਲ ਕਰ) ਦਿਤਾ ਹੈ।੧।ਰਹਾਉ। ਮਨ ਨੂੰ (ਤ੍ਰਿਸ਼ਨਾ ਵੱਲੋਂ) ਮਾਰਨ ਵਾਸਤੇ ਜੰਗਲਾਂ ਵਿਚ ਜਾਈਦਾ ਹੈ।(ਪਰ ਮਨ ਨੂੰ ਤ੍ਰਿਸਨਾ ਤੋਂ ਰਹਿਤ ਕਰਨ ਵਾਲਾ) ਉਹ ਨਾਮ ਰੂਪ ਅੰਮ੍ਰਿਤ ਜਲ ਭਗਵੰਤ ਦੀ ਕ੍ਰਿਪਾ ਤੋਂ ਬਿਨਾ ਨਹੀਂ ਪਾਇਆ ਜਾ ਸਕਦਾ।੧। ਜਿਸ (ਤ੍ਰਿਸ਼ਨਾ ਦੀ) ਅੱਗ ਨੇ ਦੇਵਤੇ ਤੇ ਮਨੁੱਖ ਸਾੜ ਦਿਤੇ ਹਨ। ਰਾਮ ਦੇ ਨਾਮ ਰੂਪ ਜਲ ਨੇ (ਸਾਨੂੰ) ਭਗਤ ਜਨਾਂ ਨੂੰ (ਤ੍ਰਿਸ਼ਨਾ ਦੀ ਅੱਗ ਵਿਚ) ਸੜਨ ਤੋਂ ਬਚਾ ਲਿਆ ਹੈ।੨। ਸੰਸਾਰ ਸਾਗਰ ਹੁਣ ਸੁਖ ਸਾਗਰ ਵਿਚ ਬਦਲ ਗਿਆ ਹੈ; ਸੰਸਾਰ ਸਮੁੰਦਰ ਵਿਚ (ਹੀ ਪ੍ਰਭੂ ਦਾ ਨਾਮ) ਸੁਖਾਂ ਦਾ ਸਾਗਰ ਹੈ।(ਜਿਸ ਦਾ ਜਲ ਅਸੀਂ) ਪੀ ਰਹੇ ਹਾਂ ਭਾਵ ਜਪਦੇ ਹਾਂ, (ਉਹ ਜਲ ਪੀਂਦਿਆਂ) ਮੁੱਕਦਾ ਨਹੀਂ।੩। ਕਬੀਰ ਜੀ ਕਹਿੰਦੇ ਹਨ (ਕਿ ਹੇ ਭਗਤ ਜਨੋਂ! ਤੁਸੀਂ ਵੀ ਤ੍ਰਿਸ਼ਨਾ ਦੀ ਅੱਗ ਬੁਝਾਉਣ ਲਈ) ਵਾਹਿਗੁਰੂ ਦਾ ਭਜਨ ਕਰੋ।(ਜਿਸ) ਰਾਮ ਦੇ ਨਾਮ ਰੂਪ ਜਲ ਨੇ ਮੇਰੀ (ਤ੍ਰਿਸ਼ਨਾ ਰੂਪ) ਪਿਆਸ ਬੁਝਾ ਦਿਤੀ ਹੈ।੪।੧।

ਪਦਾਰਥ = ਅਬ–ਹੁਣ। ਮੋਹਿ–ਮੈਂ। ਜਲਤ–(ਤ੍ਰਿਸ਼ਨਾ; ਮਾਇਆ; ਕਾਮ ਕ੍ਰੋਧ; ਈਰਖਾ ਦੀ ਅੱਗ ਵਿਚ) ਸੜਦੇ ਹੋਏ ਨੇ। ਰਾਮ ਜਲੁ–ਵਾਹਿਗੁਰੂ ਦਾ ਨਾਮ ਰੂਪ ਜਲ (ਜਲ ਅੱਗ ਨੂੰ ਬੁਝਾਉਂਦਾ ਹੈ)। ਰਾਮ ਉਦਕਿ–ਵਾਹਿਗੁਰੂ ਦੇ ਨਾਮ ਰੂਪ ਜਲ ਨੇ। ਬੁਝਾਇਆ–ਬੁਝਾ (ਸ਼ਾਂਤ ਕਰ) ਦਿਤਾ।੧।ਰਹਾਉ। ਮਨੁ ਮਾਰਣਿ–ਮਨ ਨੂੰ ਮਾਰਨ (ਸ਼ਾਂਤ ਕਰਨ) ਵਾਸਤੇ। ਬਨ–ਜੰਗਲਾਂ ਵਿਚ। ਭਗਵੰਤ–ਵਾਹਿਗੁਰੂ।੧। ਜਿਹ ਪਾਵਕ–ਜਿਸ (ਤ੍ਰਿਸ਼ਨਾ ਦੀ) ਅੱਗ ਨੇ। ਸੁਰਿ–ਦੇਵਤੇ। ਨਰ–ਮਨੁੱਖ (ਸੁਰਿ ਨਰ–ਦੈਵੀ ਗੁਣਾਂ ਵਾਲੇ ਮਨੁੱਖ)। ਹੈ ਜਾਰੇ–ਸਾੜੇ ਹਨ। ਜਨ–ਸੇਵਕ। ਉਬਾਰੇ–ਬਚਾ ਲਏ।੨। ਭਵ ਸਾਗਰ–ਸੰਸਾਰ ਸਮੁੰਦਰ। ਮਾਹੀ–ਵਿਚ। ਪੀਵਿ ਰਹੇ–ਪੀ ਰਹੇ ਹਾਂ। ਨਿਖੁਟਤ ਨਾਹੀ–ਮੁੱਕਦਾ ਨਹੀਂ। ਭਜੁ–ਜਪ। ਸਾਰਿੰਗਪਾਨੀ–ਵਾਹਿਗੁਰੂ ,ਜਿਸ ਦੇ ਹੱਥ ਵਿਚ ਸਾਰੀ ਧਰਤੀ ਹੈ (ਸਾਰੀ ਧਰਤੀ ਦੇ ਜੀਵਾਂ ਦੀ ਰੋਜ਼ੀ ਜਿਸ ਦੇ ਹੱਥ ਵਿਚ ਹੈ)। ਤਿਖਾ–(ਤ੍ਰਿਸ਼ਨਾ ਦੀ) ਪਿਆਸ। ਬੁਝਾਨੀ–ਬੁਝਾ ਦਿਤੀ।੪।੧।

ਗਉੜੀ ਕਬੀਰ ਜੀ ॥ ਮਾਧਉ ਜਲ ਕੀ ਪਿਆਸ ਨ ਜਾਇ ॥ ਜਲ ਮਹਿ ਅਗਨਿ ਉਠੀ ਅਧਿਕਾਇ ॥੧॥ਰਹਾਉ॥ ਤੂੰ ਜਲਨਿਧਿ ਹਉ ਜਲ ਕਾ ਮੀਨੁ ॥ ਜਲ ਮਹਿ ਰਹਉ ਜਲਹਿ ਬਿਨੁ ਖੀਨੁ ॥੧॥ ਤੂੰ ਪਿੰਜਰੁ ਹਉ ਸੂਅਟਾ ਤੋਰ ॥ ਜਮੁ ਮੰਜਾਰੁ ਕਹਾ ਕਰੈ ਮੋਰ ॥ ੨॥ ਤੂੰ ਤਰਵਰੁ ਹਉ ਪੰਖੀ ਆਹਿ ॥ ਮੰਦਭਾਗੀ ਤੇਰੋ ਦਰਸਨੁ ਨਾਹਿ ॥੩॥ ਤੂੰ ਸਤਿਗੁਰੁ ਹਉ ਨਉਤਨੁ ਚੇਲਾ ॥ ਕਹਿ ਕਬੀਰ ਮਿਲੁ ਅੰਤ ਕੀ ਬੇਲਾ ॥੪॥੨॥ ਹੇ ਮਾਇਆ ਦੇ ਪਤੀ ਪ੍ਰਭੂ ! (ਤੇਰੇ ਨਾਮ ਰੂਪ) ਜਲ ਦੀ ਪਿਆਸ ਜਾਂਦੀ ਨਹੀਂ (ਨਾਮ ਜਪਣ ਦੀ ਇੱਛਾ ਮਿਟਦੀ ਨਹੀਂ। ਸੱਗੋਂ) ਜਲ ਪੀਣ ਵਿਚ (ਨਾਮ ਜਪਦਿਆਂ) ਪਿਆਸ ਰੂਪ ਅੱਗ ਹੋਰ ਵਧੇਰੇ ਭੜਕ ਉਠੀ ਹੈ।੧।ਰਹਾਉ।(ਹੇ ਪ੍ਰਭੂ !) ਤੂੰ ਜਲ ਦਾ ਖਜਾਨਾ (ਨਾਮ ਰੂਪ ਜਲ ਦਾ ਸਾਗਰ) ਹੈਂ ਤੇ ਮੈਂ (ਇਸ ਸਾਗਰ ਦੇ) ਜਲ ਦਾ ਮੱਛ ਹਾਂ। ਜਲ ਵਿਚ (ਮੈਂ ਜਿਉਂਦਾ) ਰਹਿੰਦਾ ਹਾਂ, (ਪਰ) ਜਲ ਤੋਂ ਬਿਨਾ ਮਰ ਜਾਂਦਾ ਹਾਂ।੧।(ਹੇ ਮਾਲਕ !) ਤੂੰ ਪਿੰਜਰਾ ਹੈਂ ਤੇ ਮੈਂ (ਪਿੰਜਰੇ ਵਿਚ ਰਹਿਣ ਵਾਲਾ) ਤੇਰਾ ਤੋਤਾ ਹਾਂ।(ਤੇਰੇ ਹੁੰਦਿਆਂ) ਜਮ ਰੂਪ ਬਿੱਲਾ ਮੇਰਾ ਕੀ ਵਿਗਾੜ ਸਕਦਾ ਹੈ?।੨। ਤੂੰ ਦਰੱਖਤ ਹੈਂ ਤੇ ਮੈਂ (ਇਸ ਉਤੇ ਰਹਿਣ ਵਾਲਾ) ਪੰਛੀ ਹਾਂ (ਪੰਛੀ ਬ੍ਰਿਛ ਦੇ ਸਹਾਰੇ ਰਹਿੰਦਾ ਹੈ। ਐਨੀ ਨੇੜਤਾ ਹੁੰਦਿਆਂ ਵੀ ਮੈਂ) ਮੰਦੇ ਭਾਗਾਂ ਵਾਲਾ ਹਾਂ, ਜੋ ਤੇਰਾ ਦਰਸ਼ਨ ਨਹੀਂ ਹੋ ਰਿਹਾ।(ਹੇ ਪ੍ਰਭੂ !) ਤੂੰ ਮੇਰਾ ਸਤਿਗੁਰੂ ਹੈਂ, ਮੈਂ ਤੇਰਾ ਨਵਾਂ ਬਣਿਆ ਚੇਲਾ ਹਾਂ (ਤੇਰੀ ਪ੍ਰਾਪਤੀ ਦੀ ਮਰਿਆਦਾ ਤੋਂ ਮੈਂ ਅਣਜਾਣ ਹਾਂ)। ਕਬੀਰ ਜੀ ਆਖ

www.gurugranthvakhyaan.org

All Rights Reserved by Harjinder Singh Gyani | www.GuruGranthVakhyaan.org

ਰਹੇ ਹਨ, (ਹੇ ਸਤਿਗੁਰੂ ਰੂਪ ਪ੍ਰਭੂ! ਮਨੁੱਖਾ ਜਨਮ) ਅੰਤ ਦਾ ਵੇਲਾ ਹੈ, (ਮੈਨੂੰ ਜਰੂਰ) ਮਿਲ (ਕਿਉਂਕਿ ਅੱਗੇ ਕਈ ਜਨਮ ਨਿਸਫਲ ਗਵਾਏ ਹਨ, ਇਹ ਜਨਮ ਅਖੀਰਲਾ ਮੌਕਾ ਹੈ, ਮਿਲ ਕੇ ਇਸ ਨੂੰ ਸਫਲ ਕਰ ਦਿਓ।੪।੨।

ਅੰਤ ਕੀ ਬੇਲਾ = (ਸਰੀਰ ਬਿਰਧ ਹੋ ਗਿਆ ਹੈ, ਇਸ ਦੇ) ਅੰਤ ਹੋਣ ਦਾ ਸਮਾਂ ਆ ਗਿਆ ਹੈ, (ਹੁਣ ਮੇਹਰ ਕਰੋ ਤੇ ਆ ਕੇ) ਮਿਲੋ।(ਹੇ ਪ੍ਰਭੂ! ਤੇਰੇ ਬਿਨਾ ਜੀਵਨ ਦਾ ਅੰਤ ਹੈ, ਇਸ ਲਈ ਇਸ) ਅੰਤ ਦੇ ਸਮੇਂ ਜਰੂਰ ਆ ਕੇ ਮਿਲੋ।

ਪਦਾਰਥ = ਮਾਧਉ–ਹੇ ਮਾਇਆ ਦੇ ਪਤੀ ਪ੍ਰਭੂ!।ਨ ਜਾਇ–ਨਹੀਂ ਜਾਂਦੀ (ਮਿਟਦੀ ਨਹੀਂ)।ਜਲ ਮਹਿ–ਜਲ ਵਿਚ (ਨਾਮ ਜਪਦਿਆਂ)।ਅਗਨਿ–ਪਿਆਸ ਰੂਪ ਅੱਗ।ਅਧਿਕਾਇ–ਜਿਆਦਾ।੧।ਰਹਾਉ।ਜਲਨਿਧਿ–ਜਲ ਦਾ ਖਜਾਨਾ (ਸਮੁੰਦਰ)।ਹਉ–ਮੈਂ।ਮੀਨੁ–ਮੱਛ।ਰਹਉ–ਰਹਿੰਦਾ ਹਾਂ।ਜਲਹਿ ਬਿਨੁ–ਜਲ ਤੋਂ ਬਿਨਾ।ਖੀਨੁ–ਮਰ ਜਾਂਦਾ ਹਾਂ।੧।ਪਿੰਜਰੁ–ਪਿੰਜਰਾ।ਸੁਅਟਾ–ਤੋਤਾ।ਤੋਰ–ਤੇਰਾ।ਜਮ ਮੰਜਾਰੁ–ਜਮ ਰੂਪ ਬਿੱਲਾ।ਕਹਾ ਕਰੈ–ਕੀ ਕਰ ਸਕਦਾ ਹੈ?।ਮੋਰ–ਮੇਰਾ।੨।ਤਰਵਰੁ–ਸੁੰਦਰ ਬ੍ਰਿਛ।ਆਹਿ–ਹਾਂ।ਮੰਦ ਭਾਗੀ–ਮੰਦੇ ਭਾਗਾਂ ਵਾਲਾ।੩।ਨਉਤਨੁ–ਨਵਾਂ।ਅੰਤ ਕੀ ਬੇਲਾ–ਅੰਤ ਦੇ ਸਮੇਂ (ਮਨੁੱਖਾ ਜਨਮ ਵਿਚ, ਜੋ ਬਹੁਤ ਜੂਨਾਂ ਵਿਚ ਭਟਕ ਕੇ ਅੰਤ ਵਿਚ ਮਿਲਿਆ ਹੈ; ਮਾਨੁੱਖਾ ਜਨਮ, ਜੋ ਚੁਰਾਸੀ ਲੱਖ ਜੋਨੀਆਂ ਦੇ ਅੰਤ ਹੋਣ ਦਾ ਵੇਲਾ ਹੈ)।੪।੨।

ਵਿਆਖਿਆ = ਪਿਛਲੇ ਸ਼ਬਦ ਵਿਚ ਦਸਿਆ ਸੀ ਕਿ ਜਿਸ ਜਲ ਨੇ ਤ੍ਰਿਸ਼ਨਾ ਨਾਲ ਸੜਦੇ ਮਨ ਦੀ ਅੱਗ ਬੁਝਾਈ ਸੀ, ਉਸੇ ਰਾਮ ਦੇ ਨਾਮ ਰੂਪ ਜਲ ਨੇ ਤ੍ਰੇਹ ਭੜਕਾ ਦਿਤੀ ਹੈ, ਉਸ ਤੋਂ ਵੱਧ ਤੇਜ ਹੈ।ਉਹ ਅੱਗ ਹੈ ਨਾਮ ਜਪਣ ਦੀ, ਇਸ ਪਿਆਸ ਰੂਪ ਅੱਗ ਦੇ ਮਿਟ ਜਾਣ ਨਾਲ ਮੌਤ ਹੈ।ਇਸ ਦਾ ਜਿਕਰ ਤਿੰਨ ਦ੍ਰਿਸਟਾਂਤਾਂ ਵਿਚ ਕਰਦੇ ਹਨ।ਮੱਛੀ ਜਲ ਤੋਂ ਬਿਨਾ ਮਰ ਜਾਂਦੀ ਹੈ।ਦੂਜਾ ਤੋਤਾ ਪਿੰਜਰੇ ਵਿਚ ਸਲਾਮਤ ਹੈ, ਬਾਹਰ ਨਿਕਲਦੇ ਨੂੰ ਬਿੱਲਾ ਖਾ ਜਾਂਦਾ ਹੈ।ਬਿੱਲੇ ਤੋਂ ਡਰਦਾ ਤੋਤਾ ਪਿੰਜਰੇ ਨੂੰ ਨਹੀਂ ਛਡਦਾ, ਉਸ ਨਾਲ ਪ੍ਰੇਮ ਹੋ ਜਾਂਦਾ ਹੈ।ਤੋਤੇ ਲਈ ਪਿੰਜਰਾ ਕੈਦ ਨਹੀਂ, ਪਿੰਜਰੇ ਵਿਚ ਤੋਤਾ ਅਪਣੇ ਆਪ ਨੂੰ ਸੁਰੱਖਿਅਤ ਅਨੁਭਵ ਕਰਦਾ ਹੈ।ਤੀਜਾ ਪੰਛੀ ਦਾ ਦ੍ਰਿਸਟਾਂਤ ਹੈ, ਜੋ ਬ੍ਰਿਛਾਂ ਦਾ ਫਲ ਆਦਿ ਖਾਂਦਾ ਹੈ, ਤੇ ਆਲ੍ਹਣਾ ਬਣਾ ਕੇ ਬ੍ਰਿਛ ਉਤੇ ਸੁਖ ਵਿਚ ਰਹਿਣ ਦਾ ਸਹਾਰਾ ਲੈਂਦਾ ਹੈ।ਇਸ ਲਈ ਪੰਛੀ ਦਾ ਬ੍ਰਿਛ ਨਾਲ ਪ੍ਰੇਮ ਹੋ ਜਾਂਦਾ ਹੈ।ਕਬੀਰ ਜੀ ਅਪਣੇ ਆਪ ਨੂੰ ਸਤਿਗੁਰੂ ਦਾ ਨਵਾਂ ਚੇਲਾ ਕਹਿੰਦੇ ਹਨ।ਗੁਰੂ ਅਪਣੇ ਨਵੇਂ ਚੇਲੇ ਦਾ ਦੂਜੇ ਚੇਲਿਆਂ ਨਾਲੋਂ ਵਧੇਰੇ ਖਿਆਲ ਰਖਦਾ ਹੈ।

ਅੰਗ ੩੨੪ = ਗਉੜੀ ਕਬੀਰ ਜੀ ॥ ਜਬ ਹਮ ਏਕੋ ਏਕੁ ਕਰਿ ਜਾਨਿਆ ॥ ਤਬ ਲੋਗਹ ਕਾਹੇ ਦੁਖੁ ਮਾਨਿਆ ॥੧॥ ਹਮ ਅਪਤਹ ਅਪੁਨੀ ਪਤਿ ਖੋਈ ॥ ਹਮਰੈ ਖੋਜਿ ਪਰਹੁ ਮਤਿ ਕੋਈ ॥੧॥ਰਹਾਉ॥ ਹਮ ਮੰਦੇ ਮੰਦੇ ਮਨ ਮਾਹੀ ॥ ਸਾਝ ਪਾਤਿ ਕਾਹੂ ਸਿਉ ਨਾਹੀ ॥੨॥ ਪਤਿ ਅਪਤਿ ਤਾ ਕੀ ਨਹੀ ਲਾਜ ॥ ਤਬ ਜਾਨਹੁਗੇ ਜਬ ਉਘਰੈਗੋ ਪਾਜ ॥੩॥ ਕਹੁ ਕਬੀਰ ਪਤਿ ਹਰਿ ਪਰਵਾਨੁ ॥ ਸਰਬ ਤਿਆਗਿ ਭਜੁ ਕੇਵਲ ਰਾਮੁ ॥੪॥੩॥ (ਹੇ ਭਾਈ!) ਜਦ ਅਸੀਂ ਕੇਵਲ ਇਕ ਪ੍ਰਮਾਤਮਾ ਨੂੰ (ਸਭ ਜੀਵਾਂ ਵਿਚ ਵਸਦਾ) ਜਾਣਿਆ ਹੈ।ਤਾਂ ਫਿਰ ਲੋਕਾਂ ਨੇ (ਮੇਰੇ ਇਸ ਕਰਮ ਤੋਂ) ਕਿਉਂ ਦੁਖ ਮੰਨਿਆ ਹੈ? (ਬੁਰਾ ਮਨਾਇਆ ਹੈ)।੧।ਜੇ ਅਸੀਂ ਬੇਪਤੇ ਹਾਂ, ਤਾਂ ਅਪਣੀ (ਦੁਨਿਆਵੀ) ਪੱਤ ਗੁਆਈ ਹੈ।ਕੋਈ ਵੀ ਸਾਡੇ ਵਾਲੇ ਰਸਤੇ ਤੇ ਨਾ ਪਵੋ (ਜਗਤ ਵਿਚ ਲੋਕਾਂ ਨੂੰ ਮਾਣ ਵਡਿਆਈ ਦਾ ਬਹੁਤ ਖਿਆਲ ਹੈ।ਇਸ ਲਈ ਜਿਸ ਰਸਤੇ ਮੈਂ ਪਿਆ ਹਾਂ, ਜੇ ਤੁਸੀਂ ਚੰਗਾ ਨਹੀਂ ਸਮਝਦੇ, ਤਾਂ ਇਸ ਰਸਤੇ ਤੇ ਨਾ ਪਵੋ)।੧।ਰਹਾਉ।ਅਸੀਂ ਜੇ ਮੰਦੇ ਹਾਂ ਤਾਂ ਅਪਣੇ ਮਨ ਵਿਚ ਮੰਦੇ ਹਾਂ (ਤੁਹਾਨੂੰ ਸਾਡੇ ਨਾਲ ਕੀ ਵਾਸਤਾ? ਤੁਹਾਡੇ ਉਚੀ ਜਾਤਾਂ ਵਾਲਿਆਂ ਨਾਲ ਸਾਡੀ) ਭਾਈਚਾਰਕ ਸਾਂਝ ਕਿਸੇ ਨਾਲ ਨਹੀਂ; (ਸਾਡੀ) ਕਿਸੇ ਨਾਲ ਪੱਤ ਆਬਰੋ ਦੀ ਸਾਂਝ ਨਹੀਂ (ਸ਼ਬਦਾਰਥ)।੨।(ਹੇ ਭਰਾਵੋ! ਜੋ ਦੁਨਿਆਂ ਦਾਰਾਂ ਦੀ ਦਿਤੀ) ਇੱਜਤ ਜਾਂ ਨਿਰਾਦਰੀ ਹੈ, ਉਸ ਦੀ ਸਾਨੂੰ ਕੋਈ ਸ਼ਰਮ ਨਹੀਂ (ਮੇਰਾ ਕੋਈ ਆਦਰ ਕਰੇ ਜਾਂ ਨਿਰਾਦਰ ਕਰੇ, ਉਸ ਦੀ ਪ੍ਰਵਾਹ ਨਹੀ; ਤੁਸੀਂ ਇਜਤ ਹਾਸਲ ਕਰਨ ਲਈ ਜੋ ਕਰਮ ਕਰਦੇ ਹੋ ਤੇ ਖੋਟੇ ਕਰਮਾਂ ਕਰਕੇ ਜੋ ਨਿਰਾਦਰ ਹੁੰਦਾ ਹੈ, ਉਸ ਦੀ ਤੁਹਾਨੂੰ ਸ਼ਰਮ ਨਹੀਂ।ਵਾਹਿਗੁਰੂ ਦੀ ਹਜੂਰੀ ਵਿਚ) ਜਦ ਪਰਦਾ ਫਾਸ਼ ਹੋਵੇਗਾ, ਤਾਂ ਤੁਹਾਨੂੰ ਪਤਾ ਲਗੇਗਾ (ਕਿ ਬੇਇਜਤ ਅਸੀਂ ਸਾਂ ਕਿ ਤੁਸੀਂ)।੩।ਕਬੀਰ ਜੀ ਆਖਦੇ ਹਨ ਕਿ ਅਸਲ ਇਜਤ ਉਹ ਹੈ, ਜੋ ਹਰੀ ਨੂੰ ਪ੍ਰਵਾਨ ਹੋਵੇ; (ਜਿਸ ਮਨੁੱਖ ਨੂੰ) ਹਰੀ ਨੂੰ ਪ੍ਰਵਾਨ ਕਰਦਾ ਹੈ, (ਉਸ ਦੀ) ਇੱਜਤ ਹੈ, ਸਾਰੇ (ਫੋਕੇ ਕਰਮ; ਲੋਕ ਲਾਜ) ਛਡ ਕੇ ਕੇਵਲ ਵਾਹਿਗੁਰੂ ਨੂੰ ਸਿਮਰੋ।੪।੩।

ਪਦਾਰਥ = ਜਬ–ਜਦ।ਹਮ–ਅਸੀਂ।ਏਕੋ ਏਕੁ–ਕੇਵਲ ਇਕ ਪ੍ਰਭੂ ਨੂੰ।ਤਬ–ਤਾਂ; ਤਦ।ਲੋਗਹ–ਲੋਕਾਂ ਨੇ।ਕਾਹੇ–ਕਿਉਂ।ਦੁਖ ਮਾਨਿਆ–ਬੁਰਾ; ਦੁਖ ਮਨਾਇਆ।੧।ਅਪਤਹ–(ਅਪੱਤਹ ਪੜ੍ਹੋ) ਬੇ ਇਜਤ।ਖੋਈ–ਗਵਾ ਲਈ।ਖੋਜਿ–ਖੋਜ ਤੇ; ਰਸਤੇ ਤੇ; ਪਿੱਛੇ।

All Rights Reserved by Harjinder Singh Gyani | www.GuruGranthVakhyaan.org

ਮਤਿ ਪਰਹੁ–ਨਾ ਪਵੋ।੧।ਰਹਾਉ।ਮਨ ਮਾਹੀ–ਮਨ ਵਿਚ; ਅਪਣੇ ਆਪ ਵਿਚ।ਸਾਝ ਪਾਤਿ–ਸਾਕਾ ਗਿਰੀ; ਭਾਈਚਾਰਕ ਸਾਂਝ।ਕਾਹੂ ਸਿਉ–ਕਿਸੇ ਨਾਲ।੨।ਪਤਿ ਅਪਤ (ਅਪੱਤ ਪੜ੍ਹੋ)–ਆਦਰ ਨਿਰਾਦਰ।ਤਾ ਕੀ–ਉਸ ਦੀ।ਲਾਜ–ਸ਼ਰਮ; ਪ੍ਰਵਾਹ।ਉਘਰੈਗੋ–ਖੁਲ੍ਹੇਗਾ; ਪ੍ਰਗਟ ਹੋਵੇਗਾ।ਪਾਜ–ਪੜਦਾ; ਪੋਲ; ਭੇਤ।ਭਜੁ–ਸਿਮਰੋ।ਰਾਮੁ–ਸਰਬ ਵਿਆਪਕ ਵਾਹਿਗੁਰੂ।੪।੩।

ਸਾਖੀ = ਇਕ ਚੋਰ, ਜਿਸ ਦੇ ਪਿੱਛੇ ਲੋਕ ਲੱਗੇ ਹੋਏ ਸਨ, ਕਬੀਰ ਜੀ ਦੀ ਸ਼ਰਣ ਵਿਚ ਆ ਕੇ ਕਹਿਣ ਲਗਾ, ਮੈਨੂੰ ਬਚਾਓ।ਕਬੀਰ ਜੀ ਨੇ ਕਿਹਾ ਕਿ ਜੇ ਅੱਗੇ ਤੋਂ ਚੋਰੀ ਨਹੀਂ ਕਰੇਂਗਾ ਤਾਂ ਬਚਾਵਾਂਗੇ।ਚੋਰ ਨੇ ਅੱਗੇ ਤੋਂ ਚੋਰੀ ਨਾ ਕਰਨ ਦਾ ਪਰਣ ਕੀਤਾ।ਲੋਕਾਂ ਨੇ ਜਦ ਕਬੀਰ ਜੀ ਦੇ ਘਰ ਆ ਕੇ ਪੁੱਛਿਆ ਕਿ ਤੁਸੀਂ ਚੋਰ ਨੂੰ ਅਪਣੇ ਘਰ ਵਿਚ ਸ਼ਰਣ ਦਿਤੀ ਹੈ।ਕਬੀਰ ਜੀ ਨੇ ਕਿਹਾ ਕਿ ਸਾਡੇ ਘਰ ਕੋਈ ਚੋਰ ਨਹੀਂ ਆਉਂਦਾ, ਸਾਧੂ ਭਗਤ ਲੋਕ ਹੀ ਆਉਂਦੇ ਹਨ।ਜਦ ਚੋਰ ਦੇ ਕਬੀਰ ਜੀ ਦੇ ਘਰ ਲੁਕੇ ਹੋਣ ਦਾ ਪਤਾ ਲੋਕਾਂ ਨੂੰ ਲੱਗਾ ਤਾਂ ਕਬੀਰ ਜੀ ਦੀ ਨਿੰਦਾ ਕਰਨ ਲੱਗੇ।ਤਾਂ ਕਬੀਰ ਜੀ ਨੇ ਇਹ ਸ਼ਬਦ ਉਚਾਰਿਆ।

ਦੂਜੀ ਸਾਖੀ = ਕਬੀਰ ਜੀ ਦੇ ਘਰ ਸਾਧੂ ਆਏ, ਪਰ ਸਾਧੂਆਂ ਨੂੰ ਛਕਾਉਣ ਲਈ ਘਰ ਵਿਚ ਕੋਈ ਰਸਦ ਨਹੀਂ ਸੀ।ਕਬੀਰ ਜੀ ਦੀ ਆਗਿਆਕਾਰ ਪਤਨੀ ਮਾਤਾ ਲੋਈ ਜੀ ਆਖਣ ਲੱਗੇ, ਕੋਈ ਚਿੰਤਾ ਨਾ ਕਰੋ, ਮੈਂ ਬੰਦੋਬਸਤ ਕਰਦੀ ਹਾਂ।ਕਾਕੂ ਬਾਣੀਆਂ ਮਾਤਾ ਜੀ ਤੇ ਮੰਦ ਨਜਰ ਰਖਦਾ ਸੀ।ਲੋਈ ਜੀ ਨੇ ਕਾਕੂ ਤੋਂ ਸਮਾਨ ਲਿਆ ਕੇ ਸਾਧੂਆਂ ਨੂੰ ਲੰਗਰ ਛਕਾਇਆ।ਫਿਰ ਵਾਦੇ ਅਨੁਸਾਰ ਲੋਈ ਜੀ ਨੂੰ ਕਬੀਰ ਜੀ ਕਾਕੂ ਦੀ ਦੁਕਾਨ ਤੇ ਛਡ ਆਏ।ਬਾਹਰ ਜੋਰ ਦਾ ਮੀਂਹ ਪੈਂਦਾ ਦੇਖ ਕੇ ਕਾਕੂ ਮਾਤਾ ਜੀ ਨੂੰ ਪੁੱਛਣ ਲਗਾ ਐਨੇ ਜੋਰ ਦੇ ਮੀਂਹ ਵਿਚ ਸੁੱਕੇ ਕਪੜਿਆਂ ਨਾਲ ਕਿਵੇਂ ਆਏ ਹੋ? ਜਦ ਸਾਰੀ ਗਲ ਦਸੀ ਤਾਂ ਕਾਕੂ ਮਾਤਾ ਜੀ ਦੇ ਪੈਰੀਂ ਪੈ ਗਿਆ ਤੇ ਕਬੀਰ ਜੀ ਦਾ ਸਿਖ ਬਣਿਆ।ਲੋਕ ਇਸ ਗਲੋਂ ਕਬੀਰ ਜੀ ਦੀ ਨਿੰਦਾ ਕਰਨ ਲਗੇ ਤਾਂ ਇਹ ਸ਼ਬਦ ਉਚਾਰਿਆ।

ਗਉੜੀ ਕਬੀਰ ਜੀ ॥ ਨਗਨ ਫਿਰਤ ਜੌ ਪਾਈਐ ਜੋਗੁ ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥੧॥ ਕਿਆ ਨਾਗੇ ਕਿਆ ਬਾਧੇ ਚਾਮ ॥ ਜਬ ਨਹੀ ਚੀਨਸਿ ਆਤਮ ਰਾਮ ॥੧॥ਰਹਾਉ॥ ਮੂਡ ਮੁੰਡਾਏ ਜੌ ਸਿਧਿ ਪਾਈ ॥ ਮੁਕਤੀ ਭੇਡ ਨ ਗਈਆ ਕਾਈ ॥੨॥ ਬਿੰਦੁ ਰਾਖਿ ਜੌ ਤਰੀਐ ਭਾਈ ॥ ਖੁਸਰੈ ਕਿਉ ਨ ਪਰਮ ਗਤਿ ਪਾਈ ॥੩॥ ਕਹੁ ਕਬੀਰ ਸੁਨਹੁ ਨਰ ਭਾਈ ॥ ਰਾਮ ਨਾਮ ਬਿਨੁ ,ਕਿਨਿ ਗਤਿ ਪਾਈ ॥੪॥੪॥ (ਹੇ ਭਾਈ!) ਜੇ ਨੰਗੇ ਫਿਰਨ ਨਾਲ ਪ੍ਰਭੂ ਦਾ ਮੇਲ ਪ੍ਰਾਪਤ ਹੁੰਦਾ ਹੋਵੇ।(ਤਾਂ ਫਿਰ) ਜੰਗਲ ਦੇ ਮਿਰਗ ਆਦਿਕ ਸਾਰੇ (ਜਾਨਵਰ) ਮੁਕਤ ਹੋ ਜਾਣਗੇ (ਕਿਉਂਕਿ ਜਾਨਵਰ ਨੰਗੇ ਰਹਿੰਦੇ ਹਨ)।੧।ਕੀ ਹੋਇਆ ਜੇ ਨੰਗੇ ਫਿਰਦੇ ਰਹੇ ਤੇ ਕੀ ਹੋਇਆ (ਜੇ ਮਿਰਗ ਦੀ) ਖੱਲ ਬੰਨ੍ਹ ਲਈ।(ਉਦੋਂ ਤਕ ਮਨੁੱਖ ਮੁਕਤ ਨਹੀਂ ਹੋ ਸਕਦਾ) ਜਦ ਤਕ ਸਭ ਦੀ ਆਤਮਾ ਵਿਚ ਰਮੇ ਹੋਏ ਰਾਮ ਨੂੰ ਨਹੀਂ ਪਛਾਣਦਾ।੧।ਰਹਾਉ।ਜੇ ਸਿਰ ਮੁਨਾ ਕੇ ਸਿੱਧੀ ਪ੍ਰਾਪਤ ਹੁੰਦੀ ਹੋਵੇ।ਤਾਂ ਭੇਡਾਂ ਮੁਕਤ ਕਿਉਂ ਨਹੀਂ ਹੋ ਗਈਆਂ?; ਕੋਈ ਭੇਡ ਮੁਕਤ ਹੋ ਕੇ ਅੱਗੇ ਨਹੀਂ ਗਈ (ਭੇਡਾਂ ਸਦਾ ਮੁੰਨੀਦੀਆਂ ਸਨ)।੨।ਹੇ ਭਾਈ! ਜੇ ਵੀਰਜ ਨੂੰ ਰੋਕ ਰੱਖ ਕੇ (ਜਤ ਧਾਰਨ ਨਾਲ ਸੰਸਾਰ ਸਮੁੰਦਰ ਤੋਂ) ਤਰ ਸਕੀਦਾ ਹੋਵੇ।(ਤਾਂ ਹੁਣ ਤਕ ਕਿਸੇ) ਖੁਸਰੇ ਨੇ ਪਰਮ ਗਤੀ ਕਿਉਂ ਨਹੀਂ ਪਾਈ?।੩।ਕਬੀਰ ਜੀ ਆਖਦੇ ਹਨ ਕਿ ਹੇ ਭਰਾਵੋ! ਹੇ ਪੁਰਖੋ! ਸੁਣੋ।ਪ੍ਰਭੂ ਦਾ ਨਾਮ ਸਿਮਰੇ ਬਿਨਾ ਕਿਸ ਨੇ ਮੁਕਤੀ ਪਾਈ ਹੈ? ਭਾਵ ਨਹੀਂ ਪਾਈ।੪।੪।

ਪਦਾਰਥ = ਨਗਨ ਫਿਰਤ–ਨੰਗੇ ਫਿਰਨ ਨਾਲ।ਜੌ–ਜੇ।ਜੋਗੁ–ਪ੍ਰਭੂ ਦਾ ਮਿਲਾਪ।ਬਨ–ਜੰਗਲ।ਮਿਰਗੁ–ਹਿਰਨ।ਹੋਗੁ–ਹੋ ਜਾਏਗਾ।੧।ਨਾਗੇ–ਨੰਗੇ।ਬਾਧੇ–ਬੰਨ੍ਹ ਲਈ।ਚਾਮ–ਚੰਮ (ਖੱਲ)।ਚੀਨਸਿ–ਪਛਾਣਦਾ।ਆਤਮ ਰਾਮ–ਸਭ ਦੀ ਆਤਮਾ ਵਿਚ ਰਮਿਆ ਪ੍ਰਭੂ।੧ ।ਰਹਾਉ।ਮੂਡ–ਸਿਰ।ਮੁੰਡਾਏ–ਮੁਨਾ ਕੇ।ਸਿਧਿ–ਸਫਲਤਾ; ਮੁਕਤੀ।ਕਾਈ–ਕਿਉਂ; ਕੋਈ।੨।ਬਿੰਦੁ–ਵੀਰਜ।ਰਾਖਿ–ਰੋਕ ਰੱਖ ਕੇ ।ਭਾਈ–ਹੇ ਭਾਈ!।ਪਰਮ ਗਤਿ–ਮੁਕਤੀ; ਉਚੀ ਪਦਵੀ।੩।ਨਰ–ਹੇ ਪੁਰਖੋ!।ਕਿਨਿ–ਕਿਸ ਨੇ।ਗਤਿ–ਮੁਕਤੀ।੪।੪।

ਵਿਆਖਿਆ = ਨਾਂਗੇ, ਤੇੜ ਖੱਲਾਂ ਬੰਨ੍ਹ ਕੇ ਰੱਖਣ ਵਾਲੇ, ਸਿਰ ਮੁੰਨੇ ਸੰਨਿਆਸੀ ਤੇ ਜਤੀ ਸਾਧੂ ਆਪੋ ਅਪਣੇ ਮੱਤ ਨੂੰ ਸਹੀ ਦਸਣ ਲਈ ਕਬੀਰ ਜੀ ਕੋਲ ਆਏ।ਤਾਂ ਕਬੀਰ ਜੀ ਨੇ ਇਸ ਸ਼ਬਦ ਰਾਹੀਂ ਉਨ੍ਹਾਂ ਨੂੰ ਵਾਹਿਗੁਰੂ ਦਾ ਨਾਮ ਜਪਣ ਦਾ ਉਪਦੇਸ਼ ਦਿਤਾ।

ਗਉੜੀ ਕਬੀਰ ਜੀ ॥ ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ ॥ ਜਿਉ ਭਏ ਦਾਦੁਰ ਪਾਨੀ ਮਾਹੀ ॥੧॥ ਜਉ ਪੈ ਰਾਮ ਰਾਮ ਰਤਿ ਨਾਹੀ ॥ ਤੇ ਸਭਿ ਧਰਮਰਾਇ ਕੈ ਜਾਹੀ ॥੧॥ਰਹਾਉ॥ ਕਾਇਆ ਰਤਿ ਬਹੁ ਰੂਪ ਰਚਾਹੀ ॥ ਤਿਨ ਕਉ ਦਇਆ ਸੁਪਨੈ ਭੀ ਨਾਹੀ ॥੨॥ ਚਾਰਿ ਚਰਨ ਕਹਹਿ ਬਹੁ ਆਗਰ ॥ ਸਾਧੂ ਸੁਖੁ ਪਾਵਹਿ ਕਲਿ ਸਾਗਰ ॥੩॥ ਕਹੁ ਕਬੀਰ ਬਹੁ ਕਾਇ ਕਰੀਜੈ ॥ ਸਰਬਸੁ ਛੋਡਿ ਮਹਾ ਰਸੁ ਪੀਜੈ ॥੪॥੫॥ (ਜੋ ਮਨੁੱਖ) ਸ਼ਾਮ ਵੇਲੇ ਤੇ ਸਵੇਰੇ ਇਸ਼ਨਾਨ ਕਰਦੇ ਹਨ।(ਉਹ ਨਾਮ ਸਿਮਰਨ ਤੋਂ ਬਿਨਾ ਇਉਂ ਹਨ) ਜਿਵੇਂ ਪਾਣੀ ਵਿਚ ਡੱਡੂ ਹੁੰਦੇ ਹਨ (ਜਿਨ੍ਹਾਂ ਨੂੰ ਕੋਈ ਪੁੰਨ ਫਲ ਨਹੀਂ ਮਿਲਦਾ)।੧।ਜੇਕਰ ਉਹ ਰਾਮ ਰਾਮ ਦੇ ਨਾਮ ਦੇ ਪ੍ਰੇਮ ਵਿਚ ਨਹੀਂ

www.gurugranthvakhyaan.org

ਲਗਦੇ।ਉਹ ਸਾਰੇ (ਕਰਮਾਂ ਦਾ ਲੇਖਾ ਦੇਣ ਲਈ) ਧਰਮਰਾਜ ਦੇ ਵਸ ਪੈ ਜਾਣਗੇ।੧।ਰਹਾਉ।ਸਰੀਰ ਨਾਲ ਪ੍ਰੇਮ ਕਰਨ ਵਾਲੇ ਬਹੁਤ ਰੂਪ ਬਣਾਉਂਦੇ ਹਨ (ਸਰੀਰ ਦੀ ਪਾਲਣਾ ਲਈ ਬਹੁਤ ਭੇਖ ਧਾਰਦੇ ਹਨ)।ਉਨ੍ਹਾਂ ਨੂੰ ਸੁਪਨੇ ਵਿਚ ਵੀ ਦਇਆ ਨਹੀਂ ਉਪਜਦੀ (ਉਨ੍ਹਾਂ ਦਾ ਦਿਲ ਦ੍ਰਵਿਆ ਨਹੀਂ)।੨।ਬਹੁਤ ਸਿਆਣੇ ਪੁਰਖ (ਉਨ੍ਹਾਂ ਨਿਰਦਈ ਲੋਕਾਂ ਨੂੰ) ਚਾਰ ਪੈਰਾਂ ਵਾਲਾ ਪਸ਼ੂ ਕਹਿੰਦੇ ਹਨ।(ਪਰ ਸੱਚ ਇਹ ਹੈ ਕਿ ਇਸ) ਕਲ੍ਹਾ ਕਲੇਸ਼ ਦੇ ਸਮੁੰਦਰ ਵਿਚ (ਨਾਮ ਜਪਣ ਵਾਲੇ) ਸਾਧੂ ਜਨ ਹੀ ਸੁਖ ਪਾਉਂਦੇ ਹਨ।੩।ਕਬੀਰ ਜੀ ਆਖਦੇ ਹਨ ਕਿ ਬਹੁਤ (ਕਰਮ ਕਾਂਡ) ਕਿਸ ਵਾਸਤੇ ਕਰੀਏ।ਸਾਰੇ ਰਸ ਛਡ ਕੇ (ਨਾਮ ਦਾ) ਮਹਾਨ ਰਸ ਪੀਣਾ ਚਾਹੀਦਾ ਹੈ।੪।੫।

ਚਾਰ ਚਰਨ = ਧਰਮ ਦੇ ਚਾਰ ਭਾਗ (ਅੰਗ)।ਬਹੁਤ ਸਾਰੇ ਆਗੂ ਧਰਮ ਦੇ ਚਾਰ ਪੈਰ ਦਸਦੇ ਹਨ।ਧਰਮ ਦੇ ਚਾਰ ਪੈਰ ਵੱਖ ਵੱਖ ਇਉਂ ਗਿਣਦੇ ਹਨ – ਸਤਯ, ਤਪ, ਦਇਆ ਤੇ ਦਾਨ।ਸੰਤੋਖ, ਜਤ, ਤਪ ਤੇ ਕੀਰਤਨ।ਵਿਸ਼ਨੂੰ ਪੁਰਾਣ ਵਿਚ ਧਰਮ ਦੇ ਚਾਰ ਪੈਰ ਇਉਂ ਦਸੇ ਹਨ – ਸਤਯ, ਯਗਯ, ਪੂਜਾ ਤੇ ਨਾਮ ਸਿਮਰਨ।ਇਥੇ ਭਾਵ ਇਹ ਹੈ ਕਿ ਮੁਖੀ ਲੋਕ ਇਨ੍ਹਾਂ ਕਰਮਾਂ ਦੀ ਵਿਚਾਰ ਤੇ ਕਥਨੀ ਵਿਚ ਫਸ ਜਾਂਦੇ ਹਨ।(ਪਰ) ਇਸ ਝਗੜੇ ਦੇ ਸਮੁੰਦਰ ਵਿਚ ਕੇਵਲ ਸਾਧੂ ਜਨ ਅਸਲ ਸੁਖ ਮਾਣਦੇ ਹਨ (ਸ਼ਬਦਾਰਥ)। ਇਸ਼ਨਾਨ ਦਾਨ ਨਾਮ ਤੇ ਗਿਆਨ (ਭਾ. ਮਨੀ ਸਿੰਘ)।ਚਾਰ ਵੇਦ ਤੇ ਬਹੁਤ ਮਹਾਂ ਪੁਰਖ (ਐਸਾ) ਕਹਿੰਦੇ ਹਨ।ਕਿ ਕਲਜੁਗ ਦੇ ਸੰਸਾਰ ਰੂਪ ਸਮੁੰਦਰ ਵਿਚ ਸਾਧੂ ਹੀ ਸੁਖ ਪਾਉਂਦੇ ਹਨ {ਬੇਦ ਬਖਿਆਨ ਕਰਤ ਸਾਧੂ ਜਨ, ਭਾਗਹੀਨ ਸਮਝਤ ਨਹੀ ਖਲੁ ੭੧੭}। ਭਾਵ ਕਿ ਇਸ਼ਨਾਨ ਤੇ ਹੋਰ ਬਾਹਰ ਮੁਖੀ ਕਰਮਾਂ ਨਾਲ ਜੀਵਨ ਸਫਲ ਨਹੀਂ ਹੁੰਦਾ, ਨਾਮ ਸਿਮਰਨ ਨਾਲ ਸੱਚਾ ਸੁਖ ਮਿਲਦਾ ਹੈ।

ਪਦਾਰਥ = ਸੰਧਿਆ–ਸ਼ਾਮ ਦੇ ਸਮੇਂ।ਪ੍ਰਾਤ–ਸਵੇਰੇ।ਕਰਾਹੀ–ਕਰਦੇ ਹਨ।ਭਏ–ਹੁੰਦੇ ਹਨ।ਦਾਦੁਰ–ਡੱਡੂ।ਮਾਹੀ ਵਿਚ।੧।ਜਉ ਪੈ–ਜੇਕਰ।ਰਤਿ–ਪ੍ਰੇਮ।ਤੇ–ਉਹ।੧।ਰਹਾਉ।ਬਹੁ ਰੂਪ–ਬਹੁਤੇ ਭੇਖ।ਰਚਾਹੀ–ਬਣਾਉਂਦੇ ਹਨ; ਕਰਦੇ ਹਨ।ਤਿਨ ਕਉ–ਉਨ੍ਹਾਂ ਨੂੰ। ਸੁਪਨੈ ਭੀ–ਸੁਪਨੇ ਵਿਚ ਵੀ; ਕਦੇ ਵੀ।੨।ਬਹੁ–ਬਹੁਤ।ਆਗਰ–ਸਿਆਣੇ ਪੁਰਖ; ਮਹਾਂ ਪੁਰਖ।ਕਲਿ ਸਾਗਰ–ਝਗੜਿਆਂ ਦਾ ਸਮੁੰਦਰ ਸੰਸਾਰ।੩।ਬਹੁ ਕਾਇ ਕਰੀਜੈ–ਬਹੁਤੀਆਂ ਵਿਚਾਰਾਂ; ਬਹੁਤੇ ਕਰਮ ਕਾਂਡ ਕਿਸ ਵਾਸਤੇ ਕਰੀਏ।ਸਰਬਸੁ–ਸਾਰੇ ਰਸ (ਮ.ਕੋ; ਫ.ਸ.); ਸਭ ਕੁਝ (ਸਾਰੇ ਪਦਾਰਥਾਂ ਦੇ ਸੁਆਦ)।ਮਹਾ ਰਸੁ–ਸਭ ਤੋਂ ਉਚਾ ਨਾਮ ਰਸ।ਪੀਜੈ–ਪੀਵੀਏ (ਜਪੀਏ)।੪।੫।

ਕਬੀਰ ਜੀ ਗਉੜੀ ॥ ਕਿਆ ਜਪੁ ਕਿਆ ਤਪੁ ,ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥ ਰੇ ਜਨ, ਮਨੁ ਮਾਧਉ ਸਿਉ ਲਾਈਐ ॥ ਚਤੁਰਾਈ ਨ ਚਤੁਰਭੁਜੁ ਪਾਈਐ ॥੧॥ਰਹਾਉ॥ ਪਰਹਰੁ ਲੋਭੁ ਅਰੁ ਲੋਕਾਚਾਰੁ ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥ ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥੩॥ ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥ (ਕਿਸੇ ਕਰਮ ਕਾਂਡੀ ਪੰਡਤ ਨੂੰ ਉਪਦੇਸ਼ ਦੇਂਦੇ ਹਨ, ਹੇ ਪੰਡਤ ਜੀ!) ਜਿਸ ਮਨੁੱਖ ਦੇ ਹਿਰਦੇ ਵਿਚ ਰੱਬ ਤੋਂ ਬਿਨਾ ਕਿਸੇ ਦੂਜੇ ਦਾ ਪ੍ਰੇਮ ਹੈ।(ਉਸ ਦੇ) ਜਪ ਕਰਨ ਦਾ ਕੀ ਲਾਭ? ਤਪ ਕਰਨ ਦਾ ਕੀ ਲਾਭ? ਵਰਤ ਰੱਖਣ ਦਾ ਕੀ ਲਾਭ ਤੇ (ਠਾਕਰਾਂ ਦੀ) ਪੂਜਾ ਦਾ ਕੀ ਲਾਭ ਹੈ? (ਇਹ ਸਾਰੇ ਕਰਮ ਵਿਅਰਥ ਹਨ)।੧।ਹੇ ਪੁਰਖਾ! ਮਨ ਨੂੰ ਪ੍ਰਭੂ ਨਾਲ ਜੋੜਨਾ ਚਾਹੀਦਾ ਹੈ ।ਚਤਰਾਈ ਨਾਲ ਪ੍ਰਮੇਸਰ ਨੂੰ ਨਹੀਂ ਪਾ ਸਕੀਦਾ।੧।ਰਹਾਉ।(ਹੇ ਪੰਡਤ ਜੀ!) ਲੋਭ ਅਤੇ ਲੋਕ ਰੀਤ ਨੂੰ ਛਡ ਦੇਹ।ਕਾਮ ਕ੍ਰੋਧ ਤੇ ਹੰਕਾਰ ਵੀ ਛਡ ਦੇਹ।੨।(ਲੋਕਾਚਾਰੀ ਵਾਲੇ) ਕਰਮ ਕਰਨ ਨਾਲ ਹੰਕਾਰ ਵਧਦਾ ਹੈ।(ਇਹੋ ਜਿਹੇ ਲੋਕ) ਮਿਲ ਕੇ ਪਥਰ ਦੀ ਸੇਵਾ (ਪੂਜਾ) ਕਰਦੇ ਹਨ (ਚੇਤਨ ਵਾਹਿਗੁਰੂ ਦੀ ਨਹੀ)।੩।ਕਬੀਰ ਜੀ ਆਖਦੇ ਹਨ, (ਜੇ ਧੰਨੇ ਵਰਗੇ ਕਿਸੇ ਭਗਤ ਨੇ ਪ੍ਰਭੂ ਨੂੰ ਪਾਇਆ ਹੈ, ਤਾਂ) ਭਗਤੀ ਕਰਕੇ ਹੀ ਪਾਇਆ ਹੈ।ਭੋਲੇ ਭਾਵ (ਛਲ ਰਹਿਤ ਸੁਭਾਵ) ਨਾਲ ਹੀ ਪ੍ਰਭੂ ਮਿਲਦਾ ਹੈ।੪।੬।

ਪਦਾਰਥ = ਕਿਆ–ਕੀ (ਲਾਭ ਹੈ)।ਜਾ ਕੈ–ਜਿਸ ਦੇ।ਦੂਜਾ ਭਾਉ–ਹਰੀ ਤੋਂ ਬਿਨਾ ਹੋਰ ਦੂਜੇ ਦਾ ਪ੍ਰੇਮ।੧।ਰੇ ਜਨ–ਹੇ ਪੁਰਖਾ!। ਮਾਧਉ–ਮਾਇਆ ਦਾ ਪਤੀ ਪ੍ਰਭੂ।ਸਿਉ–ਨਾਲ।ਚਤੁਰਭੁਜੁ–ਚਾਰ ਬਾਹਾਂ ਵਾਲਾ ਵਿਸ਼ਨੂੰ; ਚਾਰੇ ਬਾਹਾਂ ਰੂਪ ਦਿਸ਼ਾਵਾਂ ਦੇ ਜੀਵਾਂ ਨੂੰ ਪਾਲਣ ਵਾਲਾ ਨਿਰੰਕਾਰ।੧।ਰਹਾਉ।ਪਰਹਰੁ–ਛਡ ਦੇਹ।ਅਰੁ–ਅਤੇ।ਲੋਕਾਚਾਰੁ–ਲੋਕਾਂ ਦੀ ਰੀਸੇ ਕਰਨ ਵਾਲੇ ਕਰਮ; ਲੋਕ ਰੀਤ (ਰਸਮ ਰਿਵਾਜ)।੨।ਕਰਤ–ਕਰਦਿਆਂ।ਬਧੇ–ਵਧਦਾ ਹੈ।ਅਹੰਮੇਵ–ਹੰਕਾਰ।ਕਰਹੀ–ਕਰਦੇ ਹਨ।ਸੇਵਿ–ਸੇਵਾ (ਪੂਜਾ)।੩।ਭੋਲੇ ਭਾਇ–ਭੋਲੇ (ਨਿਸ਼ਕਪਟ) ਸੁਭਾਵ ਨਾਲ।ਰਘੁਰਾਇਆ–ਪ੍ਰਮਾਤਮਾ।੪।੬।

ਗਉੜੀ ਕਬੀਰ ਜੀ ॥ ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥ ਕਹੁ ਰੇ ਪੰਡਿਤ, ਬਾਮਨ ਕਬ ਕੇ ਹੋਏ ॥ ਬਾਮਨ ਕਹਿ ਕਹਿ, ਜਨਮੁ ਮਤ ਖੋਏ ॥੧॥ਰਹਾਉ॥ ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ ਤਉ ਆਨ ਬਾਟ ਕਾਹੇ ਨਹੀ ਆਇਆ ॥੨॥ ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲੋਹੂ ਤੁਮ ਕਤ ਦੂਧ ॥੩॥ ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ

All Rights Reserved by Harjinder Singh Gyani | www.GuruGranthVakhyaan.org

ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥ (ਹੇ ਪੰਡਤ ਜੀ!) ਮਾਂ ਦੇ ਗਰਭ ਵਿਚ ਨਿਵਾਸ ਸਮੇਂ (ਕਿਸੇ ਮਨੁੱਖ ਦੀ) ਕੁਲ ਨਹੀਂ ਜਾਣੀ ਜਾਂਦੀ; ਮਾਂ ਦੇ ਗਰਭ ਵਿਚ ਕਿਸੇ ਦੀ ਜਾਤ ਤੇ ਕੁਲ ਨਹੀਂ ਹੁੰਦੀ।ਪ੍ਰਮਾਤਮਾ ਦੇ ਬੀਜ ਤੋਂ ਸਭ ਪੈਦਾ ਹੋਏ ਹਨ (ਸਭ ਜੀਵਾਂ ਦੀ ਉਤਪਤੀ ਦਾ ਮੂਲ ਕਾਰਣ ਪ੍ਰਭੂ ਹੈ)।੧।ਹੇ ਪੰਡਤ ਜੀ! ਦੱਸੋ, (ਤੁਸੀਂ) ਬ੍ਰਹਮਣ ਕਦ ਤੋਂ ਹੋਏ ਹੋ? (ਹੰਕਾਰ ਵਿਚ ਅਪਣੇ ਆਪ ਨੂੰ) ਬ੍ਰਹਮਣ ਕਹਿ ਕਹਿ ਕੇ ਜਨਮ ਬਿਰਥਾ ਨਾ ਗੁਆਓ।੧।ਰਹਾਓ।ਜੇ ਤੂੰ ਬ੍ਰਹਮਣੀ ਤੋਂ ਪੈਦਾ ਕੀਤਾ ਹੋਇਆ ਹੋਣ ਕਰਕੇ ਬ੍ਰਹਮਣ (ਕਹਾਉਂਦਾ) ਹੈਂ।ਤਾਂ ਤੂੰ ਹੋਰ ਰਸਤੇ ਕਿਉਂ ਨਹੀਂ ਜੰਮ ਆਇਆ? ਭਾਵ ਸਭ ਜੀਵਾਂ ਦਾ ਰਸਤਾ ਮਾਂ ਦੇ ਪੇਟੋਂ ਹੀ ਜਨਮ ਲੈਣ ਦਾ ਹੈ ।ਬ੍ਰਹਮਾ ਵਾਂਗ ਕਵਲ ਫੁੱਲ ਦੀ ਨਾਲੀ ਵਿਚੋਂ ਕਿਉਂ ਨਹੀਂ ਜਨਮ ਲੈ ਲਿਆ?।੨।(ਜਦ ਸਾਰੇ ਜੀਵ ਇਕੋ ਰਸਤੇ ਥਾਣੀਂ ਜਨਮ ਲੈਂਦੇ ਹਨ ਤਾਂ) ਤੂੰ ਕਿਵੇਂ ਬ੍ਰਹਮਣ ਬਣ ਗਿਆ ਤੇ ਅਸੀਂ ਸ਼ੂਦ੍ਰ ਕਿਵੇਂ ਹਾਂ? ਅਸੀਂ ਕਿਵੇਂ ਲਹੂ ਦੇ ਬਣੇ ਹੋਏ ਹਾਂ ਅਤੇ ਤੁਸੀਂ ਕਿਵੇਂ ਦੁੱਧ ਤੋਂ ਬਣੇ ਹੋਏ ਹੋ? (ਮੇਰੇ ਤੇ ਤੇਰੇ ਵਿਚ ਇਕ ਰੰਗ ਦਾ ਲਹੂ ਹੈ)।੩।ਕਬੀਰ ਜੀ ਆਖਦੇ ਹਨ ਕਿ ਜੋ (ਮਨੁੱਖ) ਬ੍ਰਹਮ ਨੂੰ ਵਿਚਾਰਦਾ ਹੈ।ਸਾਡੇ (ਭਗਤਾਂ ਦੇ ਮੱਤ) ਵਿਚ ਉਹ ਬ੍ਰਹਮਣ ਕਹੀਦਾ ਹੈ।੪।੭।

ਪਦਾਰਥ = ਗਰਭ ਵਾਸ–ਮਾਂ ਦਾ ਪੇਟ; ਮਾਂ ਦੇ ਗਰਭ ਵਿਚ ਨਿਵਾਸ ਸਮੇਂ।ਕੁਲ–ਵੰਸ; ਨਸਲ।ਜਾਤੀ–ਜਾਤ; ਜਾਣੀ ਜਾਂਦੀ।ਬ੍ਰਹਮ – ਵਾਹਿਗੁਰੂ।ਬਿੰਦੁ–ਅੰਸ।ਤੇ–ਤੋਂ।ਉਤਪਾਤੀ–ਪੈਦਾ ਹੋਏ ਹਨ।੧।ਕਹੁ–ਦੱਸ।ਰੇ–ਹੇ।ਕਬ ਕੇ ਹੋਏ–ਕਦੋਂ ਤੋਂ ਬਣੇ ਹੋ।ਮਤ ਖੋਏ–ਨਾ ਗਵਾਓ।੧।ਰਹਾਉ।ਜੌ–ਜੇ।ਬ੍ਰਹਮਣੀ–ਬ੍ਰਹਮਣੀ ਤੋਂ।ਜਾਇਆ–ਪੈਦਾ ਹੋਇਆ।ਤਉ–ਤਾਂ।ਆਨ–ਹੋਰ।ਬਾਟ–ਰਸਤਾ।ਕਾਹੇ–ਕਿਉਂ।ਆਇਆ–ਜੰਮ ਆਇਆ।੨।ਕਤ–ਕਿਵੇਂ; ਕੀ; ਕਿਧਰੋਂ।ਹਮ–ਅਸੀਂ।ਸੂਦ–ਸ਼ੂਦਰ (ਨੀਵੀਂ ਜਾਤ)।ਲੋਹੂ–ਲਹੂ।੩।ਜੋ–ਜਿਹੜਾ (ਮਨੁੱਖ)।ਬ੍ਰਹਮੁ–ਪ੍ਰਭੂ ਨੂੰ।ਸੋ–ਉਹ।ਕਹੀਅਤੁ–ਕਹੀਦਾ ਹੈ।ਹਮਾਰੈ–ਸਾਡੇ ਮੱਤ ਵਿਚ।੪।੭।

ਨੋਟ = ਜਿਵੇਂ ਤੋਤੇ ਨੂੰ ਕੋਈ ਹਿੰਦੂ ਫੜ ਲਵੇ ਤਾਂ ਉਹ ਹਿੰਦੂਆਂ ਵਾਲੀ ਬੋਲੀ ਬੋਲਦਾ ਹੈ ਤੇ ਜੇ ਮੁਸਲਮਾਨ ਫੜ ਲਵੇ ਤਾਂ ਤੋਤਾ ਉਨ੍ਹਾਂ ਦੀ ਬੋਲੀ ਬੋਲਦਾ ਹੈ।ਤੋਤਾ ਉਹੋ ਜਿਹੀ ਬੋਲੀ ਬੋਲਦਾ ਹੈ, ਜਿਹੋ ਜਿਹਾ ਬੰਦਾ ਉਸ ਨੂੰ ਰੱਖੇ।ਜੇ ਮਨੁੱਖ ਗਰਭ ਵਿਚ ਵਸਣ ਕਰਕੇ ਬ੍ਰਾਹਮਣ ਹੋ ਜਾਂਦਾ ਹੈ ਤਾਂ ਬਿਆਸ ਜੀ ਮੱਛੀ ਦੇ ਪੇਟੋਂ ਜਨਮੀ ਮਛੋਦਰੀ ਤੋਂ ਪੈਦਾ ਹੋਏ।ਵਸਿਸਟ ਜੀ ਕੰਚਕਾ ਵੇਸਵਾ ਦੇ ਪੇਟੋਂ ਜਨਮੇ। ਤਾਂ ਫਿਰ ਬਿਆਸ ਜੀ ਤੇ ਵਸਿਸਟ ਜੀ ਨੂੰ ਬ੍ਰਾਹਮਣ ਨਹੀਂ ਕਿਹਾ ਜਾ ਸਕਦਾ।

ਅੰਗ ੩੨੫ = ਗਉੜੀ ਕਬੀਰ ਜੀ ॥ ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥ ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥੧॥ ਜਉ ਪੈ ਰਸਨਾ ਰਾਮੁ ਨ ਕਹਿਬੋ ॥ ਉਪਜਤ ਬਿਨਸਤ ਰੋਵਤ ਰਹਿਬੋ ॥੧॥ਰਹਾਉ॥ ਜਸ ਦੇਖੀਐ ਤਰਵਰ ਕੀ ਛਾਇਆ ॥ ਪ੍ਰਾਨ ਗਏ ਕਹੁ ਕਾ ਕੀ ਮਾਇਆ ॥੨॥ ਜਸ ਜੰਤੀ ਮਹਿ ਜੀਉ ਸਮਾਨਾ ॥ ਮੂਏ ਮਰਮੁ ਕੋ ਕਾ ਕਰ ਜਾਨਾ ॥੩॥ ਹੰਸਾ ਸਰਵਰੁ ਕਾਲੁ ਸਰੀਰ ॥ ਰਾਮ ਰਸਾਇਨ ਪੀਉ ਰੇ ਕਬੀਰ ॥੪॥੮॥ (ਹੇ ਭਾਈ!) ਅਗਿਆਨਤਾ ਦੇ ਹਨ੍ਹੇਰੇ ਵਿਚ ਕਦੇ ਵੀ ਸੁਖ ਨਾਲ ਨਹੀਂ ਸੌਂ ਸਕੀਦਾ।(ਚਾਹੇ) ਰਾਜਾ ਹੋਵੇ ਜਾਂ ਕੰਗਾਲ ਹੋਵੇ (ਅਗਿਆਨਤਾ ਦੀ ਦੁੱਖ ਮਈ ਅਵਸਥਾ ਵਿਚ ਅੰਤ ਨੂੰ) ਦੋਵੇਂ ਮਿਲ ਕੇ ਰੋਂਦੇ ਹਨ (ਅੰਧਕਾਰ ਅਵਸਥਾ ਅਮੀਰ ਤੇ ਕੰਗਾਲ, ਪੰਡਤ ਤੇ ਮੂਰਖ, ਸਾਧੂ ਤੇ ਗ੍ਰਹਿਸਤੀ ਸਭ ਲਈ ਇਕੋ ਜਿਹੀ ਦੁਖ ਵਾਲੀ ਹੈ)।੧।ਜੇਕਰ ਰਸਨਾ ਨਾਲ (ਕੋਈ ਮਨੁੱਖ) ਰਾਮ ਨਹੀਂ ਕਹਿੰਦਾ (ਜਪਦਾ।ਉਹ ਅਗਿਆਨ ਦੇ ਕਾਰਣ) ਜੰਮਦਾ ਮਰਦਾ ਤੇ ਰੋਂਦਾ ਹੀ ਰਹਿੰਦਾ ਹੈ।੧।ਰਹਾਉ।(ਜਿਸ ਮਾਇਆ ਦੇ ਮੋਹ ਵਿਚ ਲੱਗਾ ਮਨੁੱਖ ਨਾਮ ਨਹੀਂ ਜਪਦਾ, ਉਹ ਮਾਇਆ ਐਸੀ ਹੈ) ਜਿਸ ਤਰ੍ਹਾਂ ਦਰੱਖਤ ਦੀ ਛਾਇਆ ਦੇਖੀਦੀ ਹੈ (ਜੋ ਇਕ ਥਾਂ ਟਿਕੀ ਨਹੀਂ ਰਹਿੰਦੀ।ਜਦ ਮਨੁੱਖ ਦੇ) ਪ੍ਰਾਣ ਨਿਕਲ ਗਏ ਉਦੋਂ ਦੱਸੋ ਮਾਇਆ ਕਿਸ ਦੀ ਹੋਵੇਗੀ? ਭਾਵ ਮਾਇਆ ਕਿਸੇ ਕੋਲ ਟਿਕੀ ਨਹੀਂ ਰਹਿੰਦੀ, ਮਰਨ ਤੋਂ ਬਾਦ ਮਾਇਆ ਕਿਸੇ ਹੋਰ ਦੀ ਬਣ ਜਾਂਦੀ ਹੈ)।੨।ਜਿਵੇਂ ਵੱਜਣ ਵਾਲੇ ਵਾਜੇ ਦੀ ਸੁਰ ਵਜੰਤ੍ਰੀ (ਵਾਜਾ ਵਜਾਉ ਵਾਲੇ) ਵਿਚ ਸਮਾਈ ਹੁੰਦੀ ਹੈ ਭਾਵ ਉਹ ਵਜਾਵੇ ਤਾਂ ਸੁਰ ਨਿਕਲਦੀ ਹੈ, ਨਾ ਵਜਾਵੇ ਤਾਂ ਨਹੀਂ ਨਿਕਲਦੀ (ਪਰ ਇਸ ਗੱਲ ਦੀ ਸਮਝ ਕਿਸੇ ਨੂੰ ਨਹੀਂ।ਇਸੇ ਤਰ੍ਹਾਂ) ਮਰੇ ਹੋਏ ਪ੍ਰਾਣੀ ਦੇ ਭੇਤ ਨੂੰ ਕੋਈ (ਮਨੁੱਖ) ਕਿਵੇਂ ਕਰ ਕੇ ਜਾਣ ਸਕਦਾ ਹੈ?।੩।(ਜਿਵੇਂ) ਮਾਨਸਰੋਵਰ ਉਤੇ ਹੰਸ ਰਹਿੰਦੇ ਹਨ, ਤਿਵੇਂ ਸਰੀਰਾਂ ਉਤੇ ਕਾਲ ਰਹਿੰਦਾ ਹੈ (ਜਿਵੇਂ ਹੰਸ ਸਰੋਵਰ ਨੂੰ ਨਹੀਂ ਛਡਦੇ, ਇਵੇਂ ਕਾਲ ਸਰੀਰਾਂ ਨੂੰ ਨਹੀਂ ਛਡਦਾ)।ਹੇ ਕਬੀਰ! ਵਾਹਿਗੁਰੂ (ਦਾ ਨਾਮ) ਰਸਾਂ ਦਾ ਘਰ ਹੈ, (ਇਸ ਨੂੰ) ਪੀਵੋ ਭਾਵ ਜਪੋ, (ਮੌਤ ਨਹੀਂ ਪੋਹੇਗੀ)।੪।੮।

ਪਿੰਡਿ ਮੂਐ ਜੀਉ ਕਿਹ ਘਰਿ ਜਾਤਾ।ਸਬਦਿ ਅਤੀਤਿ ਅਨਾਹਦਿ ਰਾਤਾ।(੩੨੭)

ਜਸ ਜੰਤੀ = ਜਿਵੇਂ ਸੁਰ ਵਾਜੇ ਅੰਦਰ ਸਮਾਈ ਹੋਈ ਹੈ, ਇਸੇ ਤਰ੍ਹਾਂ ਜਿੰਦ ਜਾਨ ਦੇਹ ਅੰਦਰ ਹੈ (ਇੰਗਲਿਸ਼ ਟੀਕਾ)।ਜਿਸ ਤਰ੍ਹਾਂ

All Rights Reserved by Harjinder Singh Gyani | www.GuruGranthVakhyaan.org

ਵਾਜੇ ਵਿਚ ਸਬਦ ਸਮਾ ਰਿਹਾ ਹੈ, ਜਦ ਵਾਜਾ ਟੁੱਟ ਜਾਂਦਾ ਹੈ, ਤਾਂ ਕੋਈ ਨਹੀਂ ਜਾਣਦਾ ਕਿ ਸ਼ਬਦ ਕਿਥੇ ਸਮਾ ਗਿਆ? {ਕਾਸੀ ਤੇ ਧੁਨ ਉਪਜੈ ਧੁਨ ਕਾਸੀ ਜਾਈ।ਕਾਸੀ ਫੂਟੀ ਪੰਡਤਾ, ਧੁਨ ਕਹਾ ਸਮਾਈ ੮੫੭}।ਇਸੇ ਪ੍ਰਕਾਰ ਸਰੀਰ ਵਿਚ ਜੀਵਾਤਮਾ ਸਮਾ ਰਿਹਾ ਹੈ, ਜਦ ਸਰੀਰ ਮਰਦਾ ਹੈ, ਕੋਈ ਵੀ ਇਸ ਭੇਤ ਨੂੰ ਨਹੀ ਜਾਣ ਸਕਦਾ ਕਿ ਜੀਵਾਤਮਾ ਕਿਥੇ ਗਿਆ? ਨਰਕ, ਸੁਰਗ ਨੂੰ ਜਾਂ ਕਿਸ ਜੂਨ ਵਿਚ ਗਿਆ ਹੈ? (ਸੰ.ਸ. ਤੇ ਫ.ਸ. ਦੇ ਅਰਥ ਇਸੇ ਤਰ੍ਹਾਂ ਦੇ ਹਨ)।ਜਿਵੇਂ ਵਾਜਾ ਵਜਾਉਣ ਵਾਲੇ ਵਿਚ ਸੁਰ ਸਮਾਇਆ ਹੈ, ਤਿਵੇਂ ਕਰਤਾਰ ਵਿਚ ਜੀਵ ਹੈ (ਮ.ਕੋ.)। {ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ੨੮੫} ਵਾਲੀ ਗੱਲ ਹੈ।

ਪਦਾਰਥ = ਅੰਧਕਾਰ–ਹਨ੍ਹੇਰਾ (ਅਗਿਆਨਤਾ ਦਾ)।ਕਬਹਿ–ਕਦੇ ਵੀ।ਸੋਈ ਹੈ–ਸੌਂ ਸਕੀਦਾ।ਰੰਕੁ–ਕੰਗਾਲ।ਦੋਊ–ਦੋਵੇਂ।ਰੋਈ ਹੈ–ਰੋਂਦੇ (ਦੁਖੀ ਹੁੰਦੇ) ਹਨ।੧।ਜਉ ਪੈ–ਜੇਕਰ; ਜਦ ਤਕ।ਰਸਨਾ–ਜੀਭ ਨਾਲ।ਕਹਿਬੋ–ਕਹਿੰਦੇ; ਜਪਦੇ।ਉਪਜਤ–ਜੰਮਦੇ।ਬਿਨਸਤ–ਮਰਦੇ।ਰੋਵਤ–ਰੋਂਦੇ।ਰਹਿਬੋ–ਰਹਿੰਦੇ ਹਨ।੧।ਰਹਾਉ।ਜਸ–ਜਿਵੇਂ।ਤਰਵਰ–ਦਰੱਖਤ।ਕਹੁ–ਦੱਸੋ।ਕਾ ਕੀ–ਕਿਸ ਦੀ।੨।ਜੰਤੀ–ਵਜੰਤ੍ਰੀ (ਵਾਜਾ ਵਜਾਉਣ ਵਾਲਾ)।ਜੀਉ–ਸੁਰ (ਮ.ਕੋ.); ਜਿੰਦ; (ਰਾਗ ਦੀ ਜਿੰਦ) ਅਵਾਜ; ਸ਼ਬਦ।ਸਮਾਨਾ–ਸਮਾ ਗਿਆ; ਮਿਲ ਗਿਆ।ਮੁਏ–ਮਰੇ ਮਨੁੱਖ ਦਾ।ਮਰਮੁ–ਭੇਤ।ਕੋ–ਕੋਈ।ਕਾ ਕਰ–ਕਿਵੇਂ ਕਰਕੇ।ਜਾਨਾ–ਜਾਣਿਆ।੩।ਹੰਸਾ–ਹੰਸ (ਪੰਛੀ)।ਸਰਵਰੁ – ਮਾਨ ਸਰੋਵਰ।ਕਾਲੁ–ਮੌਤ।ਰਸਾਇਨ–ਰਸਾਂ ਦਾ ਘਰ (ਨਾਮ ਅੰਮ੍ਰਿਤ)।ਰੇ ਕਬੀਰ–ਹੇ ਕਬੀਰ!।੪।੮।

ਵਿਆਖਿਆ = ਹਨ੍ਹੇਰੇ ਵਿਚ ਮਨੁੱਖ ਸੁਖ ਨਾਲ ਨਹੀਂ ਸੌਂ ਸਕਦਾ, ਕਿਉਂਕਿ ਉਸ ਨੂੰ ਡਰ ਲਗਦਾ ਹੈ।ਨਾਮ ਸਿਮਰਨ ਕਰਕੇ ਅਗਿਆਨ ਦਾ ਹਨ੍ਹੇਰਾ ਦੂਰ ਹੁੰਦਾ ਹੈ।ਅੰਕ ੩ ਵਿਚ ਮਿਸਾਲ ਦੇ ਕੇ ਸਮਝਾਉਂਦੇ ਹਨ ਕਿ ਵਾਜੇ ਵਿਚ ਜਿੰਦ (ਸੁਰ) ਬੋਲਣ ਵਾਲੀ ਨਹੀਂ, ਉਹ ਵਜੰਤ੍ਰੀ ਵਿਚ ਹੈ, ਵਜੰਤ੍ਰੀ ਵਾਜੇ ਨੂੰ ਬੁਲਵਾਉਂਦਾ ਹੈ।ਜੇ ਛੱਡੇ ਤਾਂ ਵਾਜਾ ਮੁਰਦਾ।ਜੀਵਾਤਮਾ ਪ੍ਰਮਾਤਮਾ ਦੀ ਅੰਸ਼ ਹੈ, ਸਰੀਰ ਪ੍ਰਭੂ ਦੀ ਸ਼ਕਤੀ ਨਾਲ ਚਲਦਾ ਹੈ।ਜੀਵਾਤਮਾ ਜਦ ਸਰੀਰ ਨੂੰ ਛਡਦੀ ਹੈ ਤਾਂ ਸਰੀਰ ਮੁਰਦਾ ਹੈ।ਉਹ ਜੀਵਾਤਮਾ ਕਿਥੇ ਜਾਂਦੀ ਹੈ, ਇਸ ਦਾ ਮਰਮ ਕਿਸੇ ਨੂੰ ਨਹੀਂ।ਜੀਵਾਤਮਾ ਮਰਦਾ ਨਹੀਂ, ਉਹ ਅਮਰ ਹੈ, ਮਰਨਹਾਰ ਤਾਂ ਸਰੀਰ ਹੈ।ਜੀਵਤਮਾ ਵਾਸ਼ਨਾ ਕਰਕੇ ਕੋਈ ਹੋਰ ਸਰੀਰ ਧਾਰ ਲੈਂਦਾ ਹੈ।ਸਰੀਰ ਤੇ ਜੀਵਾਤਮਾ ਦਾ ਵਿਛੋੜਾ ਨਾ ਹੋਵੇ, ਇਸ ਲਈ ਰਾਮ ਰਸਾਇਨ ਪੀਵੋ।

ਕਬੀਰ ਜੋ ਹਮ ਜੰਤੁ ਵਜਾਵਤੇ, ਟੂਟਿ ਗਈਂ ਸਭ ਤਾਰ।ਜੰਤੁ ਬਿਚਾਰਾ ਕਿਆ ਕਰੈ, ਚਲੇ ਬਜਾਵਨਹਾਰੁ।(੧੩੬੯)।

ਗਉੜੀ ਕਬੀਰ ਜੀ ॥ ਜੋਤਿ ਕੀ ਜਾਤਿ, ਜਾਤਿ ਕੀ ਜੋਤੀ ॥ ਤਿਤੁ ਲਾਗੇ ਕੰਚੂਆ ਫਲ ਮੋਤੀ ॥੧॥ ਕਵਨੁ ਸੁ ਘਰੁ ,ਜੋ ਨਿਰਭਉ ਕਹੀਐ ॥ ਭਉ ਭਜਿ ਜਾਇ, ਅਭੈ ਹੋਇ ਰਹੀਐ ॥੧॥ਰਹਾਉ॥ ਤਟਿ ਤੀਰਥਿ ਨਹੀ ਮਨੁ ਪਤੀਆਇ ॥ ਚਾਰ ਅਚਾਰ ਰਹੇ ਉਰਝਾਇ ॥੨॥ ਪਾਪ ਪੁੰਨ ਦੁਇ, ਏਕ ਸਮਾਨ ॥ ਨਿਜ ਘਰਿ ਪਾਰਸੁ ,ਤਜਹੁ ਗੁਨ ਆਨ ॥੩॥ ਕਬੀਰ ਨਿਰਗੁਣ ਨਾਮ ਨ ਰੋਸੁ ॥ ਇਸੁ ਪਰਚਾਇ, ਪਰਚਿ ਰਹੁ ਏਸੁ ॥੪॥੯॥ ਸ੍ਰਿਸਟੀ, ਜੋਤ ਸਰੂਪ ਵਾਹਿਗੁਰੂ ਦੀ ਪੈਦਾ ਕੀਤੀ ਹੋਈ ਹੈ ਤੇ ਸ੍ਰਿਸਟੀ ਦਾ ਪ੍ਰਕਾਸ਼ ਬੁਧੀ ਹੈ।(ਸ੍ਰਿਸਟੀ ਵਿਚ ਜੀਵ ਨੂੰ ਪ੍ਰਕਾਸ਼ ਦੇਣ ਵਾਲੀ ਬੁਧੀ ਹੈ)।ਉਸ ਬੁੱਧੀ ਨੂੰ ਦੋ ਫਲ ਕੱਚ ਤੇ ਮੋਤੀ ਭਾਵ ਚੰਗਿਆਈ ਤੇ ਬੁਰਿਆਈ ਲੱਗੇ ਹੋਏ ਹਨ।(ਜੀਵ ਅਪਣੀ ਬੁੱਧੀ ਨਾਲ ਦੋ ਤਰ੍ਹਾਂ ਦੇ ਕੰਮ ਕਰਦੇ ਹਨ, ਸ਼ੁੱਭ ਤੇ ਅਸ਼ੁੱਭ)।੧।ਉਹ ਕਿਹੜਾ ਹਿਰਦਾ ਘਰ ਹੈ? ਜਿਸ ਨੂੰ (ਮੌਤ ਦੇ) ਭੈ ਤੋਂ ਰਹਿਤ ਆਖੀਏ।(ਜਿਥੇ ਜਨਮ ਮਰਣ ਦਾ) ਭੈ ਦੂਰ ਹੋ ਜਾਵੇ ਅਤੇ ਨਿਰਭੈ ਹੋ ਕੇ ਰਹਿ ਸਕੀਏ।੧।ਰਹਾਉ।(ਹੁਣ ਘਰ ਗਿਣਦੇ ਹਨ, ਜਿਥੋਂ ਭੈ ਦੂਰ ਹੋਣਾ ਸਮਝਿਆ ਜਾਂਦਾ ਹੈ) ਨਦੀਆਂ ਦੇ ਕਿਨਾਰਿਆਂ ਤੇ ਬਣੇ ਤੀਰਥਾਂ ਤੇ ਜਾ ਕੇ ਵੀ ਮਨ ਨਹੀਂ ਪਤੀਜਦਾ।(ਕਿਉਂਕਿ ਉਥੇ ਵੀ ਭੈ ਦੂਰ ਨਹੀਂ ਹੁੰਦਾ ਅਤੇ ਲੋਕ ਸ਼ਾਸਤ੍ਰ ਦੇ ਦੱਸੇ) ਚੰਗੇ ਮੰਦੇ ਕਰਮਾਂ; ਚਾਰ ਬੇਦਾਂ ਦੇ ਦੱਸੇ ਕਰਮਾਂ ਵਿਚ ਉਲਝੇ ਰਹਿੰਦੇ ਹਨ।੨।(ਕਾਲ ਚੱਕਰ ਵਿਚ ਫਸਾਈ ਰੱਖਣ ਲਈ) ਪਾਪ ਤੇ ਪੁੰਨ ਵੀ ਦੋਵੇਂ ਇਕੋ ਜਿਹੇ ਹਨ (ਪਾਪ ਪੁੰਨ ਦੇ ਝਗੜਿਆਂ ਵਿਚ ਪੈਣ ਦੀ ਲੋੜ ਨਹੀਂ, ਮਨ ਦੀ ਦਸ਼ਾ ਅਨੁਸਾਰ ਨਿਬੇੜਾ ਹੋਣਾ ਹੈ, ਅਸਲੀਅਤ ਦੀ ਪਛਾਣ ਕਰੋ)।ਪਾਰਸ ਰੂਪ ਵਾਹਿਗੁਰੂ ਤੇਰੇ ਅਪਣੇ ਹਿਰਦੇ ਘਰ ਵਿਚ (ਮੌਜੂਦ) ਹੈ, (ਜਿਸ ਦੀ ਛੋਹ ਨਾਲ ਗੁਣ ਹੀ ਗੁਣ ਆ ਜਾਣਗੇ, ਕਰਮ ਕਾਂਡ ਆਦਿ ਰਾਹੀਂ ਗ੍ਰਹਿਣ ਕੀਤੇ) ਹੋਰ ਗੁਣਾਂ ਦਾ ਤਿਆਗ ਕਰੋ (ਇਹ ਹਉਮੈ ਵੱਲ ਲਿਜਾਂਦੇ ਹਨ)।੩।ਹੇ ਕਬੀਰ! ਨਿਰਗੁਣ ਵਾਹਿਗੁਰੂ ਦੇ ਨਾਮ ਨਾਲ ਰੋਸ ਨਾ ਕਰ (ਬੇਮੁੱਖ ਨਾ ਹੋ); ਹੇ ਗੁਣ ਹੀਣ ਮਨੁੱਖ! ਨਾਮ ਨਾਲ ਰੋਸ ਨਾ ਕਰ (ਮਨ ਵਿਚ ਰੋਸ ਨਾ ਕਰ ਕਿ ਨਾਮ ਜਪਦਿਆਂ ਕੁਛ ਮਿਲਿਆ ਨਹੀਂ)।ਇਸ ਮਨ ਨੂੰ ਪਰਚਾ ਕੇ ਇਸ ਨਾਮ ਵਿਚ ਪਰਚਿਆ ਰਹੁ (ਪ੍ਰੇਮ ਪਾ ਕੇ ਨਾਮ ਜਪਣ ਵਿਚ ਲੱਗਾ ਰਹੁ)।੪।੯।

ਪਦਾਰਥ = ਜੋਤਿ–ਜੋਤ ਸਰੂਪ ਵਾਹਿਗੁਰੂ।ਜਾਤਿ–ਪੈਦਾ ਕੀਤੀ ਸ੍ਰਿਸਟੀ (ਜੀਵ)।ਜੋਤੀ–(ਜੀਵਾਂ ਦੇ ਅੰਦਰ ਪ੍ਰਕਾਸ਼ ਕਰਨ ਵਾਲੀ) ਬੁੱਧੀ।ਤਿਤੁ–ਉਸ (ਬੁੱਧੀ) ਨੂੰ।ਕੰਚੂਆ–ਕੱਚ (ਬੁਰਿਆਈ; ਅਸ਼ੁੱਭ)।੧।ਕਵਨੁ–ਕਿਹੜਾ।ਸੁ–ਉਹ।ਘਰੁ–ਹਿਰਦਾ ਘਰ।ਭਜਿ ਜਾਇ–

All Rights Reserved by Harjinder Singh Gyani | www.GuruGranthVakhyaan.org

ਦੌੜ (ਦੂਰ ਹੋ) ਜਾਵੇ।ਅਭੈ-ਨਿਰਭੈ।੧।ਰਹਾਉ।ਤਟਿ-ਕਿਨਾਰਿਆਂ ਉਤੇ।ਪਤੀਆਇ-ਪਤੀਜਦਾ; ਧੀਰਜ ਕਰਦਾ।ਚਾਰ-ਚੰਗੇ ਕਰਮ ;ਚਾਰ ਬੇਦਾਂ ਦੇ ਦੱਸੇ ਕਰਮ।ਅਚਾਰ-ਮੰਦੇ ਕਰਮ।ਰਹੇ ਉਰਝਾਇ-ਫਸੇ ਰਹਿੰਦੇ ਹਨ।੨।ਦੁਇ-ਦੋਵੇਂ।ਏਕ ਸਮਾਨ-ਇਕੋ ਜਿਹੇ।ਨਿਜ ਘਰਿ-ਅਪਣੇ ਹਿਰਦੇ ਘਰ ਵਿਚ।ਪਾਰਸੁ-ਲੋਹੇ ਨੂੰ ਸੋਨਾ ਬਣਾਉਣ ਵਾਲਾ ਪੱਥਰ (ਨਿਕੰਮਿਆਂ ਨੂੰ ਗੁਣਵਾਨ ਬਣਾਉਣ ਵਾਲਾ ਵਾਹਿਗੁਰੂ) ।ਤਜਹੁ-ਛਡ ਦਿਓ।ਆਨ-ਹੋਰ।੩।ਨਿਰਗੁਣ-(ਮਾਇਆ ਦੇ ਤਿੰਨਾਂ ਗੁਣਾਂ ਤੋਂ ਉਚਾ) ਵਾਹਿਗੁਰੂ; ਗੁਣ ਹੀਣ ਜੀਵ।ਨ ਰੋਸ-ਉਦਾਸ ਨਾ ਹੋ।ਪਰਚਾਇ ਪਰਚਿ ਰਹੁ-ਪਰੇਮ ਪਾ ਕੇ ਲੱਗਾ ਰਹੁ।ਏਸੁ-ਇਸ (ਨਾਮ ਵਿਚ)।੪।੯।

ਗਉੜੀ ਕਬੀਰ ਜੀ ॥ ਜੋ ਜਨ ਪਰਮਿਤਿ ਪਰਮਨੁ ਜਾਨਾ ॥ ਬਾਤਨ ਹੀ ਬੈਕੁੰਠ ਸਮਾਨਾ ॥੧॥ ਨਾ ਜਾਨਾ ਬੈਕੁੰਠ ਕਹਾ ਹੀ ॥ ਜਾਨੁ ਜਾਨੁ ਸਭਿ ਕਹਹਿ ਤਹਾ ਹੀ ॥੧॥ਰਹਾਉ॥ ਕਹਨ ਕਹਾਵਨ ਨਹ ਪਤੀਅਈ ਹੈ ॥ ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ ॥੨॥ ਜਬ ਲਗੁ ਮਨਿ ਬੈਕੁੰਠ ਕੀ ਆਸ ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥੩॥ ਕਹੁ ਕਬੀਰ ਇਹ ਕਹੀਐ ਕਾਹਿ ॥ ਸਾਧ ਸੰਗਤਿ ਬੈਕੁੰਠੈ ਆਹਿ ॥੪॥੧੦॥ ਜਿਹੜੇ ਮਨੁੱਖ ਇਹ ਕਹਿੰਦੇ ਹਨ ਕਿ ਅਸੀਂ ਉਸ ਅੰਦਾਜੇ ਤੋਂ ਪਰੇ ਅਤੇ ਮਨ ਤੋ ਪਰੇ ਹਰੀ ਨੂੰ ਜਾਣਿਆ ਹੈ।ਉਹ (ਅਪਣੇ ਆਪ ਨੂੰ) ਗੱਲਾਂ ਨਾਲ ਹੀ ਬੈਕੁੰਠ ਵਿਚ ਪਹੁੰਚੇ ਹੋਏ ਸਮਝੀ ਬੈਠੇ ਹਨ (ਨਿਰੀਆਂ ਗੱਪਾਂ ਹੀ ਮਾਰਦੇ ਹਨ ਭਾਵ ਨਾਮ ਸਿਮਰਨ ਕਰਦੇ ਨਹੀਂ, ਗੱਲਾਂ ਨਾਲ ਹੀ ਬੈਕੁੰਠ ਵਿਚ ਜਾਣਾ ਚਾਹੁੰਦੇ ਹਨ।੧।ਇਨ੍ਹਾਂ ਲੋਕਾਂ ਦਾ ਕਲਪਿਆ) ਬੈਕੁੰਠ ਕਿੱਥੇ ਹੈ, ਮੈਂ ਨਹੀਂ ਜਾਣਦਾ; (ਇਨ੍ਹਾਂ ਲੋਕਾਂ ਨੇ) ਜਾਣਿਆ ਹੀ ਨਹੀਂ ਕਿ ਬੈਕੁੰਠ ਕਿਥੇ ਹੈ (ਟਕਸਾਲ)।ਉਥੇ ਜਾਣਾ ਹੈ, ਜਾਣਾ ਹੈ, (ਇਹ ਲੋਕ) ਸਾਰੇ ਕਹੀ ਜਾਂਦੇ ਹਨ।੧।ਰਹਾਉ।ਕਹਿਣ ਕਹਾਉਣ ਨਾਲ (ਆਪ ਕਹਿ ਲਿਆ ਤੇ ਲੋਕਾਂ ਤੋਂ ਕਹਾ ਲਿਆ ਕਿ ਬੈਕੁੰਠ ਪਹੁੰਚਿਆ ਹੈ, ਇਉਂ ਮੇਰਾ) ਮਨ ਨਹੀਂ ਪਤੀਜਦਾ (ਮਨ ਦੀ ਤਸੱਲੀ ਨਹੀਂ ਹੁੰਦੀ।ਮੇਰਾ) ਮਨ ਤਾਂ ਮੰਨੇਗਾ (ਮਨ ਦੀ ਤਸੱਲੀ ਉਦੋਂ ਹੋਵੇਗੀ, ਤੁਹਾਡੇ) ਮਨ ਤੋਂ ਜਦੋਂ ਹਉਮੈ ਦੂਰ ਹੋ ਜਾਵੇ।੨।(ਹੇ ਭਾਈ! ਸੁਣੋ, ਕਿਸੇ ਮਨੁੱਖ ਦੇ) ਮਨ ਵਿਚ ਜਦੋਂ ਤਕ ਬੈਕੁੰਠ ਜਾਣ ਦੀ ਆਸ ਹੈ।ਤਦ ਤਕ (ਉਸ ਦਾ) ਹਰੀ ਦੇ ਚਰਨਾਂ ਵਿਚ ਨਿਵਾਸ ਨਹੀਂ ਹੋ ਸਕਦਾ (ਪ੍ਰਭੂ ਨਹੀਂ ਮਿਲ ਸਕਦਾ)।੩।ਕਬੀਰ ਜੀ ਆਖਦੇ ਹਨ ਕਿ ਇਹ ਕਿਸ ਨੂੰ ਕਹੀਏ? ਕਿ ਸਾਧ ਸੰਗਤ ਹੀ (ਅਸਲੀ) ਬੈਕੁੰਠ ਹੈ (ਕੋਈ ਸੁਣਦਾ ਨਹੀਂ, ਕਿਉਂਕਿ ਲੋਕ ਕਲਪੀ ਬੈਠੇ ਹਨ ਕਿ ਬੈਕੁੰਠ ਉਪਰ ਹੈ।੪।੧੦।

ਨੋਟ = ਅੰਗ ੧੧੬੧ ਉਤੇ ਇਸੇ ਭਾਵ ਦਾ ੧੬ ਵਾਂ ਸ਼ਬਦ ਹੈ, ਦੋਹਾਂ ਸ਼ਬਦਾਂ ਵਿਚ ਕਈ ਤੁਕਾਂ ਵੀ ਸਾਂਝੀਆਂ ਹਨ।

ਪਦਾਰਥ = ਜੋ ਜਨ-ਜਿਹੜੇ ਮਨੁੱਖ।ਪਰਮਿਤਿ-ਅੰਦਾਜੇ ਤੋਂ ਪਰੇ; ਜੋ ਮਿਣਿਆ ਨਾ ਜਾ ਸਕੇ; ਅਤੋਲ।ਪਰਮਨੁ-ਜਿਸ ਨੂੰ ਮਨ ਸਮਝ ਨਹੀਂ ਸਕਦਾ; ਮਨ ਦੀ ਪਹੁੰਚ ਤੋਂ ਪਰੇ।ਜਾਨਾ-ਜਾਣਿਆ ਹੈ।ਬਾਤਨ ਹੀ-ਨਿਰੀਆਂ ਗੱਲਾਂ ਨਾਲ ਹੀ।ਬੈਕੁੰਠ-ਨਾਸ਼ ਰਹਿਤ ਟਿਕਾਣਾ; ਵਿਸ਼ਨੂੰ ਦਾ ਲੋਕ।ਸਮਾਨਾ-ਸਮਾਏ; ਅੱਪੜੇ ਹਨ।੧।ਨ ਜਾਨਾ-ਮੈਂ ਨਹੀਂ ਜਾਣਦਾ।ਕਹਾ ਹੀ-ਕਿੱਥੇ ਹੈ।ਜਾਨੁ ਜਾਨੁ-ਜਾਣਾ ਜਾਣਾ। ਤਹਾ ਹੀ-ਉਥੇ।੧।ਰਹਾਉ।ਕਹਨ ਕਹਾਵਨ-ਕਹਿਣ ਕਹਾਉਣ ਨਾਲ (ਆਪ ਕਹਿ ਲਿਆ ਤੇ ਹੋਰਨਾਂ ਤੋਂ ਕਹਾ ਲਿਆ)।ਨਹ ਪਤੀਅਈ ਹੈ-ਨਹੀਂ ਪਤੀਜਦਾ (ਤਸੱਲੀ ਨਹੀਂ ਹੁੰਦੀ)।ਤਉ-ਤਦ।ਮਨੁ ਮਾਨੈ-ਮਨ ਮੰਨਦਾ (ਤਸੱਲੀ ਹੁੰਦੀ) ਹੈ।ਜਾ ਤੇ-ਜਦੋਂ।ਜਈ ਹੈ-ਦੂਰ ਹੋ ਜਾਵੇ।੨।ਮਨਿ-ਮਨ ਵਿਚ।ਤਬ ਲਗੁ-ਉਦੋਂ ਤਕ।੩।ਕਾਹਿ-ਕਿਸ ਨੂੰ।ਆਹਿ-ਹੈ।੪।੧੦।

ਵਿਆਖਿਆ = ਮਰਨੋਂ ਬਾਦ ਸੁਰਗ ਜਾਂ ਬੈਕੁੰਠ ਵਿਚ ਜਾਣ ਦੀ ਇੱਛਾ ਹਰ ਕੋਈ ਰੱਖਦਾ ਹੈ।ਇਨ੍ਹਾਂ ਦੀ ਪ੍ਰਾਪਤੀ ਲਈ ਲੋਕ ਸ਼ਾਸਤ੍ਰਾਂ ਵਿਚ ਦੱਸੇ ਅਨੇਕ ਤਰ੍ਹਾਂ ਦੇ ਕਰਮ ਵੀ ਕਰਦੇ ਹਨ।ਸੁਰਗ ਇੰਦ੍ਰ ਦਾ ਲੋਕ ਮੰਨਿਆ ਗਿਆ ਹੈ ਤੇ ਸੁਰਗ ਤੋਂ ਉਪਰ ਬੈਕੁੰਠ ਹੈ, ਜੋ ਵਿਸ਼ਨੂੰ ਦਾ ਲੋਕ ਹੈ।ਸੁਰਗ ਤੇ ਬੈਕੁੰਠ ਆਦਿ ਸੁਖ ਭੋਗਣ ਦੇ ਸਥਾਨ ਹਨ।ਕਾਲ ਦਾ ਚੱਕਰ ਇਥੇ ਵੀ ਹੈ, ਜਨਮ ਮਰਣ ਇਥੇ ਗਿਆਂ ਵੀ ਨਹੀਂ ਮਿਟਦਾ।ਕੀਤੇ ਕਰਮਾਂ ਦਾ ਫਲ ਖਤਮ ਹੋਣ ਤੇ ਜੀਵ ਦੁਬਾਰਾ ਜਨਮ ਲੈ ਲੈਂਦਾ ਹੈ।ਫਿਰ ਇਨ੍ਹਾਂ ਕਲਪਤ ਸੁਰਗ ਜਾਂ ਬੈਕੁੰਠ ਵਿਚ ਵੀ ਮਨੁੱਖ ਸੁਖਦਾਈ ਪਦਾਰਥਾਂ ਕਰਕੇ ਹੀ ਜਾਣਾ ਚਾਹੁੰਦੇ ਹਨ।ਦੁਨਿਆਂਵੀ ਪਦਾਰਥਾਂ ਦੀ ਇੱਛਾ ਜਾਂ ਸੁਰਗ ਦੇ ਪਦਾਰਥਾਂ ਦੀ ਇੱਛਾ ਮਨੁੱਖ ਨੂੰ ਵਾਹਿਗੁਰੂ ਦੇ ਚਰਨਾਂ ਵਿਚ ਨਿਵਾਸ ਹੋਣ ਤੋਂ ਦੂਰ ਰਖਦੀ ਹੈ।ਜਿਸ ਦੇ ਮਨ ਵਿਚ ਹਰੀ ਦੇ ਚਰਨ ਵਸਦੇ ਹਨ, ਉਸ ਦਾ ਮਨ ਲੋਕ ਪ੍ਰਲੋਕ ਦੇ ਪਦਾਰਥਾਂ ਦੀ ਇੱਛਾ ਨਹੀਂ ਰੱਖਦਾ ਤੇ ਹੰਕਾਰ ਤੋਂ ਵੀ ਰਹਿਤ ਹੋ ਜਾਂਦਾ ਹੈ।ਐਸਾ ਪੁਰਖ ਸਦਾ ਸੁਖ ਵਿਚ ਵਸਦਾ ਹੈ।ਸਾਧ ਸੰਗਤ ਹੀ ਬੈਕੁੰਠ ਹੈ, ਹੋਰ ਕੋਈ ਬੈਕੁੰਠ ਨਹੀਂ।ਸਾਧ ਸੰਗਤ ਵਿਚ ਹਰੀ ਪ੍ਰੇਮ ਪ੍ਰਧਾਨ ਹੈ, ਏਥੇ ਵੈਰਾਗ ਤੇ ਬਿਬੇਕ ਦਾ ਉਪਦੇਸ਼ ਹੈ।ਇਥੇ ਹਰੀ ਦੀ ਕੀਰਤੀ ਦਾ ਨਿਵਾਸ ਹੈ ਤੇ ਹਰੀ ਨਾਮ ਦਾ ਵਾਯੂ ਮੰਡਲ ਹੈ।(ਸੰ.ਪੋ. ਦਾ ਸਾਰੰਸ਼)

ਗਉੜੀ ਕਬੀਰ ਜੀ ॥ ਉਪਜੈ ਨਿਪਜੈ ਨਿਪਜਿ ਸਮਾਈ ॥ ਨੈਨਹ ਦੇਖਤ ਇਹੁ ਜਗੁ ਜਾਈ ॥੧॥ ਲਾਜ ਨ ਮਰਹੁ ਕਹਹੁ ਘਰੁ ਮੇਰਾ ॥ ਅੰਤ ਕੀ ਬਾਰ ਨਹੀ ਕਛੁ ਤੇਰਾ ॥੧॥ਰਹਾਉ॥ ਅਨਿਕ ਜਤਨ ਕਰਿ ਕਾਇਆ ਪਾਲੀ ॥ ਮਰਤੀ ਬਾਰ ਅਗਨਿ ਸੰਗਿ ਜਾਲੀ ॥੨॥

All Rights Reserved by Harjinder Singh Gyani | www.GuruGranthVakhyaan.org

ਚੋਆ ਚੰਦਨੁ ਮਰਦਨ ਅੰਗਾ ॥ ਸੋ ਤਨੁ ਜਲੈ ਕਾਠ ਕੈ ਸੰਗਾ ॥੩॥ ਕਹੁ ਕਬੀਰ ਸੁਨਹੁ ਰੇ ਗੁਨੀਆ ॥ ਬਿਨਸੈਗੋ ਰੂਪੁ ਦੇਖੈ ਸਭ ਦੁਨੀਆ ॥੪॥੧੧॥ ਜੀਵ ਪੈਦਾ ਹੁੰਦਾ ਹੈ, ਵਧਦਾ ਫੁਲਦਾ ਹੈ ਤੇ ਵਧ ਫੁੱਲ ਕੇ ਮਰ ਜਾਂਦਾ ਹੈ। ਅੱਖਾਂ ਨਾਲ ਦੇਖਦਿਆਂ ਦੇਖਦਿਆਂ ਇਹ ਜਗਤ (ਇਸੇ ਤਰ੍ਹਾਂ) ਤੁਰਿਆ ਜਾ ਰਿਹਾ ਹੈ।੧।(ਹੇ ਭਾਈ! ਤੁਸੀਂ) ਸ਼ਰਮ ਨਾਲ ਮਰ ਕਿਉਂ ਨਹੀਂ ਜਾਂਦੇ? (ਜਦ) ਆਖਦੇ ਹੋ ਕਿ ਇਹ ਮੇਰਾ ਘਰ ਹੈ। ਅੰਤ ਦੇ ਵੇਲੇ (ਜਗਤ ਦਾ) ਕੁਛ ਵੀ ਤੇਰਾ ਨਹੀਂ ਰਹੇਗਾ।੧।ਰਹਾਉ।ਅਨੇਕਾਂ ਜਤਨ ਕਰਕੇ (ਤੁਸੀਂ ਇਹ) ਦੇਹ ਪਾਲੀ ਹੈ।(ਪਰ) ਮਰਦੀ ਬਾਰੀ ਇਹ ਅੱਗ ਨਾਲ ਸਾੜੀ ਜਾਂਦੀ ਹੈ।੨।(ਮਨੁੱਖ ਜਿਸ ਸਰੀਰ ਦੇ) ਅੰਗਾਂ ਨੂੰ ਅਤਰ ਤੇ ਚੰਦਨ (ਆਦਿ ਸੁਗੰਧੀਆਂ) ਮਲਦਾ ਹੈ। ਉਹ ਸਰੀਰ (ਅੰਤ ਨੂੰ) ਲਕੜੀਆਂ ਦੇ ਨਾਲ ਸੜ ਜਾਂਦਾ ਹੈ।੩।ਕਬੀਰ ਜੀ ਆਖਦੇ ਹਨ ਕਿ ਹੇ ਗੁਣਵਾਨ ਲੋਕੋ! ਸੁਣੋ।(ਤੁਹਾਡਾ ਇਹ ਦਿਸ ਰਿਹਾ) ਰੂਪ ਨਾਸ਼ ਹੋ ਜਾਵੇਗਾ ਅਤੇ (ਇਸ ਨੂੰ ਨਾਸ਼ ਹੁੰਦਾ) ਸਾਰੀ ਦੁਨੀਆਂ ਦੇਖੇਗੀ।੪।੧੧।

ਪਦਾਰਥ = ਉਪਜੈ–ਜੰਮਦਾ ਹੈ।ਨਿਪਜੈ–ਵਧਦਾ ਫੁੱਲਦਾ; ਵੱਡਾ ਹੁੰਦਾ ਹੈ; (ਮਾਂ ਦੇ ਗਰਭ ਵਿਚ) ਨਿੰਮਦਾ ਹੈ।ਨਿਪਜਿ–ਵੱਡਾ ਹੋ ਕੇ; (ਗਰਭ ਵਿਚ) ਨਿੰਮ ਕੇ; ਵਜੂਦ ਵਿਚ ਆ ਕੇ।ਸਮਾਈ–ਮਰ ਜਾਂਦਾ ਹੈ।ਨੈਨਹ–ਅੱਖਾਂ ਨਾਲ।ਦੇਖਤ–ਦੇਖਦਿਆਂ।ਜਾਈ–ਤੁਰਿਆ ਜਾਂਦਾ ਹੈ।੧।ਲਾਜ–ਸ਼ਰਮ।ਕਹਹੁ–(ਤੁਸੀਂ) ਕਹਿੰਦੇ ਹੋ।ਅੰਤ ਕੀ ਬਾਰ–ਅੰਤ ਦੇ ਵੇਲੇ।੧।ਰਹਾਉ।ਕਾਇਆ–ਦੇਹ (ਸਰੀਰ)।ਮਰਤੀ ਬਾਰ –ਮਰਦੀ ਬਾਰੀ (ਮਰਨ ਸਮੇਂ)।ਜਾਲੀ–ਸਾੜੀ ਜਾਂਦੀ ਹੈ।੨।ਚੋਆ–ਅਤਰ (ਅਗਰ ਦੀ ਲੱਕੜੀ ਚੋਂ ਚੋਇਆ ਤੇਲ)।ਮਰਦਨ–ਮਲਦਾ ਹੈਂ।ਅੰਗਾ–ਸਰੀਰ ਦੇ ਅੰਗਾਂ ਨੂੰ।ਜਲੈ–ਸੜ ਜਾਂਦਾ ਹੈ।ਕਾਠ ਕੈ ਸੰਗਾ–ਲੱਕੜੀਆਂ ਦੇ ਨਾਲ।੩।ਰੇ ਗੁਨੀਆ–ਹੇ ਗੁਣਵਾਨ (ਲੋਕੋ)!। ਬਿਨਸੈਗੋ–ਨਾਸ਼ ਹੋ ਜਾਵੇਗਾ।ਰੂਪ–ਸਰੀਰ ਦਾ ਅਕਾਰ ;ਸੁੰਦਰਤਾ।੪।੧੧।

ਉਪਜੈ ਨਿਪਜੈ = ਪਹਿਲਾਂ ਖੇਤਾਂ ਵਿਚ ਅੰਨ ਉਪਜਦਾ ਹੈ, ਫਿਰ ਮਾਂ ਬਾਪ ਉਹ ਅੰਨ ਖਾਂਦੇ ਹਨ, ਤਾਂ ਜੀਵ ਮਾਂ ਦੇ ਗਰਭ ਵਿਚ ਰਕਤ ਬਿੰਦ ਦੁਆਰਾ ਉਪਜਦਾ ਹੈ।ਉਪਜ ਕੇ (ਉਮਰ ਭੋਗ ਕੇ) ਮਰ ਜਾਂਦਾ ਹੈ।ਸੰਪ੍ਰਦਾਵਾਂ ਤੇ ਦਰਪਨ ਨੇ ਇਸੇ ਤਰ੍ਹਾਂ ਦਾ ਅਰਥ ਕੀਤਾ ਹੈ।

ਉਥਾਨਕਾ = ਕਬੀਰ ਜੀ ਦੇ ਇਲਾਕੇ ਵਿਚ ਜੇ ਕੋਈ ਮਰ ਜਾਂਦਾ ਤਾਂ ਕਬੀਰ ਸਾਹਿਬ ਉਸਦਾ ਸੋਗ ਕਰਨ ਜਾਇਆ ਕਰਦੇ।ਇਕ ਕਿਸੇ ਦੇ ਮਰਨ ਤੇ ਆਪ ਨਾ ਗਏ, ਜਦ ਲੋਕਾਂ ਨੇ ਨਾ ਜਾਣ ਦਾ ਕਾਰਨ ਪੁੱਛਿਆ ਤਾਂ ਇਸ ਸ਼ਬਦ ਰਾਹੀ ਸਮਝਾਉਂਦੇ ਹਨ =

ਗਉੜੀ ਕਬੀਰ ਜੀ ॥ ਅਵਰ ਮੁਏ ਕਿਆ ਸੋਗੁ ਕਰੀਜੈ ॥ ਤਉ ਕੀਜੈ ਜਉ ਆਪਨ ਜੀਜੈ ॥੧॥ ਮੈ ਨ ਮਰਉ ਮਰਿਬੋ ਸੰਸਾਰਾ ॥ ਅਬ ਮੋਹਿ ਮਿਲਿਓ ਹੈ ਜੀਆਵਨਹਾਰਾ ॥੧॥ਰਹਾਉ॥ ਇਆ ਦੇਹੀ ਪਰਮਲ ਮਹਕੰਦਾ ॥ ਤਾ ਸੁਖ ਬਿਸਰੇ ਪਰਮਾਨੰਦਾ ॥੨॥ ਕੂਅਟਾ ਏਕੁ ਪੰਚ ਪਨਿਹਾਰੀ ॥ ਟੂਟੀ ਲਾਜੁ ਭਰੈ ਮਤਿ ਹਾਰੀ ॥੩॥ ਕਹੁ ਕਬੀਰ ਇਕ ਬੁਧਿ ਬੀਚਾਰੀ ॥ ਨਾ ਓਹੁ ਕੂਅਟਾ ਨਾ ਪਨਿਹਾਰੀ ॥੪॥੧੨ ॥ ਹੋਰਨਾਂ ਦੇ ਮਰਨੇ ਤੇ ਕੀ ਸੋਗ ਕਰੀਏ? (ਸੋਗ) ਤਾਂ ਕਰੀਏ ਜੇ ਆਪ ਜਿਉਣਾ ਹੋਵੇ; (ਸੋਗ) ਤਾਂ ਕਰੀਏ ਜੇ ਆਪ ਜਿਉਂਦੇ ਨਾ ਰਹਿਣਾ ਹੋਵੇ (ਕਿਉਂਕਿ ਮੈਂ ਤਾਂ ਮਰਨਾ ਨਹੀਂ ਹੈ।੧।ਹੇ ਭਾਈ!) ਮੈਂ ਨਹੀਂ ਮਰਾਂਗਾ (ਆਤਮਕ ਮੌਤ ਨਹੀਂ ਮਰਾਂਗਾ, ਬਲਕਿ) ਸੰਸਾਰੀ ਲੋਕ ਮਰਨਗੇ।(ਕਿਉਂਕਿ) ਹੁਣ ਮੈਨੂੰ (ਆਤਮਕ ਜੀਵਨ) ਜਿਵਾਉਣ ਵਾਲਾ ਪ੍ਰਭੂ ਮਿਲ ਗਿਆ ਹੈ।੧।ਰਹਾਉ।(ਮਨੁੱਖ) ਇਸ ਦੇਹ ਨੂੰ ਚੰਦਨ ਆਦਿ ਨਾਲ ਸੁਗੰਧਤ ਕਰਦਾ ਹੈ।ਉਨ੍ਹਾਂ ਸੁਖਾਂ ਵਿਚ ਲਗ ਕੇ (ਮਨੁੱਖ ਨੂੰ) ਪਰਮ ਅਨੰਦ ਸਰੂਪ ਪ੍ਰਭੂ ਭੁੱਲ ਗਿਆ ਹੈ।੨। (ਸਾਨੂੰ ਹੁਣ ਸਮਝ ਆ ਗਈ ਹੈ ਕਿ ਸੰਸਾਰ) ਇਕ ਖੂਹ ਹੈ (ਇਸ ਵਿਚ ਵਿਸ਼ੇ ਸੁਖ ਰੂਪ ਪਾਣੀ ਹੈ), ਪੰਜ ਗਿਆਨ ਇੰਦ੍ਰੀਆਂ ਪਾਣੀ ਭਰਨ ਵਾਲੀਆਂ ਹਨ।(ਵਿਸ਼ਿਆਂ ਦੀ ਵਾਸ਼ਨਾ ਰੂਪ ਲੱਜ ਹੈ, ਜਿਸ ਨਾਲ ਪਾਣੀ ਖਿਚਦੀਆਂ ਹਨ, ਇਹ ਸਮਝ ਆਉਣ ਤੇ ਮੇਰੀ ਵਿਸ਼ੇ ਵਾਸ਼ਨਾ ਰੂਪ) ਲੱਜ ਟੁੱਟ ਗਈ (ਪਨਿਹਾਰੀਆਂ ਵਿਸ਼ੇ ਸੁੱਖ ਦਾ ਪਾਣੀ ਬੁੱਧੀ ਰੂਪ ਭਾਂਡੇ ਵਿਚ) ਭਰਦੀਆਂ ਸਨ, ਉਹ ਬੁੱਧੀ ਵੀ ਹਾਰ ਗਈ ਹੈ (ਬੁਧੀ ਵਿਸ਼ੇ ਸੁਖ ਭੋਗਣ ਤੋਂ ਹਟ ਗਈ)।੩।ਕਬੀਰ ਜੀ ਆਖਦੇ ਹਨ ਕਿ ਬੁੱਧੀ (ਵਿਸ਼ਿਆਂ ਨੂੰ ਛੱਡ ਕੇ) ਇਕ ਪ੍ਰਭੂ ਨੂੰ ਵਿਚਾਰਨ ਵਾਲੀ ਹੋ ਗਈ।(ਹੁਣ) ਨਾ ਉਹ ਖੂਹ ਰਿਹਾ ਤੇ ਨਾ ਪਾਣੀ ਭਰਨ ਵਾਲੀਆਂ (ਪੰਜ ਗਿਆਨ ਇੰਦ੍ਰੀਆਂ) ਰਹੀਆਂ।(ਸੁਭਾਵ ਬਦਲ ਗਿਆ, ਹੁਣ ਨਾ ਸੰਸਾਰ ਸੱਤਯ ਭਾਸਦਾ ਹੈ ਤੇ ਨਾ ਇੰਦ੍ਰੇ ਵਿਸ਼ਿਆਂ ਵੱਲ ਜਾਂਦੇ ਹਨ।ਬੁੱਧੀ ਵਿਸ਼ੇ ਸੁੱਖਾਂ ਵਿਚ ਪੈ ਕੇ ਰੱਬ ਨੂੰ ਨਹੀਂ ਭੁਲਦੀ, ਗਿਆਨ ਅਵਸਥਾ ਵਿਚ ਰਹਿੰਦੀ ਹੈ।੪।੧੨।

ਕੂਅਟਾ ਏਕ = ਸਰੀਰ ਰੂਪ ਖੂਹ ਇਕ ਹੈ ਅਤੇ ਪਾਣੀ ਭਰਨ ਵਾਲੀਆਂ ਪੰਜ ਗਿਆਨ ਇੰਦ੍ਰੀਆਂ ਹਨ।ਟੁੱਟੀ ਲੱਜ ਨਾਲ ਵੀ ਇਹ ਹਾਰੀ ਹੋਈ ਮੱਤ ਵਾਲੀਆਂ ਭਾਵ ਮੂਰਖ ਪਨਹਾਰੀਆਂ ਪਾਣੀ ਭਰੀ ਜਾਂਦੀਆਂ ਹਨ ਭਾਵ ਸਰੀਰ ਤਾਂ ਸਾਥ ਨਹੀਂ ਦੇਂਦਾ, ਪਰ ਵਿਸ਼ੇ ਛਡਦੇ ਨਹੀਂ ਹਨ (ਸ਼ਬਦਾਰਥ)।ਭਾਵ ਜਿਵੇਂ ਕੋਈ ਇਸਤ੍ਰੀ ਖੂਹ ਉਤੇ ਪਾਣੀ ਭਰਨ ਜਾਵੇ, ਪਰ ਲੱਜ ਟੁੱਟੀ ਹੋਈ ਹੋਵੇ, ਤਾਂ ਉਸ ਦਾ ਪਾਣੀ ਭਰਨ ਦਾ ਜਤਨ ਬਿਅਰਥ ਹੁੰਦਾ ਹੈ।ਖੋਟੀ ਮੱਤ, ਇੰਦ੍ਰੀਆਂ ਰਾਹੀਂ ਸਰੀਰ ਵਿਚੋਂ ਵਿਸ਼ੇ ਵਿਕਾਰਾਂ ਦਾ ਅਨੰਦ ਲੈਣ ਦਾ ਵਿਅਰਥ ਜਤਨ

All Rights Reserved by Harjinder Singh Gyani | www.GuruGranthVakhyaan.org

ਕਰਦੀ ਹੈ।ਜਦ ਤਕ ਸਰੀਰ ਵਿਸ਼ਿਆਂ ਦੇ ਅਨੰਦ ਵਿਚ ਲੱਗਾ ਹੋਇਆ ਹੈ, ਦੁਖ ਹੀ ਮਿਲਦਾ ਹੈ।

ਪਦਾਰਥ = ਅਵਰ ਮੁਏ-ਕਿਸੇ ਹੋਰ ਦੇ ਮਰਨ ਉਤੇ।ਜਉ-ਜੇ।ਆਪਨ ਜੀਜੈ-ਆਪ ਜਿਉਂਦੇ ਰਹਿਣਾ ਹੋਵੇ; ਆਪ ਨ ਜੀਜੈ-ਆਪ ਨਾ ਜਿਉਣਾ ਹੋਵੇ।੧।ਨ ਮਰਉ-ਮੈਂ ਨਹੀਂ ਮਰਾਂਗਾ।ਮਰਿਬੋ-ਮਰੇਗਾ।ਮੋਹਿ-ਮੈਨੂੰ।ਜੀਆਵਨਹਾਰਾ-ਜੀਵਨ ਦੇਣ ਵਾਲਾ।੧।ਰਹਾਉ। ਇਆ ਦੇਹੀ-ਇਸ ਸਰੀਰ ਨੂੰ।ਪਰਮਲ-(ਚੰਦਨ ਆਦਿ ਦੀਆਂ) ਸੁਗੰਧੀਆਂ।ਮਹਕੰਦਾ-ਸੁਗੰਧਤ ਕਰਦਾ ਹੈ।ਤਾ ਸੁਖ-ਉਨ੍ਹਾਂ ਸੁਖਾਂ ਵਿਚ।ਪਰਮਾਨੰਦਾ-ਉਚੇ ਤੋਂ ਉਚਾ ਅਨੰਦ ਦੇਣ ਵਾਲਾ।੨।ਕੂਅਟਾ-ਖੂਹ (ਸੰਸਾਰ; ਸਰੀਰ ਰੂਪ)।ਪਨਿਹਾਰੀ-ਪਾਣੀ ਭਰਨ ਵਾਲੀਆਂ (ਗਿਆਨ ਇੰਦ੍ਰੀਆਂ, ਜੋ ਅਪਣੇ ਤਰੀਕਿਆਂ ਰਾਹੀਂ ਸਰੀਰ ਵਿਚੋਂ ਤਾਕਤ ਖਿੱਚੀ ਜਾਂਦੀਆਂ ਹਨ)।ਲਾਜੁ-ਲੱਜ।ਮਤਿ ਹਾਰੀ-ਬੁੱਧੀ ਹੀਣ (ਵਿਸ਼ਿਆਂ ਜਾਂ ਅਵਿਦਿਆ ਵਿਚ ਫਸੀ ਬੁੱਧੀ); ਬੁੱਧੀ ਹਾਰ ਗਈ (ਵਿਸ਼ਿਆਂ ਵੱਲੋਂ ਹਟ ਗਈ)।ਭਰੈ-ਭਰ ਰਹੀਆਂ ਹਨ (ਵਿਸ਼ਿਆਂ ਦਾ ਪਾਣੀ)।ਟੂਟੀ ਲਾਜੁ ਭਰੈ-ਟੁੱਟੀ ਹੋਈ ਲੱਜ ਵਰਤ ਕੇ ਪਾਣੀ ਭਰਨ ਦਾ ਵਿਅਰਥ ਜਤਨ ਕਰਦੀ ਹੈ (ਪਰ ਪਾਣੀ ਨਹੀ ਮਿਲਦਾ, ਲੱਜ ਟੁੱਟੀ ਹੋਈ ਦਾ ਭਾਵ ਹੈ ਗਿਆਨ ਦੀ ਅਣਹੋਂਦ ਹੈ)।੩।ਇਕ-ਇਕ ਪ੍ਰਭੂ ਨੂੰ।ਬੀਚਾਰੀ-ਵਿਚਾਰਨ ਵਾਲੀ।੪।੧੨।

ਗਉੜੀ ਕਬੀਰ ਜੀ ॥ ਅਸਥਾਵਰ ਜੰਗਮ ਕੀਟ ਪਤੰਗਾ ॥ (ਹੇ ਵਾਹਿਗੁਰੂ! ਤੇਰੇ ਤੋਂ ਵਿਛੜ ਕੇ ਅਸੀਂ ਹੁਣ ਤਕ) ਨਾ ਚੱਲ ਸਕਣ ਵਾਲੇ (ਬ੍ਰਿਛ ਆਦਿ), ਲੱਤਾਂ ਨਾਲ ਚਲਣ ਵਾਲੇ (ਜਾਨਵਰ ,ਪਸ਼ੂ ਤੇ ਮਨੁੱਖ ਆਦਿ), ਰਿੜ੍ਹਨ ਵਾਲੇ ਕੀੜੇ ਤੇ ਪਤੰਗੇ ਆਦਿ।

ਅੰਗ ੩੨੬ = ਅਨਿਕ ਜਨਮ ਕੀਏ ਬਹੁ ਰੰਗਾ ॥੧॥ ਐਸੇ ਘਰ ਹਮ ਬਹੁਤੁ ਬਸਾਏ ॥ ਜਬ ਹਮ ਰਾਮ ਗਰਭ ਹੋਇ ਆਏ ॥੧॥ ਰਹਾਉ॥ ਜੋਗੀ ਜਤੀ ਤਪੀ ਬ੍ਰਹਮਚਾਰੀ ॥ ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ ॥੨॥ ਸਾਕਤ ਮਰਹਿ ਸੰਤ ਸਭਿ ਜੀਵਹਿ ॥ ਰਾਮੁ ਰਸਾਇਨੁ ਰਸਨਾ ਪੀਵਹਿ ॥੩॥ ਕਹੁ ਕਬੀਰ ਪ੍ਰਭ ਕਿਰਪਾ ਕੀਜੈ ॥ ਹਾਰਿ ਪਰੇ ਅਬ ਪੂਰਾ ਦੀਜੈ ॥੪॥੧੩॥ ਬਹੁਤ ਤਰ੍ਹਾਂ ਦੇ ਅਨੇਕਾਂ ਜਨਮ (ਚਾਰੇ ਖਾਣੀਆਂ ਵਿਚ) ਧਾਰਨ ਕੀਤੇ ਸਨ।੧।ਇਹੋ ਜਿਹੇ ਘਰ (ਸਰੀਰ) ਅਸੀਂ ਬਹੁਤ ਵਸਾਏ ਹਨ ਭਾਵ ਕਈ ਜਨਮ ਲਏ ਹਨ।ਹੇ ਰਾਮ! ਜਦ ਅਸੀਂ ਗਰਭ ਜੋਨੀਆਂ ਵਿਚ ਭਰਮਦੇ (ਇਸ ਮਨੁੱਖਾ ਜਨਮ ਵਿਚ) ਆਏ ਹਾਂ।੧।ਰਹਾਉ।(ਪ੍ਰਭੂ ਤੋਂ ਭੁੱਲ ਕੇ ਕਰਮਾਂ ਅਨੁਸਾਰ ਅਸੀਂ) ਕਦੇ ਜੋਗੀ, ਕਦੇ ਜਤੀ, ਕਦੇ ਤਪੀਸਰ ਤੇ ਕਦੇ ਬ੍ਰਹਮਚਾਰੀ ਬਣੇ।ਕਦੇ (ਅਸੀਂ) ਛਤ੍ਰ ਧਾਰਨ ਕਰਨ ਵਾਲੇ ਰਾਜੇ ਅਤੇ ਕਦੇ ਮੰਗਤੇ ਬਣੇ।੨।(ਇਸ ਜਨਮ ਵਿਚ ਭਗਤੀ ਕਰਕੇ ਸਮਝ ਆਈ ਹੈ ਕਿ) ਸਾਕਤ ਮਨੁੱਖ ਮਰਦੇ ਹਨ ਤੇ ਸੰਤ ਸਾਰੇ ਜਿਉਂਦੇ ਹਨ।(ਕਿਉਂਕਿ ਸੰਤ) ਰਸਨਾ ਨਾਲ ਪ੍ਰਮਾਤਮਾ ਦਾ ਨਾਮ ਰੂਪ ਅੰਮ੍ਰਿਤ ਪੀਂਦੇ ਹਨ।੩।ਕਬੀਰ ਜੀ ਆਖਦੇ ਹਨ ਕਿ ਹੇ ਪ੍ਰਭੂ! ਕਿਰਪਾ ਕਰੋ।(ਅਨੇਕਾਂ ਜੋਨੀਆਂ ਵਿਚ ਜਨਮ ਲੈ ਲੈ ਕੇ) ਹਾਰ ਕੇ ਤੇਰੇ ਦੁਆਰੇ ਤੇ ਆ ਪਏ ਹਾਂ, (ਹੁਣ ਇਸੇ ਜਨਮ ਵਿਚ ਸਾਨੂੰ) ਪੂਰਨ ਪਦ ਬਖਸ਼ ਦਿਓ (ਤਾਂ ਕਿ ਮੁੜ ਜਨਮ ਨਾ ਲੈਣਾ ਪਵੇ)।੪।੧੩।

ਪਦਾਰਥ = ਅਸਥਾਵਰ-ਨਾ ਚੱਲਣ ਵਾਲੇ (ਇਕ ਥਾਂ ਖੜੇ ਰਹਿਣ ਵਾਲੇ) ਪਹਾੜ ਤੇ ਬ੍ਰਿਛ ਆਦਿ।ਜੰਗਮ-ਤੁਰਨ ਵਾਲੇ ਪਸ਼ੂ, ਜਾਨਵਰ ਤੇ ਮਨੁੱਖ ਆਦਿ।ਕੀਟ-ਕੀੜੇ।ਪਤੰਗਾ-ਖੰਭਾਂ ਵਾਲੇ ਭਮੱਕੜ ਆਦਿ ਕੀੜੇ।ਕੀਏ-ਧਾਰਨ ਕੀਤੇ।ਬਹੁ ਰੰਗਾ-ਬਹੁਤ ਤਰ੍ਹਾਂ ਦੇ।੧।ਘਰ -ਸਰੀਰ (ਜੂਨਾਂ ਵਿਚ)।ਰਾਮ-ਹੇ ਰਾਮ!।ਗਰਭ-ਗਰਭ ਜੋਨੀਆਂ ਵਿਚ।੧।ਰਹਾਉ।ਜਤੀ-ਇੰਦ੍ਰੀਆਂ ਨੂੰ ਕਾਬੂ ਕਰਨ ਵਾਲਾ ਮਨੁੱਖ। ਤਪੀ-ਤਪ ਕਰਨ ਵਾਲੇ ਸਾਧੂ।ਬ੍ਰਹਮਚਾਰੀ-ਮਨ ਇੰਦ੍ਰੇ ਰੋਕ ਕੇ ਵਿਦਿਆ ਦਾ ਅਭਿਆਸ ਕਰਨ ਵਾਲਾ ਮਨੁੱਖ।ਛਤ੍ਰਪਤਿ-ਛਤ੍ਰ ਧਾਰੀ ਰਾਜਾ।ਭੇਖਾਰੀ-ਮੰਗਤਾ।੨।ਸਾਕਤ-ਰੱਬ ਤੋਂ ਟੁੱਟੇ ਮਨੁੱਖ।ਮਰਹਿ-ਮਰਦੇ ਹਨ।ਜੀਵਹਿ-ਜਿਉਂਦੇ ਹਨ।ਰਸਾਇਨੁ-ਰਸਾਂ ਦਾ ਘਰ; ਸਾਰੇ ਰਸਾਂ ਤੋਂ ਸ੍ਰੇਸਟ ਨਾਮ ਰਸ (ਅੰਮ੍ਰਿਤ)।ਰਸਨਾ-ਜੀਭ ਨਾਲ।੩।ਹਾਰਿ-ਜੂਨਾਂ ਵਿਚੋਂ ਥੱਕ ਕੇ।ਪਰੇ-(ਤੇਰੇ ਦਰ ਤੇ) ਪਏ ਹਾਂ।ਅਬ-ਹੁਣ।ਪੂਰਾ ਦੀਜੈ-ਪੂਰਨ ਪਦ ਬਖਸ਼; ਪੂਰਾ ਗਿਆਨ ਬਖਸ਼।੪।੧੩।

ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫ ॥ ਐਸੋ ਅਜਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥੧॥ ਰਹਾਉ॥ ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥੧॥ ਮਾਤਾ ਭੈਸਾ ਅੰਮੁਹਾ ਜਾਇ ॥ ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥ ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥੩॥ ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥ ਹੇ ਕਬੀਰ! ਮੈਂ ਐਸਾ ਕੌਤਕ ਦੇਖਿਆ ਹੈ।(ਕਿ ਇਕ ਬ੍ਰਿਧ ਮਾਈ) ਦਹੀਂ ਦੇ ਭੁਲੇਖੇ ਪਾਣੀ ਰਿੜਕ ਰਹੀ ਹੈ।੧।ਰਹਾਉ।(ਫਿਰ ਇਕ) ਗਧਾ ਦੇਖਿਆ, ਜੋ ਨਵੀਂ ਫੁੱਟੀ ਹਰਿਆਈ ਚਰਦਾ ਹੈ।ਨਿਤ ਉਠ ਕੇ ਹਸਦਾ ਹੈ, ਹੀਂਗਦਾ ਹੈ ਤੇ (ਜਿਨ੍ਹਾਂ ਦੀ ਹਰੀ ਫਸਲ ਚਰਦਾ ਸੀ, ਉਨ੍ਹਾਂ ਨੇ ਕੁੱਟਿਆ ਤੇ ਇਉਂ ਗਧਾ) ਮਰ ਜਾਂਦਾ ਹੈ।੧।(ਫਿਰ ਇਕ) ਮਸਤਿਆ ਝੋਟਾ ਦੇਖਿਆ,

www.gurugranthvakhyaan.org

ਜੋ ਆਪ ਮੁਹਾਰੇ ਜਾਂਦਾ ਹੈ (ਕਿਸੇ ਦੇ ਕਾਬੂ ਨਹੀਂ ਆਉਂਦਾ)।ਕੁਦ ਕੁਦ ਕੇ ਚਰਦਾ ਹੈ ਤੇ (ਫੜਨ ਵਾਲੇ ਲੋਕਾਂ ਦੇ ਪੁੱਟੇ ਹੋਏ) ਟੋਏ ਵਿਚ ਜਾ ਪੈਂਦਾ (ਡਿਗਦਾ) ਹੈ।੨।ਕਬੀਰ ਜੀ ਆਖਦੇ ਹਨ (ਕਿ ਸਾਨੂੰ ਇਹ ਸਾਰੀ) ਖੇਡ ਪ੍ਰਗਟ ਹੋ ਗਈ ਹੈ।ਲੇਲੇ ਨੂੰ ਭੇਡ ਨਿਤ ਚੁੰਘ ਰਹੀ ਹੈ।੩।(ਇਹ ਖੇਡ ਉਦੋਂ ਪ੍ਰਗਟ ਹੋਈ, ਜਦੋਂ) ਰਾਮ ਸਿਮਰਦਿਆਂ ਉਜਲ ਮੱਤ ਪ੍ਰਗਟ ਹੋ ਆਈ ਹੈ।ਕਬੀਰ ਜੀ ਕਹਿੰਦੇ ਹਨ (ਕਿ ਮੇਰੇ ਅੰਦਰ ਇਹ ਸਾਰੀ) ਸੋਝੀ ਗੁਰੂ ਨੇ ਪਾਈ ਹੈ।੪।੧।੧੪।

ਅੰਤ੍ਰੀਵ ਭਾਵ = ਨਿਸ਼ਕਾਮ ਕਰਮਾਂ ਦੇ ਭੁਲੇਖੇ ਲੋਕ ਸਾਕਾਮ ਕਰਮ ਕਰਦੇ ਹਨ, ਇਉਂ ਬ੍ਰਹਮ ਗਿਆਨ ਰੂਪ ਮੱਖਣ ਪ੍ਰਾਪਤ ਨਹੀਂ ਹੁੰਦਾ (ਮਨੁੱਖ ਨਿਕੰਮੇ ਕੰਮ ਕਰਦਾ ਹੈ, ਜਿਨ੍ਹਾਂ ਦਾ ਫਲ ਮਰਨ ਵੇਲੇ ਕੁਛ ਨਹੀਂ ਮਿਲਦਾ, ਸਾਰੀ ਮਿਹਨਤ ਪਾਣੀ ਰਿੜਕਣ ਵਾਂਗ ਨਿਸਫਲ ਜਾਂਦੀ ਹੈ)।ਮਨੁੱਖ ਅਸਲੀ ਵਸਤੂ ਨੂੰ ਛਡ ਕੇ ਫਜੂਲ ਚੀਜਾਂ ਨੂੰ ਚੰਗੀਆਂ ਸਮਝ ਕੇ ਗ੍ਰਹਿਣ ਕਰੀ ਬੈਠਾ ਹੈ।ਉਹੀ ਸਮਾਂ ਨਾਮ ਸਿਮਰਨ, ਕੀਰਤਨ ਸੁਣਨ ਤੇ ਗਿਆਨ ਹਾਸਲ ਕਰਨ ਤੇ ਲਾਉਂਦਾ ਤਾਂ ਪਰਮ ਪਦ ਪ੍ਰਾਪਤ ਕਰ ਲੈਂਦਾ ਤੇ ਮਿਹਨਤ ਵੀ ਸਫਲ ਹੋ ਜਾਣੀ ਸੀ।੧। ਰਹਾਉ।ਮੂਰਖ ਕਾਮੀ ਜੀਵ ਵਿਸ਼ਿਆਂ ਰੂਪ ਹਰੀ ਅੰਗੂਰੀ ਨੂੰ ਚਰਦਾ (ਭੋਗਦਾ) ਹੈ।ਨਿਤ ਉਠ ਕੇ ਹਸਦਾ ਕਲੋਲਾਂ ਕਰਦਾ ਅੰਤ ਨੂੰ ਮਰ ਜਾਂਦਾ ਹੈ।੧।ਲੋਭੀ ਜੀਵ ਪਦਾਰਥਾਂ ਵਿਚ ਮਸਤ ਹੋ ਕੇ ਗੁਰੂ ਦੇ ਉਪਦੇਸ਼ ਤੋਂ ਬੇਮੁਖ ਹੈ।ਕੁਦ ਕੁਦ (ਖੁਸ਼ੀ ਵਿਚ) ਵਿਸ਼ੇ ਭੋਗਦਾ, ਹੰਕਾਰ ਵਿਚ ਮੱਤਾ, ਦੂਜਿਆਂ ਦੀਆਂ ਖੁਸ਼ੀਆਂ ਲੁਟਦਾ, ਜੁਆਨੀ ਕਾਰਣ ਆਪ ਮੁਹਾਰਾ ਚਲਦਾ ਤੇ ਕਿਸੇ ਦੀ ਪ੍ਰਵਾਹ ਨਾ ਕਰਦਾ ਹੋਇਆ ਅੰਤ ਨੂੰ ਨਰਕਾਂ ਦੇ ਟੋਏ ਵਿਚ ਜਾ ਡਿਗਦਾ ਹੈ; ਸ਼ੁੱਭ ਕਰਮਾਂ ਦੀ ਛਲਾਂਗ ਲਗਾ ਕੇ ਸੁਰਗਾਂ ਤੇ ਜਾ ਚੜ੍ਹਦਾ ਹੈ।ਸ਼ੁੱਭ ਕਰਮਾਂ ਦਾ ਫਲ ਭੋਗਣ ਤੋਂ ਬਾਦ ਫਿਰ ਧਰਤੀ ਤੇ ਆ ਗਿਰਦਾ ਹੈ।੨।ਇਕ ਹੋਰ ਖੇਡ ਦਾ ਪਤਾ ਚਲਿਆ ਹੈ।ਕਿ ਬੁੱਧੀ ਰੂਪ ਭੇਡ ਪਦਾਰਥਾਂ ਰੂਪ ਲੇਲੇ ਨੂੰ ਚੁੰਘਦੀ ਹੈ (ਜੀਵ ਮਾਇਆ ਦਾ ਜਣਿਆ ਹੋਇਆ ਹੈ, ਮਾਂ ਨੇ ਬੱਚੇ ਨੂੰ ਪਾਲਣਾ ਹੁੰਦਾ ਹੈ, ਪਰ ਉਲਟ ਮਾਂ ਬਚੇ ਨੂੰ ਚੁੰਘ ਰਹੀ ਹੈ ਭਾਵ ਜੀਵ ਦੇ ਸ਼ੁੱਭ ਗੁਣਾਂ ਨੂੰ ਚੁੰਘ ਰਹੀ (ਖਾਂਦੀ) ਹੈ।ਮਾਇਆ ਹੀ ਜੀਵ ਨੂੰ ਅਸਲੇ ਤੋਂ ਭੁਲਾ ਕੇ ਨੀਵਾਂ ਕਰ ਰਹੀ ਹੈ।ਮੰਦ ਬੁੱਧੀ ਹੈ ਭੇਡ, ਪਦਾਰਥ ਹਨ ਲੇਲੇ, ਜੋ ਮੰਦ ਬੁੱਧੀ ਨੇ ਰਚੇ ਹਨ, ਮੰਦ ਬੁੱਧੀ ਪਦਾਰਥਾਂ ਨੂੰ ਭੋਗ ਰਹੀ ਹੈ।੩।ਗੁਰੂ ਦੀ ਮੇਹਰ ਤੇ ਨਾਮ ਜਪਣ ਨਾਲ ਸ਼ੁੱਧ ਮੱਤ ਪ੍ਰਕਾਸ਼ਣ ਤੇ ਇਸ ਅਚਰਜ ਖੇਡ ਦਾ ਪਤਾ ਲੱਗਾ।ਕਬੀਰ ਸਾਹਿਬ ਨੇ ਤਿੰਨ ਦ੍ਰਿਸਟਾਂਤ ਦੇ ਕੇ ਅਸਚਰਜ ਮਾਇਆ ਦਾ ਨਕਸ਼ਾ ਦਿਖਾਇਆ ਹੈ।ਹੋ ਸਕਦਾ ਹੈ ਇਹ ਚੌਥਾ ਪਦਾ 'ਮਹਲਾ ੫' ਦਾ ਹੋਵੇ।੪।

ਨੋਟ = ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਕਬੀਰ ਜੀ ਦੇ ਸ਼ਬਦ ਨਾਲ ਰਲਾ ਕੇ ਲਿਖਿਆ ਹੈ।ਭਾਵ ਸ਼ਬਦ ਦਾ ਕੁਛ ਹਿੱਸਾ ਕਬੀਰ ਜੀ ਦਾ ਉਚਾਰਿਆ ਹੋਇਆ ਹੈ ਤੇ ਕੁਛ ਸਤਰਾਂ ਇਸ ਵਿਚ ਗੁਰੂ ਨੇ ਲਿਖ ਕੇ ਰਲਾਈਆਂ ਹਨ।ਸੰਪ੍ਰਦਾਵਾਂ ਅਨੁਸਾਰ ਕਬੀਰ ਜੀ ਜਦ ਗੁਰੂ ਅਰਜਨ ਦੇਵ ਜੀ ਅੱਗੇ ਜਾਹਰਾ ਤੌਰ ਤੇ ਪਰਗਟ ਹੋਏ, ਉਸ ਸਮੇਂ ਗੁਰੂ ਜੀ ਨੇ ਇਹ ਸ਼ਬਦ ਸਿਰੋਪਾਉ ਦੇ ਤੌਰ ਤੇ ਕਬੀਰ ਜੀ ਨੂੰ ਭੇਟ ਕੀਤਾ।ਨਾਲ ਰਲਾ ਕੇ ਲਿਖਿਆ ਇਹ ਗੱਲ ਵੀ ਪ੍ਰਗਟ ਕਰਦਾ ਹੈ ਕਿ ਸਾਰੀ ਬਾਣੀ ਇਕ ਰੂਪ ਹੀ ਹੈ।

ਪਦਾਰਥ = ਅਚਰਜ-ਅਨੋਖਾ ਕੌਤਕ; ਹੈਰਾਨ ਕਰਨ ਵਾਲੀ ਗੱਲ।ਦਧਿ-ਦਹੀਂ।ਭੋਲੈ-ਭੁਲੇਖੇ ਵਿਚ; ਭਰਮ ਦੇ ਕਾਰਣ।ਬਿਰੋਲੈ-ਰਿੜਕਦੀ ਹੈ।ਨੀਰੁ-ਪਾਣੀ।੧।ਅੰਗੂਰੀ-ਨਵੀਂ ਫੁੱਟੀ ਹਰਿਆਈ (ਮਨ ਭਾਉਂਦੇ ਵਿਸ਼ੇ)।ਗਦਹਾ-ਗਧਾ (ਮੂਰਖ ਤੇ ਕਾਮੀ ਮਨੁੱਖ)।ਚਰੈ -ਚਰਦਾ (ਮਾਣਦਾ) ਹੈ।ਹਾਸੈ-ਹਸਦਾ ਹੈ।ਹੀਗੈ-ਹੀਂਗਦਾ ਹੈ।੧।ਮਾਤਾ-(ਮੱਤਾ ਪੜ੍ਹੋ) ਮਸਤਿਆ ਹੋਇਆ।ਭੈਸਾ-ਝੋਟਾ (ਹੰਕਾਰੀ ਮਨੁੱਖ)।ਅੰਮੁਹਾ-ਅਮੋੜ; ਬੇਲਗਾਮ।ਰਸਾਤਲਿ-ਨਰਕ ਵਿਚ।ਪਾਇ-ਪੈਂਦਾ ਹੈ।੨।ਪਰਗਟ ਭਈ-ਪ੍ਰਗਟ ਹੋ ਗਈ; ਪਤਾ ਲਗ ਗਿਆ ।ਲੇਲੇ-ਭੇਡ ਦਾ ਬੱਚਾ।ਕਉ-ਨੂੰ।ਚੂਘੈ-ਚੁੰਘਦੀ ਹੈ।੩।ਰਮਤ-ਜਪਦਿਆਂ।ਮਤਿ-ਬੁੱਧੀ।ਗੁਰਿ-ਗੁਰੂ ਨੇ।੪।੧।੧੪।

ਗਉੜੀ ਕਬੀਰ ਜੀ ਪੰਚਪਦੇ ॥ ਜਿਉ ਜਲ ਛੋਡਿ ਬਾਹਰਿ ਭਇਓ ਮੀਨਾ ॥ ਪੂਰਬ ਜਨਮ ਹਉ ਤਪ ਕਾ ਹੀਨਾ ॥੧॥ ਅਬ ਕਹੁ ਰਾਮ ਕਵਨ ਗਤਿ ਮੋਰੀ ॥ ਤਜੀ ਲੇ ਬਨਾਰਸ ਮਤਿ ਭਈ ਥੋਰੀ ॥੧॥ਰਹਾਉ॥ ਸਗਲ ਜਨਮੁ ਸਿਵ ਪੁਰੀ ਗਵਾਇਆ ॥ ਮਰਤੀ ਬਾਰ ਮਗਹਰਿ ਉਠਿ ਆਇਆ ॥੨॥ ਬਹੁਤੁ ਬਰਸ ਤਪੁ ਕੀਆ ਕਾਸੀ ॥ ਮਰਨੁ ਭਇਆ ਮਗਹਰ ਕੀ ਬਾਸੀ ॥੩॥ ਕਾਸੀ ਮਗਹਰ ਸਮ ਬੀਚਾਰੀ ॥ ਓਛੀ ਭਗਤਿ ਕੈਸੇ ਉਤਰਸਿ ਪਾਰੀ ॥੪॥ ਕਹੁ ਗੁਰ ਗਜ ਸਿਵ ਸਭੁ ਕੋ ਜਾਨੈ ॥ ਮੁਆ ਕਬੀਰੁ ਰਮਤ ਸ੍ਰੀ ਰਾਮੈ ॥੫॥੧੫ ॥ (ਪੰਜ ਪਦਿਆਂ ਵਾਲੇ ਇਹ ਦੋ ਸ਼ਬਦ ਹਨ।ਪਹਿਲਾਂ ਰਹਾਉ ਵਾਲੀ ਤੁਕ ਦਾ ਅਰਥ) ਹੇ ਰਾਮ! ਦੱਸੋ, ਹੁਣ ਮੇਰੀ ਕੀ ਹਾਲਤ ਹੋਵੇਗੀ? (ਜੋ ਮੈਂ) ਬਨਾਰਸ ਛਡ ਦਿਤਾ ਹੈ, (ਬਨਾਰਸ ਛਡਣ ਨਾਲ ਕੀ) ਮੇਰੀ ਮੱਤ ਥੋੜੀ ਹੋ ਗਈ ਹੈ?।੧।ਰਹਾਉ।(ਜਾਂ ਕੀ) ਮੈਂ ਪਹਿਲੇ ਜਨਮਾਂ ਵਿਚ ਤਪ ਤੋਂ ਬਿਹੂਣਾ ਰਿਹਾ ਹਾਂ? (ਜਿਸ ਕਰਕੇ ਮੈਂ ਬਨਾਰਸ ਨੂੰ ਛਡ ਕੇ ਮਗਹਰ ਆ ਗਿਆ ਹਾਂ।ਮੇਰੀ ਉਹ ਹਾਲਤ ਹੈ) ਜਿਵੇਂ ਪਾਣੀ ਨੂੰ ਛਡ ਕੇ ਬਾਹਰ ਪਈ ਮੱਛੀ ਹੁੰਦੀ ਹੈ (ਤੜਫਦੀ ਹੋਈ ਦੁਖੀ ਹੁੰਦੀ ਹੈ।ਲੋਕਾਂ ਭਾਣੇ ਮੇਰਾ ਬਨਾਰਸ ਨੂੰ ਛਡਣਾ ਇਉਂ ਹੈ

All Rights Reserved by Harjinder Singh Gyani | www.GuruGranthVakhyaan.org

ਜਿਵੇਂ ਮੱਛੀ ਦਾ ਪਾਣੀ ਨੂੰ ਛਡ ਕੇ ਬਾਹਰ ਹੋਣਾ ਹੈ।ਲੋਕਾਂ ਲਈ ਬਨਾਰਸ ਵਿਚ ਰਹਿ ਕੇ ਗੰਗਾ ਤੇ ਇਸ਼ਨਾਨ, ਸ਼ਿਵ ਪੂਜਾ ਤੇ ਕਰਮ ਕਾਂਡ ਹੀ ਤਪ ਸੀ, ਇਹੋ ਜਿਹੇ ਤਪ ਤੋਂ ਕਬੀਰ ਜੀ ਅਪਣੇ ਆਪ ਨੂੰ ਸੱਖਣਾ ਕਹਿੰਦੇ ਹਨ।ਕਬੀਰ ਤਾਂ ਇਕ ਨਿਰਗੁਣ ਪ੍ਰਭੂ ਦੀ ਭਗਤੀ ਵਿਚ ਲੀਨ ਸਨ, ਨਾਮ ਸਿਮਰਨ ਦੀ ਭਗਤੀ ਬਨਾਰਸ ਤੋਂ ਬਾਹਰ ਰਹਿ ਕੇ ਵੀ ਕੀਤੀ ਜਾ ਸਕਦੀ ਹੈ।੧।ਲੋਕ ਕਹਿੰਦੇ ਹਨ ਕਿ) ਕਬੀਰ ਨੇ) ਸਾਰਾ ਜੀਵਨ ਬਨਾਰਸ ਵਿਚ ਰਹਿ ਕੇ ਬਿਅਰਥ ਗੁਆ ਦਿਤਾ ਹੈ; ਸਾਰਾ ਜੀਵਨ ਕਾਂਸੀ ਵਿਚ ਗੁਜਾਰਿਆ ਹੈ।(ਹੁਣ ਜਦ ਬਨਾਰਸ ਵਿਚ ਰਹਿੰਦਿਆਂ ਮੁਕਤੀ ਮਿਲਣੀ ਸੀ, ਤਾਂ) ਮਰਨ ਵੇਲੇ ਮਗਹਰ ਉਠ ਕੇ ਆ ਗਿਆ ਹੈ।੨।(ਲੋਕ ਕਹਿੰਦੇ ਹਨ ਕਿ ਕਬੀਰ ਨੇ) ਕਾਂਸ਼ੀ ਵਿਚ ਰਹਿ ਕੇ ਬਹੁਤ ਵਰਸ ਤਪ ਕੀਤਾ ਹੈ।(ਉਸ ਤਪ ਦਾ ਕੋਈ ਲਾਭ ਨਹੀਂ ਹੋਣਾ, ਕਿਉਂਕਿ ਹੁਣ ਇਸ ਦਾ) ਮਰਨਾ ਮਗਹਰ ਦਾ ਵਾਸੀ ਹੋ ਕੇ ਹੋਣ ਲਗਾ ਹੈ।੩।(ਪਰ ਹੇ ਰਾਮ! ਮੈਂ ਤਾਂ) ਕਾਂਸੀ ਤੇ ਮਗਹਰ ਨੂੰ ਇਕੋ ਜਿਹਾ ਵਿਚਾਰਦਾ ਹਾਂ {ਜੈਸਾ ਮਗਹਰੁ ਤੈਸੀ ਕਾਸੀ, ਹਮ ਏਕੈ ਕਰਿ ਜਾਨੀ ੯੬੯} (ਕਿਉਂਕਿ ਹੇ ਰਾਮ ਜੀ! ਆਪ ਜੀ ਸਭ ਜਗ੍ਹਾ ਪੂਰਨ ਹੋ।ਕਰਮ ਕਾਂਡ ਵਾਲੀ) ਕੱਚੀ ਭਗਤੀ ਕਰਕੇ ਕੋਈ ਮਨੁੱਖ ਭਵਜਲ ਤੋਂ ਕਿਵੇਂ ਪਾਰ ਉਤਰ (ਲੰਘ) ਸਕਦਾ ਹੈ?।੪।ਆਖਦੇ ਹਨ (ਕਬੀਰ ਜੀ, ਬਿਆਸ ਆਦਿ) ਗੁਰੂ ,ਗਣੇਸ ਤੇ ਸ਼ਿਵ ਜੀ ਸਾਰੇ (ਨਾਮ ਦੇ ਪ੍ਰਤਾਪ ਨੂੰ) ਜਾਣਦੇ ਹਨ।ਸਰਬ ਵਿਆਪਕ ਸ੍ਰੀ ਰਾਮ ਦਾ ਸਿਮਰਨ ਕਰਦਿਆਂ (ਜੇ) ਕਬੀਰ ਮਰ ਗਿਆ (ਤਾਂ ਮੁਕਤ ਹੋਣ ਤੋਂ ਬਿਨਾ ਕਿਵੇਂ ਰਹਿ ਸਕਦਾ ਹੈ?); ਬਿਆਸ, ਗਣੇਸ਼ ਤੇ ਸ਼ਿਵ ਤਿੰਨੇ ਜਾਣਦੇ ਹਨ ਕਿ ਕਬੀਰ ਸ੍ਰੀ ਪ੍ਰਭੂ ਦਾ ਸਿਮਰਨ ਕਰਦਾ (ਜੀਵਤ ਭਾਵ ਤੋਂ) ਮਰ ਗਿਆ ਭਾਵ ਜੀਵਨ ਮੁਕਤ ਹੋ ਗਿਆ ਹੈ।੫।੧੫।

ਪਦਾਰਥ = ਭਇਓ–ਹੁੰਦਾ ਹੈ।ਮੀਨਾ–ਮੱਛੀ।ਪੂਰਬ ਜਨਮ–ਪਿਛਲੇ ਜਨਮਾਂ ਦਾ।ਹਉ–ਮੈਂ।ਹੀਨਾ–ਖਾਲੀ।੧।ਅਬ–ਹੁਣ।ਕਹੁ–ਦੱਸੋ।ਕਵਨ–ਕੀ; ਕਿਹੋ ਜਿਹੀ।ਗਤਿ–ਹਾਲਤ।ਮੋਰੀ–ਮੇਰੀ।ਤਜੀਲੇ–ਛਡ ਦਿਤਾ।ਭਈ–ਹੋ ਗਈ।ਥੋਰੀ–ਥੋੜੀ।੧।ਰਹਾਉ।ਸਗਲ ਜਨਮ –ਸਾਰਾ ਜੀਵਨ।ਸਿਵ ਪੁਰੀ–ਬਨਾਰਸ ਵਿਚ।ਗਵਾਇਆ–ਗੁਆ ਦਿਤਾ; ਗੁਜਾਰਿਆ।ਮਰਤੀ ਬਾਰ–ਮਰਨ ਵੇਲੇ।੨।ਬਰਸ–ਸਾਲ। ਕਾਸੀ–ਕਾਂਸੀ ਵਿਚ।ਬਾਸੀ–ਵਾਸੀ ਹੋ ਕੇ।੩।ਸਮ–ਇਕੋ ਜਿਹੀ।ਬੀਚਾਰੀ–ਸਮਝੇ ਹਨ।ਓਛੀ–ਕੱਚੀ; ਨਿਕੰਮੀ।ਕੈਸੇ–ਕਿਸ ਤਰ੍ਹਾਂ। ਉਤਰਸਿ ਪਾਰੀ–ਪਾਰ ਲੰਘਾਂਗਾ।੪।ਗੁਰ–ਬਿਆਸ ਗੁਰੂ।ਗਜ–ਗਣੇਸ।ਮੂਆ ਮਰ ਗਿਆ।ਰਮਤ–ਸਿਮਰ ਕੇ।੫।੧੫।

ਵਿਆਖਿਆ = ਬਨਾਰਸ ਸ਼ਿਵ ਜੀ ਦਾ ਬਸਾਇਆ ਨਗਰ ਹੈ, ਜਿਸ ਨੂੰ ਕਾਂਸ਼ੀ ਜਾਂ ਸ਼ਿਵ ਪੁਰੀ ਵੀ ਆਖਦੇ ਹਨ।ਸ਼ਿਵ ਜੀ ਦਾ ਵਰ ਸੀ ਕਿ ਜੋ ਜੀਵ ਕਾਂਸ਼ੀ ਵਿਚ ਮਰੇਗਾ ਉਹ ਮਰ ਕੇ ਸ਼ਿਵ ਲੋਕ ਦਾ ਵਾਸੀ ਹੋਵੇਗਾ।ਪੰਡਤ ਲੋਕ ਕਹਿੰਦੇ ਸਨ ਕਿ ਕਬੀਰ ਜੀ ਮੁਕਤ ਹੋਣ ਲਈ ਹੀ ਕਾਂਸ਼ੀ ਵਿਚ ਰਹਿੰਦੇ ਹਨ, ਪਰ ਸ਼ਿਵ ਜੀ ਨੂੰ ਪੂਜਦੇ ਨਹੀਂ।ਕਬੀਰ ਜੀ ਨੇ ਸੋਚਿਆ ਕਿ ਜੇ ਮੈਂ ਕਾਂਸ਼ੀ ਰਹਿ ਕੇ ਮੁਕਤ ਹੋਇਆ ਤਾਂ ਪੰਡਤ ਕਹਿਣਗੇ ਕਿ ਕਾਂਸ਼ੀ ਵਿਚ ਰਹਿਣ ਕਰਕੇ ਹੀ ਕਬੀਰ ਮੁਕਤ ਹੋਇਆ ਹੈ।ਪੰਡਤਾਂ ਦੇ ਖਿਆਲ ਦਾ ਖੰਡਨ ਕਰਨ ਲਈ ਕਬੀਰ ਜੀ ਕਾਂਸੀ ਨੂੰ ਛਡ ਕੇ ਮਗਹਰ ਚਲੇ ਗਏ।ਬਿਆਸ ਜੀ ਨੇ ਮਗਹਰ ਬੈਠ ਕੇ ਤਪ ਕੀਤਾ ਸੀ, ਤਾਂ ਕਿ ਇਥੇ ਦੇ ਲੋਕ ਵੀ ਮਰ ਕੇ ਸੁਰਗਾਂ ਨੂੰ ਜਾਣ।ਗਣੇਸ਼ ਨੇ ਇਹ ਤਪ ਭੰਗ ਕੀਤਾ ਅਤੇ ਬਿਆਸ ਨੂੰ ਗੁੱਸੇ ਵਿਚ ਲਿਆ ਕੇ, ਉਸਦੇ ਮੂੰਹੋਂ ਕਹਾ ਦਿਤਾ ਕਿ ਮਗਰਹ ਵਿਚ ਮਰਨ ਵਾਲਾ ਗਧੇ ਦੀ ਜੂਨ ਵਿਚ ਪਵੇਗਾ।ਕਾਂਸ਼ੀ ਤੇ ਮਗਹਰ ਵਾਰੇ ਜੋ ਲੋਕਾਂ ਦਾ ਵਿਚਾਰ ਸੀ, ਉਸ ਨਾਲ ਸਬੰਧ ਤਿੰਨਾਂ ਬਿਆਸ, ਗਣੇਸ ਤੇ ਸ਼ਿਵ ਜੀ ਦਾ ਸੀ।ਕਬੀਰ ਜੀ ਦਾ ਭਾਵ ਹੈ ਕਿ ਇਹ ਤਿੰਨੇ ਇਸ ਗਲ ਤੋਂ ਇਨਕਾਰੀ ਨਹੀਂ ਹੋ ਸਕਦੇ ਕਿ ਪ੍ਰਭੂ ਦਾ ਸਿਮਰਨ ਕਰਨ ਵਾਲਾ ਮਨੁੱਖ ਚਾਹੇ ਮਗਹਰ ਵਿਚ ਮਰੇ, ਉਹ ਮੁਕਤ ਹੋਣ ਬਿਨਾ ਨਹੀਂ ਰਹਿ ਸਕਦਾ।ਨਾ ਹੀ ਉਹ ਕਿਸੇ ਜੂਨ ਵਿਚ ਤੇ ਨਾ ਨਰਕ ਵਿਚ ਪੈ ਸਕਦਾ ਹੈ, ਜਿਉਂਦੇ ਜੀ ਹੀ ਉਸਦਾ ਜਨਮ ਮਰਨ ਕੱਟ ਹੋ ਜਾਂਦਾ ਹੈ।ਮੁਕਤੀ ਕਿਸੇ ਵਿਸ਼ੇਸ ਤੀਰਥ ਸਥਾਨ ਤੇ ਵਸਣ ਨਾਲ ਜਾਂ ਮਰਨ ਨਾਲ ਨਹੀਂ ਮਿਲਦੀ, ਨਾਮ ਸਿਮਰਨ ਕਰਨ ਵਾਲੇ ਗੁਰਮੁਖਾਂ ਨੂੰ ਸੁਤੇ ਹੀ ਮਿਲ ਜਾਂਦੀ ਹੈ।

ਮਨਹੁ ਕਠੋਰੁ ਮਰੈ ਬਾਨਾਰਸਿ, ਨਰਕੁ ਨ ਬਾਂਚਿਆ ਜਾਈ।ਹਰਿ ਕਾ ਸੰਤੁ ਮਰੈ ਹਾੜੰਬੈ, ਤ ਸਗਲੀ ਸੈਨ ਤਰਾਈ।(੪੮੪)

ਗਉੜੀ ਕਬੀਰ ਜੀ ॥ ਚੋਆ ਚੰਦਨ ਮਰਦਨ ਅੰਗਾ ॥ ਸੋ ਤਨੁ ਜਲੈ ਕਾਠ ਕੈ ਸੰਗਾ ॥੧॥ ਇਸੁ ਤਨ ਧਨ ਕੀ ਕਵਨ ਬਡਾਈ ॥ ਧਰਨਿ ਪਰੈ ਉਰਵਾਰਿ ਨ ਜਾਈ ॥੧॥ਰਹਾਉ॥ ਰਾਤਿ ਜਿ ਸੋਵਹਿ ਦਿਨ ਕਰਹਿ ਕਾਮ ॥ ਇਕੁ ਖਿਨੁ ਲੇਹਿ ਨ ਹਰਿ ਕੋ ਨਾਮ ॥੨॥ ਹਾਥਿ ਤ ਡੋਰ ਮੁਖਿ ਖਾਇਓ ਤੰਬੋਰ ॥ ਮਰਤੀ ਬਾਰ ਕਸਿ ਬਾਧਿਓ ਚੋਰ ॥੩॥ ਗੁਰਮਤਿ ਰਸਿ ਰਸਿ ਹਰਿ ਗੁਨ ਗਾਵੈ ॥ ਰਾਮੈ ਰਾਮ ਰਮਤ ਸੁਖੁ ਪਾਵੈ ॥੪॥ ਕਿਰਪਾ ਕਰਿ ਕੈ ਨਾਮੁ ਦ੍ਰਿੜਾਈ ॥ ਹਰਿ ਹਰਿ ਬਾਸੁ ਸੁਗੰਧ ਬਸਾਈ ॥੫॥ ਕਹਤ ਕਬੀਰ ਚੇਤਿ ਰੇ ਅੰਧਾ ॥ ਸਤਿ ਰਾਮੁ ਝੂਠਾ ਸਭੁ ਧੰਧਾ ॥੬॥੧੬॥ (ਜਿਸ ਸਰੀਰ ਦੇ) ਅੰਗਾਂ ਨੂੰ (ਮਨੁੱਖ) ਅਤਰ ਤੇ ਚੰਦਨ ਆਦਿ ਸੁਗੰਧੀ ਮਲਦੇ ਹਨ।ਉਹ ਸਰੀਰ (ਅੰਤ ਨੂੰ) ਲੱਕੜਾਂ ਨਾਲ ਸੜ ਜਾਂਦਾ ਹੈ।੧।ਇਸ ਤਨ ਤੇ (ਇਸ ਦੇ ਕਮਾਏ) ਧਨ ਦੀ ਕੀ ਵਡਿਆਈ ਹੈ? (ਤਨ ਤੇ ਧਨ)

All Rights Reserved by Harjinder Singh Gyani | www.GuruGranthVakhyaan.org

ਧਰਤੀ ਤੇ ਹੀ ਪਏ ਰਹਿ ਜਾਂਦੇ ਹਨ ਤੇ ਪ੍ਰਲੋਕ ਵਿਚ ਨਾਲ ਨਹੀਂ ਜਾਂਦੇ।੧।ਰਹਾਉ।ਜਿਹੜੇ ਲੋਕ ਰਾਤ ਵੇਲੇ ਸੌਂ ਜਾਂਦੇ ਹਨ ਤੇ ਦਿਨੇ (ਧਨ ਕਮਾਉਣ ਲਈ) ਕੰਮ ਕਰਦੇ ਹਨ।(ਪਰ) ਇਕ ਖਿਨ ਵੀ ਹਰੀ ਦਾ ਨਾਮ ਨਹੀਂ ਜਪਦੇ।੨।(ਅਮੀਰ ਲੋਕਾਂ ਦੇ) ਹੱਥ ਵਿਚ ਤਾਂ ਪਤੰਗ ਜਾਂ ਬਾਜ ਦੀ ਡੋਰ ਫੜੀ ਹੋਈ ਹੈ; ਹੱਥ ਤੱਡਦੇ ਹਨ ਤੇ ਮੂੰਹ ਨਾਲ ਪਾਨ ਖਾਂਦੇ ਹਨ।(ਅਜੇਹੇ ਲੋਕ) ਮਰਨ ਸਮੇਂ ਚੋਰਾਂ ਵਾਂਗ ਕੱਸ ਕੇ ਬੰਨ੍ਹ ਲਏ ਜਾਂਦੇ ਹਨ।੩।(ਜੋ ਮਨੁੱਖ) ਗੁਰੂ ਦੀ ਬਖਸ਼ੀ ਮੱਤ ਅਨੁਸਾਰ ਬੜੇ ਪ੍ਰੇਮ ਨਾਲ ਹਰੀ ਦੇ ਗੁਣ ਗਾਉਂਦਾ ਹੈ।ਉਹ ਰਾਮ ਹੀ ਰਾਮ ਸਿਮਰਦਾ ਹੋਇਆ ਸੁਖ ਪਾਉਂਦਾ ਹੈ।੪।(ਜਿਸ ਮਨੁੱਖ ਨੂੰ ਗੁਰੂ) ਕਿਰਪਾ ਕਰ ਕੇ ਨਾਮ ਦ੍ਰਿੜ ਕਰਾ ਦੇਂਦਾ ਹੈ।(ਉਹ ਮਨੁੱਖ ਹਿਰਦੇ ਅੰਦਰ) ਹਰਿ ਹਰਿ ਨਾਮ ਰੂਪ ਸੁਗੰਧੀ ਦੀ ਸ੍ਰੇਸ਼ਟ ਮਹਿਕ ਵਸਾ ਲੈਂਦਾ ਹੈ।੫।ਕਬੀਰ ਜੀ ਆਖਦੇ ਹਨ ਕਿ ਹੇ ਅੰਨ੍ਹੇ ਜੀਵ! (ਤੂੰ ਪ੍ਰਭੂ ਨੂੰ) ਯਾਦ ਕਰ।ਉਹ ਪ੍ਰਭੂ ਸਦਾ ਰਹਿਣ ਵਾਲਾ ਹੈ ਤੇ (ਬਾਕੀ) ਸਾਰਾ ਕੰਮ ਧੰਧਾ ਝੂਠਾ (ਨਾਸ਼ਵੰਤ) ਹੈ।੬।੧੬।

ਪਦਾਰਥ = ਚੋਆ-ਅਤਰ।ਮਰਦਨ-ਮਲਦੇ ਹਨ।ਅੰਗਾ-ਸਰੀਰ ਦੇ ਅੰਗਾਂ ਨੂੰ।ਸੋ-ਉਹ।ਕਾਠ-ਲੱਕੜਾਂ।ਸੰਗਾ-ਨਾਲ।੧।ਕਵਨ-ਕਿਹੜੀ।ਬਡਾਈ-ਮਾਣ; ਆਕੜ।ਧਰਨਿ-ਧਰਤੀ ਤੇ।ਪਰੈ-ਪਿਆ ਰਹਿ ਜਾਂਦਾ ਹੈ।ਉਰਵਾਰਿ-ਪ੍ਰਲੋਕ ਵਿਚ (ਮ.ਕੋ.)।ਨ ਜਾਈ-ਨਾਲ ਨਹੀਂ ਜਾਂਦਾ।੧।ਰਹਾਉ।ਕਾਮ-ਕੰਮ।ਕਰਹਿ-ਕਰਦੇ ਹਨ।ਜਿ-ਜਿਹੜੇ।ਨ ਲੈਹਿ-ਨਹੀਂ ਲੈਂਦੇ (ਜਪਦੇ)।੨।ਤ-ਤਾਂ।ਡੋਰ-(ਬਾਜਾਂ; ਪਤੰਗ ਦੀਆਂ) ਡੋਰਾਂ।ਮੁਖਿ-ਮੂੰਹ ਵਿਚ।ਤੰਬੋਰ-ਪਾਨ।ਕਸਿ-ਘੁੱਟ ਕੇ।ਰਸਿ ਰਸਿ-ਬੜੇ ਪ੍ਰੇਮ ਨਾਲ; ਸੁਆਦ ਲੈ ਲੈ ਕੇ।ਰਮਤ-ਸਿਮਰਦਿਆਂ।੪।ਦ੍ਰਿੜਾਈ-ਦਿਲ ਵਿਚ ਪੱਕੀ ਤਰ੍ਹਾਂ ਬਿਠਾ ਦਿੰਦਾ ਹੈ।ਬਾਸੁ-ਮਹਿਕ।ਬਸਾਈ-ਬਸਾ ਦਿਤੀ ਹੈ।੫।ਰੇ ਅੰਧਾ-ਹੇ ਅੰਨ੍ਹੇ ਮਨੁੱਖ।ਚੇਤਿ-ਯਾਦ ਕਰ।ਸਤਿ-ਸਦਾ ਅਟੱਲ ਰਹਿਣ ਵਾਲਾ।ਝੂਠਾ-ਨਾਸ਼ਵੰਤ।ਧੰਧਾ-ਵਿਹਾਰ; ਕੰਮ।੬।੧੬।

ਗਉੜੀ ਕਬੀਰ ਜੀ ਤਿਪਦੇ ਚਾਰ ਤੁਕੇ ॥ ਜਮ ਤੇ ਉਲਟਿ ਭਏ ਹੈ ਰਾਮ ॥ ਦੁਖ ਬਿਨਸੇ ਸੁਖ ਕੀਓ ਬਿਸਰਾਮ ॥ ਬੈਰੀ ਉਲਟਿ ਭਏ ਹੈ ਮੀਤਾ ॥ ਸਾਕਤ ਉਲਟਿ ਸੁਜਨ ਭਏ ਚੀਤਾ ॥੧॥ ਅਬ ਮੋਹਿ ਸਰਬ ਕੁਸਲ ਕਰਿ ਮਾਨਿਆ ॥ ਸਾਂਤਿ ਭਈ ਜਬ ਗੋਬਿਦੁ ਜਾਨਿਆ ॥੧॥ਰਹਾਉ॥ ਇਹ ਤਿੰਨ ਪਦਿਆਂ ਦੇ ਸ਼ਬਦ ਹਨ ਤੇ ਹਰ ਪਦੇ ਵਿਚ ਚਾਰ ਚਾਰ ਤੁਕਾਂ ਹਨ।(ਪ੍ਰਭੂ ਨੂੰ ਜਾਨਣ ਦੇ ਪ੍ਰਤਾਪ ਨਾਲ) ਜਮ ਬਦਲ ਕੇ ਰਾਮ ਹੋ ਗਏ ਹਨ ਭਾਵ ਜਿਥੇ ਅੱਗੇ ਜਮ ਦੇਖਦਾ ਸਾਂ, ਉਥੇ ਹੁਣ ਰਾਮ ਦਿਸਦਾ ਹੈ, ਕਿਉਂਕਿ ਜਮਾਂ ਵਾਲਾ ਰਸਤਾ ਛਡ ਕੇ ਰਾਮ ਦਾ ਜੋ ਰਸਤਾ ਫੜ ਲਿਆ ਹੈ (ਸ਼ਬਦਾਰਥ)।ਦੁਖ ਨਾਸ਼ ਹੋ ਗਏ ਹਨ ਤੇ ਸੁਖਾਂ ਨੇ ਆ ਟਿਕਾਣਾ ਕਰ ਲਿਆ ਹੈ।ਕਾਮਾਦਿਕ ਬੈਰੀ ਬਦਲ ਕੇ ਮਿਤ੍ਰ ਹੋ ਗਏ ਹਨ।ਸਾਕਤ (ਦੁਖ ਦੇਣ ਵਾਲੇ ਲੋਕ) ਉਲਟ ਕੇ ਦਿਲੋਂ ਸੱਜਣ ਹੋ ਗਏ ਹਨ।੧।ਜਦ ਤੋਂ ਮੈਂ ਗੋਬਿੰਦ ਨੂੰ ਜਾਣਿਆ ਹੈ, (ਉਦੋਂ ਤੋਂ ਚਿਤ ਨੂੰ) ਸ਼ਾਂਤੀ ਪ੍ਰਾਪਤ ਹੋ ਗਈ ਹੈ।(ਇਸ ਲਈ) ਹੁਣ ਮੈਂ ਸਭ ਪਾਸੇ ਸੁਖ ਕਰਕੇ ਮੰਨਿਆ ਹੈ।੧।ਰਹਾਉ।

ਅੰਗ ੩੨੭ = ਤਨ ਮਹਿ ਹੋਤੀ ਕੋਟਿ ਉਪਾਧਿ ॥ ਉਲਟਿ ਭਈ ਸੁਖ ਸਹਜਿ ਸਮਾਧਿ ॥ ਆਪੁ ਪਛਾਨੈ ਆਪੈ ਆਪ ॥ ਰੋਗੁ ਨ ਬਿਆਪੈ ਤੀਨੌ ਤਾਪ ॥੨॥ ਅਬ ਮਨ ਉਲਟਿ ਸਨਾਤਨੁ ਹੂਆ ॥ ਤਬ ਜਾਨਿਆ ਜਬ ਜੀਵਤ ਮੂਆ ॥ ਕਹੁ ਕਬੀਰ ਸੁਖਿ ਸਹਜਿ ਸਮਾਵਉ ॥ ਆਪਿ ਨ ਡਰਉ ਨ ਅਵਰ ਡਰਾਵਉ ॥੩॥੧੭॥ (ਪ੍ਰਭੂ ਨੂੰ ਜਾਨਣ ਕਰਕੇ) ਸਰੀਰ ਵਿਚ ਜੋ ਕ੍ਰੋੜਾਂ ਬਿਮਾਰੀਆਂ ਹੁੰਦੀਆਂ ਸਨ।ਉਹ ਉਲਟ ਕੇ ਸਹਿਜ ਸਮਾਧੀ ਦੇ ਸੁਖ ਹੋ ਗਏ (ਰੋਗ, ਪੂਰਨ ਅਡੋਲਤਾ ਤੇ ਸ਼ਾਂਤੀ ਵਾਲੇ ਸੁਖਾਂ ਵਿਚ ਬਦਲ ਗਏ।ਹੁਣ ਮੇਰਾ ਮਨ) ਅਪਣੇ ਆਪ ਨੂੰ ਪਛਾਣਦਾ ਹੈ ਅਤੇ ਆਪ ਹੀ ਆਪ ਵਿਆਪਕ ਹੋ ਰਿਹਾ ਪ੍ਰਭੂ ਦਿਸਦਾ ਹੈ।(ਹੁਣ ਮੈਨੂੰ ਹਉਮੈ ਦਾ) ਰੋਗ ਤੇ ਤਿੰਨੇ ਤਾਪ ਨਹੀਂ ਲਗ ਸਕਦੇ।੨।ਹੁਣ ਮੇਰਾ ਮਨ ਬਦਲ ਕੇ ਪਹਿਲੇ ਪੁਰਾਣੇ ਅਸਲੀ ਰੂਪ ਵਾਲਾ ਹੋ ਗਿਆ (ਮਨ ਪਹਿਲਾਂ ਜੋਤ ਸਰੂਪ ਸੀ, ਜੋ ਵਿਸ਼ਿਆਂ ਵਿਚ ਪੈ ਕੇ ਬਿਗੜ ਗਿਆ ਸੀ, ਹੁਣ ਫਿਰ ਉਲਟ ਕੇ ਜੋਤ ਸਰੂਪ ਹੋ ਗਿਆ ਹੈ।ਮਨ ਤਾਂ ਪਹਿਲਾਂ ਵੀ ਜੋਤ ਸਰੂਪ ਸੀ, ਮੈਂ) ਜਦ ਜੀਵਤ ਭਾਵ ਤੋਂ ਮਰ ਗਿਆ, ਉਦੋਂ ਜਾਣਿਆ (ਅਨੁਭਵ ਕੀਤਾ ਅਪਣੇ ਆਤਮ ਸਰੂਪ ਨੂੰ)।ਕਬੀਰ ਜੀ ਕਹਿੰਦੇ ਹਨ ਕਿ (ਹੁਣ ਮੈਂ) ਆਤਮਾ ਦੇ ਕੁਦਰਤੀ ਅਨੰਦ ਵਿਚ ਸਮਾ ਗਿਆ ਹਾਂ।(ਹੁਣ ਮੈਂ ਮੌਤ ਜਾਂ ਕਿਸੇ ਹੋਰ ਤੋਂ) ਆਪ ਡਰਦਾ ਨਹੀਂ ਅਤੇ ਨਾ ਹੀ ਹੋਰਨਾਂ ਨੂੰ ਡਰਾਉਂਦਾ ਹਾਂ (ਡਰਨ ਤੇ ਡਰਾਉਣ ਵਾਲੀ ਪਸ਼ੂ ਬ੍ਰਿਤੀ ਹੁੰਦੀ ਹੈ)।੩।੧੭।

ਪਦਾਰਥ = ਜਮ ਤੇ-ਜਮ ਦੂਤਾਂ ਤੋਂ।ਉਲਟਿ-ਬਦਲ ਕੇ; ਪਲਟ ਕੇ।ਰਾਮ-ਰਾਮ ਗਣ ਭਾਵ ਰੱਬ ਦੇ ਸੇਵਕ (ਮ.ਕੋ.)।ਭਏ-ਹੋ ਗਏ।ਬਿਨਸੇ-ਨਾਸ਼ ਹੋ ਗਏ।ਕੀਓ-ਕਰ ਲਿਆ।ਬਿਸਰਾਮ-ਟਿਕਾਣਾ।ਮੀਤਾ-ਮਿਤ੍ਰ।ਸਾਕਤ-ਰੱਬ ਤੋਂ ਬੇਮੁਖ ਹੋਏ ਜੀਵ।ਸੁਜਨ-ਸ੍ਰੇਸ਼ਟ ਪੁਰਖ।ਚੀਤਾ-ਦਿਲ ਤੋਂ।੧।ਅਬ-ਹੁਣ।ਮੋਹਿ-ਮੈਂ।ਕੁਸਲ-ਸੁੱਖ; ਅਨੰਦ।੧।ਰਹਾਉ।ਹੋਤੀ-ਹੁੰਦੀਆਂ ਸਨ।ਕੋਟਿ-ਕ੍ਰੋੜਾਂ।ਉਪਾਧਿ-ਬਿਮਾਰੀਆਂ।ਸੁਖ ਸਹਜ ਸਮਾਧਿ-ਪੂਰਨ ਆਤਮਕ ਅਡੋਲਤਾ ਵਾਲਾ ਸੁਖ; ਸਹਿਜ ਅਵਸਥਾ ਵਾਲੀ ਲਿਵ ਲੀਨਤਾ ਦਾ ਸੁਖ।ਆਪੁ-

All Rights Reserved by Harjinder Singh Gyani | www.GuruGranthVakhyaan.org

ਅਪਣੇ ਆਪ ਨੂੰ।ਆਪੈ ਆਪ-ਆਪ ਹੀ ਆਪ ਵਿਆਪਕ ਪ੍ਰਭੂ।ਨ ਬਿਆਪੈ-ਨਹੀਂ ਲਗ ਸਕਦਾ।ਤੀਨੌ ਤਾਪ-ਆਧ ਬਿਆਧ ਤੇ ਉਪਾਧ ਰੋਗ।੨।ਸਨਾਤਨ-ਪੁਰਾਣਾ ਅਸਲੀ ਰੂਪ ਵਾਲਾ (ਵਿਕਾਰੀ ਮਨ, ਪ੍ਰਭੂ ਸਰੂਪ ਹੋ ਗਿਆ)।ਹੂਆ-ਹੋ ਗਿਆ।ਸੁਖਿ ਸਹਜਿ-ਕੁਦਰਤੀ ਸੁਖ ਵਿਚ।ਸਮਾਵਉ-ਸਮਾ ਗਿਆ ਹਾਂ।ਅਵਰ-ਹੋਰਨਾਂ ਨੂੰ।੩।੧੭।

ਵਿਆਖਿਆ = ਕਬੀਰ ਸਾਹਿਬ ਅਪਣਾ ਨਿੱਜੀ ਤਜਰਬਾ ਦਸਦੇ ਹਨ, ਕਿ ਰੱਬ ਨੂੰ ਜਾਨਣ ਵਾਲੇ ਮਨੁੱਖ ਦੇ ਕੀ ਲੱਛਣ ਹਨ? ਸੁਭਾਵ ਹੀ ਬਦਲ ਗਿਆ, ਰੱਬ ਨੂੰ ਸਭ ਜਗ੍ਹਾ ਵਸਦਾ ਅਨੁਭਵ ਕਰ ਲਿਆ, ਜਿਸ ਨਾਲ ਜਮਾਂ ਦਾ ਭੈ ਦੂਰ ਹੋ ਗਿਆ।ਜਮਾਂ ਤੋਂ ਉਲਟ ਕੇ ਰਾਮ ਗਣ ਹੋ ਗਏ ਹਨ (ਬੁਰੇ ਕਰਮਾਂ ਦੇ ਕਾਰਣ ਅਸੀ ਪਹਿਲਾਂ ਜਮਾਂ ਦੇ ਵਸ ਪੈਣ ਵਾਲੇ ਸਾਂ, ਹੁਣ ਰਾਮ ਗਣਾਂ ਦੇ ਵਸ ਪੈਣ ਵਾਲੇ ਹੋ ਗਏ ਹਾਂ)।ਪਹਿਲਾਂ ਜਮ ਦੂਤਾਂ ਨੇ ਲੈਣ ਆਉਣਾ ਸੀ, ਹੁਣ ਰਾਮ ਗਣ ਲੈਣ ਆਉਣਗੇ।ਜਮ ਤੋਂ ਬਦਲ ਕੇ ਪ੍ਰਭੂ ਦਾ ਰੂਪ ਹੋ ਗਏ ਹਾਂ। ਜੋ ਲੋਕ ਪਹਿਲਾਂ ਮੈਨੂੰ ਜਮ ਰੂਪ ਦਿਸਦੇ ਸਨ, ਹੁਣ ਉਹ ਪ੍ਰਭੂ ਦਾ ਰੂਪ ਦਿਸਦੇ ਹਨ (ਦਰਪਣ)।ਪਹਿਲਾਂ ਬਿਰਤੀ ਜਮ ਦੂਤਾਂ ਵਾਂਗ ਫੜਨ ਵਾਲੀ ਸੀ, ਲੋਕਾਂ ਤੋਂ ਪਦਾਰਥ ਖੋਹਣ ਤੇ ਪਰਾਇਆ ਹੱਕ ਖਾਣ ਵਾਲੀ ਸੀ।ਹੁਣ ਮਨ ਉਲਟ ਕੇ ਸਨਾਤਨ ਹੋ ਗਿਆ, ਕਾਮ ਕ੍ਰੋਧ ਬੈਰੀ ਦੁਖ ਨਹੀਂ ਦੇਂਦੇ, ਉਲਟ ਕੇ ਮਿਤ੍ਰ ਬਣ ਗਏ ਹਨ {ਮਨ ਅਪੁਨੇ ਤੇ ਬੁਰਾ ਮਿਟਾਨਾ।ਪੇਖੈ ਸਗਲ ਸ੍ਰਿਸਟਿ ਸਾਜਨਾ ੨੬੬}।ਇਹ ਸ਼ੁੱਧ ਗਿਆਨ ਹੰਕਾਰ ਦੇ ਜੀਵਤ ਭਾਵ ਤੋਂ ਮਰਨ ਨਾਲ ਪ੍ਰਾਪਤ ਹੋਇਆ ਹੈ।ਇਸ ਦਾ ਅਸਰ ਇਹ ਹੋਇਆ ਕਿ ਹੁਣ ਮੈਂ ਨਾ ਕਿਸੇ ਤੋਂ ਡਰਦਾ ਹਾਂ ਤੇ ਨਾ ਕਿਸੇ ਨੂੰ ਡਰਾਉਂਦਾ ਹਾਂ, ਸਭ ਕੋਈ ਮੈਨੂੰ ਅਪਣਾ ਦਿਸਦਾ ਹੈ।

ਗਉੜੀ ਕਬੀਰ ਜੀ ॥ ਪਿੰਡਿ ਮੂਐ ਜੀਉ ਕਿਹ ਘਰਿ ਜਾਤਾ ॥ ਸਬਦਿ ਅਤੀਤਿ ਅਨਾਹਦਿ ਰਾਤਾ ॥ ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ ॥ ਜਿਉ ਗੂੰਗੇ ਸਾਕਰ ਮਨੁ ਮਾਨਿਆ ॥੧॥ ਐਸਾ ਗਿਆਨੁ ਕਥੈ ਬਨਵਾਰੀ ॥ ਮਨ ਰੇ, ਪਵਨ ਦ੍ਰਿੜ ਸੁਖਮਨ ਨਾਰੀ ॥੧ ॥ਰਹਾਉ॥ ਸੋ ਗੁਰੁ ਕਰਹੁ ,ਜਿ ਬਹੁਰਿ ਨ ਕਰਨਾ ॥ ਸੋ ਪਦੁ ਰਵਹੁ ,ਜਿ ਬਹੁਰਿ ਨ ਰਵਨਾ ॥ ਸੋ ਧਿਆਨੁ ਧਰਹੁ ,ਜਿ ਬਹਰਿ ਨ ਧਰਨਾ ॥ ਐਸੇ ਮਰਹੁ ,ਜਿ ਬਹੁਰਿ ਨ ਮਰਨਾ ॥੨॥ ਉਲਟੀ ਗੰਗਾ ਜਮੁਨ ਮਿਲਾਵਉ ॥ ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ ॥ ਲੋਚਾ ਸਮਸਰਿ ਇਹੁ ਬਿਉਹਾਰਾ ॥ ਤਤੁ ਬੀਚਾਰਿ ਕਿਆ ਅਵਰਿ ਬੀਚਾਰਾ ॥੩॥ ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥ ਐਸੀ ਰਹਤ ਰਹਉ ਹਰਿ ਪਾਸਾ ॥ ਕਹੈ ਕਬੀਰੁ ਨਿਰੰਜਨ ਧਿਆਵਉ ॥ ਤਿਤੁ ਘਰਿ ਜਾਉ ,ਜਿ ਬਹਰਿ ਨ ਆਵਉ ॥੪॥੧੮॥ (ਗੁਰਮੁਖ ਦਾ) ਸਰੀਰ ਮਰ ਜਾਣ ਤੇ (ਉਸ ਦਾ) ਜੀਵਾਤਮਾ ਕਿਸ ਘਰ ਵਿਚ ਜਾਂਦਾ ਹੈ।(ਉਤਰ - ਉਹ) ਗੁਰੂ ਦੇ ਸ਼ਬਦ ਦੁਆਰਾ ਮਾਇਆ (ਦੇ ਤਿੰਨਾਂ ਗੁਣਾਂ) ਤੋਂ ਰਹਿਤ ਹੋ ਕੇ ਨਾਸ਼ ਰਹਿਤ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ; (ਜੀਵਾਤਮਾ ਜਿਉਂਦੇ ਸਮੇਂ ਵਿਚ ਸਤਿਗੁਰੂ ਦੇ) ਸ਼ਬਦ ਵਿਚ ਜੁੜਿਆ ਰਹਿੰਦਾ ਹੈ ਤੇ ਮਰਨ ਤੋਂ ਬਾਦ ਵੀ ਪ੍ਰਭੂ ਵਿਚ ਸਮਾ ਜਾਂਦਾ ਹੈ, ਜੋ ਮਾਇਆ ਦੇ ਬੰਧਨਾਂ ਤੋਂ ਪਰੇ ਹੈ ਤੇ ਬੇਅੰਤ ਹੈ।ਜਿਸ ਮਨੁੱਖ ਨੇ ਹਰੀ ਨੂੰ ਆਪਣਾ ਆਤਮ ਸਰੂਪ ਕਰਕੇ ਜਾਣਿਆ ਹੈ, ਉਸੇ ਨੇ ਹੀ ਇਸ ਅਵਸਥਾ ਨੂੰ ਪਛਾਣਿਆ ਹੈ (ਕਿ ਮਰਨ ਤੋਂ ਬਾਦ ਜਿੰਦ ਕਿਥੇ ਜਾਂਦੀ ਹੈ? ਪਰ ਇਹ ਦਸਣਾ ਇੰਦੀਆਂ ਦਾ ਵਿਸ਼ਾ ਨਹੀਂ, ਇਸ ਅਵਸਥਾ ਦੇ ਅਨੰਦ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ)।ਜਿਵੇਂ ਗੂੰਗੇ ਦਾ ਮਨ ਸੱਕਰ ਤੇ ਪਤੀਜਦਾ ਹੈ (ਖੁਸ਼ ਹੁੰਦਾ ਹੈ); ਗੂੰਗੇ ਦਾ ਮਨ ਸੱਕਰ ਦੇ ਸਵਾਦ ਨੂੰ ਮਾਣਦਾ ਹੈ (ਪਰ ਸੱਕਰ ਦੇ ਸੁਆਦ ਨੂੰ ਦਸ ਨਹੀਂ ਸਕਦਾ)।੧।ਇਹੋ ਜਿਹਾ ਗਿਆਨ ਵਾਹਿਗੁਰੂ ਆਪ ਹੀ (ਗੁਰੂ ਨਾਨਕ ਦਾ ਰੂਪ ਧਾਰ ਕੇ) ਕਥਨ ਕਰਦਾ ਹੈ।ਹੇ ਮਨ! ਸੁਆਸਾਂ ਨੂੰ ਸੁਖਮਨਾ ਨਾੜੀ ਵਿਚ ਟਿਕਾ ਲੈ ਭਾਵ ਮਨ ਨੂੰ ਵਿਕਾਰਾਂ ਵੱਲੋਂ ਰੋਕ ਕੇ ਇਕਾਗ੍ਰਤਾ ਪ੍ਰਾਪਤ ਕਰ ਤੇ ਸੁਆਸ ਸੁਆਸ ਨਾਮ ਜਪ (ਜੋਗੀਆਂ ਦੀ ਬੋਲੀ ਵਿਚ ਨਾਮ ਜਪਣ ਦਾ ਉਪਦੇਸ਼ ਹੈ)।੧।ਰਹਾਉ।(ਨਾਮ ਜਪਣ ਦੀ ਜਾਚ ਕਿਵੇਂ ਆਵੇ? ਤਾਂ ਦਸਦੇ ਹਨ ਕਿ) ਉਹ ਗੁਰੂ ਧਾਰਨ ਕਰੋ, ਜਿਹੜਾ ਮੁੜ ਕੇ (ਕੋਈ ਹੋਰ ਗੁਰੂ) ਧਾਰਨ ਨਾ ਕਰਨਾ ਪਵੇ (ਅਧੂਰਾ ਗੁਰੂ ਨਾ ਬਣਾਓ, ਤਾਂ ਕਿ ਉਸ ਨੂੰ ਛਡ ਕੇ ਕੋਈ ਹੋਰ ਗੁਰੂ ਟੋਲਣਾ ਪਵੇ)।ਉਸ ਪਦਵੀ ਦਾ ਅਨੰਦ ਮਾਣੋ ਕਿ ਮੁੜ ਕਿਸੇ ਹੋਰ ਪਦਵੀ ਨੂੰ ਮਾਨਣ ਦੀ ਇੱਛ ਹੀ ਨਾ ਰਹੇ (ਇਕੋ ਵਾਰ ਉਚ ਪਦ ਪ੍ਰਾਪਤ ਹੋ ਜਾਵੇ); ਉਹ ਨਾਮ ਮੰਤ੍ਰ ਜਪੋ ਕਿ ਮੁੜ ਹੋਰ ਮੰਤ੍ਰ ਨਾ ਜਪਣਾ ਪਵੇ।ਉਹ ਧਿਆਨ ਧਰੋ ਕਿ ਮੁੜ (ਬਦਲ ਕੇ) ਹੋਰ ਧਿਆਨ ਨਾ ਧਰਨਾ ਪਵੇ।ਐਸੀ ਮਰਨੀ ਮਰੋ ਕਿ ਮੁੜ ਹੋਰ ਨਾ ਮਰਨਾ ਪਵੇ।੨।(ਕਬੀਰ ਜੀ ਅੱਗੇ ਹਠ ਜੋਗ ਦੀ ਜਗ੍ਹਾ ਅੰਤਰਮੁਖੀ ਇਸ਼ਨਾਨ ਦਾ ਉਪਦੇਸ਼ ਦੇ ਰਹੇ ਹਨ) ਗੰਗਾ ਨੂੰ ਜਮਨਾ ਵਿਚ (ਤੇ ਜਮਨਾ ਨੂੰ ਗੰਗਾ ਵਿਚ) ਉਲਟਾ ਕੇ ਮਿਲਾਵੋ ਭਾਵ ਖੱਬੀ ਸੁਰ ਇੜਾ (ਗੰਗਾ) ਨੂੰ ਸੱਜੀ ਸੁਰ ਪਿੰਗਲਾ (ਜਮਨਾ) ਵਿਚ ਉਲਟਾ ਕੇ ਮਿਲਾਵੋ (ਹਠ ਜੋਗ ਵਲੋਂ ਉਲਟਾ ਕੇ ਮਨ ਨੂੰ ਅਡੋਲਤਾ ਦੇ ਘਰ ਵਿਚ ਲਿਆਵੋ।ਜਿਸ ਸਥਾਨ ਤੇ ਗੰਗਾ ਜਮਨਾ ਤੇ ਸੁਰੱਸਤੀ ਦਾ ਸੰਗਮ ਹੈ, ਭਾਵ ਇੜਾ ਪਿੰਗਲਾ ਤੇ ਸੁਖਮਨਾ ਦਾ ਸੰਗਮ ਹੈ, ਉਥੋਂ ਹਟ ਕੇ) ਮਨ ਰੂਪ ਤੀਰਥ ਵਿਚ ਨਹਾਵੋ, ਜੋ ਤ੍ਰਿਬੇਣੀ ਵਾਲੇ ਸੰਗਮ ਦੇ ਜਲ ਤੋਂ ਬਿਨਾ ਹੈ ਭਾਵ ਮਨ ਨੂੰ ਇਕਾਗਰ ਕਰੋ (ਜੇ ਮਨ ਇਕਾਗਰ ਹੋ

All Rights Reserved by Harjinder Singh Gyani | www.GuruGranthVakhyaan.org

ਗਿਆ ਤਾਂ ਸਮਝੋ ਤਿੰਨਾਂ ਨਾੜੀਆਂ ਦਾ ਸੰਗਮ ਹੋ ਗਿਆ।ਜੀਵਨ ਦਾ) ਇਹ ਵਿਹਾਰ (ਉਨ੍ਹਾਂ ਮਨੁੱਖਾਂ ਦਾ) ਹੈ, ਜਿਨ੍ਹਾਂ ਦੀ ਦ੍ਰਿਸਟੀ ਇਕ ਸਮਾਨ ਹੈ (ਸਭ ਨੂੰ ਇਕੋ ਜਿਹਾ ਦੇਖਣ ਦਾ ਵਰਤਾਉ ਹੈ।ਜਦ) ਤੱਤ ਸਰੂਪ ਪ੍ਰਭੂ ਨੂੰ ਬਿਚਾਰ ਲਿਆ, ਤਾਂ ਹੋਰ ਬਿਚਾਰ ਦੀ ਕੀ ਲੋੜ ਹੈ? (ਜਗਤ ਦੇ ਮੂਲ ਹਰੀ ਦੀ ਬਿਚਾਰ ਪ੍ਰਾਪਤ ਹੋ ਗਈ, ਸਭ ਵਿਚ ਉਹੋ ਹਰੀ ਨਜਰੀਂ ਪੈ ਗਿਆ, ਫਿਰ ਸਭ ਨਾਲ ਵਰਤੋਂ ਵੀ ਸਮ ਭਾਵ ਵਾਲੀ ਹੋ ਗਈ ਹੈ, ਹੁਣ ਹੋਰ ਬਿਚਾਰ ਦੀ ਕੋਈ ਲੋੜ ਨਹੀਂ)।੩।ਜਲ, ਅੱਗ, ਹਵਾ, ਪ੍ਰਿਥਮੀ ਤੇ ਅਕਾਸ਼।(ਇਨ੍ਹਾਂ ਪੰਜਾਂ ਤੱਤਾਂ ਦੀ ਜੈਸੀ ਰਹਿਤ ਹੈ) ਇਹੋ ਜਿਹੀ ਰਹਿਤ ਵਿਚ ਰਹੋ (ਤਾਂ ਸਮਝੋ) ਹਰੀ ਪਾਸ ਹੀ ਹੈ।ਕਬੀਰ ਜੀ ਕਹਿੰਦੇ ਹਨ ਕਿ ਮਾਇਆ ਤੋਂ ਰਹਿਤ ਵਾਹਿਗੁਰੂ ਨੂੰ ਧਿਆਵੋ।(ਪ੍ਰਸ਼ਨ ਸੀ ਕਿ ਜੀਵਾਤਮਾ ਕਿਸ ਘਰ ਵਿਚ ਜਾਂਦਾ ਹੈ, ਨਾਮ ਸਿਮਰਨ ਦਾ ਸਦਕਾ ਤੁਸੀਂ ਵਾਹਿਗੁਰੂ ਦੇ) ਉਸ ਘਰ ਵਿਚ ਚਲੇ ਜਾਓਗੇ, ਜਿਥੋਂ ਮੁੜ ਕੇ ਨਹੀਂ ਆਵੋਗੇ।੪।੧੮।

ਤੀਜੇ ਤੇ ਚੌਥੇ ਪਦੇ ਦੇ ਅਰਥ ਦਰਪਣ ਤੇ ਸੰ.ਪੋ. ਨੇ ਉਤਮ ਪੁਰਖ ਵਿਚ ਕੀਤੇ ਹਨ।

ਪਦਾਰਥ = ਪਿੰਡਿ ਮੂਐ–ਸਰੀਰ ਦੇ ਮਰ ਜਾਣ ਤੇ।ਜੀਉ–ਜੀਵਾਤਮਾ।ਕਿਹ–ਕਿਸ।ਘਰਿ–ਅਸਥਾਨ ਤੇ।ਸਬਦਿ–ਸ਼ਬਦ ਦੁਆਰਾ। ਅਤੀਤਿ–ਵਿਰੱਕਤ; ਤਿਆਗੀ; ਮਾਇਆ ਦੇ ਬੰਧਨਾਂ ਤੋਂ ਰਹਿਤ।ਅਨਾਹਦਿ–ਹੱਦ ਤੋਂ ਪਰੇ; ਬੇਅੰਤ; ਨਾਸ਼ ਰਹਿਤ ਪ੍ਰਭੂ।ਰਾਤਾ–ਜੁੜਿਆ ਹੈ।ਜਿਨਿ–ਜਿਸ ਮਨੁੱਖ ਨੇ।ਤਿਨਹਿ–ਉਸੇ ਨੇ।ਸਾਕਰ–ਸੱਕਰ।ਮਨੁ ਮਾਨਿਆ–ਪਤੀਜਦਾ ਹੈ; ਮਨ ਮਾਣਦਾ ਹੈ।੧।ਕਥੈ–ਕਥਨ ਕਰਦਾ ਹੈ।ਬਨਵਾਰੀ–ਜਗਤ ਰੂਪ ਬਨ ਦਾ ਮਾਲਕ ਵਾਹਿਗੁਰੂ।ਮਨ ਰੇ–ਹੇ ਮਨ!।ਪਵਨ–ਸੁਆਸ।ਦ੍ਰਿੜੁ–ਟਿਕਾ ਲੈ।੧।ਰਹਾਉ।ਕਰਹੁ–ਧਾਰਨ ਕਰੋ।ਜਿ–ਕਿ; ਜਿਹੜਾ।ਬਹੁਰਿ–ਮੁੜ ਦੁਬਾਰਾ।ਪਦ–ਪਦਵੀ; ਮੰਤ੍ਰ; ਜਪ।ਰਵਹੁ–ਉਚਾਰੋ; ਮਾਣੋ।ਨ ਰਵਨਾ–ਜਪਣਾ ਨਾ ਪਵੇ; ਮਾਣਨਾ ਨ ਪਵੇ।੨।ਉਲਟੀ–ਬਦਲ ਕੇ; ਉਲਟਾ ਕੇ।ਗੰਗਾ–ਖੱਬੀ ਸੁਰ ਇੜਾ।ਜਮੁਨ–ਸੱਜੀ ਸੁਰ ਪਿੰਗਲਾ।ਬਿਨੁ ਜਲ ਸੰਗਮ–ਗੰਗਾ ਜਮਨਾ ਦੇ ਮਿਲਾਪ ਤੋਂ ਬਿਨਾ ਹੀ।ਨ੍ਹਾਵਉ–ਨਹਾਓ।ਲੋਚਾ–ਅੱਖਾਂ ਨਾਲ।ਸਮਸਰਿ–ਇਕੋ ਜਿਹਾ।ਬਿਉਹਾਰਾ–ਵਰਤਾਓ; ਬਿਵਹਾਰ। ਤਤੁ–ਮੂਲ ਰੂਪ ਵਾਹਿਗੁਰੂ।ਅਵਰਿ–ਹੋਰ।੩।ਅਪੁ–ਜਲ।ਤੇਜੁ–ਅੱਗ।ਬਾਇ–ਹਵਾ।ਐਸੀ–ਇਹੋ ਜਿਹੀ।ਰਹਤ–ਰਹਿਣੀ; ਜਿਉਣ ਦਾ ਤਰੀਕਾ।ਹਰਿ ਪਾਸਾ–ਹਰੀ ਪਾਸ ਹੀ ਹੈ।ਨਿਰੰਜਨੁ–ਮਾਇਆ ਤੋਂ ਨਿਰਲੇਪ ਹਰੀ।ਤਿਤੁ–ਉਸ।ਬਹੁਰਿ–ਮੁੜ ਦੁਬਾਰਾ।੪।੧੮।

ਸੁਖਮਨ ਨਾਰੀ = ਭਗਤੀ ਰੂਪ ਸੁਖਮਨਾ ਨਾੜੀ ਵਿਚ ਭਾਵ ਇਕਾਗਰਤਾ ਰੱਖੋ, ਲਗਾਤਾਰ ਸਿਮਰਨ ਕਰੋ।

ਰਹਤ = ਜਲ = ਸੀਤਲਤਾ ਦੇਂਦਾ ਹੈ ਤੇ ਮੈਲ ਧੋਂਦਾ ਹੈ।ਅੱਗ = ਪ੍ਰਕਾਸ਼ ਕਰਦੀ ਹੈ ਤੇ ਖੋਟ ਨੂੰ ਸਾੜਦੀ ਹੈ।ਹਵਾ = ਸਭ ਨੂੰ ਇਕ ਸਮਾਨ ਲਗਦੀ ਹੈ, ਸੁਆਸਾਂ ਦੇ ਰੂਪ ਵਿਚ ਸਭ ਦੇ ਅੰਦਰ ਇਕੋ ਜਿਹੀ ਚਲਦੀ ਹੈ, ਕੋਈ ਵਿਤਕਰਾ ਨਹੀਂ ਕਰਦੀ।ਧਰਤੀ = ਸਭ ਨੂੰ ਮਾਤਾ ਦੇ ਰੂਪ ਵਿਚ ਪਾਲਦੀ ਹੈ, ਕੋਈ ਪੁੱਟੇ ਜਾਂ ਕੋਈ ਚੰਦਨ ਦਾ ਲੇਪ ਕਰੇ, ਸ਼ਹਿਨਸ਼ੀਲਤਾ ਤੇ ਧੀਰਜ ਦਾ ਗੁਣ ਹੈ।ਅਕਾਸ਼ = ਅਲੇਪ, ਨਿਰਲੇਪਤਾ ਦਾ ਗੁਣ ਹੈ, ਪ੍ਰਕਾਸ਼ ਨੂੰ ਖੁਲ੍ਹਾ ਵਿਚਰਨ ਦਿੰਦਾ ਹੈ।(ਪ੍ਰਮਾਣ ਲਈ ਦੇਖੋ ਮਾਰੂ ਰਾਗ ਵਿਚ ਅੰਗ ੧੦੧੮)।

ਗਉੜੀ ਕਬੀਰ ਜੀ ਤਿਪਦੇ ॥ ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥ ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥ ਸਹਜ ਸੁਭਾਇ ਮੇਰਾ ਮਨੁ ਮਾਨਿਆ ॥੧॥ਰਹਾਉ॥ ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥ ਰਾਮ ਭਗਤਿ ਬੈਠੇ ਘਰਿ ਆਇਆ ॥੨॥ ਕਹੁ ਕਬੀਰ ਚੰਚਲ ਮਤਿ ਤਿਆਗੀ ॥ ਕੇਵਲ ਰਾਮ ਭਗਤਿ ਨਿਜ ਭਾਗੀ ॥੩॥੧॥੧੯॥ (ਅੱਗੇ ੧੫ ਸ਼ਬਦ ਤਿੰਨ ਤਿੰਨ ਪਦਿਆਂ ਦੇ ਹਨ।ਇਕ ਰਾਜੇ ਨੇ ਮੋਹਰਾਂ ਦਾ ਥਾਲ ਕਬੀਰ ਜੀ ਦੇ ਅੱਗੇ ਰੱਖ ਕੇ ਬੇਨਤੀ ਕੀਤੀ ਕਿ ਮੇਰੀ ਭੇਟਾ ਪ੍ਰਵਾਨ ਕਰ ਕੇ ਮੈਨੂੰ ਪ੍ਰਭੂ ਨਾਲ ਮਿਲਾ ਦਿਓ।ਸੁਣ ਕੇ ਕਬੀਰ ਜੀ ਰਾਜੇ ਨੂੰ ਉਪਦੇਸ਼ ਦੇਂਦੇ ਹਨ।ਹੇ ਭਾਈ!) ਸੋਨੇ ਨਾਲ ਤੋਲ ਕੇ (ਸੋਨੇ ਦੇ ਬਦਲੇ) ਪ੍ਰਭੂ ਨਹੀਂ ਪਾਇਆ ਜਾ ਸਕਦਾ।(ਕਬੀਰ ਜੀ ਕਹਿੰਦੇ ਹਨ ਕਿ ਮੈਂ ਤਾਂ) ਮਨ ਦੇ ਕੇ ਰਾਮ ਨੂੰ ਮੁੱਲ ਲਿਆ ਹੈ (ਮਨ ਅਰਪਣ ਕਰਕੇ ਪ੍ਰਭੂ ਨੂੰ ਪ੍ਰਾਪਤ ਕੀਤਾ ਹੈ।੧।ਮਨ ਦੇ ਕੇ) ਹੁਣ ਮੈਂ ਰਾਮ ਨੂੰ ਅਪਣਾ ਕਰਕੇ ਜਾਣਿਆ ਹੈ।(ਅਤੇ) ਸੁਤੇ ਸਿੱਧ ਹੀ ਮੇਰਾ ਮਨ ਪਤੀਜ ਗਿਆ ਹੈ।੧।ਰਹਾਉ।ਬ੍ਰਹਮਾ (ਵਰਗੇ ਦੇਵਤਿਆਂ) ਨੇ ਵੀ ਵਰਨਣ ਕਰ ਕਰਕੇ (ਵਾਹਿਗੁਰੂ ਦੇ ਗੁਣਾਂ ਦਾ) ਅੰਤ ਨਹੀਂ ਪਾਇਆ। ਭਗਤੀ ਦੁਆਰਾ (ਉਹ) ਰਾਮ ਘਰ ਵਿਚ ਬੈਠੇ ਹੀ ਮੇਰੇ ਹਿਰਦੇ ਵਿਚ ਆ ਟਿਕਿਆ ਹੈ।੨।ਕਬੀਰ ਜੀ ਆਖਦੇ ਹਨ ਕਿ ਮੈਂ ਚੰਚਲ ਮੱਤ ਛਡ ਦਿਤੀ ਹੈ।ਕੇਵਲ ਰਾਮ ਦੀ ਭਗਤੀ ਵਿਚ ਅਪਣੀ ਹਿੱਸੇਦਾਰੀ ਹੈ (ਮੇਰੇ ਹਿੱਸੇ ਆਈ ਹੈ; ਅਪਣੀ ਵਿਰਾਸਤ ਹੈ)।੩।੧।੧੯।

ਪਦਾਰਥ = ਕੰਚਨ ਸਿਉ–ਸੋਨੇ ਨਾਲ (ਸੋਨੇ ਦੇ ਬਦਲੇ)।ਮੋਲਿ–ਮੁੱਲ ਵਿਚ।੧।ਅਬ–ਹੁਣ।ਮੋਹਿ–ਮੈਂ।ਸਹਜਿ ਸੁਭਾਇ–ਸੁਤੇ ਸਿੱਧ; ਬਿਨਾ ਜਤਨ ਕਰਨ ਦੇ।ਮਨੁ ਮਾਨਿਆ–ਮਨ ਪਤੀਜ ਗਿਆ; ਮਨ ਨੂੰ ਵਿਸ਼ਵਾਸ਼ ਹੋ ਗਿਆ।੧।ਰਹਾਉ।ਬ੍ਰਹਮੈ–ਬ੍ਰਹਮਾ ਨੇ।ਕਥਿ ਕਥਿ –ਗੁਣ ਵਰਨਣ ਕਰ ਕਰਕੇ।੨।ਮਤਿ–ਅਕਲ; ਬੁੱਧੀ।ਨਿਜ ਭਾਗੀ–ਮੇਰੇ ਹਿਸੇ; ਭਾਗਾਂ ਵਿਚ ਆਈ ਹੈ।੩।੧।੧੯।

All Rights Reserved by Harjinder Singh Gyani | www.GuruGranthVakhyaan.org

ਗਉੜੀ ਕਬੀਰ ਜੀ ॥ ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥ ਅਬ ਕੈਸੇ ਮਰਉ ,ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ, ਜਿਨ ਰਾਮੁ ਨ ਜਾਨਿਆ ॥੧॥ਰਹਾਉ॥ ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥੨॥ ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥ ਜਿਸ ਮਰਨੇ ਨੇ ਸਾਰੇ ਜਗਤ ਨੂੰ ਡਰਾ ਰੱਖਿਆ ਹੈ। ਉਹ ਮਰਨਾ ਮੈਨੂੰ ਗੁਰੂ ਦੇ ਸ਼ਬਦ ਦੁਆਰਾ ਪ੍ਰਗਟ ਹੋ ਗਿਆ ਹੈ (ਸ਼ਬਦ ਰਾਹੀਂ ਮੌਤ ਦੀ ਸਮਝ ਆ ਗਈ ਹੈ)।੧। ਹੁਣ ਮੈਂ ਕਿਵੇਂ ਮਰਾਂਗਾ ਹੈ? (ਨਹੀਂ ਮਰਾਂਗਾ, ਕਿਉਂਕਿ ਮੇਰਾ) ਮਨ ਮਰਨ ਲਈ ਮੰਨ ਗਿਆ ਹੈ ਭਾਵ ਅਸਲ ਮਰਨ ਦੀ ਸਮਝ ਪੈ ਗਈ ਹੈ ;ਮਰਨ ਵਿਚ (ਮੈਂ ਸੁਖ) ਮੰਨਦਾ ਹਾਂ। (ਉਹ ਮਨੁੱਖ) ਮਰ ਮਰ ਜਾਂਦੇ ਹਨ, ਜੋ ਰਾਮ ਨੂੰ ਨਹੀਂ ਜਾਣਦੇ (ਜੋ ਰਾਮ ਤੋਂ ਬੇਮੁੱਖ ਹਨ, ਉਹ ਜੋਨੀਆਂ ਵਿਚ ਆਉਂਦੇ ਜਾਂਦੇ ਹਨ)।੧। ਰਹਾਉ। ਮਰਨਾ ਮਰਨਾ ਸਭ ਕੋਈ ਕਹਿੰਦਾ ਹੈ (ਸਭ ਨੇ ਮਰ ਜਾਣਾ ਹੈ, ਇਹ ਗੱਲ ਸਾਰੇ ਕਹਿੰਦੇ ਹਨ। ਪਰ ਜੇ ਕੋਈ ਮਨੁੱਖ) ਸਹਿਜ ਅਵਸਥਾ ਵਿਚ (ਰਾਮ ਨਾਮ ਜਪ ਕੇ ਗਿਆਨ ਵਾਲਾ ਹੋ ਕੇ; ਜਿਹੜਾ ਮਨੁੱਖ ਕਿਸੇ ਹਠ {ਹਠੁ ਕਰਿ ਮਰੈ ਨ ਲੇਖੈ ਪਾਵੈ ੨੨੬} ਜਾਂ ਜੋਸ਼ ਨਾਲ ਨਹੀਂ ਮਰਦਾ, ਰੱਬੀ ਭਾਣੇ ਵਿਚ ਜੀਵਨ ਗੁਜਾਰਦਾ ਹੋਇਆ) ਮਰਦਾ ਹੈ, ਉਹ ਅਮਰ ਹੋ ਜਾਂਦਾ ਹੈ।੨। ਕਬੀਰ ਜੀ ਆਖਦੇ ਹਨ ਕਿ ਮਨ ਵਿਚ ਅਨੰਦ ਹੋ ਗਿਆ ਹੈ। (ਕਿਉਂਕਿ ਮੌਤ ਬਾਰੇ ਮੇਰਾ) ਭਰਮ ਦੂਰ ਹੋ ਗਿਆ ਅਤੇ ਕੇਵਲ ਪਰਮ ਅਨੰਦ ਸਰੂਪ ਵਾਹਿਗੁਰੂ ਰਹਿ ਗਿਆ ਹੈ; (ਹਉਮੈ ਦੇ ਕਾਰਣ ਅਪਣੇ ਆਪ ਨੂੰ ਰੱਬ ਤੋਂ ਵੱਖਰਾ ਪ੍ਰਤੀਤ ਕਰਨ ਦਾ ਜੋ) ਭਰਮ ਸੀ, ਉਹ ਦੂਰ ਹੋ ਗਿਆ, ਹੁਣ ਪਰਮ ਅਨੰਦ ਸਰੂਪ ਵਾਹਿਗੁਰੂ ਹੀ ਰਹਿ ਗਿਆ (ਦੂਜਾਪਣ ਨਾਸ਼ ਹੋ ਗਿਆ, ਅਪਣੇ ਆਪ ਨੂੰ ਵਾਹਿਗੁਰੂ ਸਰੂਪ ਜਾਣ ਲਿਆ ਹੈ)।੩।੨੦।

ਪਦਾਰਥ = ਜਿਹ–ਜਿਸ। ਮਰਨੈ–ਮੌਤ ਨੇ। ਤਰਾਸਿਆ–ਡਰਾਇਆ ਹੋਇਆ ਹੈ। ਪ੍ਰਗਾਸਿਆ–ਪਰਗਟ ਹੋ ਗਿਆ; ਪਤਾ ਲਗ ਗਿਆ (ਕਿ ਮੌਤ ਹੈ ਕੀ?)।੧। ਅਬ–ਹੁਣ। ਮਨੁ ਮਾਨਿਆ–ਮਨ ਨੂੰ ਵਿਸ਼ਵਾਸ਼ ਆ ਗਿਆ (ਕਿ ਮੌਤ ਜਰੂਰ ਆਉਣੀ ਹੈ)।੧। ਰਹਾਉ। ਸਹਜੇ –ਸਹਿਜ ਅਵਸਥਾ ਵਿਚ। ਅਮਰੁ–ਮੌਤ ਰਹਿਤ। ਸੋਈ–ਉਹ ਮਨੁੱਖ।੨। ਭਇਆ–ਹੋਇਆ। ਅਨੰਦਾ–ਖੁਸ਼ੀ।੩।੨੦।

ਵਿਆਖਿਆ = ਕਾਂਸ਼ੀ ਵਿਚ ਹੈਜਾ ਫੈਲ ਗਿਆ, ਲੋਕ ਮਰਨ ਲਗੇ। ਕਾਂਸ਼ੀ ਛਡ ਕੇ ਲੋਕ ਬਾਹਰ ਭੱਜਣ ਲਗੇ। ਕਈ ਕਬੀਰ ਜੀ ਨੂੰ ਆਖਦੇ ਕਿ ਲੋਕ ਮਰ ਰਹੇ ਹਨ, ਤੁਸੀਂ ਅਨੰਦ ਵਿਚ ਬੈਠੇ ਹੋ, ਤੁਸੀਂ ਵੀ ਕਾਂਸ਼ੀ ਛਡ ਕੇ ਬਾਹਰ ਚਲੇ ਜਾਓ। ਕਬੀਰ ਜੀ ਆਖਣ ਲਗੇ ਕਿ ਤੁਸੀਂ ਤਾਂ ਕਹਿੰਦੇ ਹੋ ਕਿ ਕਾਂਸ਼ੀ ਵਿਚ ਰਹਿ ਕੇ ਮੁਕਤੀ ਮਿਲਦੀ ਹੈ, ਹੁਣ ਕਿਉਂ ਭੱਜਣ ਲਗੇ ਹੋ? ਉਦੋਂ ਕਬੀਰ ਜੀ ਨੇ ਇਸ ਸ਼ਬਦ ਦੁਆਰਾ ਉਪਦੇਸ਼ ਦਿਤਾ। ਅਗਿਆਨੀ ਲੋਕ ਮਾਇਆ ਵਿਚ ਫਸੇ ਹੋਏ ਹਨ, ਉਹ ਕਰਮਾਂ ਦੇ ਵਸ ਵਿਚ ਪੈ ਕੇ ਮੁੜ ਜੰਮਦੇ ਮਰਦੇ ਰਹਿੰਦੇ ਹਨ। ਉਨ੍ਹਾਂ ਨੂੰ ਵਾਸ਼ਨਾ ਮੁੜ ਖਿੱਚ ਲਿਆਉਂਦੀ ਹੈ। ਮੌਤ ਤੋਂ ਲੋਕ ਕਿਉਂ ਡਰਦੇ ਹਨ? ਬਿਰਤੀ ਭੋਗਾਂ ਵਿਚ ਖਚਿਤ ਹੋਣ ਕਰਕੇ ਮਰਨ ਨਾਲ ਭੋਗਾਂ ਦੇ ਅਨੰਦ ਮਿਟਦੇ ਹਨ, ਪਿਆਰੇ ਵਿਛੜਦੇ ਹਨ, ਪਦਾਰਥ ਛਡਣੇ ਪੈਂਦੇ ਹਨ, ਇਸ ਕਰਕੇ ਮਰਨ ਤੋਂ ਡਰਦੇ ਹਨ। ਗੁਰੂ ਦਾ ਸ਼ਬਦ ਲੈ ਕੇ ਜੋ ਲੋਕ ਨਾਮ ਦਾ ਸਿਮਰਨ ਕਰਦੇ ਹਨ, ਉਹ ਮੌਤ ਤੋਂ ਨਹੀਂ ਡਰਦੇ। ਜਦ ਕੋਈ ਮਨੁੱਖ ਹਉਮੈ ਨੂੰ ਨਾਸ਼ ਕਰਕੇ ਜੀਵਤ ਭਾਵ ਤੋਂ ਮਰਦਾ ਹੈ, ਤਾਂ ਉਹ ਜੀਵਨ ਮੁਕਤ ਹੋ ਜਾਂਦਾ ਹੈ। ਉਹ ਮਰਨ ਸਮੇਂ ਡਰਦਾ ਨਹੀਂ, ਸੱਗੋਂ ਉਸ ਨੂੰ ਅਨੰਦ ਹੁੰਦਾ ਹੈ।

ਉਥਾਨਕਾ = ਕਬੀਰ ਜੀ ਨੂੰ ਬਿਰਹਾ ਦਾ ਦਰਦ। ਵੈਰਾਗ ਵਿਚ ਰਿਹਾ ਕਰਦੇ, ਮਾਂ ਨੇ ਸੋਚਿਆ ਕਿ ਸ਼ਾਇਦ ਕਬੀਰ ਬਿਮਾਰ ਹੈ। ਇਹ ਸੋਚ ਕੇ ਬੈਦ ਬੁਲਾਇਆ। ਤਾਂ ਬੈਦ ਨੇ ਕਿਹਾ ਕਿ ਸਰੀਰ ਵਿਚ ਦਰਦ ਵਾਲੀ ਥਾਂ ਤਾਂ ਦਿਸਦੀ ਨਹੀਂ, ਤਾਂ ਕਬੀਰ ਜੀ ਉਚਾਰਦੇ ਹਨ = ਗਉੜੀ ਕਬੀਰ ਜੀ ॥ ਕਤ ਨਹੀ ਠਉਰ ਮੂਲੁ ਕਤ ਲਾਵਉ ॥ ਖੋਜਤ ਤਨ ਮਹਿ ਠਉਰ ਨ ਪਾਵਉ ॥੧॥ ਲਾਗੀ ਹੋਇ ਸੁ ਜਾਨੈ ਪੀਰ ॥ ਰਾਮ ਭਗਤਿ ਅਨੀਆਲੇ ਤੀਰ ॥੧॥ਰਹਾਉ॥ ਏਕ ਭਾਇ ਦੇਖਉ ਸਭ ਨਾਰੀ ॥ ਕਿਆ ਜਾਨਉ ਸਹ ਕਉਨ ਪਿਆਰੀ ॥੨॥ ਕਹੁ ਕਬੀਰ ਜਾ ਕੈ ਮਸਤਕਿ ਭਾਗੁ ॥ ਸਭ ਪਰਹਰਿ ਤਾ ਕਉ ਮਿਲੈ ਸੁਹਾਗੁ ॥੩॥੨੧॥ (ਮੇਰੇ ਸਰੀਰ ਵਿਚ) ਕਿਤੇ ਵੀ ਕੋਈ ਦਰਦ ਪੀੜਾ ਦੀ ਥਾਂ ਨਹੀਂ ਹੈ ਤਾਂ ਮੈਂ ਜੜੀ ਬੂਟੀ ਆਦਿ ਦਵਾਈ ਕਿਥੇ ਲਗਾਵਾਂ? ਸਰੀਰ ਵਿਚ ਖੋਜਦਿਆਂ (ਪੀੜ ਦਾ ਕੋਈ) ਥਾਂ ਨਹੀਂ ਲਭਦਾ।੧। (ਅਸਲ ਵਿਚ ਜਿਸ ਪੁਰਖ ਨੂੰ ਬਿਰਹਾ ਦੀ ਪੀੜ) ਲੱਗੀ ਹੋਈ ਹੋਵੇ, ਉਹ (ਇਸ) ਪੀੜ ਨੂੰ ਜਾਣ ਸਕਦਾ ਹੈ। (ਇਹ ਪੀੜ) ਰੱਬ ਦੀ ਭਗਤੀ ਦੇ ਨੋਕਦਾਰ ਤਿੱਖੇ ਤੀਰਾਂ ਦੀ ਹੈ (ਬਿਰਹਾ ਦਾ ਦਰਦ ਹੈ)।੧। ਰਹਾਉ। (ਕੀ ਹਰੀ ਦੀ ਭਗਤੀ ਹੋਰ ਲੋਕ ਵੀ ਕਰਦੇ ਹਨ? ਤਾਂ ਉਤਰ ਦੇਂਦੇ ਹਨ। ਹੇ ਭਾਈ!) ਮੈਂ ਸਭ ਜੀਵ ਰੂਪ ਇਸਤ੍ਰੀਆਂ ਨੂੰ ਇਕ ਹਰੀ ਦੇ ਪਿਆਰ ਵਿਚ ਦੇਖਦਾ ਹਾਂ (ਪਿਆਰ ਹਰੀ ਨਾਲ ਸਭ ਨੂੰ ਹੈ। ਪਰ) ਮੈਂ ਕੀ ਜਾਣਾਂ ਕਿ ਕਿਹੜੀ ਜੀਵ ਇਸਤ੍ਰੀ ਪ੍ਰਭੂ ਪਤੀ ਦੀ ਪਿਆਰੀ ਹੈ?।੨। ਕਬੀਰ ਜੀ ਆਖਦੇ ਹਨ, ਜਿਸ (ਜੀਵ ਇਸਤ੍ਰੀ) ਦੇ ਮੱਥੇ ਉਤੇ ਚੰਗਾ ਭਾਗ ਹੈ। ਪ੍ਰਭੂ ਪਤੀ ਸਭ ਨੂੰ ਛਡ ਕੇ ਉਸਨੂੰ ਆ ਮਿਲਦਾ ਹੈ।੩।੨੧।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਕਤ-ਕਿਤੇ; ਕਿਧਰ।ਠਉਰ-ਥਾਂ।ਮੂਲੁ-ਜੜੀ ਬੂਟੀ; ਦਵਾਈ।ਕਤ-ਕਿੱਥੇ।ਲਾਵਉ-ਲਗਾਵਾਂ।ਖੋਜਤ-ਖੋਜਦਿਆਂ।ਪਾਵਉ -ਲਭਦਾ।੧।ਲਾਗੀ ਹੋਇ-ਲੱਗੀ ਹੋਈ ਹੋਵੇ।ਸੁ-ਉਹ (ਮਨੁੱਖ)।ਪੀਰ-ਪੀੜ।ਅਨੀਆਲੇ-ਤਿੱਖੇ ਨੋਕਦਾਰ (ਕੁੰਡੀਦਾਰ, ਕਰੋਸੀਏ ਵਾਂਗ ਅੱਗੋਂ ਮੁੜੇ ਹੋਏ, ਜਿਹੜੇ ਸਰੀਰ ਵਿਚ ਖੁਭ ਕੇ ਮੁੜ ਨਿਕਲਦੇ ਨਹੀਂ)।੧।ਰਹਾਉ।ਏਕ ਭਾਇ-ਇਕ ਪ੍ਰਭੂ ਦੇ ਪਿਆਰ ਵਿਚ। ਨਾਰੀ-(ਜੀਵ ਰੂਪ) ਇਸਤ੍ਰੀਆਂ।ਕਿਆ ਜਾਨਉ-ਕੀ ਜਾਣਾਂ; ਕੀ ਪਤਾ।ਸਹ-ਪਤੀ ਦੀ।੨।ਜਾ ਕੇ-ਜਿਸ ਦੇ।ਮਸਤਕਿ-ਮੱਥੇ ਉਤੇ। ਪਰਹਰਿ-ਛਡ ਕੇ।ਤਾ ਕਉ-ਉਸ ਨੂੰ।ਸੁਹਾਗੁ-ਪਤੀ ਪ੍ਰਭੂ; ਸੁਹਾਗ ਭਾਗ ਵਾਲੀ।੩।੨੧।

ਅੰਗ ੩੨੮ = ਜਾ ਕੈ ਹਰਿ ਸਾ ਠਾਕੁਰੁ ਭਾਈ ॥ ਮੁਕਤਿ ਅਨੰਤ ਪੁਕਾਰਣਿ ਜਾਈ ॥੧॥ ਅਬ ਕਹੁ ਰਾਮ ਭਰੋਸਾ ਤੋਰਾ ॥ ਤਬ ਕਾਹੂ ਕਾ ਕਵਨੁ ਨਿਹੋਰਾ ॥੧॥ਰਹਾਉ॥ ਤੀਨਿ ਲੋਕ ਜਾ ਕੈ ਹਹਿ ਭਾਰ ॥ ਸੋ ਕਾਹੇ ਨ ਕਰੈ ਪ੍ਰਤਿਪਾਰ ॥੨॥ ਕਹੁ ਕਬੀਰ ਇਕ ਬੁਧਿ ਬੀਚਾਰੀ ॥ ਕਿਆ ਬਸੁ ਜਉ ਬਿਖੁ ਦੇ ਮਹਤਾਰੀ ॥੩॥੨੨॥ ਹੇ ਭਾਈ! ਜਿਸ ਮਨੁੱਖ ਦੇ (ਹਿਰਦੇ ਵਿਚ) ਹਰੀ ਵਰਗਾ ਮਾਲਕ ਹੋਵੇ। ਅਨੰਤ ਮੁਕਤੀਆਂ (ਉਸ ਨੂੰ) ਬੁਲਾਉਣ ਜਾਂਦੀਆਂ ਹਨ; ਮੁਕਤੀਆਂ ਬੇਅੰਤ ਬਾਰੀ ਸੱਦਣ ਜਾਂਦੀਆਂ ਹਨ (ਮੁਕਤੀਆਂ ਤਾਂ ਭਗਤਾਂ ਦੇ ਪਿਛੇ ਪਿਛੇ ਫਿਰਦੀਆਂ ਹਨ, ਪਰ ਭਗਤਾਂ ਨੂੰ ਮੁਕਤੀ ਦੀ ਇੱਛਾ ਨਹੀਂ ਹੁੰਦੀ)।੧।ਹੇ ਰਾਮ! (ਹੁਣ ਤੂੰ ਹੀ) ਦੱਸ, (ਜਦ ਮੈਨੂੰ ਇਕ) ਤੇਰਾ ਹੀ ਭਰੋਸਾ ਹੈ।ਤਾਂ ਕਿਸੇ ਹੋਰ ਦਾ ਕੀ ਅਹਿਸਾਨ ਸਹਾਰਨਾ ਹੈ?।੧।ਰਹਾਉ।ਤਿੰਨ ਲੋਕ ਜਿਸ ਦੇ ਆਸਰੇ ਉਤੇ ਹਨ।ਉਹ ਪ੍ਰਭੂ (ਸਾਡੀ ਸਭ ਦੀ) ਕਿਉਂ ਨਹੀਂ ਪਾਲਣਾ ਕਰੇਗਾ? (ਜਰੂਰ ਕਰੇਗਾ)।੨।ਕਬੀਰ ਜੀ ਕਹਿੰਦੇ ਹਨ ਕਿ ਮੈਂ ਬੁੱਧੀ ਵਿਚ ਇਕ ਬਿਚਾਰ ਕੀਤੀ ਹੈ।(ਕਿ ਬੱਚੇ ਨੂੰ ਮਾਰਨ ਲਈ) ਜੇ ਮਾਂ ਹੀ ਜਹਿਰ ਦੇਵੇ, ਤਾਂ ਕਿਸੇ ਦੇ ਕੀ ਵਸ ਹੈ? (ਉਸ ਨੂੰ ਕੋਈ ਨਹੀਂ ਬਚਾ ਸਕਦਾ) ਭਾਵ ਜੇ ਵਾਹਿਗੁਰੂ ਹੀ ਜੀਵ ਨੂੰ ਮਾਰਨਾ ਚਾਹੇ, ਤਾਂ ਕਿਸੇ ਦੇ ਕੀ ਵਸ ਹੈ? ਜਿਵੇਂ ਬੱਚੇ ਨੂੰ ਮਾਂ ਬਿਹੁ ਨਹੀਂ ਦੇ ਸਕਦੀ, ਬੱਚੇ ਨੂੰ ਪਿਆਰ ਨਾਲ ਪਾਲਦੀ ਹੈ, ਇਸੇ ਤਰ੍ਹਾਂ ਵਾਹਿਗੁਰੂ ਸਭ ਨੂੰ ਅਪਣੇ ਬੱਚੇ ਜਾਣ ਕੇ ਪਾਲਦਾ ਹੈ।੩।੨੧

ਪਦਾਰਥ = ਜਾ ਕੈ-ਜਿਸ ਦੇ (ਰਿਦੇ ਵਿਚ)।ਹਰਿ ਸਾ-ਹਰੀ ਵਰਗਾ।ਠਾਕੁਰੁ-ਮਾਲਕ।ਭਾਈ-ਹੇ ਭਾਈ!।ਅਨੰਤ-ਬੇਅੰਤ।ਪੁਕਾਰਣਿ ਜਾਈ-ਬੁਲਾਉਣ ਜਾਂਦੀਆਂ ਹਨ।੧।ਅਬ-ਹੁਣ।ਕਹੁ-ਦੱਸੋ।ਤੋਰਾ-ਤੇਰਾ।ਕਾਹੂ ਕਾ-ਕਿਸੇ ਹੋਰ ਦਾ।ਕਵਨੁ-ਕੀ; ਕਿਹੜਾ।ਨਿਹੋਰਾ-ਅਹਿਸਾਨ; ਮੁਥਾਜੀ; ਤਰਲਾ।੧।ਰਹਾਉ।ਜਾ ਕੈ-ਜਿਸ ਦੇ।ਹਹਿ-ਹਨ।ਤੀਨਿ ਲੋਕ-ਮਾਤ ਲੋਕ, ਪਰਲੋਕ, ਪਤਾਲ ਲੋਕ।ਭਾਰ-ਆਸਰੇ; ਜਿੰਮੇਵਾਰੀ।ਕਾਹੇ ਨ-ਕਿਉਂ ਨਹੀਂ।ਪ੍ਰਤਿਪਾਰ-ਪਾਲਣਾ।੨।ਜਉ-ਜੇ ਕਰ।ਮਹਤਾਰੀ-ਮਾਂ।ਬਸੁ-ਵਸ; ਜੋਰ।੩।੨੧।

ਉਥਾਨਕਾ = ਕਿਸੇ ਪੰਡਤ ਨੇ ਆਕੇ ਕਬੀਰ ਜੀ ਨੂੰ ਦਸਿਆ ਕਿ ਫਲਾਣੀ ਇਸਤ੍ਰੀ ਸਤੀ ਹੋਣ ਲਈ ਤਿਆਰ ਹੋ ਰਹੀ ਸੀ।ਕਬੀਰ ਜੀ ਉਸ ਨੂੰ ਜਾਣਦੇ ਸਨ, ਸੁਣ ਕੇ ਕਹਿੰਦੇ ਕਿ ਉਹ ਪਖੰਡ ਕਰਦੀ ਹੈ, ਕਿਉਂਕਿ ਉਹ ਪਤੀ ਬ੍ਰਤਾ ਨਹੀਂ ਹੈ।ਉਹ ਸਤੀ ਨਹੀਂ ਹੋਏਗੀ।ਇਸ ਸ਼ਬਦ ਵਿਚ ਸਤਵੰਤੀ ਤੇ ਸੁਹਾਗਣ (ਪੁੱਗੇ ਹੋਏ ਪ੍ਰੇਮੀ ਸੇਵਕ) ਦਾ ਆਦਰਸ਼ ਆਪ ਜੀ ਵਰਨਣ ਕਰਦੇ ਹਨ =

ਗਉੜੀ ਕਬੀਰ ਜੀ ॥ ਬਿਨੁ ਸਤ ਸਤੀ ਹੋਇ ਕੈਸੇ ਨਾਰਿ ॥ ਪੰਡਿਤ ਦੇਖਹੁ ਰਿਦੈ ਬੀਚਾਰਿ ॥੧॥ ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ ॥ ਜਬ ਲਗੁ ਰਸੁ ਤਬ ਲਗੁ ਨਹੀ ਨੇਹੁ ॥੧॥ਰਹਾਉ॥ ਸਾਹਨਿ ਸਤੁ ਕਰੈ ਜੀਅ ਅਪਨੈ ॥ ਸੋ ਰਮਯੇ ਕਉ ਮਿਲੈ ਨ ਸੁਪਨੈ ॥੨॥ ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ ॥ ਸੋਈ ਸੁਹਾਗਨਿ ਕਹੈ ਕਬੀਰੁ ॥੩॥੨੩॥ ਹੇ ਪੰਡਤ ਜੀ! ਅਪਣੇ ਦਿਲ ਵਿਚ ਬਿਚਾਰ ਕੇ ਦੇਖੋ। ਪਤੀਬ੍ਰਤ ਧਰਮ ਧਾਰੇ ਬਿਨਾ ਕੋਈ ਇਸਤ੍ਰੀ ਸਤਵੰਤੀ ਕਿਵੇਂ ਹੋ ਸਕਦੀ ਹੈ? (ਨਹੀਂ ਹੋ ਸਕਦੀ।੧।ਇਸੇ ਤਰ੍ਹਾਂ ਪਤਨੀ ਦੇ) ਪ੍ਰੇਮ ਤੋਂ ਬਿਨਾ (ਪਤੀ ਦਾ ਪਤਨੀ ਨਾਲ) ਪ੍ਰੇਮ ਕਿਵੇਂ ਵਧ ਸਕਦਾ ਹੈ?।ਜਦ ਤਕ (ਮਨੁੱਖ ਦੇ ਅੰਦਰ ਵਿਸ਼ਿਆਂ ਤੇ ਪਦਾਰਥਾਂ ਦਾ) ਰਸ ਹੈ, ਉਦੋਂ ਤਕ ਵਾਹਿਗੁਰੂ ਨਾਲ ਪ੍ਰੇਮ ਨਹੀਂ ਪੈ ਸਕਦਾ।੧।ਰਹਾਉ।(ਹੇ ਪੰਡਤ ਜੀ!) ਜਿਹੜਾ ਮਨੁੱਖ ਅਪਣੇ ਦਿਲ ਵਿਚ ਮਾਇਆ ਸ਼ਾਹਣੀ ਨੂੰ ਸੱਚ ਕਰਕੇ ਜਾਣਦਾ ਹੈ।ਉਹ ਮਨੁੱਖ ਕਰਤਾਰ ਨੂੰ ਸੁਪਨੇ ਵਿਚ ਵੀ ਨਹੀਂ ਮਿਲ ਸਕਦਾ।੨।(ਜਿਹੜੀ ਇਸਤ੍ਰੀ ਅਪਣਾ) ਤਨ ਮਨ ਧਨ ਘਰ ਤੇ ਸੂਖਮ ਸਰੀਰ ਸਭ ਕੁਛ ਪਤੀ ਨੂੰ ਸੌਂਪ ਦੇਂਦੀ ਹੈ।ਕਬੀਰ ਜੀ ਕਹਿੰਦੇ ਹਨ (ਕਿ ਅਸਲ ਵਿਚ) ਉਹ ਇਸਤ੍ਰੀ ਹੀ ਸੁਹਾਗਣ ਹੈ (ਰੱਬ ਦੇ ਦਰ ਤੇ ਉਹ ਸੇਵਕ ਪ੍ਰਵਾਨ ਹੁੰਦਾ ਹੈ, ਜਿਸ ਨੇ ਅਪਣਾ ਸਭ ਕੁਛ ਰੱਬ ਦੇ ਹਵਾਲੇ ਕਰ ਦਿਤਾ ਹੈ)।੩।੨੩।

ਪਦਾਰਥ = ਸਤ-ਪਤੀਬ੍ਰਤਾ ਧਰਮ।ਸਤੀ-ਸਤਵੰਤੀ; ਪਤੀਬ੍ਰਤਾ ਧਰਮ ਵਾਲੀ (ਪਤੀ ਦੀ ਚਿਖਾ ਵਿਚ ਸੜ ਕੇ ਮਰਨ ਵਾਲੀ ਇਸਤ੍ਰੀ। ਪਤੀ ਬ੍ਰਤਾ ਧਰਮ ਤੋਂ ਬਗੈਰ ਕੋਈ ਇਸਤ੍ਰੀ ਕਿਵੇਂ ਸਤੀ ਕਹਾ ਸਕਦੀ ਹੈ?)।ਕੈਸੇ-ਕਿਵੇਂ।ਨਾਰਿ-ਇਸਤ੍ਰੀ।ਰਿਦੈ-ਦਿਲ ਵਿਚ।੧।ਬਧੈ -ਵਧਦਾ ਹੈ।ਸਨੇਹੁ-ਪ੍ਰੇਮ।ਜਬ ਲਗੁ-ਜਦ ਤਕ।ਰਸੁ-ਵਿਸ਼ਿਆਂ ਜਾਂ ਮਾਇਆ ਦਾ ਸੁਆਦ।ਤਬ ਲਗੁ-ਉਦੋਂ ਤਕ।ਨੇਹੁ-ਪ੍ਰੇਮ।੧।

All Rights Reserved by Harjinder Singh Gyani | www.GuruGranthVakhyaan.org

ਰਹਾਉ। ਸਾਹਨਿ–(ਹਰੀ ਸ਼ਾਹ ਦੀ) ਸ਼ਾਹਣੀ (ਮਾਇਆ)। ਸਤੁ ਕਰੈ–ਸੱਚ ਕਰਕੇ ਜਾਣਦਾ ਹੈ। ਜੀਅ–ਦਿਲ ਵਿਚ। ਸੋ–ਉਹ ਮਨੁੱਖ। ਰਮਯੇ ਕਉ–ਵਾਹਿਗੁਰੂ ਨੂੰ। ਗ੍ਰਿਹੁ–ਘਰ। ਸਉਪਿ–ਸੌਂਪ ਦੇਂਦੀ ਹੈ। ਸਰੀਰੁ–ਸੂਖਮ ਸਰੀਰ। ਸੋਈ–ਉਹ ਹੀ।੩।੨੩।

ਗਉੜੀ ਕਬੀਰ ਜੀ ॥ ਬਿਖਿਆ ਬਿਆਪਿਆ ਸਗਲ ਸੰਸਾਰੁ ॥ ਬਿਖਿਆ ਲੈ ਡੂਬੀ ਪਰਵਾਰੁ ॥੧॥ ਰੇ ਨਰ ਨਾਵ ਚਉੜਿ ਕਤ ਬੋੜੀ ॥ ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ ॥੧॥ਰਹਾਉ॥ ਸੁਰਿ ਨਰ ਦਾਧੇ ਲਾਗੀ ਆਗਿ ॥ ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ ॥੨॥ ਚੇਤਤ ਚੇਤਤ ਨਿਕਸਿਓ ਨੀਰੁ ॥ ਸੋ ਜਲੁ ਨਿਰਮਲੁ ਕਥਤ ਕਬੀਰੁ ॥੩॥੨੪॥ (ਹੇ ਭਾਈ!) ਸਾਰਾ ਸੰਸਾਰ ਵਿਹੁ ਰੂਪ ਮਾਇਆ ਵਿਚ ਲਿਪਟਿਆ ਹੋਇਆ ਹੈ। ਇਹ ਵਿਹੁ ਰੂਪ ਮਾਇਆ (ਮਨੁੱਖ ਦੇ ਸਮੇਤ) ਸਾਰੇ ਪ੍ਰਵਾਰ ਨੂੰ (ਸੰਸਾਰ ਸਮੁੰਦਰ ਵਿਚ) ਲੈ ਡੁਬਦੀ ਹੈ।੧। ਹੇ ਮਨੁੱਖ! (ਤੂੰ) ਰੜੇ ਮੈਦਾਨ ਵਿਚ ਬੇੜੀ ਕਿਉਂ ਡੋਬ ਦਿਤੀ ਹੈ (ਅਪਣਾ ਜੀਵਨ ਨਾਸ਼ ਕਰ ਲਿਆ ਹੈ। ਤੂੰ ਅਪਣੀ ਪ੍ਰੀਤ) ਹਰੀ ਨਾਲੋਂ ਤੋੜ ਕੇ ਵਿਹੁ ਰੂਪ ਮਾਇਆ ਨਾਲ ਜੋੜੀ ਹੋਈ ਹੈ।੧। ਰਹਾਉ। (ਮਾਇਆ ਦੀ ਅਜੇਹੀ) ਅੱਗ ਲੱਗੀ ਹੋਈ ਹੈ, ਜਿਸ ਵਿਚ ਦੇਵਤੇ ਤੇ ਮਨੁੱਖ ਸੜ ਰਹੇ ਹਨ। (ਇਸ ਅੱਗ ਨੂੰ ਬੁਝਾਉਣ ਵਾਲਾ ਰਾਮ ਨਾਮ ਰੂਪ) ਜਲ ਮਨੁੱਖ ਦੇ ਨੇੜੇ ਹੀ ਹੈ (ਅੰਦਰ ਹੀ ਹੈ, ਉਸ ਉਪਰ ਵਿਸ਼ਿਆਂ ਦਾ ਬੂਰ ਹੈ, ਬੂਰ ਨੂੰ) ਪਰੇ ਹਟਾ ਕੇ ਪਸ਼ੂ ਮਨੁੱਖ ਉਹ ਜਲ ਪੀਂਦਾ ਨਹੀਂ ਹੈ (ਵਿਕਾਰਾਂ ਦੇ ਕਾਰਣ ਨਾਮ ਨਹੀਂ ਜਪਦਾ)।੨। ਕਬੀਰ ਜੀ ਕਹਿੰਦੇ ਹਨ (ਕਿ ਬਾਰ ਬਾਰ) ਜਪਦਿਆਂ ਜਲ ਨਿਕਲ ਆਇਆ ਹੈ, ਉਹ ਜਲ ਸ਼ੁੱਧ ਹੈ (ਨਾਮ ਜਪਦਿਆਂ ਬਿਰਤੀ ਅੰਤ੍ਰਮੁਖੀ ਹੋ ਗਈ ਤੇ ਪਾਣੀ ਉਤੇ ਪਿਆ ਬੂਰ ਦੂਰ ਹੋ ਗਿਆ। ਅੰਦਰੋਂ ਨਾਮ ਰੂਪ ਸ਼ੁੱਧ ਜਲ ਦਿਸ ਪਿਆ, ਜੋ ਅੱਗ ਬੁਝਾਉਂਦਾ ਹੈ)।੩।੨੪।

ਪਦਾਰਥ = ਬਿਖਿਆ–ਮਾਇਆ। ਬਿਆਪਿਆ–ਫਸਿਆ ਹੋਇਆ। ਸਗਲ–ਸਾਰਾ।੧। ਰੇ ਨਰ–ਹੇ ਮਨੁੱਖ!। ਨਾਵ–ਬੇੜੀ। ਚਉੜਿ–ਰੜੇ ਮੈਦਾਨ; ਬਰੇਤੀ ਵਿਚ। ਕਤ–ਕਿਉਂ; ਕਿਥੇ। ਬੋੜੀ–ਡੋਬੀ। ਹਰਿ ਸਿਉ–ਹਰੀ ਨਾਲ।੧। ਰਹਾਉ। ਸੁਰਿ–ਦੇਵਤੇ। ਨਰ–ਮਨੁੱਖ। ਦਾਧੇ–ਸੜ ਰਹੇ ਹਨ। ਨਿਕਟਿ–ਨੇੜੇ। ਨੀਰੁ–ਪਾਣੀ। ਪਸੁ–ਪਸ਼ੂ (ਬੇ ਸਮਝ)। ਪੀਵਸਿ ਨ–ਨਹੀਂ ਪੀਂਦਾ। ਝਾਗਿ–ਲੰਘ ਕੇ; ਹਟਾ ਕੇ।੨। ਚੇਤਤ ਚੇਤਤ–(ਬਾਰ ਬਾਰ) ਚੇਤੇ ਕਰਦਿਆਂ। ਨਿਕਸਿਓ–ਨਿਕਲ ਆਇਆ। ਨਿਰਮਲੁ–ਸਾਫ; ਸ਼ੁੱਧ। ਕਥਤ–ਆਖਦਾ ਹੈ।੩।੨੪।

ਗਉੜੀ ਕਬੀਰ ਜੀ ॥ ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥੧॥ ਜਿਹ ਨਰ ਰਾਮ ਭਗਤਿ ਨਹਿ ਸਾਧੀ ॥ ਜਨਮਤ ਕਸ ਨ ਮੁਓ ਅਪਰਾਧੀ ॥੧॥ਰਹਾਉ॥ ਮੁਚੁ ਮੁਚੁ ਗਰਭ ਗਏ ਕੀਨ ਬਚਿਆ ॥ ਬੁਡ ਭੁਜ ਰੂਪ ਜੀਵੇ ਜਗ ਮਝਿਆ ॥੨॥ ਕਹੁ ਕਬੀਰ ਜੈਸੇ ਸੁੰਦਰ ਸਰੂਪ ॥ ਨਾਮ ਬਿਨਾ ਜੈਸੇ ਕੁਬਜ ਕੁਰੂਪ ॥੩॥੨੫॥ (ਹੇ ਭਾਈ!) ਜਿਸ ਕੁਲ ਵਿਚ ਗਿਆਨ ਦੀ ਵਿਚਾਰ ਕਰਨ ਵਾਲਾ ਪੁਤ੍ਰ ਨਹੀਂ (ਜਨਮਿਆ। ਉਸ ਪੁਤ੍ਰ ਨੂੰ ਪੈਦਾ ਕਰਨ ਤੋਂ ਪਹਿਲਾਂ) ਮਾਂ ਵਿਧਵਾ ਕਿਉਂ ਨਹੀਂ ਹੋ ਗਈ?।੧। ਜਿਸ ਮਨੁੱਖ ਨੇ (ਜਨਮ ਲੈ ਕੇ) ਰਾਮ ਦੀ ਭਗਤੀ ਨਹੀਂ ਕੀਤੀ। ਉਹ ਪਾਪੀ ਜਨਮਦਾ ਹੀ ਕਿਉਂ ਨਹੀਂ ਮਰ ਗਿਆ?।੧। ਰਹਾਉ। ਬਹੁਤ ਗਰਭ ਗਿਰ ਗਏ ਹਨ, (ਬਹੁਤ ਜੀਵ ਗਰਭ ਵਿਚੋਂ ਛਣ ਗਏ, ਪਰ ਇਹ ਬੇਮੁਖ) ਕਿਉਂ ਬਚਿਆ ਰਿਹਾ? ਡੁੰਡੀਆਂ ਬਾਹਾਂ ਵਾਲਾ (ਨਾਮ ਤੋਂ ਬਿਨਾ ਇਹ ਮਨੁੱਖ) ਕੋਹੜੀਆਂ ਵਾਂਗ ਜਗਤ ਵਿਚ ਜਿਉਂਦਾ ਹੈ (ਸ਼ਬਦਾਰਥ; ਉਹ ਮਨੁੱਖ) ਜਗਤ ਵਿਚ ਗੰਦਗੀ ਖਾਣ ਵਾਲੇ ਸੂਰ ਦੀ ਸ਼ਕਲ ਵਾਲਾ ਹੋ ਕੇ ਜਿਉਂਦਾ ਹੈ (ਨਿਰਣੈ)।੨। ਕਬੀਰ ਜੀ ਕਹਿੰਦੇ ਹਨ ਕਿ ਜਿਵੇਂ (ਕੋਈ ਮਨੁੱਖ ਭਾਵੇਂ) ਸੁੰਦਰ ਰੂਪ ਵਾਲਾ ਹੋਵੇ। (ਪਰ) ਨਾਮ ਤੋਂ ਬਿਨਾ (ਉਸ ਮਨੁੱਖ ਨੂੰ ਇਉਂ ਜਾਣੋ), ਜਿਵੇਂ ਕੋਝਾ ਤੇ ਕੁੱਬਾ ਹੋਵੇ।੩।੨੫।

ਪਦਾਰਥ = ਜਿਹ–ਜਿਸ। ਕੁਲਿ–ਖਾਨਦਾਨ ਵਿਚ। ਬਿਧਵਾ–ਰੰਡੀ। ਕਸ–ਕਿਉਂ। ਮਹਤਾਰੀ–ਮਾਂ।੧। ਨਰ–ਮਨੁੱਖ ਨੇ। ਨਹਿ ਸਾਧੀ–ਨਹੀ ਕੀਤੀ। ਜਨਮਤ–ਜੰਮਦਾ ਹੀ। ਮੁਓ–ਮਰ ਗਿਆ। ਅਪਰਾਧੀ–ਪਾਪੀ।੧। ਰਹਾਉ। ਮੁਚੁ–ਬਹੁਤ। ਮੁਚੁ ਗਰਭ–ਗਰਭ ਛਣ (ਗਿਰ) ਗਿਆ। ਕੀਨ–ਕਿਉਂ। ਬੁਡ ਭੁਜ–ਟੁੰਡਾ; ਲੂਲਾ (ਬਿਨਾ ਹੱਥਾਂ ਦੇ); ਵਿਡ਼ਭੁਜ (ਸੰ.)–ਗੰਦਗੀ ਖਾਣ ਵਾਲਾ ਸੂਰ (ਮ.ਕੋ.)। ਰੂਪ–ਸ਼ਕਲ। ਮਝਿਆ–ਵਿਚ।੨। ਸੁੰਦਰ ਸਰੂਪ–ਸੁੰਦਰ ਰੂਪ ਵਾਲਾ (ਸੁਨੱਖਾ)। ਕੁਬਜ–ਕੁੱਬਾ। ਕੁਰੂਪ–ਭੈੜੀ ਸ਼ਕਲ ਵਾਲਾ।੩।੨੫।

ਗਉੜੀ ਕਬੀਰ ਜੀ ॥ ਜੋ ਜਨ ਲੇਹਿ ਖਸਮ ਕਾ ਨਾਉ ॥ ਤਿਨ ਕੈ ਸਦ ਬਲਿਹਾਰੈ ਜਾਉ ॥੧॥ ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ ॥ ਸੋ ਭਾਈ ਮੇਰੈ ਮਨਿ ਭਾਵੈ ॥੧॥ਰਹਾਉ॥ ਜਿਹ ਘਟ ਰਾਮੁ ਰਹਿਆ ਭਰਪੂਰਿ ॥ ਤਿਨ ਕੀ ਪਗ ਪੰਕਜ ਹਮ ਧੂਰਿ ॥੨॥ ਜਾਤਿ ਜੁਲਾਹਾ ਮਤਿ ਕਾ ਧੀਰੁ ॥ ਸਹਜਿ ਸਹਜਿ ਗੁਣ ਰਮੈ ਕਬੀਰੁ ॥੩॥੨੬॥ ਜੋ ਮਨੁੱਖ ਅਪਣੇ ਮਾਲਕ ਵਾਹਿਗੁਰੂ ਦਾ ਨਾਮ ਲੈਂਦੇ (ਜਪਦੇ) ਹਨ। ਮੈਂ ਉਨ੍ਹਾਂ ਦੇ ਸਦਾ ਬਲਹਾਰ ਜਾਂਦਾ ਹਾਂ।੧। ਉਹ (ਮਨੁੱਖ) ਪਵਿਤ੍ਰ ਹੈ, ਜੋ ਪਵਿਤ੍ਰ ਹਰੀ ਦੇ ਗੁਣ ਗਾਉਂਦਾ ਹੈ; ਹਰੀ ਦੇ ਪਵਿਤ੍ਰ ਗੁਣ ਗਾਉਂਦਾ ਹੈ। ਉਹ (ਮੇਰਾ) ਭਰਾ ਹੈ ਤੇ ਮੇਰੇ ਮਨ ਨੂੰ ਚੰਗਾ ਲਗਦਾ ਹੈ; ਹੇ ਭਰਾਵੋ! ਉਹ ਮੇਰੇ ਮਨ ਵਿਚ ਪਿਆਰਾ ਹੈ।੧। ਰਹਾਉ। ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪ੍ਰਭੂ ਪੂਰਨ ਹੋ ਰਿਹਾ ਹੈ। ਉਨ੍ਹਾਂ ਦੇ ਚਰਨਾਂ ਕਮਲਾਂ ਦੀ ਅਸੀਂ ਧੂੜ ਹਾਂ।੨। (ਭਾਵੇਂ ਮੈਂ) ਜਾਤ ਦਾ

All Rights Reserved by Harjinder Singh Gyani | www.GuruGranthVakhyaan.org

ਜੁਲਾਹਾ ਹਾਂ (ਛੇਤੀ ਕਾਹਲਾ ਪੈਣ ਵਾਲਿਆਂ ਦੀ ਜਾਤ ਵਿਚੋਂ ਹਾਂ, ਪਰ) ਬੁੱਧੀ ਦਾ ਧੀਰਜਵਾਨ ਹਾਂ।(ਇਸ ਲਈ ਬਿਨਾ ਕਾਹਲੇ ਪਏ) ਸਹਜੇ ਸਹਜੇ ਕਬੀਰ ਹਰੀ ਦੇ ਗੁਣ ਉਚਾਰ ਰਿਹਾ ਹੈ।੩।੨੬।

ਪਦਾਰਥ = ਜੋ ਜਨ–ਜਿਹੜਾ ਮਨੁੱਖ।ਲੇਹਿ–ਲੈਂਦੇ (ਜਪਦੇ) ਹਨ।ਖਸਮ–ਮਾਲਕ ਵਾਹਿਗੁਰੂ।ਤਿਨ ਕੈ–ਉਨ੍ਹਾਂ ਦੇ।ਸਦ–ਸਦਾ।੧।ਸੋ –ਉਹ।ਨਿਰਮਲੁ–ਪਵਿਤ੍ਰ।ਭਾਈ–ਭਰਾ।ਭਾਵੈ–ਚੰਗਾ (ਪਿਆਰਾ) ਲਗਦਾ ਹੈ।੧।ਰਹਾਉ।ਜਿਹ–ਜਿਨ੍ਹਾਂ ਦੇ।ਘਟ–ਹਿਰਦਿਆਂ ਵਿਚ। ਰਹਿਆ ਭਰਪੂਰਿ–ਪੂਰਨ ਹੋ ਰਿਹਾ ਹੈ ਭਾਵ ਨੱਕੋ ਨੱਕ ਭਰਿਆ ਹੋਇਆ ਹੈ।ਤਿਨ ਕੀ–ਉਨ੍ਹਾਂ ਦੀ।ਪਗ–ਪੈਰਾਂ (ਚਰਨਾਂ) ਦੀ।ਪੰਕਜ– ਕਮਲ ਫੁੱਲ।ਧੂਰਿ–ਧੂੜ।੨।ਮਤਿ–ਬੁੱਧੀ।ਧੀਰੁ–ਧੀਰਜ ਵਾਲਾ (ਪੱਕੇ ਵਿਚਾਰ ਵਾਲਾ; ਦ੍ਰਿੜਤਾ ਵਾਲਾ)।ਸਹਜਿ ਸਹਜਿ–ਕੁਦਰਤੀ ਤਰੀਕੇ ਨਾਲ; ਸੁਭਾਵਕ; ਹੌਲੀ ਹੌਲੀ (ਬਿਨਾ ਕਾਹਲੇ ਪਏ ਸ਼ਾਂਤ ਸੁਭਾਵ ਨਾਲ)।ਰਮੈ–ਜਪਦਾ ਹੈ।੩।੨੬।

ਉਥਾਨਕਾ = ਇਕ ਜੋਗੀ ਆ ਕੇ ਕਬੀਰ ਜੀ ਨੂੰ ਕਹਿਣ ਲੱਗਾ ਸ਼ਰਾਬ ਪੀਆ ਲਿਆ ਕਰੋ, ਸਮਾਧੀ ਚੰਗੀ ਲਗ ਜਾਂਦੀ ਹੈ।ਕਬੀਰ ਜੀ ਜੋਗੀਆਂ ਦੇ ਕਠਨ ਸਾਧਨ ਯੋਗ ਅਭਿਆਸ ਦੀ ਥਾਂ ਸਹਜ ਵਿਚ ਲੈ ਜਾ ਰਹੇ ਹਨ।ਜੋਗੀਆਂ ਦੀ ਬੋਲੀ ਵਰਤ ਕੇ ਹਠ ਯੋਗ ਦੀ ਥਾਂ ਸਹਜ ਯੋਗ ਦੀ ਵਡਿਆਈ ਕੀਤੀ ਹੈ।ਇਸ ਸ਼ਬਦ ਵਿਚ ਜੋਗੀਆਂ ਦੀ ਸ਼ਰਾਬ ਦੀ ਥਾਂ ਰਾਮ ਨਾਮ ਦਾ ਅੰਮ੍ਰਿਤ ਪੀਣਾ ਦਸਦੇ ਹਨ।

ਗਉੜੀ ਕਬੀਰ ਜੀ ॥ ਗਗਨਿ ਰਸਾਲ ਚੁਐ ਮੇਰੀ ਭਾਠੀ ॥ ਸੰਚਿ ਮਹਾ ਰਸੁ ਤਨੁ ਭਇਆ ਕਾਠੀ ॥੧॥ ਉਆ ਕਉ ਕਹੀਐ ਸਹਜ ਮਤਵਾਰਾ ॥ ਪੀਵਤ ਰਾਮ ਰਸੁ ਗਿਆਨ ਬੀਚਾਰਾ ॥੧॥ਰਹਾਉ॥ ਸਹਜ ਕਲਾਲਨਿ ਜਉ ਮਿਲਿ ਆਈ ॥ ਆਨੰਦਿ ਮਾਤੇ ਅਨਦਿਨੁ ਜਾਈ ॥੨॥ ਚੀਨਤ ਚੀਤੁ ਨਿਰੰਜਨ ਲਾਇਆ ॥ ਕਹੁ ਕਬੀਰ ਤੌ ਅਨਭਉ ਪਾਇਆ ॥੩॥੨੭॥ ਦਸਮ ਦੁਆਰ ਰੂਪ ਮੇਰੀ ਭੱਠੀ ਵਿਚ ਰਸ ਦਾਇਕ ਅੰਮ੍ਰਿਤ ਚੋ ਰਿਹਾ ਹੈ।ਨਾਮ ਰੂਪ ਮਹਾਂ ਰਸ ਇਕੱਠਾ ਕਰਨ ਲਈ ਤਨ ਲੱਕੜਾਂ ਬਣਿਆ ਹੋਇਆ ਹੈ ਭਾਵ ਸਰੀਰ ਦੀ ਮਮਤਾ ਸਾੜ ਦਿਤੀ ਹੈ (ਤਨ ਦੀਆਂ ਵਿਸ਼ੇ ਵਾਸ਼ਨਾਵਾਂ ਸਾੜ ਦੇਈਏ ਤਾਂ ਮਹਾਂ ਰਸ ਕੱਠਾ ਹੁੰਦਾ ਹੈ, ਨਹੀਂ ਤਾਂ ਜਾਇਆ ਜਾਂਦਾ ਹੈ। ੧।ਹੇ ਭਾਈ!) ਉਸ ਰਸੀਏ ਮਨੁੱਖ ਨੂੰ ਸਹਜ ਅਵਸਥਾ ਦਾ ਮਸਤਾਨਾ ਆਖੀਦਾ ਹੈ।(ਜਿਹੜਾ) ਰਾਮ ਰਸ ਪੀਂਦਾ ਹੋਇਆ ਗਿਆਨ ਦੀ ਵਿਚਾਰ ਵਾਲਾ ਬਣ ਗਿਆ ਹੈ।੧।ਰਹਾਉ।ਜਦ ਸਹਿਜ ਪਦ ਰੂਪ ਕਲਾਲਨ ਆ ਮਿਲੀ।(ਤਾਂ ਉਸ ਦੇ ਹੱਥੋਂ ਅੰਮ੍ਰਿਤ ਰਸ ਪੀ ਕੇ) ਅਨੰਦ ਵਿਚ ਮਸਤ ਹੋਇਆਂ ਦਿਨ ਰਾਤ ਲੰਘਦਾ ਹੈ।੨।(ਇਸ ਮਸਤੀ ਵਿਚ ਅਪਣੇ ਆਪ ਦੀ) ਪਛਾਣ ਕਰਦਿਆਂ ਚਿਤ ਨਿਰੰਜਨ ਨਾਲ ਲਾਇਆ ਹੋਇਆ ਹੈ।ਕਬੀਰ ਜੀ ਕਹਿੰਦੇ ਹਨ ਤਦ (ਅਸੀਂ) ਗਿਆਨ ਸਰੂਪ ਪ੍ਰਭੂ ਨੂੰ ਪ੍ਰਾਪਤ ਕਰ ਲਿਆ।੩।੨੭।

ਪਦਾਰਥ = ਗਗਨਿ–ਦਸਮ ਦੁਆਰ।ਰਸਾਲ–ਰਸ ਦਾਇਕ (ਅਨੰਦ ਦੇਣ ਵਾਲਾ ਅੰਮ੍ਰਿਤ)।ਚੁਐ–ਚੋ ਰਿਹਾ ਹੈ।ਭਾਠੀ–ਭੱਠੀ।ਸੰਚਿ– ਇਕੱਠਾ ਕੀਤਾ।ਮਹਾ ਰਸ–ਸਾਰੇ ਰਸਾਂ ਵਿਚੋਂ ਮਹਾਨ ਅੰਮ੍ਰਿਤ ਰਸ।ਤਨੁ–ਸਰੀਰ।ਭਇਆ–ਹੋਇਆ।ਕਾਠੀ–ਲੱਕੜਾਂ।੧।ਉਆ ਕਉ– ਉਸ ਮਨੁੱਖ ਨੂੰ।ਸਹਜ–ਸਹਿਜ ਅਵਸਥਾ ਦਾ; ਕੁਦਰਤੀ ਤੌਰ ਤੇ।ਮਤਵਾਰਾ–ਮਸਤਾਨਾ।ਗਿਆਨ ਬੀਚਾਰਾ–ਗਿਆਨ ਦੀ ਵਿਚਾਰ ਵਾਲਾ ।੧।ਰਹਾਉ।ਸਹਜ ਕਲਾਲਨਿ–ਸਹਿਜ ਪਦ ਰੂਪ ਸ਼ਰਾਬ ਪਿਲਾਉਣ ਵਾਲੀ ਇਸਤ੍ਰੀ ਭਾਵ ਸਹਿਜ ਮਾਰਗ ਦਾ ਜਾਣਕਾਰ (ਸਤਿਗੁਰੂ)। ਜਉ–ਜਦ।ਮਾਤੇ–ਮਸਤ ਹੋ ਕੇ।ਅਨਦਿਨੁ–ਹਰ ਰੋਜ।ਜਾਈ–ਜਾਂਦਾ (ਲੰਘਦਾ) ਹੈ।੨।ਚੀਨਤ–ਪਛਾਣ ਜਾਂ ਪਰਖ ਕਰਦਿਆਂ।ਨਿਰੰਜਨ –ਮਾਇਆ ਤੋਂ ਰਹਿਤ ਵਾਹਿਗੁਰੂ।ਤੌ–ਤਦ।ਅਨਭਉ–ਗਿਆਨ ਸਰੂਪ (ਜਾਂ ਸ੍ਵੈ ਪ੍ਰਕਾਸ਼ ਸਰੂਪ) ਵਾਹਿਗੁਰੂ।੩।੨੭।

ਅੰਗ ੩੨੯ = ਗਉੜੀ ਕਬੀਰ ਜੀ ॥ ਮਨ ਕਾ ਸੁਭਾਉ ਮਨਹਿ ਬਿਆਪੀ ॥ ਮਨਹਿ ਮਾਰਿ ਕਵਨ ਸਿਧਿ ਥਾਪੀ ॥੧॥ ਕਵਨੁ ਸੁ ਮੁਨਿ ਜੋ ਮਨੁ ਮਾਰੈ ॥ ਮਨ ਕਉ ਮਾਰਿ ਕਹਹੁ ਕਿਸੁ ਤਾਰੈ ॥੧॥ਰਹਾਉ॥ ਮਨ ਅੰਤਰਿ ਬੋਲੈ ਸਭੁ ਕੋਈ ॥ ਮਨ ਮਾਰੇ ਬਿਨੁ ਭਗਤਿ ਨ ਹੋਈ ॥੨॥ ਕਹੁ ਕਬੀਰ ਜੋ ਜਾਨੈ ਭੇਉ ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥੩॥੨੮॥ (ਹੇ ਜੋਗੀ!) ਮਨ ਦਾ ਸੁਭਾਵ ਮਨ ਵਿਚ ਹੀ ਵਰਤ ਰਿਹਾ ਹੈ (ਮਨ ਦਾ ਇਹ ਸੁਭਾਵ ਅੰਤਲੀ ਤੁਕ ਵਿਚ ਦਸਿਆ ਹੈ)।ਮਨ ਨੂੰ ਮਾਰ ਕੇ (ਕਿਸੇ ਨੇ) ਕਿਹੜੀ ਕਾਮਯਾਬੀ ਕਾਇਮ ਕਰ ਲਈ? (ਸਰੀਰ ਦੇ ਕਿਸੇ ਹੋਰ ਅੰਗ ਦੀ ਪਹੁੰਚ ਮਨ ਤਕ ਨਹੀਂ, ਇਸ ਲਈ ਜੇ ਮਨ ਨੂੰ ਹੀ ਮਾਰ ਦਿਤਾ ਗਿਆ, ਤਾਂ ਕੀ ਪੂਰੀਆਂ ਪਾ ਲਈਆਂ? ਸਰੀਰ ਦੀ ਸਾਧਨਾ ਨਾਲ ਮਨ ਨੂੰ ਮਾਰਨਾ ਭਾਰੀ ਭੁੱਲ ਹੈ, ਕਿਉਂਕਿ ਚੰਗੇ ਫੁਰਨੇ ਵੀ ਨਾਲ ਹੀ ਮਰ ਜਾਂਦੇ ਹਨ।ਮਨੁੱਖ ਪ੍ਰਮਾਰਥ ਵਿਚ ਤਰੱਕੀ ਨਹੀਂ ਕਰ ਸਕਦਾ)।੧।ਉਹ ਕਿਹੜਾ ਮੁਨੀ ਹੈ, ਜੋ ਮਨ ਨੂੰ ਮਾਰ ਲੈਂਦਾ ਹੈ? (ਜੇ ਕੋਈ ਐਸਾ ਮੁਨੀ ਹੈ, ਤਾਂ) ਮਨ ਨੂੰ ਮਾਰ ਕੇ ਦੱਸੋ ਉਹ ਤਾਰਦਾ ਕਿਸ ਨੂੰ ਹੈ? (ਜੇ ਮੁਨੀ ਦਾ ਮਨ ਹੀ ਨਾ ਰਿਹਾ ਤਾਂ ਕਿਸੇ ਨੂੰ ਤਾਰਨ ਲਈ ਸਿਖਿਆ ਕਿਵੇਂ ਦੇਂਦਾ ਹੈ?)।੧।ਰਹਾਉ।(ਸਰੀਰ ਦੇ) ਅੰਦਰ ਮਨ (ਜਿਉਂਦਾ) ਹੋਣ ਕਰਕੇ ਹੀ ਸਭ ਕੋਈ ਬੋਲਦਾ ਹੈ (ਮਨ ਹੀ ਮਨੁੱਖ ਨੂੰ ਬੋਲਣ ਲਈ

All Rights Reserved by Harjinder Singh Gyani | www.GuruGranthVakhyaan.org

ਪ੍ਰੇਰਦਾ ਹੈ ਤੇ ਮਨ ਨਾਲ ਹੀ ਜੀਵਨ ਸੱਤਾ ਹੈ, ਲੋੜ ਹੈ ਬੁਰੇ ਮਨ ਨੂੰ ਮਾਰਨ ਦੀ)।ਮਨ ਦੇ ਮਾੜੇ ਸੁਭਾਵ ਨੂੰ ਮਾਰੇ ਬਿਨਾ ਭਗਤੀ ਨਹੀਂ ਹੋ ਸਕਦੀ {ਬਿਨੁ ਮਨ ਮੁਏ ਭਗਤਿ ਨ ਹੋਇ ੧੨੭੭}।੨।ਕਬੀਰ ਜੀ ਆਖ ਰਹੇ ਹਨ ਕਿ ਜਿਹੜਾ ਪੁਰਖ (ਮਨ ਨੂੰ ਮਾਰਨ ਦਾ) ਭੇਤ ਜਾਣ ਲੈਂਦਾ ਹੈ।(ਉਸ ਦਾ) ਮਨ ਪ੍ਰਭੂ ਦਾ ਰੂਪ ਹੋ ਜਾਂਦਾ ਹੈ, ਜੋ ਤਿੰਨਾਂ ਭਵਨਾਂ ਦਾ ਪ੍ਰਕਾਸ਼ਕ ਹੈ।੩।੨੮।

ਪਦਾਰਥ = ਸੁਭਾਉ–ਰੁਚੀ।ਮਨਹਿ–ਮਨ ਵਿਚ।ਬਿਆਪੀ–ਵਰਤ ਰਿਹਾ ਹੈ (ਮਨ ਨੂੰ ਲੱਗਾ ਹੈ; ਮਨ ਤੇ ਅਸਰ ਪਾਉਂਦਾ ਹੈ)।ਮਨਹਿ ਮਾਰਿ–ਮਨ ਨੂੰ ਮਾਰ ਕੇ।ਕਵਨ–ਕਿਹੜੀ।ਸਿਧਿ–ਕਾਮਯਾਬੀ।ਥਾਪੀ–ਕਾਇਮ; ਪ੍ਰਾਪਤ ਕਰ ਲਈ।੧।ਸੁ–ਉਹ।ਮੁਨਿ–ਸਾਧੂ; ਰਿਖੀ। ਕਹਹੁ–ਦੱਸੋ।੧।ਰਹਾਉ।ਅੰਤਰਿ–ਅੰਦਰ।ਸਭੁ ਕੋਈ–ਹਰੇਕ ਜੀਵ।੨।ਜੋ–ਜਿਹੜਾ (ਮਨੁੱਖ)।ਭੇਉ–ਭੇਤ।ਮਧੁ ਸੂਦਨੁ–ਮਧੂ ਦੈਂਤ ਨੂੰ ਮਾਰਨ ਵਾਲਾ ਪ੍ਰਭੂ।ਤ੍ਰਿਭਵਣ–ਤਿੰਨਾਂ (ਮਾਤ ਲੋਕ, ਪਤਾਲ ਤੇ ਪਰਲੋਕ) ਭਵਨਾਂ ਦਾ।ਦੇਉ–ਪ੍ਰਕਾਸ਼ਕ; ਪੂਜਨੀਕ।੩।੨੮।

ਵਿਆਖਿਆ = ਕਬੀਰ ਜੀ ਕੋਲ ਕੋਈ ਜੋਗੀ ਆਇਆ, ਜੋ ਮਨ ਨੂੰ ਮੂਲੋਂ ਮਾਰ ਦੇਣਾ ਹੀ ਸਿਧੀ ਸਮਝਦਾ ਹੈ।ਕਹਿੰਦਾ ਕਿ ਤੁਸੀਂ ਕਿਹਾ ਹੈ ਕਿ ਮਨ ਨੂੰ ਹਰੀ ਨਾਲ ਜੋੜੋ, ਜਦ ਤਕ ਮਨ ਕਾਇਮ ਹੈ, ਤਦ ਤਕ ਸਿੱਧੀ ਕਿਥੇ? ਇਸ ਗੱਲ ਦਾ ਉਤਰ ਕਬੀਰ ਜੀ ਇਸ ਸ਼ਬਦ ਵਿਚ ਦੇ ਰਹੇ ਹਨ।ਮਨ, ਸਰੀਰ ਵਿਚ ਉਸ ਇੰਦ੍ਰੇ ਨੂੰ ਕਿਹਾ ਹੈ, ਜੋ ਜਾਨਣ ਵਾਲਾ, ਸੱਤਿਆ ਵਾਲਾ ਹੈ ਤੇ ਸਾਰੇ ਇੰਦ੍ਰਿਆਂ ਤੇ ਸਰੀਰ ਨੂੰ ਤੋਰਦਾ ਹੈ।ਮਨ ਸੰਕਲਪਾਂ ਵਿਕਲਪਾਂ (ਖਿਆਲਾਂ) ਦਾ ਸੰਗਰਹ ਹੈ, ਇਸ ਦਾ ਕੰਮ ਹੈ ਜਾਣਨਾ।ਮਨ ਦਾ ਕੋਈ ਵੀ ਸਰੂਪ ਹੋਵੇ, ਸਭ ਵਿਚ ਚੇਤਨਤਾ ਜਰੂਰ ਰਹਿੰਦੀ ਹੈ, ਮਨ ਸਰੀਰ ਦੀ ਸੱਤਾ ਹੈ, ਜੇ ਮਨ ਹੀ ਮਰ ਗਿਆ ਤਾਂ ਸਰੀਰ ਦੀ ਸੱਤਾ ਵੀ ਨਹੀਂ ਰਹੇਗੀ।ਮਨ ਰਹਿਤ ਸਰੀਰ ਕਿਸੇ ਦੀ ਸਿਖਿਆ ਕਿਵੇਂ ਗ੍ਰਹਿਣ ਕਰੇਗਾ? ਮਨ ਅਪਣੇ ਆਪ ਨੂੰ ਵੀ ਉਪਦੇਸ਼ ਕਰਦਾ ਹੈ, ਬੁਰੇ ਕੰਮਾਂ ਤੋਂ ਹਟਾ ਕੇ ਚੰਗੇ ਕੰਮਾਂ ਵੱਲ ਪ੍ਰੇਰਦਾ ਹੈ।ਜੇ ਮਨ ਮਰ ਗਿਆ ਤਾਂ ਪ੍ਰਮਾਰਥ ਵਿਚ ਕੌਣ ਲਾਏਗਾ? ਮਨ ਦੀ ਤਾਕਤ ਕਰਕੇ ਹੀ ਮਨੁੱਖ ਬੋਲਦਾ ਹੈ, ਮਨ ਨੂੰ ਮੂਲੋਂ ਮਾਰਨ ਦੀ ਲੋੜ ਨਹੀਂ।ਮਨ ਨੂੰ ਮਾਇਆ ਤੇ ਵਿਸ਼ੇ ਵਿਕਾਰਾਂ ਦੀ ਰੁਚੀ ਵੱਲੋਂ ਉਲਟਾ ਕੇ ਰੱਬ ਨਾਲ ਜੋੜ ਕੇ ਸਨਾਤਨ ਰੂਪ ਵਿਚ ਲੈ ਜਾਣ ਦੀ ਲੋੜ ਹੈ।ਆਮ ਜੀਵਾਂ ਦਾ ਮਨ ਦ੍ਰਿਸ਼ਟਮਾਨ ਵਿਚ ਲੱਗਾ ਹੋਇਆ ਹੈ।ਮਨ ਨੂੰ ਪਦਾਰਥਾਂ, ਮਿਤ੍ਰਾਂ, ਸਬੰਧੀਆਂ, ਮਾਇਆ, ਵਿਕਾਰਾਂ ਤੇ ਸ਼ੁੱਭ ਅਸੁੱਭ ਪ੍ਰਵਿਰਤੀਆਂ ਦਾ ਆਸਰਾ ਹੈ।ਇਸ ਦਾ ਆਸਰਾ ਬਦਲਣਾ ਹੈ, ਸਿਮਰਨ ਦੁਆਰਾ ਮਨ ਨੂੰ ਰੱਬ ਦੇ ਆਸਰੇ ਕਰਨਾ ਹੈ।ਮਨ ਜਦ ਰੱਬ ਦੇ ਆਸਰੇ ਹੋ ਗਿਆ ਤਾਂ ਰਬ ਦੇ ਧਿਆਨ ਵਿਚ ਰਹਿਣ ਨਾਲ ਇਹ ਰੱਬ ਰੂਪ ਹੋ ਜਾਵੇਗਾ।(ਸੰ.ਪੋ. ਦਾ ਸਾਰੰਸ਼)।ਮਨ ਦੀ ਹੋਰ ਵਿਆਖਿਆ ੩੪੨ ਅੰਗ ਤੇ ਮਮਾ ਅੱਖਰ ਦੇ ਪਦੇ ਦੀ ਵਿਆਖਿਆ ਵਿਚ ਆਵੇਗੀ।

ਇਕ ਨਾਸਤਕ ਪੰਡਤ ਕਹਿਣ ਲਗਾ, ਹੇ ਕਬੀਰ ਜੀ! ਜੇ ਰੱਬ ਹੈ ਤਾਂ ਦਿਖਾਓ, ਤਾਂ ਕਬੀਰ ਜੀ ਉਤਰ ਦੇਂਦੇ ਹਨ।

ਗਉੜੀ ਕਬੀਰ ਜੀ ॥ ਓਇ ਜੁ ਦੀਸਹਿ ਅੰਬਰਿ ਤਾਰੇ ॥ ਕਿਨਿ ਓਇ ਚੀਤੇ ਚੀਤਨਹਾਰੇ ॥੧॥ ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ ॥ ਬੂਝੈ ਬੂਝਨਹਾਰੁ ਸਭਾਗਾ ॥੧॥ਰਹਾਉ॥ ਸੂਰਜ ਚੰਦੁ ਕਰਹਿ ਉਜੀਆਰਾ ॥ ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥੨॥ ਕਹੁ ਕਬੀਰ ਜਾਨੈਗਾ ਸੋਇ ॥ ਹਿਰਦੈ ਰਾਮੁ ਮੁਖਿ ਰਾਮੈ ਹੋਇ ॥੩॥੨੯॥ (ਹੇ ਪੰਡਤ! ਦਸ) ਅਕਾਸ਼ ਵਿਚ ਉਹ ਜੋ ਤਾਰੇ ਦਿਸ ਰਹੇ ਹਨ। ਉਹ ਕਿਸ ਚਿਤ੍ਰਕਾਰ ਨੇ ਚਿਤ੍ਰੇ ਹਨ? (ਰੱਬ ਦੇ ਰਚੇ ਹੋਏ ਹਨ।੧।ਫਿਰ) ਦਸ, ਹੇ ਪੰਡਤ! ਅਕਾਸ਼ ਕਿਸ ਨਾਲ ਲੱਗਾ ਹੈ (ਚਿਪਕਿਆ ਹੋਇਆ ਹੈ?) ਭਾਵ ਕਿਸ ਦੇ ਆਸਰੇ ਟਿਕਿਆ ਹੋਇਆ ਹੈ? (ਨਾਸਤਕ ਕਹਿੰਦਾ ਕਿ ਮੈਨੂੰ ਤਾਂ ਪਤਾ ਨਹੀਂ, ਕਬੀਰ ਸਾਹਿਬ ਕਹਿੰਦੇ ਕਿ ਇਸ ਗੱਲ ਨੂੰ ਕੋਈ) ਭਾਗ ਸ਼ੀਲ ਸਮਝਣ ਵਾਲਾ ਹੀ ਸਮਝਦਾ ਹੈ।੧।ਰਹਾਉ।(ਫਿਰ ਹੋਰ ਦੇਖ, ਜਿਸ ਵਾਹਿਗੁਰੂ ਦੀ ਸ਼ਕਤੀ ਨਾਲ) ਸੂਰਜ ਤੇ ਚੰਦ ਚਾਨਣ ਕਰਦੇ ਹਨ।(ਉਸ) ਬ੍ਰਹਮ ਦਾ ਪਸਾਰਾ ਸਾਰਿਆਂ ਵਿਚ ਪਸਰਿਆ ਹੋਇਆ ਹੈ {ਚੰਦੁ ਸੂਰਜੁ ਦੁਇ ਜੋਤਿ ਸਰੂਪੁ।ਜੋਤੀ ਅੰਤਰਿ ਬ੍ਰਹਮੁ ਅਨੂਪੁ ੯੭੨}।੨।(ਫਿਰ ਨਾਸਤਕ ਪੁਛਦਾ ਹੈ ਕਿ ਉਸ ਵਿਆਪਕ ਬ੍ਰਹਮ ਨੂੰ ਸਾਰੇ ਕਿਉਂ ਨਹੀਂ ਜਾਣਦੇ?) ਕਬੀਰ ਜੀ ਕਹਿੰਦੇ ਹਨ ਕਿ (ਇਸ ਗਿਆਨ ਨੂੰ) ਉਹ ਮਨੁੱਖ ਹੀ ਜਾਣੇਗਾ।(ਜਿਸ ਦੇ) ਹਿਰਦੇ ਵਿਚ ਰਾਮ (ਵਸਦਾ ਹੋਵੇ) ਤੇ (ਉਹ) ਮੂੰਹ ਨਾਲ ਵੀ ਰਾਮ ਹੀ ਜਪਦਾ ਹੋਵੇ।੩।੨੯। (ਰਾਮੈ–ਰਾਮ ਈ)।

ਪਦਾਰਥ = ਓਇ–ਉਹ।ਜੁ–ਜਿਹੜੇ।ਦੀਸਹਿ–ਦਿਸ ਰਹੇ ਹਨ।ਅੰਬਰਿ–ਅਕਾਸ਼ ਵਿਚ।ਕਿਨਿ–ਕਿਸ ਨੇ।ਚੀਤੇ–ਚਿਤਰੇ (ਰਚੇ) ਹਨ। ਚੀਤਨਹਾਰੇ–ਚਿਤ੍ਰਕਾਰ ਨੇ।੧।ਕਹੁ–ਦੱਸ।ਕਾ ਸਿਉ–ਕਿਸ ਨਾਲ।ਬੂਝਨਹਾਰ–ਸਮਝਣ ਵਾਲਾ।ਸਭਾਗਾ–ਭਾਗਾਂ ਵਾਲਾ।੧।ਰਹਾਉ। ਉਜੀਆਰਾ–ਚਾਨਣਾ।ਪਸਰਿਆ–ਫੈਲਿਆ ਹੈ।ਪਸਾਰਾ–ਵਿਸਥਾਰ; ਫੈਲਾਉ।੨।ਸੋਇ–ਉਹ ਹੀ।ਰਾਮੈ–ਰਾਮ ਹੀ।੩।੨੯।

ਗਉੜੀ ਕਬੀਰ ਜੀ ॥ ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਂਕਲ ਜੇਵਰੀ ਲੈ ਹੈ ਆਈ ॥੧॥ ਆਪਨ ਨਗਰੁ ਆਪ ਤੇ ਬਾਧਿਆ ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ ॥੧॥ਰਹਾਉ॥ ਕਟੀ ਨ ਕਟੈ ਤੂਟਿ ਨਹ ਜਾਈ ॥ ਸਾ ਸਾਪਨਿ ਹੋਇ ਜਗ ਕਉ ਖਾਈ ॥੨॥ ਹਮ

All Rights Reserved by Harjinder Singh Gyani | www.GuruGranthVakhyaan.org

ਦੇਖਤ ਜਿਨਿ ਸਭੁ ਜਗੁ ਲੂਟਿਆ ॥ ਕਹੁ ਕਬੀਰ ਮੈ ਰਾਮ ਕਹਿ ਛੂਟਿਆ ॥੩॥੩੦॥ ਹੇ ਭਾਈ! ਸਿਮ੍ਰਤੀ ਬੇਦਾਂ (ਦੇ ਅਧਾਰ ਤੇ ਲਿਖੀ ਗਈ ਹੈ, ਇਸ ਲਈ ਬੇਦਾਂ) ਦੀ ਪੁਤ੍ਰੀ ਹੈ।(ਇਹ ਲੋਕਾਂ ਲਈ ਕਰਮ ਕਾਂਡ ਤੇ ਵਰਣਾਂ ਦੀ ਕੈਦ ਰੂਪ) ਸੰਗਲ ਤੇ ਰੱਸੀ ਲੈ ਆਈ ਹੈ।੧।(ਇਸ ਸਿਮ੍ਰਤੀ ਨੇ) ਆਪਣਾ ਸ਼ਹਿਰ ਰੂਪ ਸੰਸਾਰ (ਅਪਣੇ ਵਿਸ਼ਵਾਸ਼ੀ ਲੋਕਾਂ ਨੂੰ) ਆਪੇ ਹੀ ਬੰਨ੍ਹ ਲਿਆ ਹੈ।ਮੋਹ ਦੇ ਫਾਹੇ ਵਿਚ ਜੀਵਾਂ ਨੂੰ ਫਸਾ ਕੇ ਮੌਤ (ਜਨਮ ਮਰਣਾ) ਦਾ ਤੀਰ ਉਨ੍ਹਾਂ ਤੇ ਕਸਿਆ ਹੈ (ਸਿਮ੍ਰਤੀਆਂ ਕਰਮ ਕਾਂਡ ਦਸ ਕੇ ਲੋਕਾਂ ਨੂੰ ਸੁਰਗ ਦੇ ਭੋਗਾਂ ਤੇ ਅੱਗੋਂ ਉਤਮ ਜਨਮ ਆਦਿ ਦੇ ਲੋਭ ਦੁਆਰਾ ਮੋਹ ਵਿਚ ਫਸਾ ਦੇਂਦੀਆਂ ਹਨ, ਲੋਕ ਤਾਂ ਪਹਿਲਾਂ ਹੀ ਮਾਇਆ ਦੇ ਮੋਹ ਵਿਚ ਫਸੇ ਹੋਏ ਹਨ, ਜਿਸ ਕਰਕੇ ਜੀਵ ਮੁਕਤ ਨਹੀਂ ਹੋ ਸਕਦਾ)।੧।ਰਹਾਉ।(ਇਹ ਫਾਹੀ ਕਰਮ ਕਾਂਡ ਜਾਂ ਹੋਰ ਕਿਸੇ ਸਾਧਨ ਨਾਲ) ਕੱਟਿਆਂ ਕਟੀ ਨਹੀਂ ਜਾ ਸਕਦੀ ਤੇ ਨਾ ਹੀ (ਪੁਰਾਣੀ ਹੋ ਕੇ) ਟੁੱਟਦੀ ਹੈ।ਉਹ ਸੱਪਣੀ ਬਣ ਕੇ ਜਗਤ ਨੂੰ ਖਾ ਰਹੀ ਹੈ (ਸੱਪਣੀ ਅਪਣੇ ਹੀ ਪੈਦਾ ਕੀਤੇ ਬੱਚਿਆਂ ਨੂੰ ਖਾਂਦੀ ਹੈ ਤੇ ਇਹ ਸਿਮ੍ਰਤੀ ਅਪਣੇ ਸ਼ਰਧਾਲੂਆਂ ਨੂੰ ਖਾਈ ਜਾ ਰਹੀ ਹੈ)।੨।ਸਾਡੇ ਦੇਖਿਦਿਆਂ ਜਿਸ (ਸਿਮ੍ਰਤੀ) ਨੇ ਸਾਰੇ ਜਗਤ ਨੂੰ ਲੁੱਟ ਲਿਆ ਹੈ।ਕਬੀਰ ਜੀ ਕਹਿੰਦੇ ਹਨ ਕਿ ਮੈ ਤਾਂ ਰਾਮ ਕਹਿ ਕੇ (ਰਾਮ ਨਾਮ ਦਾ ਸਿਮਰਨ ਕਰਕੇ ਇਸ ਦੀ ਫਾਹੀ ਤੋਂ) ਮੁਕਤ ਹੋ ਗਿਆ ਹਾਂ।੩।੩੦।

ਪਦਾਰਥ = ਬੇਦ ਕੀ ਪੁਤ੍ਰੀ–ਵੇਦਾਂ ਦੀ ਵਿਆਖਿਆ ਤੇ ਬਣੀਆਂ ਸਿਮ੍ਰਤੀਆਂ।ਭਾਈ–ਹੇ ਭਾਈ!।ਸਾਂਕਲ–(ਵਰਣ ਆਸ਼੍ਰਮ ਦੇ) ਸੰਗਲ। ਜੇਵਰੀ–ਕਰਮ ਕਾਂਡ ਦੀਆਂ ਰੱਸੀਆਂ।੧।ਨਗਰੁ–ਸੰਸਾਰ ਰੂਪ ਸ਼ਹਿਰ; ਸ਼ਰਧਾਲੂਆਂ ਦਾ ਨਗਰ।ਬਾਧਿਆ–ਬੰਨ੍ਹ ਲਿਆ।ਫਾਧਿ–ਫਾਹੀ ਵਿਚ ਫਸਾ ਕੇ।ਕਾਲ–ਮੌਤ (ਜਨਮ ਮਰਨ)।ਸਰੁ–ਤੀਰ।ਸਾਂਧਿਆ–ਖਿਚਿਆ; ਨਿਸ਼ਾਨਾ ਲਾਇਆ।੧।ਰਹਾਉ।ਕਟੀ ਨ ਕਟੈ–ਵੱਢੀ ਹੋਈ ਵੱਢੀ ਨਹੀਂ ਜਾਂਦੀ।ਤੂਟਿ ਨਹ–ਟੁੱਟਦੀ ਨਹੀਂ।ਸਾ–ਉਹ।ਸਾਪਨਿ–ਸੱਪਣੀ।ਜਗ ਕਉ–ਜਗਤ (ਸ਼ਰਧਾਲੂਆਂ) ਨੂੰ।੨।ਜਿਨਿ–ਜਿਸ ਨੇ।ਰਾਮ ਕਹਿ–ਰਾਮ ਕਹਿ (ਰਾਮ ਨਾਮ ਜਪ) ਕੇ।ਛੂਟਿਆ–ਮੁਕਤ ਹੋ ਗਿਆ; ਬਚ ਗਿਆ।੩।੩੦।

ਉਥਾਨਕਾ = ਇਕ ਰਾਜਾ ਕਬੀਰ ਜੀ ਦਾ ਜਸ ਸੁਣ ਕੇ ਕਾਂਸ਼ੀ ਆਇਆ ਤੇ ਬੇਨਤੀ ਕਰਨ ਲੱਗਾ ਕਿ ਮੈਂ ਆਪ ਜੀ ਵਾਸਤੇ ਇਕ ਵਧੀਆ ਘੋੜਾ ਲੈ ਆਇਆ ਹਾਂ।ਆਪ ਮੇਰੀ ਭੇਟਾ ਪ੍ਰਵਾਨ ਕਰੋ।ਸੁਣ ਕੇ ਕਬੀਰ ਜੀ ਕਹਿਣ ਲੱਗੇ, ਹੇ ਰਾਜਨ! ਸਾਡੇ ਕੋਲ ਤਾਂ ਪਹਿਲਾਂ ਹੀ ਇਕ ਘੋੜਾ ਹੈ, ਜਿਸ ਤੇ ਅਸੀਂ ਸਵਾਰ ਹੁੰਦਾ ਹਾਂ।ਉਹ ਘੋੜਾ ਹੈ ਮਨ, ਤੁਹਾਨੂੰ ਵੀ ਮਨ ਰੂਪ ਘੋੜੇ ਉਤੇ ਸਵਾਰ ਹੋਣ ਦਾ ਤਰੀਕਾ ਦੱਸ ਦੇਂਦੇ ਹਾਂ।ਦੁਨੀਆਂ ਵਿਚ ਕਿਵੇਂ ਸੁਖ ਦਾ ਜੀਵਨ ਜਿਉਣਾ ਚਾਹੀਦਾ ਹੈ, ਇਸ ਨੂੰ ਇਕ ਅਲੰਕਾਰ ਨਾਲ ਦੱਸਿਆ ਹੈ।

ਗਉੜੀ ਕਬੀਰ ਜੀ ॥ ਦੇਇ ਮੁਹਾਰ ਲਗਾਮੁ ਪਹਿਰਾਵਉ ॥ ਸਗਲ ਤ ਜੀਨੁ ਗਗਨ ਦਉਰਾਵਉ ॥੧॥ ਅਪਨੈ ਬੀਚਾਰਿ ਅਸਵਾਰੀ ਕੀਜੈ ॥ ਸਹਜ ਕੈ ਪਾਵੜੈ ਪਗੁ ਧਰਿ ਲੀਜੈ ॥੧॥ਰਹਾਉ॥ ਚਲੁ ਰੇ ਬੈਕੁੰਠ ਤੁਝਹਿ ਲੇ ਤਾਰਉ ॥ ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ ॥੨॥ ਕਹਤ ਕਬੀਰ ਭਲੇ ਅਸਵਾਰਾ ॥ ਬੇਦ ਕਤੇਬ ਤੇ ਰਹਹਿ ਨਿਰਾਰਾ ॥੩॥੩੧॥ (ਕਬੀਰ ਜੀ ਕਹਿੰਦੇ ਹਨ ਕਿ ਮੇਰਾ ਮਨ ਘੋੜਾ ਹੈ, ਮੋਹ ਨੂੰ ਨਾਸ਼ ਕਰਨ ਵਾਲਾ ਵੈਰਾਗ ਰੂਪ) ਮੁਹਾਰ ਦੇ ਕੇ (ਪ੍ਰਭੂ ਵਿਚ ਲਗਨ ਰੂਪ) ਲਗਾਮ ਇਸ ਦੇ ਮੂੰਹ ਵਿਚ ਪਹਿਨਾਉਂਦਾ ਹਾਂ (ਕਿਉਂਕਿ ਮਨ ਰੂਪ ਘੋੜਾ ਅਮੋੜ ਤੇ ਬੇ ਲਗਾਮ ਹੈ)।ਸਭ ਕੁਝ ਤਿਆਗ ਦੇਣ ਰੂਪ (ਇਸ ਘੋੜੇ ਉਤੇ) ਕਾਠੀ ਪਾਈ ਹੈ (ਸਭ ਵਾਸ਼ਨਾਵਾਂ ਕਾਠੀ ਹੇਠ ਦਬਾ ਦਿਤੀਆਂ ਹਨ, ਫਿਰ ਮੈਂ ਘੋੜੇ ਨੂੰ) ਦਸਮ ਦੁਆਰ ਰੂਪ ਅਕਾਸ਼ ਵਿਚ ਦੁੜਾਉਂਦਾ ਹਾਂ।੧।(ਆਓ ਭਾਈ!) ਅਪਣੇ ਸ੍ਵੈ ਸਰੂਪ ਦੀ ਵਿਚਾਰ ਕਰਨਾ, (ਇਹ ਮਨ ਰੂਪ ਘੋੜੇ ਤੇ) ਅਸਵਾਰੀ ਕਰ ਲਈਏ।ਅਤੇ ਸਹਿਜ ਅਵਸਥਾ ਦੀ ਰਿਕਾਬਾਂ ਵਿਚ ਬੁੱਧੀ ਰੂਪ ਪੈਰ ਟਿਕਾ ਲਈਏ।੧।ਰਹਾਉ।(ਹੁਣ ਮਨ ਨੂੰ ਸੰਬੋਧਨ ਕਰਦੇ ਹਨ), ਹੇ ਮਨ ਰੂਪ ਘੋੜੇ! ਚੱਲ, ਮੈਂ ਤੈਨੂੰ ਬੈਕੁੰਠ ਵਿਚ ਲੈ ਉਤਾਰਾਂ; ਚਲ ਤੈਨੂੰ ਹਰੀ ਦੇ ਮੰਦਰ ਵਿਚ ਲੈ ਜਾਵਾਂ ਤੇ ਸੰਸਾਰ ਸਮੁੰਦਰ ਤੋਂ ਤਾਰ ਦੇਵਾਂ।(ਜੇ ਤੂੰ) ਅੜੀ ਕਰੇਂਗਾ, ਤਾਂ ਪੇਮ ਦੇ ਤੈਨੂੰ ਚਾਬਕ ਮਾਰਾਂਗਾ।੨।ਕਬੀਰ ਜੀ ਆਖਦੇ ਹਨ (ਕਿ ਇਹੋ ਜਿਹੇ) ਚੰਗੇ ਅਸਵਾਰ (ਭਗਤ ਜੋ ਮਨ ਰੂਪ ਘੋੜੇ ਉਤੇ ਸਵਾਰ ਹੁੰਦੇ) ਹਨ।(ਉਹ) ਬੇਦਾਂ ਦੇ ਦੱਸੇ ਕਰਮ ਕਾਂਡ ਤੇ ਕਤੇਬਾਂ ਦੀ ਦੱਸੀ ਸ਼ਰ੍ਹਾ ਤੋਂ ਨਿਆਰੇ ਰਹਿੰਦੇ ਹਨ।੩।੩੧।

ਪਦਾਰਥ = ਦੇਇ–ਦੇ ਕੇ; ਪਾ ਕੇ।ਮੁਹਾਰ–ਊਂਠ ਦੀ ਨਕੇਲ; ਘੋੜੇ ਦੇ ਮੱਥੇ ਤੇ ਪਹਿਨਾਇਆ ਸਾਜ; ਲਗਾਮ ਨਾਲ ਬੰਨ੍ਹੀ ਰੱਸੀ; ਮੋਹ ਨੂੰ ਹਾਰ ਦੇਣ ਵਾਲੀ ਮੁਹਾਰ (ਬਿਬੇਕ ਤੇ ਵੈਰਾਗ)।ਲਗਾਮੁ–ਵਾਗਾਂ (ਹਰੀ ਦੀ ਲਗਨ)।ਪਹਿਰਾਵਉ–ਪਹਿਨਾਉਂਦਾ (ਪਾਉਂਦਾ) ਹਾਂ। ਸਗਲ–ਸਭ ਕੁਛ ਦਾ।ਤਜੀਨੁ–ਤਿਆਗ ਦੇਣ ਰੂਪ ਕਾਠੀ (ਸੰ.ਸ.; ਟਕਸਾਲ; ਸੰ.ਪੋ.; ਮ.ਕੋ.); ਸਗਲ ਤ ਜੀਨੁ–ਸਭ ਨਾਲ ਪ੍ਰੇਮ ਕਰਨ ਰੂਪ ਕਾਠੀ।ਗਗਨ–ਅਕਾਸ਼ (ਦਸਮ ਦੁਆਰ); ਰੱਬ ਦੇ ਦੇਸ਼ ਵਿਚ।ਦਉਰਾਵਉ–ਦੁੜਾਉਂਦਾ ਹਾਂ; ਪੁਜ ਜਾਵਾਂ; ਮਨ ਨੂੰ ਰੱਬ ਨਾਲ ਜੋੜਾਂ।੧।ਅਪਨੈ ਬੀਚਾਰਿ–ਅਪਣੇ ਆਪ ਦੀ ਬਿਚਾਰ।ਅਸਵਾਰੀ ਕੀਜੈ–ਸਵਾਰੀ ਕਰੀਏ।ਸਹਜ ਕੈ–ਸਹਿਜ ਅਵਸਥਾ ਦੀ।

All Rights Reserved by Harjinder Singh Gyani | www.GuruGranthVakhyaan.org

ਪਾਵੜੈ–ਰਕਾਬ (ਜਿਸ ਵਿਚ ਪੈਰ ਟਿਕਾਈਦੇ ਹਨ)।ਪਗੁ–ਬੁੱਧੀ ਰੂਪ ਪੈਰ (ਸਹਿਜ ਅਵਸਥਾ ਵਿਚ ਬੁੱਧੀ ਨੂੰ ਟਿਕਾਈਏ)।ਧਰਿ ਲੀਜੈ–ਟਿਕਾ ਲਈਏ। ੧।ਰਹਾਉ।ਚਲੁ ਰੇ–ਹੇ ਮਨ! ਚੱਲ।ਤੁਝਹਿ–ਤੈਨੂੰ।ਲੇ ਤਾਰਉ–ਲੈ ਉਤਾਰਾਂ; ਲੈ ਜਾਵਾਂ ਤੇ ਤਾਰ ਦੇਵਾਂ।ਚਿਹਿ–ਜੇ ਅੜੀ ਕਰੇਂਗਾ; ਰੁਕੇਂਗਾ; ਝਿਜਕੇਂਗਾ।ਚਾਬੁਕ–ਛਾਂਟਾ; ਕੋਰੜਾ।੨।ਭਲੇ–ਚੰਗੇ; ਸਿਆਣੇ।ਅਸਵਾਰਾ–(ਘੋੜ) ਸਵਾਰ (ਭਗਤ ਜਨ)। ਕਤੇਬ–ਚਾਰ ਕਿਤਾਬਾਂ (ਤੌਰੇਤ, ਜ਼ੱਬੂਰ, ਅੰਜੀਲ ਤੇ ਕੁਰਾਨ)।ਤੇ–ਤੋਂ।ਨਿਰਾਰਾ–ਨਿਰਲੇਪ; ਅਲੱਗ।੩।੩੧।

ਗਉੜੀ ਕਬੀਰ ਜੀ ॥ ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ ॥ ਤਿਹ ਮੁਖ ਦੇਖਤ ਲੂਕਟ ਲਾਏ ॥੧॥ ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ ॥ ਅਗਨਿ ਦਹੈ ਅਰੁ ਗਰਭ ਬਸੇਰਾ ॥੧॥ਰਹਾਉ॥ ਕਾਇਆ ਬਿਗੂਤੀ ਬਹੁ ਬਿਧਿ ਭਾਤੀ ॥ ਕੋ ਜਾਰੇ ਕੋ ਗਡਿ ਲੇ ਮਾਟੀ ॥੨॥ ਕਹੁ ਕਬੀਰ ਹਰਿ ਚਰਣ ਦਿਖਾਵਹੁ ॥ ਪਾਛੈ ਤੇ ਜਮੁ ਕਿਉ ਨ ਪਠਾਵਹੁ ॥੩॥੩੨॥ (ਇਹ ਜੀਵ) ਜਿਸ ਮੂੰਹ ਨਾਲ ਪੰਜ ਪ੍ਰਕਾਰ ਦੇ ਅੰਮ੍ਰਿਤ (ਮਈ ਦੁੱਧ, ਦਹੀਂ, ਘਿਓ, ਮਿਸਰੀ ਤੇ ਸ਼ਹਿਦ) ਖਾਂਦਾ ਹੈ।(ਮਰਨੋਂ ਬਾਦ ਸਭ ਦੇ) ਦੇਖਦਿਆਂ ਉਸ ਮੂੰਹ ਨੂੰ ਲਾਂਬੂ ਲਾ ਕੇ ਸਾੜ ਦਿਤਾ ਜਾਂਦਾ ਹੈ।੧।ਹੇ ਰਾਜਾ ਰਾਮ! (ਮਰਨ ਤੋਂ ਬਾਦ ਸਰੀਰ ਨੂੰ) ਅੱਗ ਸਾੜਦੀ ਹੈ, (ਫਿਰ) ਮਾਂ ਦੇ ਗਰਭ ਵਿਚ ਵਾਸਾ ਹੁੰਦਾ ਹੈ।(ਇਹ) ਮੇਰਾ ਇਕ ਦੁਖ ਕੱਟ ਦਿਓ (ਵਾਰ ਵਾਰ ਜੰਮਣ ਤੇ ਮਰ ਕੇ ਅੱਗ ਵਿਚ ਸੜਨ ਦਾ ਦੁੱਖ ਭਾਵ ਆਵਾਗਉਣ ਦੂਰ ਕਰ ਦਿਓ)।੧।ਰਹਾਉ। (ਇਹ) ਸਰੀਰ ਬਹੁਤ ਤਰ੍ਹਾਂ ਨਾਲ ਨਾਸ਼ ਹੁੰਦਾ ਹੈ।ਕੋਈ ਇਸ ਨੂੰ ਸਾੜ ਦੇਂਦਾ ਹੈ ਤੇ ਕੋਈ ਮਿੱਟੀ ਵਿਚ ਗੱਡ ਲੈਂਦਾ ਹੈ {ਇਕ ਦਝਹਿ ਇਕਿ ਦਬੀਅਹਿ ਇਕਨਾ ਕੁਤੇ ਖਾਹਿ ੬੪੮}।੨।ਕਬੀਰ ਜੀ ਆਖਦੇ ਹਨ ਕਿ ਹੇ ਹਰੀ! (ਪਹਿਲਾਂ ਇਕ ਵਾਰ ਮੈਨੂੰ ਅਪਣੇ) ਚਰਨਾਂ ਦਾ ਦਰਸ਼ਨ ਦਿਖਾ ਦਿਓ।ਉਸ ਤੋਂ ਪਿੱਛੋਂ ਭਾਵੇਂ ਜਮ ਨੂੰ ਕਿਉਂ ਨਾ ਭੇਜ ਦੇਉ? (ਫਿਰ ਮੈਨੂੰ ਕੋਈ ਪ੍ਰਵਾਹ ਨਹੀਂ)।੩।੩੨।

ਪਦਾਰਥ = ਜਿਹ–ਜਿਸ।ਮੁਖਿ–ਮੂੰਹ ਨਾਲ।ਪਾਂਚਉ ਅੰਮ੍ਰਿਤ–ਪੰਜ ਅੰਮ੍ਰਿਤ ਮਈ; ਮਿਠੇ; ਉਤਮ ਪਦਾਰਥ (ਦੁੱਧ ਦਹੀਂ ਘਿਓ ਮਿਸ਼ਰੀ ਤੇ ਸ਼ਹਿਦ)।ਖਾਏ–ਖਾਂਦਾ ਹੈ।ਤਿਹ–ਉਹ; ਉਸ।ਦੇਖਤ–ਦੇਖਦਿਆਂ ਹੀ।ਲੂਕਟ–ਲਾਂਬੂ।੧।ਰਾਮ ਰਾਇ–ਹੇ ਰਾਜਾ ਰਾਮ ਜੀ !।ਕਾਟਹੁ –ਦੂਰ ਕਰ ਦਿਓ।ਦਹੈ–ਸਾੜਦੀ ਹੈ।ਅਰੁ–ਅਤੇ।ਗਰਭ ਬਸੇਰਾ–ਗਰਭ ਵਿਚ ਵਾਸਾ।੧।ਰਹਾਉ।ਕਾਇਆ–ਸਰੀਰ।ਬਿਗੂਤੀ–ਨਾਸ਼ ਹੁੰਦੀ ਹੈ।ਬਹੁ ਬਿਧਿ ਭਾਤੀ–ਬਹੁਤ ਤਰ੍ਹਾਂ ਨਾਲ।ਕੋ–ਕੋਈ।ਜਾਰੇ–ਸਾੜਦਾ ਹੈ।ਗਡਿ ਲੇ–ਦੱਬ ਲੈਂਦਾ ਹੈ।੨।ਚਰਣ ਦਿਖਾਵਹੁ–ਚਰਨ ਦਿਖਾ ਦਿਓ (ਦਰਸ਼ਨ ਦੇ ਦਿਓ)।ਪਾਛੈ ਤੇ–ਉਸ ਤੋਂ ਪਿਛੋਂ।ਪਠਾਵਹੁ–ਭੇਜ ਦਿਓ।੩।੩੨।

ਗਉੜੀ ਕਬੀਰ ਜੀ ॥ ਆਪੇ ਪਾਵਕੁ ਆਪੇ ਪਵਨਾ ॥ ਜਾਰੈ ਖਸਮੁ ਤ ਰਾਖੈ ਕਵਨਾ ॥੧॥ ਰਾਮ ਜਪਤ ਤਨੁ ਜਰਿ ਕੀ ਨ ਜਾਇ ॥ ਰਾਮ ਨਾਮ ਚਿਤੁ ਰਹਿਆ ਸਮਾਇ ॥੧॥ਰਹਾਉ॥ ਕਾ ਕੋ ਜਰੈ ਕਾਹਿ ਹੋਇ ਹਾਨਿ ॥ ਨਟ ਵਟ ਖੇਲੈ ਸਾਰਿਗਪਾਨਿ ॥੨॥ ਕਹੁ ਕਬੀਰ ਅਖਰ ਦੁਇ ਭਾਖਿ ॥ ਹੋਇਗਾ ਖਸਮੁ ਤ ਲੇਇਗਾ ਰਾਖਿ ॥੩॥੩੩॥ ਪ੍ਰਮਾਤਮਾ ਆਪੇ ਅੱਗ ਹੈ ਤੇ ਆਪੇ ਹੀ ਪੌਣ ਹੋ ਕੇ ਵਰਤ ਰਿਹਾ ਹੈ।(ਜੇ ਉਹ) ਮਾਲਕ ਆਪ ਕਿਸੇ ਨੂੰ ਸਾੜਦਾ ਹੈ ਤਾਂ ਕੌਣ ਬਚਾ ਸਕਦਾ ਹੈ?।੧।(ਘਰ ਤਾਂ ਸੜ ਹੀ ਰਿਹਾ ਹੈ, ਪ੍ਰਵਾਹ ਨਹੀਂ) ਰਾਮ ਦਾ ਨਾਮ ਜਪਦਿਆਂ ਸਰੀਰ ਵੀ ਭਾਵੇਂ ਕਿਉਂ ਨਾ ਸੜ ਜਾਵੇ? (ਕਿਉਂਕਿ ਮੇਰਾ) ਚਿਤ ਰਾਮ ਨਾਮ ਵਿਚ ਲੀਨ ਹੋ ਰਿਹਾ ਹੈ।੧।ਰਹਾਉ।(ਹੇ ਭਾਈ! ਘਰ) ਕਿਸ ਦਾ ਕੋਈ ਸੜ ਰਿਹਾ ਹੈ ਅਤੇ ਕਿਸਦਾ ਨੁਕਸਾਨ ਹੋ ਰਿਹਾ ਹੈ?।(ਕਿਉਂਕਿ ਸਾਡਾ ਅਪਣਾ ਤਾਂ ਕੁਛ ਹੈ ਹੀ ਨਹੀਂ, ਇਹ ਤਾਂ ਆਪ ਹੀ) ਪ੍ਰਮਾਤਮਾ ਨਟ ਵਾਂਗ ਖੇਲ ਰਿਹਾ ਹੈ।੨।(ਲੋਕ ਕਹਿਣ ਲੱਗੇ ਕਿ ਅੱਗ ਫੈਲ ਕੇ ਸਾਡੇ ਘਰਾਂ ਨੂੰ ਵੀ ਲੱਗ ਗਈ ਹੈ) ਕਬੀਰ ਜੀ ਕਹਿੰਦੇ ਹਨ (ਕਿ ਤੁਸੀਂ ਰਾਮ ਨਾਮ ਦੇ) ਦੋ ਅੱਖਰ ਉਚਾਰੀ ਜਾਓ।(ਜੇ ਤੁਹਾਡੇ ਸਿਰ ਤੇ) ਮਾਲਕ ਹੋਏਗਾ, ਤਾਂ ਉਹ ਬਚਾ ਲਏਗਾ (ਰਾਮ ਜਪਣ ਕਰਕੇ ਉਹ ਤੇਰਾ ਮਾਲਕ ਹੋ ਜਾਵੇਗਾ ਤੇ ਤੈਨੂੰ ਸੇਵਕ ਜਾਣ ਕੇ ਆਪੇ ਬਚਾ ਲਵੇਗਾ); ਜੇ ਤੇਰਾ ਕੋਈ ਅਕਾਰਣ ਵੈਰੀ ਹੋਵੇਗਾ ਤਾਂ ਰਾਮ ਰੱਖਿਆ ਕਰੇਗਾ।ਖਸਮ–ਵੈਰੀ (ਮ.ਕੋ.)।੩।੩੩।

ਪਦਾਰਥ = ਪਾਵਕੁ–ਅੱਗ।ਪਵਨਾ–ਹਵਾ।ਜਾਰੈ–ਸਾੜਦਾ ਹੈ।ਖਸਮੁ–ਮਾਲਕ ਪ੍ਰਭੂ।ਤ–ਤਾਂ।ਕਵਨਾ–ਕੌਣ।੧।ਜਰਿ–ਸੜ ਜਾਵੇ।ਕੀ ਨ–ਕਿਉਂ ਨਹੀਂ।ਸਮਾਇ–ਲੀਨ।੧।ਰਹਾਉ।ਕਾ ਕੋ–ਕਿਸ ਦਾ।ਕਾਹਿ–ਕਿਸ ਦਾ।ਹਾਨਿ–ਹਾਨੀ (ਨੁਕਸਾਨ)।ਨਟ ਵਟ–ਨਟਾਂ ਵਾਂਗ; ਨਟ ਦਾ ਚੇਲਾ (ਜਮੂਰਾ)।ਸਾਰਿਗਪਾਨਿ–ਪ੍ਰਭੂ।੨।ਭਾਖਿ–ਜਪੀ ਜਾਓ।ਦੁਇ–ਦੋ।ਖਸਮੁ (ਅ.)–ਮਾਲਕ ਪ੍ਰਭੂ।੩।੩੩।

ਗਉੜੀ ਕਬੀਰ ਜੀ ਦੁਪਦੇ ॥ ਨਾ ਮੈ ਜੋਗ ਧਿਆਨ ਚਿਤੁ ਲਾਇਆ ॥ ਬਿਨੁ ਬੈਰਾਗ ਨ ਛੂਟਸਿ ਮਾਇਆ ॥੧॥ (ਹੇ ਪ੍ਰਭ!) ਨਾ ਤਾਂ ਮੈਂ ਜੋਗ ਮੱਤ ਦੇ ਦੱਸੇ ਧਿਆਨ (ਸਮਾਧੀਆਂ) ਵਿਚ ਅਪਣਾ ਚਿਤ ਲਾਇਆ ਹੈ।(ਗਿਆਨ ਮਾਰਗ ਵਿਚ ਦੱਸੇ ਵੈਰਾਗ ਨੂੰ ਵੀ ਧਾਰਨ ਨਹੀਂ ਕੀਤਾ; ਵੇਦਾਂਤੀਆਂ ਦਾ ਮਤ ਹੈ ਕਿ) ਵੈਰਾਗ ਤੋਂ ਬਿਨਾ ਮਾਇਆ ਨਹੀਂ ਛੁਟਦੀ।੧।

All Rights Reserved by Harjinder Singh Gyani | www.GuruGranthVakhyaan.org

ਅੰਗ ੩੩੦ = ਕੈਸੇ ਜੀਵਨੁ ਹੋਇ ਹਮਾਰਾ ॥ ਜਬ ਨ ਹੋਇ ਰਾਮ ਨਾਮ ਅਧਾਰਾ ॥੧॥ਰਹਾਉ॥ ਕਹੁ ਕਬੀਰ ਖੋਜਉ ਅਸਮਾਨ ॥ ਰਾਮ ਸਮਾਨ ਨ ਦੇਖਉ ਆਨ ॥੨॥੩੪॥ (ਤੀਜਾ ਭਗਤੀ ਜੋਗ ਹੈ, ਜਿਸ ਵਿਚ ਮੁਖ ਹੈ ਨਾਮ ਸਿਮਰਨ। ਹੇ ਪ੍ਰਭੂ! ਹੁਣ) ਸਾਡਾ ਜੀਵਨ ਕਿਵੇਂ ਸਫਲ ਹੋਵੇਗਾ? ਜਦ ਤਕ ਰਾਮ ਦੇ ਨਾਮ ਦਾ ਆਸਰਾ ਨਹੀ ਪ੍ਰਾਪਤ ਹੁੰਦਾ (ਮੇਰੇ ਲਈ ਤਾਂ ਨਾਮ ਸਿਮਰਨ ਹੀ ਜੋਗ, ਗਿਆਨ ਜੋਗ ਤੇ ਵੇਦਾਂਤੀਆਂ ਵਾਲਾ ਬੈਰਾਗ ਬਣ ਗਿਆ ਹੈ)।੧।ਰਹਾਉ।ਕਬੀਰ ਜੀ ਆਖਦੇ ਹਨ ਕਿ ਅਕਾਸ਼ ਤਕ (ਭਾਵੇਂ ਮੈਂ ਸਾਰੇ ਬ੍ਰਹਮ ਲੋਕ, ਸ਼ਿਵ ਲੋਕ ਆਦਿ) ਖੋਜ ਲਵਾਂ।ਵਾਹਿਗੁਰੂ ਦੇ ਬਰਾਬਰ ਮੈਂ ਕਿਸੇ ਨੂੰ ਨਹੀਂ ਦੇਖਦਾ (ਵਾਹਿਗੁਰੂ ਦੇ ਬਰਾਬਰ ਕੋਈ ਦੇਵੀ ਦੇਵਤਾ ਜਾਂ ਹੋਰ ਸਾਧਨ ਨਹੀਂ ਹਨ, ਜੋ ਜੀਵਨ ਸਫਲ ਕਰ ਸਕਣ)।੨।੩੩।

ਪਦਾਰਥ = ਦੁਪਦੇ-ਦੋ ਸ਼ਬਦ ਦੋ ਪਦਿਆਂ ਵਾਲੇ ਹਨ। ਧਿਆਨ-(ਜੋਗ ਦੀਆਂ) ਸਮਾਧੀਆਂ ਵਿਚ। ਲਾਇਆ-ਜੋੜਿਆ। ਬੈਰਾਗ-ਸੰਸਾਰ ਤੋਂ ਉਪਰਾਮਤਾ।੧।ਜਬ-ਜਦ ਤਕ।ਅਧਾਰਾ-ਆਸਰਾ।੧।ਰਹਾਉ।ਖੋਜਉ-ਮੈਂ ਖੋਜ ਲਵਾਂ।ਅਸਮਾਨ-ਅਕਾਸ਼ ਤਕ (ਉਪਰਲੇ ਬ੍ਰਹਮ ਲੋਕ, ਸੁਰਗ, ਸ਼ਿਵ ਲੋਕ, ਇੰਦ੍ਰ ਲੋਕ ਆਦਿ)।ਸਮਾਨ-ਬਰਾਬਰ ਦਾ।ਆਨ-ਹੋਰ ਕੋਈ (ਵਾਹਿਗੁਰੂ ਤੋਂ ਬਿਨਾ)।੨।੩੪।

ਉਥਾਨਕਾ = ਕੋਈ ਹੰਕਾਰੀ ਮਨੁੱਖ ਸਿਰ ਉਤੇ ਉਚੇ ਤੁਰ੍ਹਰੇ ਵਾਲੀ ਪੱਗ ਸਵਾਰ ਸਵਾਰ ਕੇ ਬੰਨ੍ਹਿਆ ਕਰਦਾ ਸੀ।ਮਰਨ ਤੋਂ ਬਾਦ ਉਸ ਦੀ ਖੋਪਰੀ ਤੇ ਕਾਂ ਵਿਸ਼ਟਾ ਨਾਲ ਲਿਬੜੀ ਚੁੰਜ ਸਾਫ ਕਰਦੇ ਹਨ।ਉਸ ਨੂੰ ਦੇਖ ਕੇ ਕਬੀਰ ਜੀ ਮਨ ਨੂੰ ਸੰਬੋਧਨ ਕਰਦੇ ਆਖਦੇ ਹਨ।

ਗਉੜੀ ਕਬੀਰ ਜੀ ॥ ਜਿਹ ਸਿਰਿ ਰਚਿ ਰਚਿ ਬਾਧਤ ਪਾਗ ॥ ਸੋ ਸਿਰੁ ਚੁੰਚ ਸਵਾਰਹਿ ਕਾਗ ॥੧॥ ਇਸੁ ਤਨ ਧਨ ਕੋ ਕਿਆ ਗਰਬਈਆ ॥ ਰਾਮ ਨਾਮੁ ਕਾਹੇ ਨ ਦ੍ਰਿੜੀਆ ॥੧॥ਰਹਾਉ॥ ਕਹਤ ਕਬੀਰ ਸੁਨਹੁ ਮਨ ਮੇਰੇ ॥ ਇਹੀ ਹਵਾਲ ਹੋਹਿਗੇ ਤੇਰੇ ॥੨॥੩੫ ॥ ਗਉੜੀ ਗੁਆਰੇਰੀ ਕੇ ਪਦੇ ਪੈਤੀਸ ॥ ਜਿਸ ਸਿਰ ਉਤੇ (ਇਹ ਮਨੁੱਖ ਕਦੇ) ਸੰਵਾਰ ਸੰਵਾਰ ਕੇ ਪੱਗ ਬੰਨ੍ਹਦਾ ਹੁੰਦਾ ਸੀ।ਉਹ ਸਿਰ ਹੁਣ ਕਾਵਾਂ ਦੀਆਂ ਚੁਜਾਂ ਸਵਾਰ ਰਿਹਾ ਹੈ (ਉਸ ਖੋਪੜੀ ਉਤੇ ਕਾਂ ਅਪਣੀ ਚੁੰਜ ਘਸਾ ਕੇ ਸਾਫ ਕਰਦੇ ਹਨ)।੧।ਇਸ ਸਰੀਰ ਤੇ (ਇਸ ਦੇ ਕੱਠਾ ਕੀਤੇ) ਧਨ ਦਾ ਕੀ ਹੰਕਾਰ ਕਰਦਾ ਹੈਂ? (ਤੂੰ) ਰਾਮ ਦਾ ਨਾਮ ਕਿਉਂ ਨਹੀਂ ਦ੍ਰਿੜ ਕਰਦਾ?।੧।ਰਹਾਉ।ਕਬੀਰ ਜੀ ਕਹਿੰਦੇ ਹਨ, ਹੇ ਮੇਰੇ ਮਨ! ਸੁਣ।(ਨਾਮ ਸਿਮਰਨ ਤੋਂ ਬਿਨਾ) ਇਹੀ ਹਾਲ ਤੇਰੇ ਹੋਣਗੇ (ਜੋ ਇਸ ਸਿਰ ਦਾ ਹੋਇਆ ਹੈ)।੨।੩੫।

ਪਦਾਰਥ = ਜਿਹ-ਜਿਸ।ਸਿਰਿ-ਸਿਰ ਉਤੇ।ਰਚਿ ਰਚਿ-ਸੁਆਰ ਸੁਆਰ ਕੇ।ਬਾਧਤ-ਬੰਨ੍ਹਦਾ ਹੈਂ।ਪਾਗੁ-ਪੱਗ।ਸੋ ਸਿਰੁ-ਉਹ ਸਿਰ; ਉਸ ਸਿਰ ਨੂੰ।੧।ਕਿਆ-ਕੀ।ਗਰਬਈਆ-ਹੰਕਾਰ ਕਰਦਾ ਹੈਂ।ਕਾਹੇ-ਕਿਉਂ।ਨ ਦ੍ਰਿੜੀਆ-(ਮਨ ਵਿਚ) ਪੱਕਾ ਨਹੀਂ ਕੀਤਾ।੧। ਰਹਾਉ।ਹਵਾਲ-ਹਾਲ।ਹੋਹਿਗੇ-ਹੋਣਗੇ।੨।੩੫।

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ ੴ ਸਤਿਗੁਰ ਪ੍ਰਸਾਦਿ ॥

ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥ ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ਰਹਾਉ॥ ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥ ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥ ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥ ਗੁਰ ਪਰਸਾਦੀ ਜੈ ਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥ ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ, ਤਿਨਿ ਸਾਚੁ ਪਛਾਨਾ ॥੬॥ ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥ ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥ ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥ (ਜਿਸ ਸੰਸਾਰਕ) ਸੁਖ ਮੰਗਣ ਕਰਕੇ ਅੱਗੋਂ ਦੁਖ ਆ ਮਿਲਦਾ ਹੋਵੇ।ਉਹ ਸੁਖ ਸਾਨੂੰ ਮੰਗਿਆ ਚੰਗਾ ਨਹੀਂ ਲਗਦਾ (ਸੰਸਾਰਕ ਸੁਖ ਥੋੜੇ ਚਿਰ ਪਿੱਛੋਂ ਦੁਖਾਂ ਵਿਚ ਬਦਲ ਜਾਂਦੇ ਹਨ)।੧।ਅਜੇ ਵੀ ਸਾਡੀ (ਜੀਵਾਂ ਦੀ) ਸੁਰਤ ਵਿਸ਼ਿਆਂ ਵਿਚ ਲੱਗੀ ਹੋਈ ਹੈ ਤੇ ਇਸ ਤੋਂ ਸੁਖਾਂ ਦੀ ਆਸ ਕਰੀ ਬੈਠੇ ਹਾਂ।(ਅਜੇਹੀ ਹਾਲਤ ਵਿਚ ਸਾਡੇ ਅੰਦਰ) ਰਾਜਾ ਰਾਮ ਦਾ ਨਿਵਾਸ ਕਿਵੇਂ ਹੋਵੇਗਾ? ਭਾਵ ਨਹੀਂ ਹੋ ਸਕਦਾ ਹੈ।੧।ਰਹਾਉ।ਇਸ ਵਿਸ਼ੇ ਸੁਖ ਤੋਂ ਸ਼ਿਵ ਤੇ ਬ੍ਰਹਮਾ ਡਰ ਗਏ ਸਨ।ਉਹ ਸੁਖ ਅਸੀਂ ਸੱਚ ਕਰਕੇ ਜਾਣ ਲਿਆ ਹੈ।੨। ਸਨਕਾਦਿਕ, ਨਾਰਦ ਮੁਨੀ ਤੇ ਸ਼ੇਸਨਾਗ।(ਉਨ੍ਹਾਂ ਨੇ ਵੀ) ਸਰੀਰ ਵਿਚ ਆਤਮਾ ਨੂੰ ਨਹੀਂ ਦੇਖਿਆ (ਵੱਡੇ ਵੱਡੇ ਰਿਸ਼ੀਆਂ ਮੁਨੀਆਂ ਨੇ ਵਿਸ਼ਿਆਂ ਦੇ ਹੁੰਦਿਆਂ ਮਨ ਨੂੰ ਜੋਤ ਰੂਪ ਕਰਕੇ ਨਹੀਂ ਜਾਣਿਆਂ, ਤਾਂ ਆਮ ਬੰਦੇ ਕਿਵੇਂ ਮਨ ਨੂੰ ਜਾਣ ਸਕਦੇ ਹਨ?)।ਹੇ ਭਾਈ! ਇਸ ਮਨ ਨੂੰ ਕੋਈ ਖੋਜੋ।(ਜਦ) ਤਨ ਛੁੱਟ ਜਾਂਦਾ ਹੈ, ਤਾਂ ਮਨ ਕਿਥੇ ਜਾ ਸਮਾਉਂਦਾ ਹੈ (ਤਨ ਤੋਂ ਵਿਛੜ ਕੇ ਮਨ

All Rights Reserved by Harjinder Singh Gyani | www.GuruGranthVakhyaan.org

ਕਿੱਥੇ ਜਾਂਦਾ ਹੈ)?।੪।ਜੈ ਦੇਵ ਅਤੇ ਨਾਮ ਦੇਵ ਜੀ (ਆਦਿ ਭਗਤ ਜੋ) ਹਨ, ਗੁਰੂ ਦੀ ਕ੍ਰਿਪਾ ਨਾਲ।ਇਨ੍ਹਾਂ ਨੇ ਹੀ ਭਗਤੀ ਕਰਕੇ ਪ੍ਰੇਮ ਦੁਆਰਾ (ਇਸ ਮਨ ਨੂੰ) ਜਾਣਿਆ ਹੈ।੫।ਜਿਸ ਮਨੁੱਖ ਦਾ ਭਰਮ ਚਲਾ ਗਿਆ ਹੈ, ਉਸ ਨੇ ਸੱਚੇ ਹਰੀ ਨੂੰ ਪਛਾਣਿਆ ਹੈ।(ਉਸ ਮਨੁੱਖ ਦੇ) ਇਸ ਮਨ ਨੂੰ ਜਨਮ ਮਰਨ ਨਹੀਂ ਹੁੰਦਾ।੬।ਇਸ ਮਨ ਦੀ ਕੋਈ ਸ਼ਕਲ ਸੂਰਤ ਨਹੀਂ ਹੈ ਤੇ ਨਾ ਹੀ ਕੋਈ ਚਿੰਨ੍ਹ ਆਦਿ ਹੈ।(ਇਹ ਪ੍ਰਭੂ ਦੇ) ਹੁਕਮ ਦੁਆਰਾ ਪੈਦਾ ਹੋਇਆ ਹੈ ਅਤੇ ਹੁਕਮ ਨੂੰ ਬੁਝ ਕੇ (ਪ੍ਰਭੂ ਵਿਚ) ਸਮਾ ਜਾਂਦਾ ਹੈ।੭।(ਜਿਹੜਾ) ਕੋਈ ਮਨੁੱਖ ਇਸ ਮਨ ਦਾ ਭੇਤ ਜਾਣ ਲੈਂਦਾ ਹੈ (ਕਿ ਮਨ ਕੀ ਹੈ? ਉਹ) ਇਸ ਮਨ ਦੁਆਰਾ ਸੁਖ ਸਰੂਪ ਤੇ ਪ੍ਰਕਾਸ਼ ਸਰੂਪ ਹਰੀ ਵਿਚ ਹੋ ਲੀਨ ਜਾਂਦਾ ਹੈ; ਇਸ ਮਨ ਦਾ ਕੋਈ ਵਿਰਲਾ ਭੇਤ ਜਾਣਦਾ ਹੈ, ਜੈਸਾ ਕਿ ਸੁਖਦੇਵ, ਜੋ ਇਸੇ ਮਨ ਵਿਚ ਲੀਨ ਹੋ ਗਿਅ ਸੀ।੮।ਜੀਵਾਤਮਾ ਇਕ ਹੈ ਅਤੇ (ਉਹ ਹੀ ਜੀਵਾਤਮਾ ਦਾ ਪ੍ਰਕਾਸ਼) ਸਾਰੇ ਸਰੀਰਾਂ ਵਿਚ ਵਿਆਪਕ ਹੈ {ਸਹਸ ਘਟਾ ਮਹਿ ਏਕੁ ਅਕਾਸੁ।ਘਟ ਫੂਟੇ ਤੇ ਓਹੀ ਪ੍ਰਗਾਸੁ ੭੩੬}।ਕਬੀਰ ਜੀ ਇਸੇ ਪ੍ਰਕਾਸ਼ ਸਰੂਪ ਮਨ ਦਾ ਸਿਮਰਨ ਕਰ ਰਹੇ ਹਨ।੯।੧।੩੬।

ਪਦਾਰਥ = ਅਸਟਪਦੀ–ਅੱਠ ਬੰਦਾਂ ਵਾਲਾ ਸ਼ਬਦ।ਮਾਂਗਤ–ਮੰਗਦਿਆਂ।ਆਗੈ–ਅੱਗੋਂ (ਪਹਿਲਾਂ); ਸਾਮ੍ਹਣੇ।ਸੋ–ਉਹ।ਹਮਹੁ–ਸਾਨੂੰ। ਨ ਭਾਵੈ–ਚੰਗਾ ਨਹੀਂ ਲਗਦਾ।੧।ਬਿਖਿਆ–ਵਿਸ਼ਿਆਂ ਵਿਚ; ਮਾਇਆ।ਅਜਹੁ–ਅਜੇ ਵੀ।ਸੁਰਤਿ–ਧਿਆਨ।ਹੋਈ ਹੈ–ਹੋਵੇਗਾ।ਰਾਜਾ ਰਾਮ–ਜੋਤ ਸਰੂਪ ਵਾਹਿਗੁਰੂ।੧।ਰਹਾਉ।ਡਰਾਨਾ–ਡਰ ਗਏ।ਹਮਹੁ–ਅਸੀਂ।ਜਾਨਾ–ਜਾਣਿਆ।੨।ਸਨਕਾਦਿਕ–ਬ੍ਰਹਮਾ ਦੇ ਚਾਰ ਪੁਤ੍ਰ (ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ)।ਸੇਖਾ–ਸ਼ੇਸਨਾਗ।ਤਿਨ ਭੀ–ਉਨ੍ਹਾਂ ਨੇ ਵੀ।ਪੇਖਾ–ਦੇਖਿਆ।੩।ਭਾਈ–ਹੇ ਭਾਈ! ।ਤਨ ਛੂਟੇ–ਸਰੀਰ ਛੁਟਦਾ ਹੈ (ਮਨ ਦਾ ਤਨ ਨਾਲੋਂ ਵਿਛੋੜਾ ਹੋਣ ਤੇ)।ਕਹਾ–ਕਿੱਥੇ।ਸਮਾਈ–ਸਮਾਉਂਦਾ (ਮਿਲਦਾ) ਹੈ।੪।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਨਾਮਾ–ਨਾਮ ਦੇਵ।ਇਨਹੀ–ਇਨ੍ਹਾਂ ਨੇ ਹੀ।੫।ਮਨ–ਜੀਵਾਤਮਾ।ਆਵਨ ਜਾਨਾ–ਜਨਮ ਮਰਨ।ਤਿਨਿ–ਉਸ ਨੇ।ਸਾਚੁ–ਸਦਾ ਥਿਰ ਪ੍ਰਭੂ ਨੂੰ।੬।ਰੂਪ–ਸ਼ਕਲ ਸੂਰਤ।ਰੇਖਿਆ–ਨਿਸ਼ਾਨ; ਲਕੀਰ।ਨ ਕਾਈ–ਕੋਈ ਨਹੀਂ।੭।ਭੇਉ–ਭੇਦ।ਸੁਖਦੇਉ–ਸੁਖ ਸਰੂਪ ਪ੍ਰਭੂ।੮।ਜੀਉ ਏਕੁ–ਇਕ ਆਤਮਾ (ਰੱਬੀ ਜੋਤ)।ਅਰੁ–ਅਤੇ।ਰਵਿ ਰਹੇ–ਜਪ ਰਹੇ ਹਨ।੯।੧।੩੬।

ਵਿਆਖਿਆ = ਇਸ ਅਸਟਪਦੀ ਵਿਚ ਕਬੀਰ ਜੀ ਮਨ ਦੇ ਦੋ ਰੂਪ ਦਸਦੇ ਹਨ।ਅੰਕ ਦੋ ਤਕ ਉਹ ਮਨ ਲੈ ਰਹੇ ਹਨ, ਜੋ ਵਿਸ਼ੇ ਭੋਗਾਂ ਵਿਚ ਸੁਖ ਮੰਨ ਰਿਹਾ ਹੈ, ਭੋਗ ਬ੍ਰਿਤੀ ਵਾਲਾ ਹੋ ਕੇ ਫਿਰ ਦੁਖ ਵੀ ਭੋਗਦਾ ਹੈ।ਇਹੋ ਮਨ ਵਿਸ਼ੇ ਸੁਖ ਵਿਚੋਂ ਨਿਕਲ ਕੇ ਪ੍ਰੇਮਾ ਭਗਤੀ ਦੁਆਰਾ ਜੋਤ ਸਰੂਪ ਬਣ ਜਾਂਦਾ ਹੈ, ਜਿਵੇਂ ਨਾਮ ਦੇਵ ਜੀ ਤੇ ਜੈ ਦੇਵ ਜੀ ਦਾ ਮਨ ਸੀ।ਅਜੇਹਾ ਸ਼ੁੱਧ ਚੇਤਨ ਮਨ ਆਵਾਗੌਣ ਵਿਚ ਨਹੀਂ ਪੈਂਦਾ, ਇਹ ਸੱਤ ਸਰੂਪ ਹੈ ਅਤੇ ਨਾ ਹੀ ਇਸਦਾ ਕੋਈ ਰੰਗ ਰੂਪ ਤੇ ਚਿੰਨ੍ਹ ਹੈ।ਵਿਸ਼ੇ ਸੁਖ ਵਾਲਾ ਮਨ, ਜੋਤ ਰੂਪ ਕਿਵੇਂ ਬਣ ਗਿਆ? ਉਤਰ ਹੈ ਕਿ ਹਰੇਕ ਸਰੀਰ ਵਿਚ ਜੋ ਵੱਖਰਾ ਵੱਖਰਾ ਮਨ ਹੈ, ਇਹ ਹੁਕਮ ਨਾਲ ਹੀ ਪੈਦਾ ਹੋਇਆ ਹੈ ਅਤੇ ਹੁਕਮ ਦੀ ਸਮਝ ਪੈਣ ਨਾਲ ਅਪਣੇ ਮੂਲ ਵਿਚ ਲੀਨ ਹੋ ਜਾਂਦਾ ਹੈ ਭਾਵ ਮਨ ਨੂੰ ਅਪਣੇ ਅਸਲੇ ਦਾ ਪਤਾ ਲਗ ਜਾਂਦਾ ਹੈ।ਕਹੁ ਕਬੀਰ ਜੋ ਜਾਨੈ ਭੇਉ (੩੨੯) ਅਤੇ ਇਸ ਅਸਟਪਦੀ ਦੀ ਅਖੀਰਲੀ ਤੁਕ = ਇਸ ਮਨ ਕਾ ਕੋਈ ਜਾਨੈ ਭੇਉ।ਦੋਹਾਂ ਤੁਕਾਂ ਵਿਚ ਆਪਸੀ ਸਾਂਝ ਹੈ, ਕਬੀਰ ਜੀ ਨੇ ਮਨ ਦਾ ਭੇਤ ਇਸ ਸ਼ਬਦ ਵਿਚ ਖੋਲ੍ਹਿਆ ਹੈ ਤੇ ਕੁਛ ਬਾਵਨ ਅੱਖਰੀ ਦੇ ਮੰਮੇ ਵਾਲੇ ਪਦੇ ਵਿਚ ਖੋਲ੍ਹਿਆ ਹੈ।ਅਖੀਰ ਵਿਚ ਸਪਸ਼ਟ ਕਰਦੇ ਹਨ ਕਿ ਇਹ ਮਨ ਸ਼ਕਤੀ ਤੇ ਪੰਜਾਂ ਤੱਤਾਂ ਦਾ ਜੀਉ ਰੂਪ ਨਹੀਂ ਹੈ, ਇਹ ਤਾਂ ਉਹ ਮਨ ਹੈ, ਜਿਸ ਨੂੰ ਜੀਉ ਜਾਂ ਆਤਮਾ ਕਹੀਦਾ ਹੈ, ਇਹ ਆਤਮਾ ਉਹ ਹੈ, ਜੋ ਸਰਬ ਵਿਆਪੀ ਇਕ ਚੇਤਨ ਸਰੂਪ ਵਾਹਿਗੁਰੂ ਦੀ ਅੰਸ਼ ਹੈ।ਜਿਸ ਨੂੰ ਕਬੀਰ ਜੀ ਜਪਦੇ ਹਨ।ਅੰਕ ੩ ਵਿਚ ਦਸਿਆ ਹੈ ਕਿ ਸਨਕਾਦਿਕਾਂ, ਨਾਰਦ ਤੇ ਸ਼ੇਖਨਾਗ ਨੇ ਵੀ ਤਨ ਵਿਚ ਮਨ ਨੂੰ ਨਹੀਂ ਦੇਖਿਆ।ਕਿਉਂਕਿ ਪਹਿਲਾਂ ਇਹ ਵੀ ਵਿਸ਼ੇ ਸੁਖਾਂ ਦੇ ਪ੍ਰੇਮੀ ਸਨ।ਇਸ ਲਈ ਇਨ੍ਹਾਂ ਨੇ ਵੀ ਸ਼ਕਤੀ ਤੇ ਪੰਜ ਤੱਤ ਕੋ ਜੀਉ ਵਾਲੇ ਮਨ ਦੇ ਅੰਦਰ ਜੋਤ ਰੂਪ ਮਨ ਨੂੰ ਨਹੀਂ ਦੇਖਿਆ।ਪਰ ਗੁਰੂ ਨਾਨਕ ਦੇਵ ਜੀ ਇਨ੍ਹਾਂ ਨੂੰ ਭਵ ਸਾਗਰ ਤੋਂ ਪਾਰ ਲੰਘ ਜਾਣ ਵਾਲੇ ਦਸਦੇ ਹਨ {ਗੁਰ ਕੈ ਸਬਦਿ ਤਰੇ ਮੁਨਿ ਕੇਤੇ, ਇੰਦ੍ਰਾਦਿਕ ਬ੍ਰਹਮਾਦਿ ਤਰੇ।ਸਨਕ ਸਨੰਦਨ ਤਪਸੀ ਜਨ ਕੇਤੇ, ਗੁਰ ਪਰਸਾਦੀ ਪਾਰਿ ਪਰੇ ੧੧੨੫}।ਕਬੀਰ ਜੀ ਦਾ ਇਹ ਭਾਵ ਨਹੀਂ ਕਿ ਸਨਕਾਦਿਕ, ਨਾਰਦ ਤੇ ਸ਼ੇਖਨਾਗ ਵਿਸ਼ੇ ਭੋਗਾਂ ਵਿਚ ਲੱਗੇ ਰਹੇ ਅਤੇ ਆਤਮ ਗਿਆਨ ਤੋਂ ਖਾਲੀ ਚਲੇ ਗਏ।ਜਦ ਉਹ ਸਰੀਰ ਤੋਂ ਉਚੇ ਨਹੀਂ ਸਨ ਉਠੇ, ਉਦੋਂ ਉਨ੍ਹਾਂ ਨੂੰ ਆਤਮਾ ਦਾ ਗਿਆਨ ਨਹੀਂ ਸੀ।ਉਦੋਂ ਉਨ੍ਹਾਂ ਨੂੰ ਸਰੀਰ ਦੇ ਮਨ ਵਿਚੋਂ ਜੋਤ ਰੂਪ ਮਨ ਨਹੀਂ ਸੀ ਦਿਸਿਆ।ਪਰ ਜਦ ਗੁਰੂ ਦੁਆਰਾ ਨਾਮ ਜਪ ਕੇ ਉਨ੍ਹਾਂ ਦੀ ਸੁਰਤ ਉਚੀ ਉਠੀ, ਤਾਂ ਇਨ੍ਹਾਂ ਨੂੰ ਸਰੀਰ ਵਿਚ ਜੋਤ ਰੂਪ ਮਨ ਦਿਸ ਪਿਆ।ਫਿਰ ਉਹ ਜਗਤ ਪ੍ਰਸਿੱਧ ਮਹਾਂ ਪੁਰਖ ਹੋਏ।**(ਸੰ.ਪੋ. ਦਾ ਸਾਰੰਸ਼)।**

ਗਉੜੀ ਗੁਆਰੇਰੀ ॥ ਅਹਿਨਿਸਿ ਏਕ ਨਾਮ ਜੋ ਜਾਗੇ ॥ ਕੇਤਕ ਸਿਧ ਭਏ ਲਿਵ ਲਾਗੇ ॥੧॥ਰਹਾਉ॥ ਸਾਧਕ ਸਿਧ ਸਗਲ ਮੁਨਿ

All Rights Reserved by Harjinder Singh Gyani | www.GuruGranthVakhyaan.org

ਹਾਰੇ ॥ ਏਕ ਨਾਮ ਕਲਿਪ ਤਰ ਤਾਰੇ ॥੧॥ ਜੋ ਹਰਿ ਹਰੇ ਸੁ ਹੋਹਿ ਨ ਆਨਾ ॥ ਕਹਿ ਕਬੀਰ ਰਾਮ ਨਾਮ ਪਛਾਨਾ ॥੨॥੩੭॥ ਜੋ ਪੁਰਖ ਦਿਨ ਰਾਤ ਇਕ ਪ੍ਰਭੂ ਦਾ ਨਾਮ ਜਪਦੇ ਹੋਏ (ਮਨ ਕਰਕੇ) ਜਾਗੇ ਹਨ।(ਅਜੇਹੇ) ਕਿਤਨੇ ਹੀ ਪ੍ਰਭੂ ਵਿਚ ਲਿਵ ਲਾ ਕੇ ਸਿਧੀ ਨੂੰ ਪ੍ਰਾਪਤ ਹੋਏ ਹਨ (ਜੀਵਨ ਸਫਲ ਕਰ ਗਏ)।੧।ਰਹਾਉ।(ਨਾਮ ਤੋਂ ਬੇ ਮੁਖ ਹੋਏ) ਅਭਿਆਸੀ ਪੁਰਖ, ਜੋਗ ਮੱਤ ਦੇ ਸਿੱਧ ਅਤੇ ਸਾਰੇ ਰਿਸ਼ੀ ਮੁਨੀ (ਅਪਣੇ ਅਪਣੇ ਤਰੀਕੇ ਦੀ ਕਮਾਈ ਕਰਦੇ) ਹਾਰ ਗਏ।ਇਕ ਹਰੀ ਦਾ ਨਾਮ ਕਲਪ ਬ੍ਰਿਛ ਹੈ, (ਜੋ ਸਭ ਦੀਆਂ ਕਾਮਨਾਂ ਪੂਰੀਆਂ ਕਰਦਾ ਹੈ, ਇਸ ਨਾਮ ਨੇ ਅਨੇਕਾਂ ਪੁਰਖ ਭਵਜਲ ਤੋਂ) ਤਾਰ ਦਿਤੇ ਹਨ।੧।ਜੋ ਮਨੁੱਖ ਹਰਿ ਹਰਿ ਜਪਦੇ ਹਨ, ਉਹ (ਹਰੀ ਤੋਂ ਬਿਨਾ) ਹੋਰ ਕਿਸੇ ਦੇ ਨਹੀਂ ਬਣਦੇ ਭਾਵ ਹਰੀ ਤੋਂ ਵੱਖ ਨਹੀਂ ਹੁੰਦੇ (ਸ਼ਬਦਾਰਥ)।ਕਬੀਰ ਜੀ ਆਖਦੇ ਹਨ, (ਮੈਂ ਤਾਂ ਮੁਕਤੀ ਦਾ ਦਾਤਾ ਕੇਵਲ) ਰਾਮ ਦੇ ਨਾਮ ਨੂੰ ਹੀ ਪਛਾਣਿਆ ਹੈ।੨।੩੭।

ਪਦਾਰਥ = ਅਹਿ–ਦਿਨ।ਨਿਸਿ–ਰਾਤ।ਜੋ ਜਾਗੇ–ਜੋ (ਮੋਹ ਮਾਇਆ ਦੀ ਨੀਂਦ ਵਿਚੋਂ) ਜਾਗ ਪਏ ਹਨ।ਕੇਤਕ–ਕਿਤਨੇ (ਅਨੇਕ) ਹੀ।ਸਿਧ–ਪੁੱਗੇ ਹੋਏ ਜੋਗੀ।ਲਿਵ ਲਾਗੇ–ਸੁਰਤ ਜੋੜ ਕੇ।੧।ਰਹਾਉ।ਸਾਧਕ–ਅਭਿਆਸੀ ਪੁਰਖ।ਮੁਨਿ–ਰਿਸ਼ੀ ਮੁਨੀ।ਹਾਰੇ–ਹਾਰ (ਥੱਕ) ਗਏ।ਕਲਿਪ ਤਰ–ਕਲਪ ਬ੍ਰਿਛ (ਹਿੰਦੂ ਮੱਤ ਅਨੁਸਾਰ ਸੁਰਗ ਦਾ ਇਕ ਰੁੱਖ, ਜੋ ਇੱਛਾ ਪੂਰੀ ਕਰਦਾ ਹੈ)।ਤਾਰੇ–ਤਾਰ ਦਿਤੇ। ਹਰਿ ਹਰੇ–ਹਰਿ ਹਰਿ; ਹਰੀ ਨੇ ਲੈ ਕਰ (ਮਿਲਾ) ਲਏ।ਹੋਹਿ ਨ–ਨਹੀਂ ਹੁੰਦੇ।ਆਨਾ–ਹੋਰ; ਵੱਖ।੨।੩੭।

ਹਰਿ ਹਰੇ = ਜੋ ਹਰੀ ਨੇ ਅਪਣੇ ਵਿਚ ਲੈ ਕਰ (ਮਿਲਾ) ਲਏ ਹਨ, ਉਹ ਹਰੀ ਤੋਂ ਅੱਡ ਨਹੀਂ ਹੋ ਸਕਦੇ (ਲੀਨ ਹੋ ਜਾਂਦੇ ਹਨ)।

ਉਥਾਨਕਾ = ਇਕ ਮਨੁੱਖ ਕਬੀਰ ਜੀ ਦਾ ਸੇਵਕ ਬਣ ਕੇ ਹਰੀ ਦਾ ਸਿਮਰਨ ਕਰਨ ਲਗ ਗਿਆ।ਬਾਦ ਵਿਚ ਉਸ ਨੂੰ ਸ਼ਿਵ ਜੀ ਦੇ ਇਕ ਸੇਵਕ ਨੇ ਭਰਮਾ ਲਿਆ ਕਿ ਹਰੀ ਦੇ ਸਿਮਰਨ ਨਾਲ ਤੈਨੂੰ ਕੀ ਮਿਲਿਆ? ਮਾਇਆ ਲੈਣੀ ਹੈ ਤਾਂ ਕਬੀਰ ਦੀ ਸੰਗਤ ਛਡ ਕੇ ਸ਼ਿਵ ਜੀ ਦੀ ਪੂਜਾ ਕਰਿਆ ਕਰ।ਫਿਰ ਤੈਨੂੰ ਬਹੁਤ ਮਾਇਆ ਮਿਲੇਗੀ, ਉਹ ਹਰੀ ਸਿਮਰਨ ਛਡ ਕੇ ਸ਼ਿਵ ਦਾ ਭਗਤ ਬਣ ਗਿਆ। ਇਕ ਦਿਨ ਕਬੀਰ ਜੀ ਬਾਹਰ ਸੈਰ ਨੂੰ ਜਾਂਦੇ ਸਨ ਤਾਂ ਰਸਤੇ ਵਿਚ ਇਹ ਮਨੁੱਖ ਮਿਲਿਆ।ਕਬੀਰ ਜੀ ਨੇ ਪੁੱਛਿਆ ਕਿ ਹੁਣ ਸੰਗਤ ਵਿਚ ਕਿਉਂ ਨਹੀਂ ਆਉਂਦਾ।ਤਾਂ ਇਸ ਨੇ ਦਸਿਆ ਕਿ ਮੈਂ ਹੁਣ ਸ਼ਿਵ ਭਗਤ ਬਣ ਗਿਆਂ ਹਾਂ, ਤਾਂ ਕਬੀਰ ਜੀ ਉਚਾਰਦੇ ਹਨ =

ਗਉੜੀ ਭੀ ਸੋਰਠਿ ਭੀ ॥ ਰੇ ਜੀਅ ਨਿਲਜ ਲਾਜ ਤੁੋਹਿ ਨਾਹੀ ॥ ਹਰਿ ਤਜਿ ਕਤ ਕਾਹੂ ਕੇ ਜਾਂਹੀ ॥੧॥ਰਹਾਉ॥ ਜਾ ਕੋ ਠਾਕੁਰੁ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ ॥੧॥ ਸੋ ਸਾਹਿਬੁ ਰਹਿਆ ਭਰਪੂਰਿ ॥ ਸਦਾ ਸੰਗਿ ਨਾਹੀ ਹਰਿ ਦੂਰਿ ॥੨॥ ਕਵਲਾ ਚਰਨ ਸਰਨ ਹੈ ਜਾ ਕੇ ॥ ਕਹੁ ਜਨ ਕਾ ਨਾਹੀ ਘਰ ਤਾ ਕੇ ॥੩॥ ਸਭੁ ਕੋਊ ਕਹੈ ਜਾਸੁ ਕੀ ਬਾਤਾ ॥ ਸੋ ਸੰਮ੍ਰਥੁ ਨਿਜ ਪਤਿ ਹੈ ਦਾਤਾ ॥੪॥ ਕਹੈ ਕਬੀਰੁ ਪੂਰਨ ਜਗ ਸੋਈ ॥ ਜਾ ਕੇ ਹਿਰਦੈ ਅਵਰੁ ਨ ਹੋਈ ॥੫॥੩੮॥ ਹੇ ਬੇ ਸ਼ਰਮ ਜੀਵ! ਤੈਨੂੰ ਸ਼ਰਮ ਨਹੀਂ ਆਉਂਦੀ? ਹਰੀ ਨੂੰ ਛਡ ਕੇ (ਤੂੰ) ਕਿੱਥੇ ਕਿਸ ਦੇ ਪਾਸ ਜਾਂਦਾ ਹੈਂ? (ਹਰੀ ਦਾ ਭਜਨ ਛਡ ਕੇ ਕਿਸੇ ਹੋਰ ਦੀ ਪੂਜਾ ਕਿਉਂ ਕਰਦਾ ਹੈਂ?)।੧।ਰਹਾਉ। ਜਿਸ ਮਨੁੱਖ ਦਾ ਮਾਲਕ ਸਭ ਤੋਂ ਉਚਾ ਹੋਵੇ।ਉਹ ਮਨੁੱਖ (ਸਭ ਤੋਂ ਵੱਡੇ ਹਰੀ ਨੂੰ ਛਡ ਕੇ) ਪਰਾਏ ਘਰ (ਦੇਵਤਿਆਂ ਦੇ ਦੁਆਰਿਆਂ ਤੇ ਮੰਗਣ) ਜਾਂਦਾ ਸੋਭਦਾ ਨਹੀਂ।੧।ਉਹ ਮਾਲਕ ਪ੍ਰਭੂ (ਸਭ ਜਗ੍ਹਾ) ਵਿਆਪਕ ਹੋ ਰਿਹਾ ਹੈ।(ਉਹ) ਪ੍ਰਭੂ ਸਦਾ ਤੇਰੇ ਨਾਲ ਹੈ ਅਤੇ ਕਿਸੇ ਤੋਂ ਕਦੇ ਦੂਰ ਨਹੀਂ।੨।(ਜੇ ਤੂੰ ਮਾਇਆ ਲਈ ਕਿਸੇ ਹੋਰ ਦੇ ਦਰ ਤੇ ਜਾਂਦਾ ਹੈਂ ਤਾਂ ਦੇਖ) ਮਾਇਆ ਤਾਂ ਜਿਸ ਪ੍ਰਭੂ ਦੇ ਚਰਨਾਂ ਦੀ ਸ਼ਰਨ ਵਿਚ ਵਸਦੀ ਹੈ।ਹੇ ਮਨੁੱਖ! ਤੂੰ ਦਸ, ਉਸ ਪ੍ਰਭੂ ਦੇ ਘਰ ਕਿਹੜੀ ਚੀਜ ਨਹੀਂ ਹੈ? (ਜੋ ਤੈਨੂੰ ਨਾ ਮਿਲ ਸਕੇ)।੩।ਜਿਸ ਪ੍ਰਭੂ ਦੀਆਂ ਹਰ ਕੋਈ ਗੱਲਾਂ ਕਰਦਾ ਹੈ (ਦੇਵੀ ਦੇਵਤੇ ਬੇਦ ਸ਼ਾਸਤ੍ਰ ਸਭ ਹਰੀ ਦਾ ਜਸ ਕਰਦੇ ਹਨ)।ਉਹ ਸਰਬ ਕਲਾ ਸਮਰੱਥ ਪ੍ਰਭੂ ਅਪਣਾ ਮਾਲਕ ਆਪ ਹੈ (ਉਸਦਾ ਹੋਰ ਦੂਜਾ ਕੋਈ ਮਾਲਕ ਨਹੀਂ, ਭਾਵ ਉਹ ਕਿਸੇ ਤੋਂ ਮੰਗ ਕੇ ਸਾਨੂੰ ਨਹੀਂ ਦੇਂਦਾ, ਉਹ ਸੁਤੰਤਰ) ਦਾਤਾ ਹੈ।੪।ਕਬੀਰ ਜੀ ਆਖਦੇ ਹਨ ਕਿ ਜਗਤ ਵਿਚ ਉਹ ਹੀ ਪੁਰਖ ਪੂਰਨ ਹੈ।ਜਿਸ ਦੇ ਹਿਰਦੇ ਵਿਚ (ਹਰੀ ਤੋਂ ਬਿਨਾ ਕੋਈ) ਹੋਰ ਨਾ ਹੋਵੇ (ਜੋ ਮਨੁੱਖ ਹਰੀ ਤੋਂ ਬਿਨਾ ਕਿਸੇ ਹੋਰ ਆਸਰਾ ਨਹੀਂ ਤੱਕਦਾ, ਉਹ ਪੂਰਨ ਹੈ)।੩੮।

ਪਦਾਰਥ = ਰੇ ਜੀਅ–ਹੇ ਜੀਵ!।ਨਿਲਜ (ਨਿਲੱਜ ਪੜ੍ਹੋ)–ਬੇ ਸ਼ਰਮ।ਲਾਜ–ਸ਼ਰਮ।ਤੁੋਹਿ–ਤੈਨੂੰ।ਤਜਿ–ਛਡ ਕੇ।ਕਤ–ਕਿਥੇ।ਕਾਹੂ ਕੇ–ਕਿਸ ਦੇ ਪਾਸ।ਜਾਂਹੀ–ਜਾਂਦਾ ਹੈਂ।੧।ਰਹਾਉ।ਜਾ ਕੋ–ਜਿਸ ਦਾ।ਠਾਕੁਰੁ–ਮਾਲਕ ਪ੍ਰਭੂ।ਸੋ ਜਨੁ–ਉਹ ਮਨੁੱਖ।ਪਰ ਘਰ–ਪਰਾਏ ਘਰਾਂ ਵਿਚ।ਨ ਸੋਹੀ–ਨਹੀਂ ਸੋਭਦਾ।੧।ਭਰਪੂਰਿ–ਸਭ ਜਗ੍ਹਾ ਨੱਕੋ ਨੱਕ ਭਰਿਆ ਹੋਇਆ (ਵਿਆਪਕ) ਹੈ।ਸੰਗਿ–ਨਾਲ।੨।ਕਵਲਾ –ਮਾਇਆ।ਜਾ ਕੇ–ਜਿਸ (ਪ੍ਰਭੂ) ਦੇ।ਕਹੁ–ਦੱਸ।ਜਨ–ਹੇ ਮਨੁੱਖ।ਕਾ–ਕਿਹੜੀ (ਚੀਜ)।ਤਾ ਕੇ–ਉਸ (ਪ੍ਰਭੂ) ਦੇ।੩।ਸਭੁ ਕੋਊ– ਸਭ ਕੋਈ (ਹਰੇਕ ਜੀਵ)।ਜਾਸੁ ਕੀ–ਜਿਸ (ਪ੍ਰਭੂ) ਦੀਆਂ।ਸੰਮ੍ਰਥੁ–ਤਾਕਤ ਵਾਲਾ।ਨਿਜ ਪਤਿ–ਆਪਣਾ ਮਾਲਕ ਆਪ (ਸੁਤੰਤਰ)।੪।

All Rights Reserved by Harjinder Singh Gyani | www.GuruGranthVakhyaan.org

ਪੂਰਨ-ਮੁਕੰਮਲ। ਸੋਈ-ਉਹ ਹੀ। ਜਾ ਕੇ-ਜਿਸ ਦੇ। ਅਵਰੁ-(ਪ੍ਰਭੂ ਤੋਂ ਬਿਨਾ) ਕੋਈ ਹੋਰ। ੫। ੩੮।

ਅੰਗ ੩੩੧ = ਕਉਨੁ ਕੋ ਪੂਤੁ ਪਿਤਾ ਕੋ ਕਾ ਕੋ ॥ ਕਉਨੁ ਮਰੈ ਕੋ ਦੇਇ ਸੰਤਾਪੋ ॥੧॥ ਹਰਿ ਠਗ ਜਗ ਕਉ ਠਗਉਰੀ ਲਾਈ ॥ ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ ॥੧॥ਰਹਾਉ॥ ਕਉਨ ਕੋ ਪੁਰਖੁ ਕਉਨ ਕੀ ਨਾਰੀ ॥ ਇਆ ਤਤ ਲੇਹੁ ਸਰੀਰ ਬਿਚਾਰੀ ॥੨॥ ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥ ਗਈ ਠਗਉਰੀ ਠਗੁ ਪਹਿਚਾਨਿਆ ॥੩॥੩੯॥ (ਹੇ ਭਾਈ! ਜਗਤ ਰਚਨਾ ਵਾਹਿਗੁਰੂ ਦੀ ਖੇਡ ਹੈ। ਇਸ ਵਿਚ) ਕੌਣ ਕੋਈ ਕਿਸੇ ਦਾ ਪੁਤ੍ਰ ਹੈ ਤੇ ਕੌਣ ਕੋਈ ਕਿਸੇ ਦਾ ਪਿਤਾ ਹੈ? {ਕਾ ਕੀ ਮਾਈ ਕਾ ਕੋ ਬਾਪ। ਨਾਮ ਧਾਰੀਕ ਝੂਠੇ ਸਭਿ ਸਾਕ ੧੮੮} (ਸਭ ਪ੍ਰਾਲਬਧ ਨਾਲ ਸਾਕ ਸਬੰਧੀ ਕੱਠੇ ਹੁੰਦੇ ਹਨ)। ਕੌਣ ਮਰਦਾ ਹੈ ਤੇ ਕੌਣ (ਕਿਸੇ ਨੂੰ) ਦੁਖ ਦੇਂਦਾ ਹੈ? (ਸਿਰਫ ਮੋਹ ਕਰਕੇ ਦੁਖ ਹੈ। ੧। ਜੇ ਕੋਈ ਕਿਸੇ ਦਾ ਨਹੀਂ, ਤਾਂ ਮਮਤਾ ਕਿਉਂ ਹੈ?) ਹਰੀ ਠੱਗ ਹੈ, (ਜਿਸ ਨੇ) ਜਗਤ ਨੂੰ (ਠੱਗਣ ਵਾਸਤੇ ਮੋਹ ਰੂਪ) ਠਗ ਬੂਟੀ ਲਾਈ ਹੋਈ ਹੈ (ਜਿਸ ਕਰਕੇ ਜੀਵ ਨੂੰ ਸਬੰਧੀਆਂ ਦਾ ਮੋਹ ਹੈ ਤੇ ਹਰੀ ਨੂੰ ਭੁੱਲੀ ਬੈਠਾ ਹੈ)। ਹੇ ਮੇਰੀ ਮਾਂ! (ਮੈਂ ਮੋਹ ਮਮਤਾ ਵਿਚ ਨਹੀਂ ਫਸਿਆ) ਮੈਂ ਹਰੀ ਦੇ ਵਿਛੋੜੇ ਵਿਚ ਕਿਵੇਂ ਜੀਵਾਂਗਾ? ।੧। ਰਹਾਉ। ਕੌਣ ਕੋਈ (ਕਿਸੇ ਦਾ) ਪਤੀ ਹੈ ਤੇ ਕੌਣ ਕੋਈ (ਕਿਸੇ ਦੀ) ਇਸਤ੍ਰੀ ਹੈ? ਇਹ ਪੰਜ ਤੱਤ ਹੀ ਸਾਰੇ ਸਰੀਰ ਸਮਝ ਲਵੋ ਭਾਵ ਸਰੀਰ ਕੀ ਹਨ? ਪੰਜਾਂ ਤੱਤਾਂ ਦੇ ਢਾਂਚੇ ਬਣੇ ਹੋਏ ਹਨ (ਸ਼ਬਦਾਰਥ); ਇਹ ਅਸਲੀਅਤ ਸਾਰੇ ਸਰੀਰਾਂ ਬਾਰੇ ਬਿਚਾਰ ਲਵੋ। ੨। ਕਬੀਰ ਜੀ ਆਖਦੇ ਹਨ (ਕਿ ਮੋਹ ਰੂਪ ਠਗ ਬੂਟੀ ਪੈਦਾ ਕਰਨ ਵਾਲੇ) ਠੱਗ ਨਾਲ ਮੇਰਾ ਮਨ ਮੰਨ ਗਿਆ ਹੈ। (ਹੁਣ ਮੋਹ ਰੂਪ) ਠਗ ਬੂਟੀ ਦਾ ਅਸਰ ਦੂਰ ਹੋ ਗਿਆ ਤੇ ਹਰੀ ਠੱਗ ਨੂੰ ਪਛਾਣ ਲਿਆ ਹੈ (ਉਸ ਦੀ ਮੋਹ ਮਾਇਆ ਦੀ ਖੇਡ ਨੂੰ ਮੈਂ ਸਮਝ ਗਿਆ ਹਾਂ)। ੩। ੩੯।

ਪਦਾਰਥ = ਕਉਨ ਕੋ-ਕੌਣ ਕੋਈ। ਕਾ ਕੋ-ਕਿਸ ਦਾ। ਕੋ-ਕੌਣ। ਦੇਇ-ਦੇਂਦਾ ਹੈ। ਸੰਤਾਪੋ-ਦੁਖ। ੧। ਕਉ-ਨੂੰ। ਠਗਉਰੀ-ਠਗ ਬੂਟੀ (ਬੇਹੋਸ਼ ਕਰਨ ਵਾਲੀ ਬੂਟੀ, ਜੋ ਕਿਸੇ ਨੂੰ ਲੁੱਟਣ ਲਈ ਠੱਗ ਵਰਤਦੇ ਹਨ)। ਬਿਓਗ-ਵਿਛੋੜਾ। ਜੀਅਉ-ਮੈਂ ਜੀਵਾਂਗਾ। ਮਾਈ-ਹੇ ਮਾਂ!। ੧। ਰਹਾਉ। ਪੁਰਖੁ-ਪਤੀ। ਨਾਰੀ-ਪਤਨੀ। ਇਆ-ਇਹ; ਇਸ। ਤਤ-(ਪੰਜ) ਤੱਤ; ਅਸਲੀਅਤ। ੨। ਕਹਿ-ਕਹੈ; ਆਖਦਾ ਹੈ। ਸਿਉ -ਨਾਲ। ਮਨੁ ਮਾਨਿਆ-ਮਨ ਮੰਨ ਗਿਆ। ਠਗੁ-ਮੋਹ ਤੇ ਮਾਇਆ ਦੀ ਸ਼ਕਤੀ ਨਾਲ ਜੀਵਾਂ ਨੂੰ ਲੁਭਾਉਣ ਵਾਲਾ ਹਰੀ। ੩। ੩੯।

ਅਬ ਮੋਕਉ ਭਏ ਰਾਜਾ ਰਾਮ ਸਹਾਈ ॥ ਜਨਮ ਮਰਨ ਕਟਿ ਪਰਮ ਗਤਿ ਪਾਈ ॥੧॥ਰਹਾਉ॥ ਸਾਧੂ ਸੰਗਤਿ ਦੀਓ ਰਲਾਇ ॥ ਪੰਚ ਦੂਤ ਤੇ ਲੀਓ ਛਡਾਇ ॥ ਅੰਮ੍ਰਿਤ ਨਾਮੁ ਜਪਉ ਜਪੁ ਰਸਨਾ ॥ ਅਮੋਲ ਦਾਸੁ ਕਰਿ ਲੀਨੋ ਅਪਨਾ ॥੧॥ ਸਤਿਗੁਰ ਕੀਨੋ ਪਰਉਪਕਾਰੁ ॥ ਕਾਢਿ ਲੀਨ ਸਾਗਰ ਸੰਸਾਰ ॥ ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਗੋਬਿੰਦੁ ਬਸੈ ਨਿਤਾ ਨਿਤ ਚੀਤ ॥੨॥ ਮਾਇਆ ਤਪਤਿ ਬੁਝਿਆ ਅੰਗਿਆਰੁ ॥ ਮਨਿ ਸੰਤੋਖੁ ਨਾਮੁ ਆਧਾਰੁ ॥ ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ ॥ ਜਤ ਪੇਖਉ ਤਤ ਅੰਤਰਜਾਮੀ ॥੩॥ ਅਪਨੀ ਭਗਤਿ ਆਪ ਹੀ ਦ੍ਰਿੜਾਈ ॥ ਪੂਰਬ ਲਿਖਤੁ ਮਿਲਿਆ ਮੇਰੇ ਭਾਈ ॥ ਜਿਸੁ ਕ੍ਰਿਪਾ ਕਰੇ ਤਿਸੁ ਪੂਰਨ ਸਾਜ ॥ ਕਬੀਰ ਕੋ ਸੁਆਮੀ ਗਰੀਬ ਨਿਵਾਜ ॥੪॥੪੦॥ ਹੁਣ ਰਾਜਾ ਰਾਮ ਜੀ ਮੇਰੇ ਲਈ ਸਹਾਈ ਹੋ ਗਏ ਹਨ। (ਸਹਾਈ ਹੋ ਕੇ ਉਸ ਨੇ ਮੇਰਾ) ਜਨਮ ਮਰਨ ਕੱਟ ਦਿਤਾ ਹੈ, (ਜਿਸ ਕਰਕੇ ਮੈਂ) ਮੁਕਤੀ ਪ੍ਰਾਪਤ ਕਰ ਲਈ ਹੈ। ੧। ਰਹਾਉ। (ਮੁਕਤੀ ਕਿਵੇਂ ਮਿਲੀ? ਪਹਿਲਾਂ ਮੈਨੂੰ) ਸਾਧੂ ਦੀ ਸੰਗਤਿ ਵਿਚ ਰਲਾ ਦਿਤਾ। (ਸਾਧ ਸੰਗਤ ਦੇ ਪ੍ਰਤਾਪ ਨਾਲ ਪ੍ਰਭੂ ਨੇ) ਪੰਜ ਕਾਮ ਕ੍ਰੋਧ ਆਦਿ ਵੈਰੀਆਂ ਤੋਂ ਛੁਡਾ ਲਿਆ। ਮੈਂ ਜੀਭ ਨਾਲ (ਹੁਣ ਗੁਰੂ ਦਾ ਦਿਤਾ) ਅੰਮ੍ਰਿਤ ਨਾਮ ਰੂਪ ਜਾਪ ਜਪਦਾ ਹਾਂ। (ਸਤਿਗੁਰੂ ਨੇ ਮੈਨੂੰ) ਅਪਣਾ ਅਮੋਲਕ ਦਾਸ ਬਣਾ ਲਿਆ ਹੈ। ੧। ਸਤਿਗੁਰੂ ਨੇ (ਮੇਰੇ ਉਤੇ) ਪਰ ਉਪਕਾਰ ਕੀਤਾ। (ਜੋ ਮੈਨੂੰ ਉਸ ਨੇ) ਸੰਸਾਰ ਸਮੁੰਦਰ ਵਿਚੋਂ ਕੱਢ ਲਿਆ। (ਪ੍ਰਭੂ ਦੇ) ਚਰਨਾਂ ਕਵਲਾਂ ਨਾਲ ਮੇਰੀ ਪ੍ਰੀਤ ਲਗ ਗਈ ਹੈ। (ਜਿਸ ਪ੍ਰੀਤ ਦੇ ਕਾਰਣ) ਗੋਬਿੰਦ ਮੇਰੇ ਚਿਤ ਵਿਚ ਨਿਤਾ ਪ੍ਰਤੀ ਵਸ ਰਿਹਾ ਹੈ। ੨। (ਹੁਣ ਮਨ ਵਿਚ) ਮਾਇਆ ਦਾ ਤਪਦਾ ਅੰਗਿਆਰ ਬੁਝ ਗਿਆ ਹੈ। (ਹੁਣ ਮੇਰੇ) ਮਨ ਵਿਚ ਸੰਤੋਖ ਆ ਗਿਆ ਹੈ ਅਤੇ ਨਾਮ (ਮੇਰੇ ਮਨ ਦਾ) ਆਸਰਾ ਬਣ ਗਿਆ ਹੈ। (ਨਾਮ ਦੇ ਪ੍ਰਤਾਪ ਕਰਕੇ ਮੈਨੂੰ ਹੁਣ) ਪ੍ਰਭੂ ਜਲ ਵਿਚ ਤੇ ਥਲ ਵਿਚ ਵਿਆਪਕ ਹੋ ਰਿਹਾ ਦਿਸਦਾ ਹੈ। ਜਿਥੇ ਦੇਖਦਾ ਹਾਂ, ਉਥੇ ਅੰਤਰਜਾਮੀ ਮਾਲਕ ਪ੍ਰਭੂ ਮਾਲਕ ਦਿਸ ਰਹੇ ਹਨ। ੩। (ਇਸ ਮੇਰਾ ਕੋਈ ਜਤਨ ਨਹੀਂ, ਪ੍ਰਭੂ ਨੇ ਮੈਨੂੰ) ਅਪਣੀ ਭਗਤੀ ਆਪ ਹੀ ਦ੍ਰਿੜ ਕਰਾਈ ਹੈ। ਹੇ ਮੇਰੇ ਭਾਈ! (ਜੋ ਕੁਛ ਮੈਨੂੰ ਹੁਣ) ਮਿਲਿਆ ਹੈ, (ਇਹ) ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦਾ ਲੇਖ ਸੀ। ਜਿਸ ਮਨੁੱਖ ਉਪਰ (ਪ੍ਰਭੂ) ਕ੍ਰਿਪਾ ਕਰਦਾ ਹੈ, ਉਸ ਦੀ ਪੂਰੀ ਬਣਤ ਬਣ ਜਾਂਦੀ ਹੈ (ਭਗਤੀ ਵਾਸਤੇ ਜੋ ਗੁਣ ਰੂਪ ਸਾਜੋ ਸਮਾਨ ਲੋੜੀਂਦਾ ਹੁੰਦਾ ਹੈ, ਉਹ ਹਰੀ ਪੂਰਾ ਕਰ ਦੇਂਦਾ ਹੈ)। ਕਬੀਰ ਦਾ ਮਾਲਕ ਪ੍ਰਭੂ ਗਰੀਬਾਂ ਨੂੰ ਵਡਿਆਈ ਦੇਣ ਵਾਲਾ ਹੈ। ੪। ੪੦।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਅਬ-ਹੁਣ। ਮੋਕਉ-ਮੈਨੂੰ; ਮੇਰੇ ਲਈ। ਰਾਜਾ ਰਾਮ-ਪ੍ਰਕਾਸ਼ ਸਰੂਪ ਸਰਬ ਵਿਆਪਕ ਵਾਹਿਗੁਰੂ। ਸਹਾਈ-ਸਹਾਇਤਾ ਕਰਨ ਵਾਲਾ। ਪਰਮ ਗਤਿ-ਮੁਕਤੀ। ਪਾਈ-ਪ੍ਰਾਪਤ ਕਰ ਲਈ।੧। ਰਹਾਉ। ਸਾਧੂ ਸੰਗਤਿ-ਗੁਰੂ ਦੀ ਸੰਗਤ ਵਿਚ। ਪੰਚ ਦੂਤ-(ਕਾਮ ਕ੍ਰੋਧ ਲੋਭ ਮੋਹ ਤੇ ਹੰਕਾਰ) ਪੰਜ ਵੈਰੀ। ਤੇ-ਤੋਂ। ਨਾਮੁ ਜਪਉ ਜਪੁ-ਨਾਮ ਰੂਪ ਜਪ ਜਪਦਾ ਹਾਂ। ਰਸਨਾ-ਜੀਭ ਨਾਲ। ਅਮੋਲ-ਮੁੱਲ ਦੇਣ ਤੋਂ ਬਿਨਾ (ਦਾਸ ਬਣਨ ਲਈ ਕੋਈ ਖਰਚ ਨਹੀਂ ਕਰਨਾ ਪਿਆ); ਬੇਸ਼ਕੀਮਤੀ। ਕਰਿ ਲੀਨੋ-ਬਣਾ ਲਿਆ।੧। ਕਾਢਿ ਲੀਨ-ਕੱਢ ਲਿਆ। ਸਿਉ-ਨਾਲ। ਨਿਤਾ ਨਿਤ-ਹਰ ਸਮੇਂ।੨। ਤਪਤਿ-ਤਪਦਾ ਹੋਇਆ। ਬੁਝਿਆ-ਬੁਝ ਗਿਆ। ਅੰਗਿਆਰ-ਅੱਗ ਦਾ ਭਖਦਾ ਕੋਲਾ। ਆਧਾਰੁ-ਆਸਰਾ। ਥਲਿ-ਧਰਤੀ ਤੇ। ਪੂਰਿ ਰਹੇ-ਵਿਆਪਕ ਹੋ ਰਿਹਾ ਹੈ। ਜਤ-ਜਿਥੇ। ਤਤ-ਉਥੇ।੩। ਪੂਰਬ-ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦਾ। ਲਿਖਤੁ-ਲੇਖ। ਭਾਈ-ਹੇ ਭਾਈ!। ਸਾਜ-ਬਣਤ; ਸਬੱਬ। ਕੋ-ਦਾ। ਨਿਵਾਜ-ਵਡਿਆਈ ਦੇਣ ਵਾਲਾ।੪।੪੦।

ਜਲਿ ਹੈ ਸੂਤਕੁ ਥਲਿ ਹੈ ਸੂਤਕੁ ,ਸੂਤਕ ਓਪਤਿ ਹੋਈ ॥ ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ ॥੧॥ ਕਹੁ ਰੇ ਪੰਡੀਆ, ਕਉਨ ਪਵੀਤਾ ॥ ਐਸਾ ਗਿਆਨੁ ਜਪਹੁ ਮੇਰੇ ਮੀਤਾ ॥੧॥ਰਹਾਉ॥ ਨੈਨਹੁ ਸੂਤਕੁ ਬੈਨਹੁ ਸੂਤਕੁ ,ਸੂਤਕੁ ਸ੍ਰਵਨੀ ਹੋਈ ॥ ਊਠਤ ਬੈਠਤ ਸੂਤਕੁ ਲਾਗੈ, ਸੂਤਕੁ ਪਰੈ ਰਸੋਈ ॥ ਫਾਸਨ ਕੀ ਬਿਧਿ ਸਭੁ ਕੋਊ ਜਾਨੈ, ਛੂਟਨ ਕੀ ਇਕੁ ਕੋਈ ॥ ਕਹਿ ਕਬੀਰ ਰਾਮੁ ਰਿਦੈ ਬਿਚਾਰੈ, ਸੂਤਕੁ ਤਿਨੈ ਨ ਹੋਈ ॥੩॥੪੧॥ (ਹੇ ਪੰਡਤ ਜੀ!) ਪਾਣੀ ਵਿਚ ਸੂਤਕ ਹੈ (ਕਿਉਂਕਿ ਅਨੇਕਾਂ ਜੀਵ ਪਾਣੀ ਵਿਚ ਜੰਮਦੇ ਮਰਦੇ ਰਹਿੰਦੇ ਹਨ), ਧਰਤੀ ਤੇ ਵੀ ਸੂਤਕ ਹੈ (ਕਿਉਂਕਿ ਧਰਤੀ ਉਤੇ ਵੀ ਬੇਅੰਤ ਜੀਵ ਜੰਮਦੇ ਤੇ ਮਰਦੇ ਹਨ), ਸੂਤਕ ਵਿਚ ਹੀ (ਦੁਨੀਆਂ ਦੀ) ਉਤਪਤੀ ਹੁੰਦੀ ਹੈ; (ਬਨਸਪਤੀ ਦੀ) ਉਤਪਤੀ ਵਿਚ ਵੀ ਸੂਤਕ ਹੁੰਦਾ ਹੈ। (ਤੁਹਾਡੇ ਖਿਆਲ ਅਨੁਸਾਰ) ਜਨਮ ਸਮੇਂ ਸੂਤਕ ਹੈ ਤੇ ਫਿਰ ਮਰਨ ਸਮੇਂ ਵੀ ਸੂਤਕ ਹੈ, (ਇਸ ਤਰ੍ਹਾਂ ਤੁਹਾਡੇ ਇਸ) ਸੂਤਕ ਨੇ ਸਾਰੀ ਪਰਜਾ ਖਰਾਬ ਕਰ ਰੱਖੀ ਹੈ।੧। ਹੇ ਪੰਡਤ! ਦੱਸ, (ਦੁਨੀਆਂ ਵਿਚ) ਕੌਣ ਪਵਿਤ੍ਰ ਹੈ? ਹੇ ਮੇਰੇ ਮਿਤ੍ਰ! ਇਸ ਤਰ੍ਹਾਂ ਦੇ ਗਿਆਨ ਨੂੰ ਵਿਚਾਰ (ਕਿ ਅਸਲ ਪਵਿਤ੍ਰ ਕੌਣ ਹੈ?)।੧। ਰਹਾਉ। ਅੱਖਾਂ ਤੋਂ (ਪਰਾਇਆ ਰੂਪ ਦੇਖਣ ਕਰਕੇ) ਸੂਤਕ ਪੈਦਾ ਹੁੰਦਾ ਹੈ, (ਜੀਭ ਨਾਲ ਝੂਠ ਜਾਂ ਕੌੜੇ) ਬੋਲ ਬੋਲਣ ਤੋਂ ਸੂਤਕ ਹੁੰਦਾ ਹੈ ਤੇ ਕੰਨਾਂ ਦੁਆਰਾ (ਨਿੰਦਿਆ ਚੁਗਲੀ ਸੁਣਨ ਨਾਲ) ਵੀ ਸੂਤਕ ਹੁੰਦਾ ਹੈ। ਉਠਦਿਆਂ ਬੈਠਦਿਆਂ (ਜੋ ਪੈਰਾਂ ਹੇਠ ਆ ਕੇ ਜੀਵ ਮਰਦੇ ਹਨ, ਉਨ੍ਹਾਂ ਦਾ) ਸੂਤਕ ਲਗਦਾ ਹੈ, ਇਸੇ ਤਰ੍ਹਾਂ ਰਸੋਈ ਵਿਚ ਵੀ ਸੂਤਕ ਪੈਂਦਾ ਹੈ (ਕਿਉਂਕਿ ਗੋਹੇ ਤੇ ਲੱਕੜੀ ਦੀ ਬਲਦੀ ਅੱਗ ਵਿਚ ਅਨੇਕਾਂ ਜੀਵ ਮਰਦੇ ਹਨ। ਜੇ ਇਸ ਵਹਿਮ ਭਰਮ ਵਿਚ ਪੈ ਜਾਈਏ ਤਾਂ ਰੋਟੀ ਵੀ ਖਾਣੀ ਔਖੀ ਹੋਵੇਗੀ।੨। ਇਨ੍ਹਾਂ ਵਹਿਮਾਂ ਭਰਮਾਂ ਦੇ ਜਾਲ ਵਿਚ) ਫਸਣ ਦਾ ਤਰੀਕਾ ਸਭ ਕੋਈ ਜਾਣਦਾ ਹੈ, (ਪਰ ਇਨ੍ਹਾਂ ਤੋਂ) ਛੁੱਟਣ ਦੀ ਵਿਧੀ ਕੋਈ ਇਕ ਵਿਰਲਾ ਮਨੁੱਖ ਹੀ ਜਾਣਦਾ ਹੈ। ਕਬੀਰ ਜੀ ਆਖਦੇ ਹਨ ਕਿ ਜਿਹੜੇ ਮਨੁੱਖ ਰਾਮ ਨੂੰ ਹਿਰਦੇ ਵਿਚ ਵਿਚਾਰਦੇ ਹਨ, ਉਨ੍ਹਾਂ ਨੂੰ ਸੂਤਕ ਨਹੀਂ ਹੁੰਦਾ।੩।੪੧।

ਪਦਾਰਥ = ਜਲਿ-ਪਾਣੀ ਵਿਚ। ਥਲਿ-ਧਰਤੀ ਉਤੇ। ਓਪਤਿ-ਉਤਪਤੀ। ਫੁਨਿ-ਫਿਰ ਵੀ। ਪਰਜ-ਪਰਜਾ; ਦੁਨੀਆਂ। ਬਿਗੋਈ-ਖੁਆਰ ਕੀਤੀ ਹੋਈ ਹੈ।੧। ਰੇ ਪੰਡੀਆ-ਹੇ ਪੰਡਤ!। ਪਵੀਤਾ-ਪਵਿਤ੍ਰ। ਜਪਹੁ-ਸਮਝੋ; ਵਿਚਾਰੋ; ਦੇਖੋ (ਮ.ਕੋ.); ਬੋਲੋ; ਦੱਸੋ।੧। ਰਹਾਉ। ਨੈਨਹੁ-ਅੱਖਾਂ ਤੋਂ। ਬੈਨਹੁ-ਬੋਲ ਬੋਲਣ ਤੋਂ। ਸ੍ਰਵਨੀ-ਕੰਨਾਂ ਰਾਹੀਂ। ਪਰੈ-ਪੈਂਦਾ ਹੈ।੨। ਫਾਸਨ-ਫਸਣ ਦਾ। ਬਿਧਿ-ਤਰੀਕਾ। ਸਭੁ ਕੋਊ-ਹਰੇਕ ਜੀਵ। ਛੂਟਨ ਕੀ-ਮੁਕਤ ਹੋਣ ਦੀ। ਇਕੁ ਕੋਈ-ਕੋਈ ਇਕ ਵਿਰਲਾ ਬੰਦਾ। ਤਿਨੈ-ਉਨ੍ਹਾਂ ਮਨੁੱਖਾਂ ਨੂੰ।੩।੪੧।

ਸੂਤਕੁ = ਪ੍ਰਸੂਤ ਸਮੇਂ ਦੀ ਅਸੁੱਧੀ; ਅਪਵਿਤ੍ਰਤਾ। ਜਿਸ ਘਰ ਵਿਚ ਬੱਚਾ ਜਨਮਦਾ ਹੈ ਜਾਂ ਕੋਈ ਪ੍ਰਾਣੀ ਮਰਦਾ ਹੈ, ਪ੍ਰੋਹਤ ਉਥੇ ਭੋਜਨ ਨਹੀਂ ਖਾਂਦੇ। ਸੂਤਕ ਪਦ ਜੰਮਣ ਮਰਨ ਦੋਹਾਂ ਦੇ ਪ੍ਰਥਾਇ ਵਰਤਿਆ ਜਾਂਦਾ ਹੈ, ਪਰ ਸ਼ਾਸਤ੍ਰਾਂ ਵਿਚ ਵਿਸ਼ੇਸ ਤੌਰ ਤੇ ਸੂਤਕ ਪਦ ਜੰਮਣ ਸਮੇਂ ਦੀ ਅਤੇ ਪਾਤਕ ਪਦ ਮਰਨ ਸਮੇਂ ਦੀ ਅਪਵਿਤ੍ਰਤਾ ਲਈ ਵਰਤਿਆ ਹੈ। ਫਿਰ ਸੂਤਕ ਪਾਤਕ ਦੇ ਦਿਨ ਵੀ ਚਾਰੇ ਵਰਣਾਂ ਦੇ ਲੋਕਾਂ ਲਈ ਘਟ ਵੱਧ ਹਨ। ਬ੍ਰਹਮ ਵੇਤਾ, ਰਾਜਾ, ਸ਼ਹੀਦ ਤੇ ਅਕਾਸ਼ੀ ਬਿਜਲੀ ਨਾਲ ਮਰੇ ਮਨੁੱਖ ਦਾ ਸੂਤਕ ਨਹੀਂ ਲਗਦਾ।

ਅੰਗ ੨੨੯, ੪੧੩ ਅਤੇ ੪੭੨ (ਆਸਾ ਦੀ ਵਾਰ) ਉਤੇ ਸੂਤਕ ਦੇ ਪ੍ਰਮਾਣ ਲਈ ਸ਼ਬਦ ਹਨ।

ਗਉੜੀ ॥ ਝਗਰਾ ਏਕੁ ਨਿਬੇਰਹੁ ਰਾਮ ॥ ਜਉ ਤੁਮ ਅਪਨੇ ਜਨ ਸੌ ਕਾਮੁ ॥੧॥ਰਹਾਉ॥ ਇਹੁ ਮਨੁ ਬਡਾ ਕਿ ਜਾ ਸਉ ਮਨੁ ਮਾਨਿਆ ॥ ਰਾਮੁ ਬਡਾ ਕੈ ਰਾਮਹਿ ਜਾਨਿਆ ॥੧॥ ਬ੍ਰਹਮਾ ਬਡਾ ਕਿ ਜਾਸੁ ਉਪਾਇਆ ॥ ਬੇਦੁ ਬਡਾ ਕਿ ਜਹਾਂ ਤੇ ਆਇਆ ॥੨॥ ਕਹਿ ਕਬੀਰ ਹਉ ਭਇਆ ਉਦਾਸੁ ॥ ਤੀਰਥੁ ਬਡਾ ਕਿ ਹਰਿ ਕਾ ਦਾਸੁ ॥੩॥੪੨॥ ਹੇ ਰਾਮ! ਜੇ ਤੁਹਾਡਾ ਅਪਣੇ ਦਾਸ ਨਾਲ ਕੋਈ ਕੰਮ ਹੈ (ਜੇ ਸੇਵਕ ਦਾ ਜੀਵਨ ਸੁਆਰਨਾ ਹੈ) ਤਾਂ ਇਕ ਝਗੜਾ ਦੂਰ ਕਰ ਦਿਓ।੧। ਰਹਾਉ। (ਉਹ ਝਗੜਾ ਇਹ ਹੈ, ਤੁਸੀਂ ਦੱਸੋ) ਇਹ ਮਨ ਵੱਡਾ ਹੈ ਕਿ ਜਿਸ (ਪ੍ਰਭੂ) ਨਾਲ ਲਗ ਕੇ ਮਨ ਪਤੀਜਿਆ ਹੈ (ਉਹ ਵੱਡਾ ਹੈ?)। ਰਾਮ ਵੱਡਾ ਹੈ ਕਿ (ਉਹ ਭਗਤ ਵੱਡਾ ਹੈ ਜਿਸ

All Rights Reserved by Harjinder Singh Gyani | www.GuruGranthVakhyaan.org

ਨੇ) ਰਾਮ ਨੂੰ ਜਾਣਿਆ ਹੈ।੧।ਬ੍ਰਹਮਾ ਵੱਡਾ ਹੈ ਕਿ ਜਿਸ (ਪ੍ਰਭੂ) ਦਾ ਬ੍ਰਹਮਾ ਪੈਦਾ ਕੀਤਾ ਹੋਇਆ ਹੈ (ਉਹ ਵੱਡਾ ਹੈ)।ਬੇਦ ਵੱਡਾ ਹੈ ਕਿ ਜਿਸ ਤੋਂ (ਬੇਦ) ਆਇਆ (ਉਹ ਪ੍ਰਭੂ ਵੱਡਾ ਹੈ)।੨।ਕਬੀਰ ਜੀ ਕਹਿੰਦੇ ਹਨ ਕਿ ਮੈਂ ਉਦਾਸ (ਵੈਰਾਗਵਾਨ) ਹੋ ਗਿਆ ਹਾਂ।(ਤੁਸੀਂ ਮੈਨੂੰ ਦੱਸੋ) ਤੀਰਥ ਵੱਡਾ ਹੈ ਕਿ ਹਰੀ ਦਾ ਦਾਸ (ਵੱਡਾ ਹੈ?)।੩।੪੨।

ਇਸ ਸ਼ਬਦ ਵਿਚ ਪੰਗਤੀਆਂ ਦੇ ਪਹਿਲੇ ਅੱਧੇ ਭਾਗ ਵਿਚ ਪ੍ਰਸ਼ਨ ਹਨ ਤੇ ਅਗਲੇ ਅੱਧੇ ਭਾਗ ਵਿਚ ਪ੍ਰਸ਼ਨਾਂ ਦੇ ਉਤਰ ਹਨ।

ਪਦਾਰਥ = ਝਗਰਾ–ਝਗੜਾ; ਬਹਿਸ; ਸੰਸਾ; ਗੁੰਝਲ।ਨਿਬੇਰਹੁ–ਦੂਰ ਕਰੋ।ਜਉ–ਜੇ।ਜਨ–ਸੇਵਕ।ਸੌ–ਨਾਲ।ਕਾਮੁ–ਕੰਮ।੧।ਰਹਾਉ।ਕਿ–ਜਾਂ।ਜਾ ਸਉ–ਜਿਸ (ਪ੍ਰਭੂ) ਨਾਲ।ਮਨੁ ਮਾਨਿਆ–ਮਨ ਪਤੀਜ ਗਿਆ; ਮਨ ਪ੍ਰੇਮੀ ਹੋ ਗਿਆ।ਕੈ–ਜਾਂ।ਰਾਮਹਿ–ਪ੍ਰਭੂ ਨੂੰ।੧।ਜਾਸੁ–ਜਿਸ ਦਾ।ਉਪਾਇਆ–ਪੈਦਾ ਕੀਤਾ ਹੋਇਆ।ਜਹਾਂ ਤੇ–ਜਿਸ ਤੋਂ।੨।ਹਉ–ਮੈਂ।ਭਇਆ–ਹੋਇਆ ਹਾਂ।੩।੪੨।

ਰਾਗੁ ਗਉੜੀ ਚੇਤੀ ॥ ਦੇਖੌ ਭਾਈ ਗ੍ਯ੍ਯਾਨ ਕੀ ਆਈ ਆਂਧੀ ॥ ਸਭੈ ਉਡਾਨੀ ਭ੍ਰਮ ਕੀ ਟਾਟੀ, ਰਹੈ ਨ ਮਾਇਆ ਬਾਂਧੀ ॥੧॥ਰਹਾਉ॥ ਦੁਚਿਤੇ ਕੀ ਦੁਇ ਥੂਨਿ ਗਿਰਾਨੀ, ਮੋਹ ਬਲੇਡਾ ਟੂਟਾ ॥ ਤਿਸਨਾ ਛਾਨਿ ਪਰੀ ਧਰ ਊਪਰਿ, ਦੁਰਮਤਿ ਭਾਂਡਾ ਫੂਟਾ ॥੧॥ ਹੇ ਭਾਈ! ਦੇਖੋ, (ਮੇਰੇ ਅੰਦਰ ਗੁਰੂ ਦੇ ਉਪਦੇਸ਼ ਦਾ ਸਦਕਾ) ਗਿਆਨ ਦੀ ਹਨ੍ਹੇਰੀ ਆਈ ਹੈ।(ਇਸ ਹਨ੍ਹੇਰੀ ਭਾਵ ਗਿਆਨ ਦੇ ਪ੍ਰਕਾਸ਼ ਨੇ) ਭਰਮ ਦੀਆਂ ਸਾਰੀਆਂ ਸਿਰਕੀਆਂ ਉਡਾ ਦਿਤੀਆਂ, ਮਾਇਆ ਰੂਪ ਰੱਸੀਆਂ ਨਾਲ ਬੰਨ੍ਹੀ ਛੱਪਰੀ ਸੀ, ਉਹ ਵੀ ਨਹੀਂ ਰਹਿ ਸਕੀਆਂ (ਭਾਵ ਟੁੱਟ ਗਈਆਂ, ਮਾਇਆ ਭਰਮ ਦੀ ਛਪਰੀ ਨੂੰ ਬੰਨ੍ਹੀ ਰਖਦੀ ਹੈ)।੧।ਰਹਾਉ।(ਇਸ ਹਨ੍ਹੇਰੀ ਨੇ) ਦੁਚਿੱਤੇਪਣ ਦੀਆਂ ਦੋ ਥੰਮੀਆਂ ਗਿਰਾ ਦਿਤੀਆਂ ਤੇ (ਥੰਮੀਆਂ ਦੇ ਗਿਰਨ ਕਰਕੇ) ਮੋਹ ਦਾ ਸਤੀਰ ਵੀ ਟੁੱਟ ਗਿਆ।ਤ੍ਰਿਸ਼ਨਾ ਦੀ ਛੰਨ ਜਮੀਨ ਤੇ ਗਿਰ ਪਈ, ਖੋਟੀ ਮੱਤ ਰੂਪ ਭਾਂਡਾ (ਟੀਂਡਾ ਜੋ ਛੰਨ ਥੱਲੇ ਪਿਆ ਸੀ, ਉਹ ਵੀ) ਫੁੱਟ ਗਿਆ।੧।

ਅੰਗ ੩੩੨ = ਆਂਧੀ ਪਾਛੇ ਜੋ ਜਲੁ ਬਰਖੈ, ਤਿਹਿ ਤੇਰਾ ਜਨੁ ਭੀਨਾਂ ॥ ਕਹਿ ਕਬੀਰ ਮਨਿ ਭਇਆ ਪ੍ਰਗਾਸਾ, ਉਦੈ ਭਾਨੁ ਜਬ ਚੀਨਾ ॥੨॥੪੩॥ ਹਨ੍ਹੇਰੀ ਦੇ ਪਿੱਛੋਂ ਜੋ ਮੀਂਹ ਵਰਸਿਆ ਹੈ, ਉਸ ਵਿਚ ਤੇਰਾ ਦਾਸ ਭਿੱਜ ਗਿਆ (ਗਿਆਨ ਦੀ ਹਨ੍ਹੇਰੀ ਪਿੱਛੋਂ ਗੁਰੂ ਨੇ ਨਾਮ ਬਾਣੀ ਦੀ ਵਰਖਾ ਕੀਤੀ, ਜਿਸ ਨਾਲ ਮਨ ਰਸ ਵਾਲਾ ਹੋ ਗਿਆ)।ਕਬੀਰ ਜੀ ਕਹਿੰਦੇ ਹਨ ਕਿ ਜਦ (ਮੀਂਹ ਮਗਰੋਂ) ਸੂਰਜ ਚੜ੍ਹਿਆ ਦੇਖਿਆ ਤਾਂ ਮਨ ਵਿਚ ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ।੨।੪੩।

ਪਦਾਰਥ = ਭਾਈ–ਹੇ ਭਾਈ!।ਆਂਧੀ–ਹਨ੍ਹੇਰੀ; ਝੱਖੜ।ਟਾਟੀ–ਸਿਰਕੀਆਂ (ਜੋ ਕੰਧਾਂ ਜਾਂ ਪੜਦੇ ਦਾ ਕੰਮ ਦੇਂਦੀਆਂ ਹਨ)।ਮਾਇਆ ਬਾਂਧੀ–ਮਾਇਆ ਰੂਪ ਰੱਸੀਆਂ ਨਾਲ ਬੰਨ੍ਹੀ ਹੋਈ (ਮਾਇਆ ਦੇ ਆਸਰੇ ਖੜੀ ਹੋਈ)।੧।ਰਹਾਉ।ਦੁਚਿਤੇ–ਚਿੱਤ ਦੀਆਂ ਦੋ ਬਿਰਤੀਆਂ; ਚਿਤ ਦਾ ਇਕ ਗੱਲ ਤੇ ਨਾ ਟਿਕਣਾ।ਦੁਇ–ਦੋ।ਥੂਨਿ–ਥੰਮੀਆਂ।ਗਿਰਾਨੀ–ਗਿਰਾ ਦਿਤੀਆਂ।ਬਲੇਡਾ–ਸਤੀਰ; ਵਲਾ।ਛਾਨਿ–ਛੰਨ। ਪਰੀ–(ਗਿਰ) ਪਈ।ਧਰ–ਧਰਤੀ।ਦੁਰਮਤਿ–ਖੋਟੀ ਮੱਤ ਦਾ।ਫੂਟਾ–ਟੁੱਟ ਗਿਆ।੧।ਪਾਛੇ–ਪਿੱਛੋਂ।ਬਰਖੈ–ਵਰ੍ਹਦਾ ਹੈ।ਤਿਹਿ–ਉਸ (ਮੀਂਹ) ਵਿਚ।ਭੀਨਾਂ–ਭਿੱਜ ਗਿਆ।ਭਇਆ–ਹੋਇਆ।ਉਦੈ–ਚੜ੍ਹਿਆ ਹੋਇਆ।ਭਾਨੁ–ਸੂਰਜ।ਚੀਨਾ–ਦੇਖਿਆ।੨।੪੩।

ਵਿਆਖਿਆ = ਕਬੀਰ ਜੀ ਨੇ ਇਸ ਸ਼ਬਦ ਵਿਚ ਘਾਹ ਫੂਸ ਦੇ ਬਣੇ ਛਪਰ ਦਾ ਰੂਪਕ ਬੰਨ੍ਹਿਆ ਹੈ।ਛੱਪਰ ਹੈ ਅਗਿਆਨ ਦਾ, ਜਿਸ ਅਗਿਆਨ ਕਰਕੇ ਸਾਰਾ ਜੀਵਨ ਚਲ ਰਿਹਾ ਹੈ।ਇਸ ਅਗਿਆਨ ਕਰਕੇ ਹੀ ਮਨੁੱਖ ਬਾਰ ਬਾਰ ਜੰਮਦਾ ਤੇ ਮਰਦਾ ਰਹਿੰਦਾ ਹੈ।ਛੱਪਰ ਦੇ ਆਲੇ ਦੁਆਲੇ ਕਾਨਿਆਂ ਤੇ ਘਾਹ ਫੂਸ ਦੀਆਂ ਸਿਰਕੀਆਂ ਰੱਸੀਆਂ ਨਾਲ ਬੰਨ੍ਹ ਕੇ ਖੜ੍ਹੀਆਂ ਕਰ ਲਈਦੀਆਂ ਹਨ, ਉਹ ਕੰਧਾਂ ਦਾ ਕੰਮ ਦੇਂਦੀਆਂ ਹਨ।ਇਥੇ ਅਗਿਆਨ ਮਈ ਜੀਵਨ ਦੇ ਛੱਪਰ ਦੀਆਂ ਸਿਰਕੀਆਂ ਭਰਮ ਰੂਪ ਦੱਸੀਆਂ ਹਨ।ਇਸ ਨੂੰ ਮਾਇਆ ਦੀਆਂ ਰੱਸੀਆਂ ਨੇ ਬੰਨ੍ਹ ਕੇ ਰੱਖਿਆ ਹੈ, ਦੁਚਿੱਤਾਪਣ ਅਗਿਆਨ ਵਾਲੇ ਜੀਵਨ ਦੀਆਂ ਦੋ ਥੰਮ੍ਹੀਆਂ ਹਨ।ਫਿਰ ਮੋਹ ਇਸ ਜੀਵਨ ਰੂਪ ਛੱਪਰ ਦਾ ਸਤੀਰ ਹੈ, ਤ੍ਰਿਸ਼ਨਾ ਮਾਨੋ ਛੱਪਰ ਦੀ ਛੱਤ ਹੈ।ਇਸ ਛੰਨ ਵਿਚ ਸੂਰਜ ਰੂਪ ਹਰੀ ਦਿਖਾਈ ਨਹੀਂ ਦੇਂਦਾ, ਖੋਟੀ ਬੁੱਧੀ ਤ੍ਰਿਸ਼ਨਾ ਦੀ ਪੂਰਤੀ ਲਈ ਕੰਮ ਕਰਦੀ ਸੀ, ਜੋ ਮਾਇਆ ਕੱਠੀ ਕਰਨ ਲਈ ਧੋਖਾ, ਵਲ ਛਲ ਤੇ ਧੱਕਾ ਕਰਨਾ ਸਿਖਾਉਂਦੀ ਸੀ।ਇਸ ਤਰ੍ਹਾਂ ਹਰਾਮ ਦੀ ਕਮਾਈ ਹੋਈ ਮਾਇਆ ਭੋਗਾਂ ਤੇ ਵਿਕਾਰਾਂ ਵਿਚ ਪਾਈ ਰੱਖਦੀ ਹੈ।ਖੋਟੀ ਬੁੱਧੀ ਮਾਨੋ ਭਾਂਡਾ ਟੀਂਡਾ ਸੀ।ਜਦ ਕੋਈ ਮਨੁੱਖ ਸਤ ਸੰਗਤ ਪ੍ਰਾਪਤ ਕਰਕੇ ਨਾਮ ਦਾ ਅਭਿਆਸ ਕਰਦਾ ਹੈ ਤਾਂ ਸੱਤ ਬੁਧੀ ਉਪਜਦੀ ਹੈ ਤੇ ਕਈ ਵਾਰ ਅਚਾਨਕ ਗਿਆਨ ਦਾ ਝਲਕਾਰਾ ਹਨ੍ਹੇਰੀ ਵਾਂਗ ਆਉਂਦਾ ਹੈ।ਇਸ ਝਲਕਾਰੇ ਨਾਲ ਭਰਮ ਮੋਹ ਤ੍ਰਿਸ਼ਨਾ ਦੁਚਿੱਤਾਪਣ ਦੁਰਮਤ ਆਦਿ ਸਭ ਉਡ ਜਾਂਦਾ ਹੈ।ਫਿਰ ਰਸ ਮਗਨਤਾ ਤੇ ਪ੍ਰਭੂ ਵਿਚ ਲੀਨਤਾ ਰੂਪ ਮੀਂਹ ਵਰ੍ਹਦਾ ਹੈ।ਇਸ ਅਵਸਥਾ ਵਿਚ ਵਾਹਿਗੁਰੂ ਦਾ ਪ੍ਰਕਾਸ਼ ਸਭ ਥਾਂ ਨਜਰ ਆਉਂਦਾ ਹੈ।

All Rights Reserved by Harjinder Singh Gyani | www.GuruGranthVakhyaan.org

ਗਉੜੀ ਚੇਤੀ ॥ ੴ ਸਤਿਗੁਰ ਪ੍ਰਸਾਦਿ ॥ ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥ ਬਾਤਨ ਹੀ ਅਸਮਾਨੁ ਗਿਰਾਵਹਿ ॥੧॥ ਐਸੇ ਲੋਗਨ ਸਿਉ ਕਿਆ ਕਹੀਐ ॥ ਜੋ ਪ੍ਰਭ ਕੀਏ ਭਗਤਿ ਤੇ ਬਾਹਜ, ਤਿਨ ਤੇ ਸਦਾ ਡਰਾਨੇ ਰਹੀਐ ॥੧॥ਰਹਾਉ॥ ਆਪਿ ਨ ਦੇਹਿ ਚੁਰੂ ਭਰਿ ਪਾਨੀ ॥ ਤਿਹ ਨਿੰਦਹਿ ਜਿਹ ਗੰਗਾ ਆਨੀ ॥੨॥ ਬੈਠਤ ਉਠਤ ਕੁਟਿਲਤਾ ਚਾਲਹਿ ॥ ਆਪੁ ਗਏ ਅਉਰਨ ਹੂ ਘਾਲਹਿ ॥੩॥ ਛਾਡਿ ਕੁਚਰਚਾ ਆਨ ਨ ਜਾਨਹਿ ॥ ਬ੍ਰਹਮਾ ਹੂ ਕੋ ਕਹਿਓ ਮਾਨਹਿ ॥੪॥ ਆਪੁ ਗਏ ਅਉਰਨ ਹੂ ਖੋਵਹਿ ॥ ਆਗਿ ਲਗਾਇ ਮੰਦਰ ਮੈ ਸੋਵਹਿ ॥੫॥ ਅਵਰਨ ਹਸਤ ਆਪ ਹਹਿ ਕਾਂਨੇ ॥ ਤਿਨ ਕਉ ਦੇਖਿ ਕਬੀਰ ਲਜਾਨੇ ॥੬॥੧॥੪੪॥ (ਹੇ ਭਾਈ! ਜਿਹੜੇ ਮਨੁੱਖ) ਨਾ ਹਰੀ ਦਾ ਜਸ ਸੁਣਦੇ ਹਨ ਤੇ ਨਾ ਹਰੀ ਦੇ ਗੁਣ ਗਾਉਂਦੇ ਹਨ।(ਉਹ) ਗੱਲਾਂ ਨਾਲ ਹੀ ਅਸਮਾਨ ਗਿਰਾ ਦੇਂਦੇ ਹਨ (ਫੋਕੀਆਂ ਡੀਂਗਾਂ ਮਾਰਦੇ ਰਹਿੰਦੇ ਹਨ)।੧।ਅਜੇਹੇ ਲੋਕਾਂ ਨੂੰ ਕੀ ਆਖੀਏ (ਸਿਖਿਆ ਦੇਈਏ?)।ਜਿਹੜੇ ਪ੍ਰਭੂ ਨੇ ਭਗਤੀ ਤੋਂ ਵਾਂਝੇ ਕੀਤੇ ਹੋਏ ਹਨ, ਉਨ੍ਹਾਂ (ਨਾਸਤਕਾਂ) ਤੋਂ ਸਦਾ ਡਰਦੇ ਰਹਿਣਾ ਚਾਹੀਦਾ ਹੈ (ਉਨ੍ਹਾਂ ਤੋਂ ਦੂਰ ਹੀ ਰਹਿਣਾ ਚੰਗਾ ਹੈ)।੧।ਰਹਾਉ।ਆਪ ਤਾਂ (ਉਹ ਕਿਸੇ ਪਿਆਸੇ ਜਾਂ ਲੋੜਵੰਦ ਨੂੰ) ਚੁਲੀ ਭਰ ਪਾਣੀ ਨਹੀਂ ਦੇ ਸਕਦੇ (ਚਾਹੇ ਕੋਈ ਪਿਆਸਾ ਮਰ ਜਾਵੇ।ਪਰ) ਉਸ ਦੀ ਨਿੰਦਾ ਕਰਦੇ ਹਨ, ਜਿਸ ਭਗੀਰਥ ਨੇ (ਮਾਤ ਲੋਕ ਵਿਚ) ਗੰਗਾ ਲਿਆਂਦੀ ਸੀ (ਆਪ ਕੋਈ ਪੁੰਨ ਦਾਨ ਨਹੀਂ ਕਰਦੇ, ਪਰਉਪਕਾਰੀਆਂ ਨੂੰ ਨਿੰਦਦੇ ਹਨ)।੨।ਉਠਦੇ ਬੈਠਦੇ ਹੋਏ ਖੋਟੀਆਂ ਚਾਲਾਂ ਚਲਦੇ ਹਨ।ਆਪ (ਤਾਂ ਇਹ ਸੱਚ ਦੇ ਰਸਤੇ ਤੋਂ) ਗਏ ਗੁਜਰੇ ਹੁੰਦੇ ਹਨ, ਹੋਰਨਾਂ ਨੂੰ ਵੀ (ਜੋ ਇਨ੍ਹਾਂ ਨੂੰ ਮਿਲਣ ਆਉਂਦੇ ਹਨ) ਨਾਸ਼ ਕਰਦੇ ਹਨ (ਆਪ ਤਾਂ ਪੁੱਠੇ ਰਸਤੇ ਪਏ ਹੋਏ ਹਨ, ਹੋਰਾਂ ਨੂੰ ਵੀ ਪੁਠੇ ਰਸਤੇ ਪਾਉਂਦੇ ਹਨ)।੩।ਵਾਦ ਵਿਵਾਦ ਨੂੰ ਛਡ ਕੇ ਹੋਰ ਕੁਝ (ਚੰਗੀ ਗੱਲ ਕਰਨੀ) ਨਹੀਂ ਜਾਣਦੇ।ਬ੍ਰਹਮਾ ਵਰਗਿਆਂ ਦਾ ਕਿਹਾ (ਉਪਦੇਸ਼) ਵੀ ਨਹੀਂ ਮੰਨਦੇ (ਵੱਡੇ ਵੱਡੇ ਵਿਦਵਾਨਾਂ ਦੀ ਸਿਖਿਆ ਨੂੰ ਵੀ ਨਹੀਂ ਮੰਨਦੇ, ਸੱਗੋਂ ਉਨ੍ਹਾਂ ਦਾ ਨਿਰਾਦਰ ਕਰਦੇ ਹਨ)।੪।ਆਪ ਤਾਂ (ਇਹ ਲੋਕ ਹਰੀ ਵੱਲੋਂ ਦੂਰ) ਗਏ ਹੁੰਦੇ ਹਨ, ਹੋਰਨਾਂ ਨੂੰ ਵੀ (ਹਰੀ ਤੋਂ) ਹਟਾਉਂਦੇ ਹਨ।(ਇਹ ਮੂਰਖ ਲੋਕ) ਅੱਗ ਲਗਾ ਕੇ ਘਰ ਵਿਚ (ਬੇਫਿਕਰ ਹੋ ਕੇ) ਸੌਂਦੇ ਹਨ (ਸਰੀਰ ਵਿਚ ਕਾਮ ਕ੍ਰੋਧ ਤੇ ਤ੍ਰਿਸ਼ਨਾ ਆਦਿ ਦੀ ਅੱਗ ਲਗੀ ਹੋਈ ਹੈ, ਇਹ ਬੜੇ ਢੀਠ ਤੇ ਮੌਤ ਤੋਂ ਨਿਡਰ ਹੋ ਕੇ ਅਗਿਆਨਤਾ ਦੀ ਨੀਂਦ ਵਿਚ ਸੁਤੇ ਪਏ ਹਨ ਭਾਵ ਜੋ ਇਹ ਪਾਪ ਕਰਦੇ ਹਨ, ਇਹ ਅਪਣੇ ਲਈ ਅੱਗ ਬਾਲਦੇ ਹਨ।ਅੰਤ ਸਾਰੀ ਕੀਤੀ ਬਦੀ ਇਨ੍ਹਾਂ ਦੇ ਅਪਣੇ ਉਤੇ ਆ ਪਏਗੀ)।੫।ਹੋਰਨਾਂ ਤੇ ਹਸਦੇ ਹਨ, ਪਰ ਆਪ ਕਾਣੇ (ਔਗਣਾਂ ਨਾਲ ਭਰੇ ਪਏ) ਹਨ।ਉਨ੍ਹਾਂ ਲੋਕਾਂ ਨੂੰ ਦੇਖ ਕੇ ਕਬੀਰ (ਜੀ) ਲੱਜਾਵਾਨ ਹੁੰਦੇ ਹਨ।੬।੧।੪੪।

ਪਦਾਰਥ = ਬਾਤਨ ਹੀ–ਗੱਲਾਂ ਨਾਲ ਹੀ।ਅਸਮਾਨੁ ਗਿਰਾਵਹਿ–ਅਸਮਾਨ ਗਿਰਾ ਦੇਂਦੇ ਹਨ (ਫੋਕੀਆਂ ਫੜ੍ਹਾਂ ਮਾਰਦੇ ਹਨ)।੧।ਲੋਗਨ ਸਿਉ–ਲੋਕਾਂ ਨੂੰ।ਕਿਆ ਕਹੀਐ–ਕੀ ਕਹੀਏ (ਕੀ ਸਿਖਿਆ ਦੇਈਏ)।ਕੀਏ–ਕੀਤੇ ਹਨ।ਬਾਹਜ–ਬਾਹਰ; ਖਾਰਜ; ਵਾਂਝੇ।ਤਿਨ ਤੇ–ਉਨ੍ਹਾਂ ਤੋਂ।ਡਰਾਨੇ ਰਹੀਐ–ਡਰਦੇ ਰਹੀਏ; ਦੂਰ ਰਹਿਣਾ ਚੰਗਾ ਹੈ।੧।ਰਹਾਉ।ਨ ਦੇਹਿ–ਨਹੀਂ ਦੇਂਦੇ।ਚੁਰੂ ਭਰਿ–ਚੁਲੀ ਭਰ (ਥੋੜਾ ਜਿਹਾ ਵੀ)।ਤਿਹ–ਉਨ੍ਹਾਂ ਨੂੰ।ਜਿਹ–ਜਿਨ੍ਹਾਂ ਨੇ।ਆਨੀ–ਲਿਆਂਦੀ।੨।ਕੁਟਿਲਤਾ–ਖੋਟੀਆਂ ਚਾਲਾਂ।ਚਾਲਹਿ–ਚਲਦੇ ਹਨ।ਆਪੁ ਗਏ–ਆਪ ਗਏ ਗੁਜਰੇ ਹਨ (ਕਿਸੇ ਕੰਮ ਦੇ ਨਹੀਂ)।ਅਉਰਨ ਹੂ–ਹੋਰਨਾਂ ਨੂੰ ਵੀ।ਘਾਲਹਿ–ਤਬਾਹ ਕਰਦੇ ਹਨ; ਕੁਰਾਹੇ ਪਾਉਂਦੇ ਹਨ।੩।ਕੁਚਰਚਾ–ਹੁੱਜਤ ਬਾਜੀ; ਵਾਦ ਵਿਵਾਦ।ਆਨ–ਹੋਰ ਕੋਈ ਗੱਲ।ਬ੍ਰਹਮਾ ਹੂ–ਬ੍ਰਹਮਾ ਦਾ ਵੀ (ਵੱਡੇ ਸਿਆਣੇ ਵਿਦਵਾਨਾਂ ਦਾ)।ਕਹਿਓ –ਕਿਹਾ ਹੋਇਆ।੪।ਖੋਵਹਿ–ਹਟਾਉਂਦੇ ਹਨ।ਮੰਦਰ ਮੈ–ਘਰ ਵਿਚ।ਸੋਵਹਿ–ਸੌਂਦੇ ਹਨ।੫।ਹਸਤ–ਹਸਦੇ (ਮਖੌਲ ਕਰਦੇ) ਹਨ।ਹਹਿ–ਹਨ।ਕਾਨੇ–ਕਾਣੇ (ਔਗਣਾਂ ਨਾਲ ਭਰੇ ਹਨ)।ਲਜਾਨੇ (ਲੱਜਾਨੇ ਪੜ੍ਹੋ)–ਲੱਜਾਵਾਨ (ਸ਼ਰਮਸਾਰ)।੬।੧।੪੪।

ਰਾਗੁ ਗਉੜੀ ਬੈਰਾਗਣਿ ਕਬੀਰ ਜੀ ੴ ਸਤਿਗੁਰ ਪ੍ਰਸਾਦਿ ॥

ਜੀਵਤ ਪਿਤਰ ਨ ਮਾਨੈ ਕੋਊ ,ਮੂਏਂ ਸਿਰਾਧ ਕਰਾਹੀ ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ, ਕਊਆ ਕੂਕਰ ਖਾਹੀ ॥੧॥ ਮੋ ਕਉ ਕੁਸਲੁ ਬਤਾਵਹੁ ਕੋਈ ॥ ਕੁਸਲੁ ਕੁਸਲੁ ਕਰਤੇ ਜਗੁ ਬਿਨਸੈ, ਕੁਸਲੁ ਭੀ ਕੈਸੇ ਹੋਈ ॥੧॥ਰਹਾਉ॥ ਮਾਟੀ ਕੇ ਕਰਿ ਦੇਵੀ ਦੇਵਾ, ਤਿਸੁ ਆਗੈ ਜੀਉ ਦੇਹੀ ॥ ਐਸੇ ਪਿਤਰ ਤੁਮਾਰੇ ਕਹੀਅਹਿ, ਆਪਨ ਕਹਿਆ ਨ ਲੇਹੀ ॥੨॥ ਸਰਜੀਉ ਕਾਟਹਿ ਨਿਰਜੀਉ ਪੂਜਹਿ, ਅੰਤ ਕਾਲ ਕਉ ਭਾਰੀ ॥ ਰਾਮ ਨਾਮ ਕੀ ਗਤਿ ਨਹੀਂ ਜਾਨੀ, ਭੈ ਡੂਬੇ ਸੰਸਾਰੀ ॥੩॥ ਦੇਵੀ ਦੇਵਾ ਪੂਜਹਿ ਡੋਲਹਿ, ਪਾਰਬ੍ਰਹਮੁ ਨਹੀ ਜਾਨਾ ॥ ਕਹਤ ਕਬੀਰ ਅਕੁਲੁ ਨਹੀ ਚੇਤਿਆ, ਬਿਖਿਆ ਸਿਉ ਲਪਟਾਨਾ ॥੪॥੧॥੪੫॥ (ਹੇ ਭਾਈ!) ਜਿਉਂਦੇ ਪਿਤਰਾਂ ਨੂੰ ਕੋਈ ਮੰਨਦਾ (ਸਤਿਕਾਰ ਕਰਦਾ) ਨਹੀਂ, ਮਰ ਗਿਆਂ ਤੋਂ ਬਾਦ (ਲੋਕ ਦਿਖਾਵੇ ਲਈ ਉਨ੍ਹਾਂ ਦੇ) ਸਰਾਧ ਕਰਾਉਂਦੇ ਹਨ।(ਹੁਣ) ਦੱਸੋ ਵਿਚਾਰੇ ਪਿਤਰ ਵੀ (ਸਰਾਧਾਂ ਵਾਲਾ ਭੋਜਨ) ਕਿਵੇਂ ਪ੍ਰਾਪਤ ਕਰ ਸਕਦੇ ਹਨ? (ਕਿਉਂਕਿ ਮਰਨ ਤੋਂ ਬਾਦ ਪਤਾ ਨਹੀਂ ਉਹ ਕਿਥੇ ਹੋਣ, ਸਚਾਈ ਇਹ

All Rights Reserved by Harjinder Singh Gyani | www.GuruGranthVakhyaan.org

ਹੈ ਕਿ ਸਰਾਧਾਂ ਦਾ ਭੋਜਨ) ਕਾਂ ਕੁੱਤੇ ਖਾਂਦੇ ਹਨ।੧।(ਸਾਰਾਧ ਖਾ ਕੇ ਪ੍ਰੋਹਤ ਕਹਿੰਦਾ ਹੈ ਕਿ ਜਜਮਾਨ! ਸੁੱਖ ਹੋਵੇ, ਜਜਮਾਨ ਉਤਰ ਦੇਂਦਾ ਹੈ ਕਿ ਆਪ ਦੀ ਕ੍ਰਿਪਾ ਨਾਲ ਸੁਖ ਹੈ) ਮੈਨੂੰ ਕੋਈ ਮਨੁੱਖ ਦੱਸੋ, (ਕਿ ਅਜੇਹੇ ਕਰਮ ਕਰਕੇ ਘਰ ਵਿਚ ਕਦ) ਸੁਖ ਪ੍ਰਾਪਤ ਹੋਇਆ ਹੈ? ਸਾਰਾ ਜਗਤ (ਇਹੋ ਜਿਹੇ ਕਰਮ ਕਾਂਡ ਵਿਚ) ਸੁਖ ਅਨੰਦ (ਪ੍ਰਾਪਤ ਕਰਨ ਦੇ ਜਤਨ) ਕਰਦਿਆਂ ਨਾਸ਼ ਹੋ ਰਿਹਾ ਹੈ, (ਪਰ ਕੋਈ ਨਹੀਂ ਜਾਣਦਾ ਕਿ ਸੱਚਾ) ਸੁਖ ਅਨੰਦ ਪ੍ਰਾਪਤ ਹੁੰਦਾ ਵੀ ਕਿਵੇਂ ਹੈ?।੧।ਰਹਾਉ।ਮਿੱਟੀ ਦੇ ਦੇਵੀ ਦੇਵਤੇ ਬਣਾ ਕੇ ਉਸ ਅੱਗੇ ਜਿਉਂਦੇ ਜੀਵ ਦੀ ਬਲੀ ਦੇਂਦੇ ਹੋ।ਇਹੋ ਜਿਹੇ ਤੁਹਾਡੇ ਪਿਤਰ ਕਹੇ ਜਾਂਦੇ ਹਨ, ਜੋ ਅਪਣਾ ਕਿਹਾ (ਮੂੰਹੋਂ ਮੰਗਿਆ) ਕੁਛ ਨਹੀਂ ਲੈ ਸਕਦੇ (ਕਿ ਸਾਨੂੰ ਭੋਜਨ ਚਾਹੀਦਾ ਹੈ।੨।ਲੋਕ) ਜਿਉਂਦੇ ਜੀਵਾਂ ਨੂੰ ਵੱਢਦੇ ਹਨ (ਬਲੀ ਦੇਂਦੇ ਹਨ ਤੇ ਮਿੱਟੀ ਦੀਆਂ) ਨਿਰਜਿੰਦ ਮੂਰਤੀਆਂ ਨੂੰ ਪੂਜਦੇ ਹਨ, (ਇਹ ਕਰਮ ਕਰਕੇ ਉਹ) ਅੰਤ ਸਮੇਂ ਨੂੰ ਭਾਰੀ (ਮੌਤ ਨੂੰ ਦੁਖਦਾਈ) ਬਣਾ ਰਹੇ ਹਨ।ਰਾਮ ਨਾਮ ਜਪਣ ਦੀ ਮਰਿਆਦਾ ਨਹੀਂ ਜਾਣੀ, (ਇਉਂ) ਸੰਸਾਰੀ ਲੋਕ ਭਵ ਸਾਗਰ ਵਿਚ ਡੁਬ ਰਹੇ ਹਨ।੩।(ਸੰਸਾਰੀ ਲੋਕ) ਦੇਵੀ ਦੇਵਤਿਆਂ ਨੂੰ ਪੂਜਦੇ ਹੋਏ ਭਰਕਦੇ ਫਿਰਦੇ ਹਨ, (ਪਰ ਉਨ੍ਹਾਂ ਨੇ) ਪਾਰਬ੍ਰਹਮ ਨੂੰ ਨਹੀਂ ਜਾਣਿਆ।ਕਬੀਰ ਜੀ ਆਖਦੇ ਹਨ ਕਿ (ਅਜੇਹੇ ਲੋਕਾਂ ਨੇ ਕਦੇ) (ਜਨਮ ਤੇ) ਜਾਤ ਕੁਲ ਤੋਂ ਰਹਿਤ ਪ੍ਰਭੂ ਨੂੰ ਨਹੀਂ ਜਪਿਆ ਤੇ ਮਾਇਆ ਨਾਲ ਹੀ ਚਿੰਬੜੇ ਰਹੇ ਹਨ।੪।੧।੪੫।

ਪਦਾਰਥ = ਜੀਵਤ–ਜਿਉਂਦੇ।ਪਿਤਰ–ਮਾਂ ਬਾਪ ਦਾਦਾ ਦਾਦੀ ਆਦਿ (ਵੱਡੇ ਵਡੇਰੇ)।ਮੂਏਂ–ਮਰ ਗਏ ਤੋਂ ਬਾਦ।ਸਿਰਾਧ–ਪਿਤਰਾਂ ਦੇ ਨਮਿੱਤ ਪ੍ਰੋਹਤ ਨੂੰ ਖੁਆਇਆ ਭੋਜਨ, ਜੋ ਪ੍ਰਲੋਕ ਵਿਚ ਪਿਤਰਾਂ ਨੂੰ ਪਹੁੰਚਿਆ ਸਮਝਿਆ ਜਾਂਦਾ ਹੈ।ਕਰਾਹੀ–ਕਰਾਉਂਦੇ ਹਨ।ਬਪੁਰੇ–ਵਿਚਾਰੇ।ਕਹੁ–ਦੱਸੋ।ਕਊਆ–ਕਾਂ।ਕੂਕਰ–ਕੁੱਤੇ।੧।ਮੋ ਕਉ–ਮੈਨੂੰ।ਕੁਸਲੁ–ਸੁੱਖ ਅਨੰਦ।ਬਤਾਵਹੁ–ਦੱਸੋ।੧।ਰਹਾਉ।ਕਰਿ–ਬਣਾ ਕੇ।ਜੀਉ–ਜਿਉਂਦੇ ਪਸ਼ੂ ਦੀ ਬਲੀ।ਦੇਹੀ–ਦੇਂਦੇ ਹਨ।੨।ਸਰਜੀਉ–ਜਿਉਂਦੇ ਜੀਵ।ਨਿਰਜੀਉ–ਨਿਰਜਿੰਦ।ਅੰਤ ਕਾਲ–ਅਖੀਰਲੇ ਸਮੇਂ।ਭਾਰੀ–ਬਹੁਤ ਦੁਖਦਾਈ।ਗਤਿ–ਮਰਿਆਦਾ; ਤਰੀਕਾ।ਭੈ–ਭਵਜਲ ਵਿਚ।ਸੰਸਾਰੀ–ਸੰਸਾਰੀ ਲੋਕ।੩।ਡੋਲਹਿ–ਭਟਕਦੇ ਹਨ। ਅਕੁਲੁ–ਜਾਤ ਜਨਮ ਕੁਲ ਤੋਂ ਰਹਿਤ।ਚੇਤਿਆ–ਜਪਿਆ।ਬਿਖਿਆ–ਮਾਇਆ; ਵਿਸ਼ੇ ਵਿਕਾਰ।ਲਪਟਾਨਾ–ਚਿੰਬੜੇ ਹਨ।੪।੧।੪੫।

ਗਉੜੀ ॥ ਜੀਵਤ ਮਰੈ ਮਰੈ ਫੁਨਿ ਜੀਵੈ, ਐਸੇ ਸੁੰਨਿ ਸਮਾਇਆ ॥ ਅੰਜਨ ਮਾਹਿ ਨਿਰੰਜਨਿ ਰਹੀਐ, ਬਹੁੜਿ ਨ ਭਵਜਲਿ ਪਾਇਆ ॥੧॥ ਮੇਰੇ ਰਾਮ! ਐਸਾ ਖੀਰੁ ਬਿਲੋਈਐ ॥ ਗੁਰਮਤਿ ਮਨੂਆ ਅਸਥਿਰੁ ਰਾਖਹੁ ,ਇਨ ਬਿਧਿ ਅੰਮ੍ਰਿਤੁ ਪੀਓਈਐ ॥੧॥ਰਹਾਉ॥ ਗੁਰ ਕੈ ਬਾਨਿ ਬਜਰ ਕਲ ਛੇਦੀ, ਪ੍ਰਗਟਿਆ ਪਦੁ ਪਰਗਾਸਾ ॥ ਸਕਤਿ ਅਧੇਰ ਜੇਵੜੀ ਭ੍ਰਮੁ ਚੂਕਾ, ਨਿਹਚਲੁ ਸਿਵ ਘਰਿ ਬਾਸਾ ॥੨॥

(ਜੋ ਮਨੁੱਖ) ਜੀਵਤ ਭਾਵ ਤੋਂ ਮਰਦਾ ਹੈ, (ਇਸ ਪ੍ਰਕਾਰ) ਮਰੇ, ਤਾਂ ਫਿਰ (ਉਹ) ਅਸਲ ਜੀਵਨ ਜਿਉਂਦਾ ਹੈ, ਇਸ ਤਰਾਂ ਉਹ ਅਫੁਰ ਅਵਸਥਾ ਵਿਚ ਲੀਨ ਹੋ ਜਾਂਦਾ ਹੈ (ਫੁਰਨੇ ਮੁੱਕ ਜਾਂਦੇ ਹਨ)।ਮਾਇਆ ਵਿਚ ਰਹਿੰਦੇ ਹੋਏ ਮਾਇਆ ਤੋਂ ਰਹਿਤ ਹੋ ਕੇ ਰਹੀਏ; ਮਾਇਆ ਰਹਿਤ ਵਾਹਿਗੁਰੂ ਵਿਚ ਜੁੜੇ ਰਹੀਏ ਤਾਂ ਮੁੜ ਸੰਸਾਰ ਸਮੁੰਦਰ ਵਿਚ ਨਹੀਂ ਪਾਏ ਜਾਵਾਂਗੇ (ਸੰਸਾਰ ਵਿਚ ਮੁੜ ਜਨਮ ਨਹੀਂ ਹੋਵੇਗਾ)।੧।ਹੇ ਮੇਰੇ ਰਾਮ (ਦੇ ਪਿਆਰੇ ਭਗਤ ਜਨੋਂ)! ਐਸਾ ਦੁਧ ਰਿੜਕੀਏ (ਰਾਮ ਦਾ ਅੰਮ੍ਰਿਤ ਰੂਪ ਨਾਮ ਬਾਰ ਬਾਰ ਜਪੀਏ।ਕਿਵੇਂ? ਉਤਰ–) ਗੁਰੂ ਦੀ ਮੱਤ ਦੁਆਰਾ ਮਨ ਨੂੰ ਸਥਿਰ (ਦ੍ਰਿੜ) ਰੱਖੋ, ਇਸ ਤਰੀਕੇ ਨਾਲ ਨਾਮ ਅੰਮ੍ਰਿਤ ਪੀਤਾ ਜਾਂਦਾ ਹੈ।੧।ਰਹਾਉ।(ਹੁਣ ਅਪਣਾ ਤਜਰਬਾ ਦਸਦੇ ਹਨ) ਗੁਰੂ ਦੀ ਬਾਣੀ ਰੂਪ ਤੀਰ ਨਾਲ ਪੱਥਰ ਵਰਗੀ ਕਰੜੀ (ਅਗਿਆਨਤਾ ਰੂਪ) ਕਲਾ ਤੋੜ ਦਿਤੀ (ਕਠੋਰ ਮਨ ਦ੍ਰਵ ਗਿਆ ਤੇ ਆਤਮਕ) ਪ੍ਰਕਾਸ਼ ਪਦ ਪ੍ਰਗਟ ਹੋ ਗਿਆ।ਮਾਇਆ ਦੇ ਹਨ੍ਹੇਰੇ ਕਰਕੇ ਰੱਸੀ ਨੂੰ ਸੱਪ ਸਮਝਣ ਵਾਲਾ ਭਰਮ ਦੂਰ ਹੋ ਗਿਆ, (ਜਿਸ ਦਾ ਸਦਕਾ ਕਲਿਆਣ ਸਰੂਪ) ਅਚੱਲ ਵਾਹਿਗੁਰੂ ਦੇ ਘਰ ਵਿਚ ਵਾਸਾ ਹੋ ਗਿਆ ਹੈ।੨।

ਅੰਗ ੩੩੩ = ਤਿਨਿ ਬਿਨੁ ਬਾਣੈ ਧਨਖੁ ਚਢਾਈਐ, ਇਹੁ ਜਗੁ ਬੇਧਿਆ ਭਾਈ ॥ ਦਹ ਦਿਸ ਬੂਡੀ ਪਵਨੁ ਝੁਲਾਵੈ, ਡੋਰਿ ਰਹੀ ਲਿਵ ਲਾਈ ॥੩॥ ਉਨਮਨਿ ਮਨੂਆ ਸੁੰਨਿ ਸਮਾਨਾ, ਦੁਬਿਧਾ ਦੁਰਮਤਿ ਭਾਗੀ ॥ ਕਹੁ ਕਬੀਰ ਅਨਭਉ ਇਕੁ ਦੇਖਿਆ, ਰਾਮ ਨਾਮਿ ਲਿਵ ਲਾਗੀ ॥੪॥੨॥੪੬॥ ਹੇ ਭਾਈ! ਉਸ ਮਾਇਆ ਨੇ ਬਿਨਾ ਤੀਰ ਕਮਾਣ ਚੜ੍ਹਾਏ ਹੋਏ ਦੇ ਇਹ ਸਾਰਾ ਜਗਤ ਵਿੰਨ੍ਹਿਆ ਹੋਇਆ ਹੈ (ਅਪਣੇ ਅਸਰ ਹੇਠ ਰੱਖਿਆ ਹੈ।ਪਰ ਸਾਡੀ ਹਾਲਤ ਤਾਂ ਉਸ ਮੁੰਡੇ ਵਾਂਗ ਹੈ ਜਿਸ ਦੀ) ਗੁੱਡੀ ਨੂੰ ਹਵਾ ਹਰ ਪਾਸੇ ਝੁਲਾਰ ਕੇ ਲੈ ਜਾਂਦੀ ਹੈ, ਪਰ ਉਸ ਦੀ ਲਿਵ ਡੋਰ ਵਿਚ ਲੱਗੀ ਰਹਿੰਦੀ ਹੈ (ਜਿਸ ਕਰਕੇ ਗੁੱਡੀ ਬਚੀ ਰਹਿੰਦੀ ਹੈ।ਇਸੇ ਤਰ੍ਹਾਂ ਵਾਹਿਗੁਰੂ ਵਿਚ ਲਿਵ ਜੋੜ ਕੇ ਅਸੀਂ ਗ੍ਰਹਿਸਤ ਵਿਚ ਰਹਿੰਦਿਆਂ ਮਾਇਕ ਲਾਹਿਰਾਂ ਤੋਂ ਬਚੇ ਹੋਏ ਹਾਂ)।੩।ਮਨ ਉਚੀ ਅਵਸਥਾ ਵਾਲਾ ਹੋ ਕੇ ਅਫੁਰ ਹਰੀ ਵਿਚ ਮਿਲ ਗਿਆ ਹੈ, (ਜਿਸ ਕਰਕੇ) ਦੁਐਤ ਵਾਲੀ ਖੋਟੀ ਬੁੱਧੀ ਦੌੜ ਗਈ।ਕਬੀਰ ਜੀ ਆਖਦੇ ਹਨ ਕਿ ਜਿਨ੍ਹਾਂ ਦੀ ਰਾਮ ਦੇ ਨਾਮ

All Rights Reserved by Harjinder Singh Gyani | www.GuruGranthVakhyaan.org

ਵਿਚ ਲਿਵ ਲਗੀ ਹੋਈ ਹੈ, ਉਨ੍ਹਾਂ ਨੇ ਇਕ ਪ੍ਰਭੂ ਨੂੰ ਦੇਖਿਆ ਹੈ।੪।੨।੪੬।

ਪਦਾਰਥ = ਜੀਵਤ ਮਰੈ-ਜਿਉਂਦਾ ਹੀ (ਜੀਵਤ ਭਾਵ ਤੋਂ) ਮਰ ਜਾਂਦਾ ਹੈ; ਮਨ ਨੂੰ ਵਿਸ਼ੇ ਵਿਕਾਰਾਂ ਤੇ ਮਾਇਆ ਵੱਲੋ ਮਾਰ ਲੈਂਦਾ ਹੈ (ਬੇਸਮਝੀ ਵਾਲੇ ਜੀਵਨ ਤੋਂ ਮਰ ਕੇ ਉਚੀ ਆਤਮਕ ਅਵਸਥਾ ਵਾਲਾ ਜੀਵਨ ਜਿਉਂਦਾ ਹੈ)।ਮਰੈ ਜੀਵੈ-ਇਉਂ ਮਰੇ ਤਾਂ ਸਦੀਵੀ ਜੀਵਨ ਜਿਉਂਦਾ ਹੈ।ਐਸੇ-ਇਉਂ; ਇਸ ਤਰ੍ਹਾਂ।ਸੁੰਨਿ-ਫੁਰਨਿਆਂ ਤੋਂ ਰਹਿਤ ਹਾਲਤ ਵਿਚ।ਸਮਾਇਆ-ਸਮਾ ਜਾਂਦਾ ਹੈ।ਅੰਜਨ-ਕਾਲਖ (ਮਾਇਆ)।ਨਿਰੰਜਨ-ਮਾਇਆ ਤੋਂ ਰਹਿਤ ਪ੍ਰਭੂ।ਬਹੁੜਿ-ਮੁੜ; ਫਿਰ।ਭਵਜਲਿ-ਸੰਸਾਰ ਸਾਗਰ ਵਿਚ।੧।ਮੇਰੇ ਰਾਮ-ਹੇ ਮੇਰੇ ਰਾਮ (ਦੇ ਪਿਆਰੇ ਸੰਤ ਜਨੋਂ!)।ਖੀਰੁ-ਦੁਧ।ਬਿਲੋਈਐ-ਰਿੜਕੀਏ; ਬਾਰ ਬਾਰ ਨਾਮ ਸਿਮਰੀਏ।ਮਨੂਆ-ਮਨ।ਅਸਥਿਰੁ ਰਾਖਹੁ-ਅਡੋਲ ਰੱਖੋ।ਪੀਓਈਐ-ਪੀਤਾ ਜਾਂਦਾ ਹੈ।੧।ਰਹਾਉ।ਕੈ-ਦੇ ਨਾਲ।ਬਜਰ-ਪੱਥਰ ਵਰਗੀ ਕਰੜੀ।ਕਲ-ਅਗਿਆਨਤਾ; ਅਵਿਦਿਆ ਦਾ ਪੜਦਾ; ਕਲੇਸ਼।ਛੇਦੀ-ਤੋੜ ਦਿਤੀ।ਪਦੁ ਪਰਗਾਸਾ-ਆਤਮਕ ਪ੍ਰਕਾਸ਼ ਦੀ ਪਦਵੀ।ਸਕਤਿ-ਮਾਇਆ।ਅਧੇਰ-ਹਨ੍ਹੇਰਾ।ਜੇਵੜੀ-ਰੱਸੀ ।ਸਿਵ ਘਰਿ-ਕਲਿਆਣ ਰੂਪ ਪ੍ਰਭੂ ਦੇ ਘਰ ਵਿਚ।ਨਿਹਚਲੁ-ਅਚੱਲ।ਬਾਸਾ-ਨਿਵਾਸ।੨।ਤਿਨਿ-ਉਸ ਨੇ।ਬਾਨੈ-ਤੀਰ।ਬੇਧਿਆ-ਵਿੰਨ੍ਹਿਆ।ਭਾਈ-ਹੇ ਭਾਈ!।ਦਹ ਦਿਸਿ-ਸਾਰੇ ਪਾਸੇ।ਬੂਡੀ-ਗੁੱਡੀ (ਪਤੰਗ)।ਪਵਨੁ-ਹਵਾ।ਝੁਲਾਵੈ-ਝੁਲਾਉਂਦੀ (ਉਡਾਉਂਦੀ) ਹੈ। ਡੋਰਿ-ਧਾਗਾ (ਲਿਵ ਰੂਪ ਡੋਰ)।ਲਿਵ-ਧਿਆਨ।੩।ਉਨਮਨਿ-ਮਨ ਦੀ ਉਚੀ ਅਵਸਥਾ।ਸੁੰਨਿ-ਅਫੁਰ ਪ੍ਰਭੂ ਵਿਚ।ਸਮਾਨਾ-ਲੀਨ ਹੋ ਗਿਆ।ਦੁਬਿਧਾ-ਦੁਚਿੱਤਾਪਣ।ਦੁਰਮਤਿ-ਖੋਟੀ ਬੁੱਧੀ।ਭਾਗੀ-ਦੌੜ ਗਈ।ਅਨਭਉ-ਵਾਹਿਗੁਰੂ।੪।੨।੪੬।

ਵਿਆਖਿਆ = ਭਗਤ ਕਬੀਰ ਜੀ ਅਪਣਾ ਨਿਜੀ ਤਜਰਬਾ ਦਸਦੇ ਹਨ।ਮਨੁੱਖ ਬੇਸਮਝੀ, ਪਾਪ, ਹੰਕਾਰ ਤੇ ਮਾਇਆ ਵਿਚ ਖਚਿਤ ਹੋਏ ਜੀਵਨ ਤੋਂ ਅਪਣੇ ਆਪ ਨੂੰ ਅਲੱਗ ਕਰ ਲਵੇ, ਇਹੋ ਹੀ ਜਿਉਂਦੇ ਮਰ ਜਾਣਾ ਹੈ।ਇਸ ਤਰ੍ਹਾਂ ਮਨੁੱਖ ਫੁਰਨਿਆਂ ਤੋਂ ਰਹਿਤ ਹੋ ਕੇ ਅਫੁਰ ਵਾਹਿਗੁਰੂ ਵਿਚ ਲੀਨ ਹੋ ਜਾਵੇਗਾ, ਪ੍ਰਮਾਰਥ ਵਿਚ ਇਹ ਉਚੀ ਅਵਸਥਾ ਵਾਲਾ ਜੀਵਨ ਹੈ।ਅਜੇਹਾ ਮਨੁੱਖ ਮਾਇਕ ਸੰਸਾਰ ਵਿਚ ਰਹਿੰਦਾ ਹੋਇਆ ਮਾਇਆ ਤੋਂ ਨਿਰਲੇਪ ਰਹਿੰਦਾ ਹੈ।ਫਲ ਇਹ ਮਿਲਦਾ ਹੈ ਕਿ ਉਹ ਮੁੜ ਜਨਮ ਮਰਣ ਦੇ ਗੇੜ ਵਿਚ ਨਹੀਂ ਪੈਂਦਾ।ਐਸਾ ਉਚਾ ਜੀਵਨ ਮਿਲਦਾ ਕਿਵੇਂ ਹੈ? ਤਾਂ ਦਸਦੇ ਹਨ ਕਿ ਜਿਵੇਂ ਦੁੱਧ ਰਿੜਕੀਦਾ ਹੈ, ਇਉਂ ਗੁਰੂ ਦੀ ਮੱਤ ਲੈ ਕੇ ਮਨ ਨੂੰ ਟਿਕਾ ਕੇ ਵਾਹਿਗੁਰੂ ਦੇ ਨਾਮ ਦਾ ਬਾਰ ਬਾਰ ਜਾਪ ਕਰੋ।ਨਾਮ ਬਾਣੀ ਦੇ ਅਭਿਆਸ ਦੀ ਬਰਕਤ ਨਾਲ ਅਗਿਆਨਤਾ ਦਾ ਕਰੜਾ ਪੜਦਾ ਦੂਰ ਹੋ ਜਾਵੇਗਾ ਤੇ ਚਾਨਣ ਪ੍ਰਗਟ ਹੋ ਜਾਵੇਗਾ।ਜਿਵੇਂ ਹਨ੍ਹੇਰੇ ਵਿਚ ਰੱਸੀ ਸੱਪ ਪ੍ਰਤੀਤ ਹੁੰਦੀ ਹੈ, ਚਾਨਣ ਕਰਨ ਤੋਂ ਰੱਸੀ ਦੀ ਅਸਲੀਅਤ ਦਾ ਪਤਾ ਲਗ ਜਾਂਦਾ ਹੈ।ਇਵੇਂ ਅੰਦਰ ਚਾਨਣ ਹੋਣ ਨਾਲ ਮਾਇਆ ਜਾਲ ਦਾ ਭਰਮ ਦੂਰ ਹੋ ਜਾਂਦਾ ਹੈ ਤੇ ਹਰੀ ਦੇ ਚਰਨਾਂ ਵਿਚ ਟਿਕਾਣਾ ਮਿਲ ਜਾਂਦਾ ਹੈ।ਅੰਕ ੩ ਵਿਚ ਦਸਦੇ ਹਨ ਕਿ ਮਾਇਆ ਨੇ ਜਗਤ ਨੂੰ ਭੁਲੇਖੇ ਵਿਚ ਪਾ ਰੱਖਿਆ ਹੈ, ਸਾਰੇ ਪਾਸੇ ਮਾਇਆ ਰੂਪ ਹਵਾ ਝੁਲ ਰਹੀ ਹੈ।ਕਬੀਰ ਜੀ ਕਹਿੰਦੇ ਹਨ ਕਿ ਅਸੀਂ ਵਾਹਿਗੁਰੂ ਵਿਚ ਲਿਵ ਜੋੜੀ ਹੋਈ ਹੈ, ਇਸੇ ਕਰਕੇ ਮਾਇਆ ਦੇ ਝੋਲਿਆਂ ਤੋਂ ਬਚੇ ਹੋਏ ਹਾਂ, ਜਿਵੇਂ ਗੁੱਡੀ ਡੋਰ ਦੇ ਸਹਾਰੇ ਬਚੀ ਰਹਿੰਦੀ ਹੈ।ਅੰਕ ੩ ਦਾ ਦੂਜਾ ਅਰਥ = ਉਨ੍ਹਾਂ ਗਿਆਨਵਾਨਾਂ ਨੇ ਬਿਨਾ ਤੀਰ ਕਮਾਣ ਚਲਾਏ ਦੇ ਮਾਇਆ ਗ੍ਰਸੇ ਜਗਤ ਨੂੰ (ਗੁਰੂ ਦੇ ਸ਼ਬਦ ਦੇ ਆਸਰੇ) ਵਿੰਨ੍ਹ ਲਿਆ ਹੈ (ਮਾਇਆ ਦਾ ਅਸਰ ਅਪਣੇ ਉਪਰ ਨਹੀਂ ਪੈਣ ਦਿਤਾ।ਕਿਵੇਂ? ਉਤਰ-) ਜਿਵੇਂ ਸਾਰੇ ਪਾਸਿਆਂ ਤੋਂ ਗੁੱਡੀ ਨੂੰ ਪੌਣ ਹਿਲਾਉਂਦੀ ਹੈ, ਤਿਵੇਂ ਗਿਆਨੀਆਂ ਦੀ ਦੇਹ ਨੂੰ ਪ੍ਰਾਲਬਧ ਰੂਪ ਪੌਣ ਚਲਾਉਂਦੀ ਹੈ ਤੇ ਉਨ੍ਹਾਂ ਦੀ ਬ੍ਰਿਤੀ ਰੂਪ ਡੋਰ ਹਰੀ ਵਿਚ ਲਗੀ ਰਹਿੰਦੀ ਹੈ।ਅੰਕ ੪ = ਮਨ ਦੀ ਅਵਸਥਾ ਜਗਤ ਵੱਲੋਂ ਉਲਟ ਕੇ ਅੰਤਰ ਮੁਖੀ ਹੋ ਗਈ, ਦੁਬਧਾ ਤੇ ਖੋਟੀ ਮੱਤ ਦਾ ਨਾਸ਼ ਹੋ ਗਿਆ ਤੇ ਪ੍ਰਭੂ ਪ੍ਰੀਤਮ ਦੇ ਦਰਸ਼ਨ ਹੋ ਗਏ ਹਨ।

ਗਉੜੀ ਬੈਰਾਗਣਿ ਤਿਪਦੇ ॥ ਉਲਟਤ ਪਵਨ ਚਕ੍ਰ ਖਟੁ ਭੇਦੇ, ਸੁਰਤਿ ਸੁੰਨ ਅਨਰਾਗੀ ॥ ਆਵੈ ਨ ਜਾਇ ਮਰੈ ਨ ਜੀਵੈ, ਤਾਸੁ ਖੋਜੁ ਬੈਰਾਗੀ ॥੧॥ ਮੇਰੇ ਮਨ, ਮਨ ਹੀ ਉਲਟਿ ਸਮਾਨਾ ॥ ਗੁਰ ਪਰਸਾਦਿ ਅਕਲਿ ਭਈ ਅਵਰੈ, ਨਾਤਰੁ ਥਾ ਬੇਗਾਨਾ ॥੧॥ਰਹਾਉ॥ ਨਿਵਰੈ ਦੂਰਿ ਦੂਰਿ ਫੁਨਿ ਨਿਵਰੈ, ਜਿਨਿ ਜੈਸਾ ਕਰਿ ਮਾਨਿਆ ॥ ਅਲਉਤੀ ਕਾ ਜੈਸੇ ਭਇਆ ਬਰੇਡਾ, ਜਿਨਿ ਪੀਆ ਤਿਨਿ ਜਾਨਿਆ ॥੨॥ ਤੇਰੀ ਨਿਰਗੁਨ ਕਥਾ ਕਾਇ ਸਿਉ ਕਹੀਐ, ਐਸਾ ਕੋਇ ਬਿਬੇਕੀ ॥ ਕਹੁ ਕਬੀਰ ਜਿਨਿ ਦੀਆ ਪਲੀਤਾ, ਤਿਨਿ ਤੈਸੀ ਝਲ ਦੇਖੀ ॥੩॥੩॥੪੭॥ ਹੇ ਬੈਰਾਗੀ! ਪ੍ਰਾਣਾਂ ਨੂੰ ਕਦੇ ਇੜਾ ਵਿਚ ਕਦੇ ਪਿੰਗਲਾ ਵਿਚ ਉਲਟਾਉਂਦਿਆਂ ਭਾਵ ਪ੍ਰਾਣਾਂ ਅਭਿਆਸ ਕਰਦਿਆਂ ਛੇ ਚੱਕ੍ਰ ਵਿੰਨ੍ਹ ਲਏ ਅਤੇ ਸੁਰਤ ਨੂੰ ਤੂੰ ਅਫੁਰ ਸਮਾਧੀ ਦਾ ਪ੍ਰੇਮੀ ਬਣਾ ਲਿਆ ਹੈ (ਇਸ ਦਾ ਕੀ ਲਾਭ ਹੈ?।ਇਸ ਨੂੰ ਛਡ ਕੇ) ਹੇ ਬੈਰਾਗੀ! ਉਸ ਪ੍ਰਭੂ ਨੂੰ ਖੋਜ, ਜੋ ਆਉਂਦਾ ਜਾਂਦਾ ਨਹੀਂ ਅਤੇ ਨਾ ਹੀ ਜੰਮਦਾ ਮਰਦਾ ਹੈ ਭਾਵ ਉਹ ਪ੍ਰਭੂ ਅਬਿਨਾਸੀ ਹੈ।੧।ਮੇਰੇ ਮਨ ਵਿਚ ਹੀ ਮਨ ਉਲਟ ਕੇ ਲੀਨ ਹੋ ਗਿਆ ਹੈ ਭਾਵ ਮੇਰੇ ਸ਼ੁੱਧ ਮਨ ਨੇ ਬੁਰੇ ਮਨ ਨੂੰ ਮਾਰ ਦਿਤਾ (ਮਨ ਬੁਰਿਆਈਆਂ ਵੱਲੋਂ ਉਲਟ ਕੇ

All Rights Reserved by Harjinder Singh Gyani | www.GuruGranthVakhyaan.org

ਪ੍ਰਭੂ ਵਿਚ ਲੀਨ ਹੋ ਗਿਆ।ਮਨ ਪਹਿਲਾਂ ਬੁਰਾ ਸੀ, ਹੁਣ ਗੁਰੂ ਦੀ ਕ੍ਰਿਪਾ ਨਾਲ ਚੰਗਾ ਬਣ ਗਿਆ ਹੈ)।ਗੁਰੂ ਦੀ ਕ੍ਰਿਪਾ ਨਾਲ ਮੇਰੀ ਅਕਲ ਹੋਰ ਤਰ੍ਹਾਂ ਦੀ ਹੋ ਗਈ ਹੈ, (ਬਦਲ ਗਈ ਭਾਵ ਸੰਸਾਰ ਵੱਲੋਂ ਉਲਟ ਕੇ ਵਾਹਿਗੁਰੂ ਪ੍ਰਾਇਣ ਹੋ ਗਈ), ਨਹੀਂ ਤਾਂ (ਮੇਰੀ ਅਕਲ ਪ੍ਰਭੂ ਵਲੋਂ) ਅਣਜਾਣ ਸੀ।੧।ਰਹਾਉ।(ਅਕਲ ਬਦਲ ਜਾਣ ਤੋਂ ਬਾਦ ਹੁਣ ਸਬੰਧੀ ਤੇ ਸੰਸਾਰ ਦੇ ਪਦਾਰਥ) ਜੋ ਨੇੜੇ ਸਨ, ਉਹ ਦੂਰ ਹੋ ਗਏ ਤੇ ਫਿਰ ਵਾਹਿਗੁਰੂ ਜੋ ਦੂਰ ਸੀ, ਉਹ ਨੇੜੇ ਹੋ ਗਿਆ, (ਇਹ ਪ੍ਰਤੀਤ ਉਸ ਨੂੰ ਹੁੰਦਾ ਹੈ) ਜਿਸ ਨੇ ਹਰੀ ਨੂੰ ਉਹੋ ਜਿਹਾ ਕਰਕੇ ਮੰਨਿਆ ਹੈ, ਜਿਹੋ ਜਿਹਾ ਉਹ ਸੱਚਮੁੱਚ ਹੈ (ਜਿਸ ਨੇ ਜੈਸਾ ਕਰਕੇ ਮੰਨਿਆ ਹੈ, ਉਸ ਨੂੰ ਉਹੋ ਜਿਹਾ ਹੀ ਦਿਸਿਆ ਹੈ।ਜਿਸ ਨੇ ਨੇੜੇ ਮੰਨਿਆ, ਉਸ ਨੂੰ ਨੇੜੇ ਹੋ ਮਿਲਿਆ ਹੈ, ਦੂਰ ਜਾਨਣ ਵਾਲਿਆਂ ਨੂੰ ਦੂਰ ਦਿਸਦਾ ਹੈ)।ਜਿਸ ਤਰ੍ਹਾਂ ਮਹੂਏ ਦਾ ਰਸ ਮਦ ਬਣ ਜਾਂਦਾ ਹੈ, ਉਸ ਦੇ ਨਸ਼ੇ ਦਾ ਸਰੂਰ ਉਹ ਹੀ ਜਾਣਦਾ ਹੈ, ਜਿਸ ਨੇ ਪੀਤਾ ਹੈ।੨।ਤੇਰੀ ਨਿਰਗੁਣ ਕਥਾ ਕਿਸ ਨਾਲ ਕਥਨ ਕਰੀਏ, ਐਸਾ ਗਿਆਨ ਵਾਲਾ (ਸਿਆਣਾ ਪੁਰਖ) ਕੌਣ ਹੈ? (ਜੋ ਨਿਰਗੁਣ ਦੀ ਕਥਾ ਨੂੰ ਸਮਝ ਸਕੇ)।ਕਬੀਰ ਜੀ ਆਖਦੇ ਹਨ ਕਿ ਜਿਸ ਨੇ (ਬਰੂਦ ਭਰੀ ਤੋਪ ਨੂੰ ਜਿਤਨਾ ਕੁ) ਪਲੀਤਾ ਦਿਤਾ ਹੋਵੇ, ਉਸ ਨੇ ਉਤਨੀ ਕੁ ਚਮਕ ਦੇਖੀ ਹੈ (ਜਿਤਨਾ ਕਿਸੇ ਨੇ ਨਾਮ ਸਿਮਰਨ ਦਾ ਅਭਿਆਸ ਕੀਤਾ ਹੈ, ਉਤਨਾ ਕੁ ਹੀ ਉਸ ਨੂੰ ਗਿਆਨ ਦਾ ਪ੍ਰਕਾਸ਼ ਹੋਇਆ ਹੈ)।੩।੩।੪੭।

ਪਦਾਰਥ = ਉਲਟਤ–ਉਲਟਾਉਂਦਿਆਂ।ਪਵਨ–ਪ੍ਰਾਣ।ਭੇਦੇ–ਵਿੰਨ੍ਹ ਲਏ (ਛੇ ਚੱਕਰਾਂ ਵਿਚੋਂ ਦੀ ਪ੍ਰਾਣਾ ਲੰਘਾ ਲਏ)।ਸੁਰਤਿ–ਚਿਤ ਦੀ ਬਿਰਤੀ।ਸੁੰਨ–ਫੁਰਨਿਆਂ ਦੇ ਰਹਿਤ ਹਾਲਤ।ਅਨਰਾਗੀ–ਪ੍ਰੇਮੀ।ਤਾਸੁ–ਉਸ ਪ੍ਰਭੂ ਨੂੰ।ਜੀਵੈ–ਜਿਉਂਦਾ; ਜੰਮਦਾ।ਬੈਰਾਗੀ–ਹੇ ਬੈਰਾਗੀ! ।੧।ਸਮਾਨਾ–ਮਿਲ ਗਿਆ।ਭਈ ਅਵਰੈ–ਹੋਰ ਹੋ ਗਈ (ਬਦਲ ਗਈ)।ਨਾਤਰੁ–ਨਹੀਂ ਤਾਂ।ਥਾ–ਸੀ।ਬੇਗਾਨਾ–ਅਣਜਾਣ; ਨਾ ਵਾਕਫ ।੧।ਰਹਾਉ।ਨਿਵਰੈ–ਨੇੜੇ।ਫੁਨਿ–ਫਿਰ; ਪੁਨਾ।ਜਿਨਿ–ਜਿਸ ਮਨੁੱਖ ਨੇ।ਜੈਸਾ ਕਰਿ–ਜਿਹੋ ਜਿਹਾ ਹੈ, ਉਹੋ ਜਿਹਾ ਕਰਕੇ (ਅਸਲ ਸਰੂਪ ਨੂੰ)।ਅਲਉਤੀ–ਮਹੂਆ; ਮਿਸਰੀ; ਗਲੋ।ਬਰੇਡਾ–ਸ਼ਰਾਬ; ਸ਼ਰਬਤ; ਰਸ।੨।ਨਿਰਗੁਨ ਕਥਾ–ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰੇ ਵਾਲੇ ਸਰੂਪ ਦੀ ਸਿਫਤ ਸਲਾਹ।ਕਾਇ ਸਿਉ–ਕਿਸ (ਮਨੁੱਖ) ਨਾਲ।ਬਿਬੇਕੀ–ਵਿਚਾਰਵਾਨ; ਗਿਆਨ ਵਾਲਾ।ਪਲੀਤਾ–ਬਰੂਦ ਨਾਲ ਭਰੀ ਤੋਪ ਨੂੰ ਅੱਗ ਦੇਣ ਵਾਲੀ ਧੁਖਦੀ ਬੱਤੀ।ਤੈਸੀ–ਉਹੋ ਜਿਹੀ।ਝਲ–ਝਲਕ; ਚਮਕਾਰਾ।੩।੩।੪੭।

ਚਕ੍ਰ ਖਟ = ਛੇ ਚੱਕਰ।ਮੂਲਾਧਾਰ–ਗੁਦਾ ਮੰਡਲ ਦਾ ਚੱਕਰ।ਸੁਆਧਿਸਠਾਨ–ਲਿੰਗ ਦੀ ਜੜ੍ਹ ਵਿਚ ਚਕਰ।ਮਣੀ ਪੁਰ–ਧੁੰਨੀ ਦੇ ਕੋਲ। ਅਨਾਹਤ ਚਕਰ–ਹਿਰਦੇ ਵਿਚ।ਵਿਸ਼ੁੱਧ ਚਕਰ–ਗਲੇ ਵਿਚ।ਆਗਿਆ ਚਕਰ–ਭਰਵੱਟਿਆਂ ਦੇ ਵਿਚਾਲੇ।ਕਬੀਰ ਜੀ ਜੋਗੀਆਂ ਦੀ ਬੋਲੀ ਵਿਚ ਅਪਣੇ ਮਨ ਦੀ ਅਵਸਥਾ ਬਿਆਨ ਕਰਦੇ ਹਨ।ਜੋਗੀਆਂ ਦੇ ਲਫਜ ਵਰਤ ਕੇ ਕੇਵਲ ਨਾਮ ਜਪਨ ਦਾ ਉਪਦੇਸ਼ ਦੇ ਰਹੇ ਹਨ।

ਉਥਾਨਕਾ = ਜਦ ਰਾਮਾਨੰਦ ਜੀ ਜੋਤੀ ਜੋਤ ਸਮਾਏ ਤਾਂ ਸੇਵਕਾਂ ਨੇ ਕਬੀਰ ਜੀ ਨੂੰ ਪੁਛਿਆ ਕਿ ਗੁਰੂ ਜੀ ਜੀਵਾਤਮਾ ਕਿਥੇ ਗਈ ਹੈ? ਦੂਜੇ ਜਦ ਗੁਰੂ ਨਾਨਕ ਦੇਵ ਜੀ ਕਬੀਰ ਜੀ ਨੂੰ ਮਿਲੇ ਤਾਂ ਸੇਵਕਾਂ ਨੇ ਪੁਛਿਆ ਕਿ ਗੁਰੂ ਨਾਨਕ ਦੇਵ ਜੀ ਕਿਸ ਅਵਸਥਾ ਵਿਚ ਰਹਿੰਦੇ ਹਨ।ਕਬੀਰ ਪੰਥੀ ਲਹਿਣਾ ਸਿੰਘ ਜੀ ਨੇ ਲਿਖਿਆ ਹੈ ਕਿ ਸਾਰੇ ਭਗਤ ਗੁਰੂ ਨਾਨਕ ਦੇਵ ਜੀ ਨੂੰ ਕਾਂਸੀ ਵਿਚ ਮਿਲੇ ਹਨ (ਟਕਸਾਲ)। ਜਿਸ ਗੁਰਮੁਖ ਨੂੰ ਸਹਜ ਪਦ ਦੀ ਪ੍ਰਾਪਤੀ ਹੁੰਦੀ ਹੈ, ਉਹ ਸਰੀਰ ਵਿਚ ਵੀ ਹੈ ਤੇ ਬ੍ਰਹਮੰਡ ਵਿਚ ਵੀ।ਨਾਮ ਬਾਣੀ ਦਾ ਅਭਿਆਸ ਕਰ ਕੇ ਉਸ ਦੀ ਪਹੁੰਚ ਵਾਹਿਗੁਰੂ ਦੇ ਚਰਨਾਂ (ਸੱਚਖੰਡ) ਵਿਚ ਹੋ ਜਾਂਦੀ ਹੈ।ਜਿਥੇ ਕੋਈ ਰੁੱਤ ਸਾਗਰ ਧੁੱਪ ਜਾਂ ਛਾਂ ਆਦਿ ਨਹੀਂ ਹਨ।

ਗਉੜੀ ॥ ਤਹ ਪਾਵਸ ਸਿੰਧੁ ਧੂਪ ਨਹੀ ਛਹੀਆ, ਤਹ ਉਤਪਤਿ ਪਰਲਉ ਨਾਹੀ ॥ ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ, ਸੁੰਨ ਸਮਾਧਿ ਦੋਊ ਤਹ ਨਾਹੀ ॥੧॥ ਸਹਜ ਕੀ ਅਕਥ ਕਥਾ ਹੈ ਨਿਰਾਰੀ ॥ ਤੁਲਿ ਨਹੀ ਚਢੈ ਜਾਇ ਨ ਮੁਕਾਤੀ, ਹਲੁਕੀ ਲਗੈ ਨ ਭਾਰੀ ॥੧॥ਰਹਾਉ॥ ਅਰਧ ਉਰਧ ਦੋਊ ਤਹ ਨਾਹੀ, ਰਾਤਿ ਦਿਨਸੁ ਤਹ ਨਾਹੀ ॥ ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ, ਸਤਿਗੁਰ ਤਹਾ ਸਮਾਹੀ ॥੨॥ ਅਗਮ ਅਗੋਚਰੁ ਰਹੈ ਨਿਰੰਤਰਿ, ਗੁਰ ਕਿਰਪਾ ਤੇ ਲਹੀਐ ॥ ਕਹੁ ਕਬੀਰ ਬਲਿ ਜਾਉ ਗੁਰ ਅਪੁਨੇ, ਸਤਸੰਗਤਿ ਮਿਲਿ ਰਹੀਐ ॥੩॥੪॥੪੮॥ (ਕਬੀਰ ਜੀ ਸਹਜ ਅਵਸਥਾ ਦਾ ਵਰਨਣ ਕਰਦੇ ਹਨ।ਹੇ ਭਾਈ! ਸਹਿਜ ਅਵਸਥਾ ਵਿਚ) ਉਥੇ ਬਰਸਾਤ ਆਦਿ ਰੁੱਤਾਂ ਨਹੀਂ ਹਨ, ਸਮੁੰਦਰ ਤੇ ਧੁੱਪ ਛਾਂ ਆਦਿ ਵੀ (ਉਥੇ) ਨਹੀਂ ਹਨ, ਉਥੇ (ਸੰਸਾਰ ਦੀ) ਉਤਪਤੀ ਤੇ ਪਰਲੋਂ ਵੀ ਨਹੀਂ ਹਨ। (ਸੰਸਾਰ ਵਰਗਾ) ਜੀਵਨ ਤੇ ਮੌਤ, ਦੁਖ ਤੇ ਸੁਖ (ਸਹਿਜ ਅਵਸਥਾ ਵਿਚ) ਨਹੀਂ ਬਿਆਪਦੇ (ਸਹਿਜ ਪਦ ਵਾਲੇ ਗੁਰਮੁਖਾਂ ਨੂੰ ਜਨਮ ਮਰਨ ਦਾ ਦੁਖ ਸੁਖ ਨਹੀਂ ਲਗਦਾ), ਸ਼ੋਰ ਸ਼ਰਾਬਾ ਤੇ ਸਮਾਧੀ ਦੋਵੇਂ ਉਥੇ (ਸਹਿਜ ਅਵਸਥਾ ਵਿਚ) ਨਹੀਂ ਹਨ।੧।ਸਹਿਜ ਦੀ ਕਥਾ ਕਥਨ ਤੋਂ ਰਹਿਤ ਤੇ ਨਿਰਾਲੀ ਹੈ।(ਸਹਿਜ ਅਵਸਥਾ) ਤੱਕੜੀ ਤੇ ਨਹੀਂ ਚੜ੍ਹ ਸਕਦੀ ਭਾਵ ਸਥੂਲ ਪਦਾਰਥਾਂ ਵਾਂਗ ਤੋਲੀ ਨਹੀ ਜਾ ਸਕਦੀ (ਮਨੁੱਖੀ ਅਕਲ ਦੇ ਅੰਦਾਜੇ ਵਿਚ ਨਹੀਂ ਆਉਂਦੀ), ਨਾ ਹੀ ਮੁਕਾਈ ਜਾ ਸਕਦੀ ਹੈ, (ਅਮੁੱਕ ਹੈ, ਜਦ ਤੋਲ ਵਿਚ ਨਹੀਂ ਹੈ

All Rights Reserved by Harjinder Singh Gyani | www.GuruGranthVakhyaan.org

ਤਾਂ) ਨਾ ਹਲਕੀ ਲਗਦੀ ਤੇ ਨਾ ਭਾਰੀ ਲਗਦੀ ਕਹੀ ਜਾ ਸਕਦੀ ਹੈ।੧।ਰਹਾਉ।ਹੇਠਾਂ ਤੇ ਉਪਰ ਦੋਵੇਂ ਦਿਸ਼ਾਂ ਉਥੇ ਨਹੀਂ ਹਨ ਅਤੇ ਦਿਨ ਰਾਤ ਵੀ ਉਥੇ ਨਹੀਂ ਹਨ।(ਸਹਿਜ ਅਵਸਥਾ ਵਿਚ) ਜਲ ਨਹੀਂ, ਹਵਾ ਤੇ ਫਿਰ ਅੱਗ ਵੀ ਨਹੀਂ ਹੈ, ਉਥੇ (ਸਹਿਜ ਅਵਸਥਾ ਵਿਚ) ਸਤਿਗੁਰੂ ਸਮਾ ਰਿਹਾ ਹੁੰਦਾ ਹੈ।੨।ਮਨ ਬੁੱਧੀ ਦੀ ਪਹੁੰਚ ਤੋਂ ਪਰੇ, ਇੰਦ੍ਰੀਆਂ ਦੇ ਵਿਸ਼ੇ ਤੋਂ ਰਹਿਤ ਇਕ ਰਸ (ਪ੍ਰਭੂ ਉਥੇ) ਰਹਿੰਦਾ ਹੈ, ਗੁਰੂ ਦੀ ਕ੍ਰਿਪਾ ਨਾਲ (ਪ੍ਰਭੂ ਨੂੰ) ਪ੍ਰਾਪਤ ਕਰ ਸਕੀਦਾ ਹੈ।ਕਬੀਰ ਜੀ ਕਹਿੰਦੇ ਹਨ ਕਿ (ਮੈਂ) ਅਪਨੇ ਗੁਰੂ ਤੋਂ ਬਲਹਾਰ ਜਾਂਦਾ ਹਾਂ (ਅਤੇ ਗੁਰੂ ਦੀ) ਸਤ ਸੰਗਤ ਵਿਚ ਮਿਲ ਕੇ ਰਹਿਣਾ ਚਾਹੀਦਾ ਹੈ (ਜੋ ਅਪਹੁੰਚ ਤੇ ਅਵਿਸ਼ੇ ਹੈ, ਉਸ ਦਾ ਪਤਾ ਕਿਵੇਂ ਲੱਗਾ? ਉਤਰ–ਉਥੇ ਸਤਿਗੁਰੂ ਹੈ, ਉਸ ਨੂੰ ਪਤਾ ਹੈ, ਉਸ ਨੇ ਸਾਨੂੰ ਦਸਿਆ ਹੈ)।੩।੪।੪੮।

ਪਦਾਰਥ = ਤਹ–ਉਥੇ।ਪਾਵਸ–ਬਰਸਾਤ ਦੀ ਰੁੱਤ।ਸਿੰਧੁ–ਸਮੁੰਦਰ।ਧੂਪ–ਸੂਰਜ ਦੀ ਧੁੱਪ।ਛਹੀਆ–(ਰੁੱਖਾਂ ਦੀ) ਛਾਂ।ਉਤਪਤਿ–ਜਗਤ ਦੀ ਪੈਦਾਇਸ਼।ਪਰਲੋ–ਜਗਤ ਦਾ ਵਿਨਾਸ਼।ਸੁੰਨ–ਧੁਨਿ–ਸ਼ੋਰ।ਸਮਾਧੀ–ਧਿਆਨ; ਰੌਲੇ ਰੱਪੇ ਤੋਂ ਰਹਿਤ; ਸੁੰਨ ਸਮਾਧੀ–ਫੁਰਨੇ ਤੋਂ ਰਹਿਤ ਸਮਾਧੀ।ਦੋਊ–ਦੋਵੇਂ; ਦੁਐਤ।੧।ਸਹਜ–ਕੁਦਰਤੀ; ਪੂਰਨਤਾ ਵਾਲੀ ਅਵਸਥਾ; ਸ਼ਾਂਤ ਅਡੋਲ ਅਵਸਥਾ।ਅਕਥ ਕਥਾ–ਨਾ ਕਥੇ ਜਾਣ ਵਾਲੀ ਕਥਾ।ਨਿਰਾਰੀ–ਵੱਖਰੇ ਕਿਸਮ ਦੀ।ਤੁਲਿ–ਤੱਕੜੀ ਉਤੇ।ਜਾਇ ਨ ਮੁਕਾਤੀ–ਮੁਕਾਈ ਨਹੀਂ ਜਾ ਸਕਦੀ।ਹਲੁਕੀ–ਹਲਕੀ।੧।ਰਹਾਉ।ਅਰਧ–ਨੀਵਾਂ।ਉਰਧ–ਉਪਰ (ਅਕਾਸ ਤੇ ਪਤਾਲ ਜਾਂ ਬ੍ਰਹਮ ਪੁਰੀ, ਸੁਰਗ, ਸ਼ਿਵ ਪੁਰੀ ਆਦਿ)।ਪਵਨੁ–ਹਵਾ। ਪਾਵਕੁ–ਅੱਗ (ਆਦਿ ਪੰਜ ਤੱਤ; ਰਜੋ ਤਮੋ ਤੇ ਸਤੋ ਗੁਣ)।ਫੁਨਿ–ਫਿਰ; ਪੁਨਾ।ਸਮਾਹੀ–ਟਿਕਿਆ ਰਿਹਾ ਹੁੰਦਾ ਹੈ।੨।ਅਗਮ–ਮਨ ਬੁੱਧੀ ਦੀ ਪਹੁੰਚ ਤੋਂ ਪਰੇ।ਅਗੋਚਰ–ਇੰਦ੍ਰੀਆਂ ਦੇ ਵਿਸ਼ੇ ਤੋਂ ਰਹਿਤ।ਰਹੈ–ਰਹਿੰਦਾ ਹੈ।ਨਿਰੰਤਰਿ–ਇਕ ਰਸ; ਬਿਨਾ ਵਿੱਥ ਤੋਂ।ਲਹੀਐ–ਲਭ ਸਕੀਦਾ ਹੈ।ਬਲਿ ਜਾਉ–ਸਦਕੇ ਜਾਂਦਾ ਹਾਂ।੩।੪।੪੮।

ਉਥਾਨਕਾ = ਵਣਜਾਰਿਆਂ ਦਾ ਇਕ ਨਾਇਕ ਵਣਜਾਰਾ ਕਬੀਰ ਜੀ ਕੋਲ ਆ ਕੇ ਕਹਿਣ ਲੱਗਾ, ਆਪ ਜੀ ਕੋਲ ਕਾਫੀ ਸੰਗਤ ਆਉਂਦੀ ਹੈ ਤੇ ਲੰਗਣ ਪਾਣੀ ਤੇ ਖਰਚ ਵੀ ਬਹੁਤ ਹੁੰਦਾ ਹੈ।ਮੈਂ ਦੋ ਬੈਲ ਖ੍ਰੀਦ ਕੇ ਕਿਸੇ ਚੰਗੇ ਵਪਾਰੀ ਦੇ ਟਾਂਡੇ ਵਿਚ ਲਗਾ ਦੇਂਦਾ ਹਾਂ।ਵਪਾਰ ਮੇਰੇ ਵਣਜਾਰੇ ਕਰ ਦਿਆ ਕਰਨਗੇ, ਤੇ ਪੂੰਜੀ ਵੀ ਮੈਂ ਲਗਾ ਦਿਆਂਗਾ।ਜੋ ਆਮਦਨ ਹੋਵੇਗੀ, ਉਸ ਨਾਲ ਸੰਗਤ ਦੇ ਲੰਗਰ ਦਾ ਖਰਚਾ ਚਲ ਪਿਅ ਕਰੇਗਾ।ਇਹ ਸੁਣ ਕੇ ਕਬੀਰ ਜੀ ਨੇ ਇਹ ਸ਼ਬਦ ਉਚਾਰਿਆ।

ਗਉੜੀ ॥ ਪਾਪੁ ਪੁੰਨੁ ਦੁਇ ਬੈਲ ਬਿਸਾਹੇ, ਪਵਨੁ ਪੂਜੀ ਪਰਗਾਸਿਓ ॥ ਤ੍ਰਿਸ਼ਨਾ ਗੁਣਿ ਭਰੀ ਘਟ ਭਤਿਰਿ, ਇਨ ਬਿਧਿ ਟਾਂਡ ਬਿਸਾਹਿਓ ॥੧॥ ਐਸਾ ਨਾਇਕੁ ਰਾਮੁ ਹਮਾਰਾ ॥ ਸਗਲ ਸੰਸਾਰੁ ਕੀਓ ਬਨਜਾਰਾ ॥ਰਹਾਉ॥ ਕਾਮੁ ਕ੍ਰੋਧੁ ਦੁਇ ਭਏ ਜਗਾਤੀ, ਮਨ ਤਰੰਗ ਬਟ ਵਾਰਾ ॥ ਪੰਚ ਤਤੁ ਮਿਲਿ ਦਾਨੁ ਨਿਬੇਰਹਿ, ਟਾਂਡਾ ਉਤਰਿਓ ਪਾਰਾ ॥੨॥ ਕਹਤ ਕਬੀਰੁ ਸੁਨਹੁ ਰੇ ਸੰਤਹੁ ,ਅਬ ਐਸੀ ਬਨਿ ਆਈ ॥ ਘਾਟੀ ਚਢਤ ਬੈਲੁ ਇਕੁ ਥਾਕਾ, ਚਲੋ ਗੋਨਿ ਛਿਟਕਾਈ ॥੩॥੫॥੪੯॥ (ਹੇ ਭਾਈ! ਮਨੁੱਖ ਨੇ ਜਨਮਾਂ ਜਨਮਾਂਤ੍ਰਾਂ ਤੋਂ) ਪਾਪ ਪੁੰਨ (ਕਰ ਕਰ ਕੇ ਸਥੂਲ ਸਰੀਰ ਤੇ ਸੂਖਮ ਸਰੀਰ ਰੂਪ) ਦੋ ਬਲਦ ਖਰੀਦੇ ਹਨ ਤੇ (ਪ੍ਰਭੂ ਸ਼ਾਹ ਦੀ ਦਿਤੀ) ਸੁਆਸਾਂ ਰੂਪ ਪੂੰਜੀ ਲੈ ਕੇ ਮਨੁੱਖ ਜੰਮਿਆ ਹੈ ਭਾਵ ਸੰਸਾਰ ਰੂਪ ਬਜਾਰ ਵਿਚ ਵਪਾਰ ਕਰਨ ਆਇਆ ਹੈ {ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ।ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ੧੨੬}।ਹਿਰਦੇ ਅੰਦਰ ਤ੍ਰਿਸ਼ਨਾ ਦੀ ਭਰੀ ਹੋਈ ਗੂਣ (ਅਪਣੇ ਨਾਲ ਲਈ ਫਿਰਦਾ ਹੈ, ਸਥੂਲ ਸਰੀਰ ਤਾਂ ਮਰ ਕੇ ਮੁੱਕ ਜਾਂਦਾ ਹੈ, ਪਰ ਸੂਖਮ ਤੇ ਲਿੰਗ ਸਰੀਰ ਨਹੀਂ ਮੁੱਕਦਾ।ਜਿਸ ਕਰਕੇ ਹਰੇਕ ਜਨਮ ਵਿਚ) ਇਸ ਪ੍ਰਕਾਰ ਦਾ (ਤ੍ਰਿਸ਼ਨਾ ਰੂਪ ਹੋਰ) ਮਾਲ ਖ੍ਰੀਦਦਾ ਰਹਿੰਦਾ ਹੈ।੧।ਰਾਮ ਸਾਡਾ ਐਸਾ ਨਾਇਕ (ਵਪਾਰੀਆਂ ਦਾ ਸ਼ਾਹ) ਹੈ।(ਉਸ ਸ਼ਾਹ ਨੇ) ਸਾਰੇ ਸੰਸਾਰ ਨੂੰ (ਅਪਣਾ) ਵਣਜਾਰਾ ਬਣਾ ਰਖਿਆ ਹੈ।੧।ਰਹਾਉ।ਕਾਮ ਤੇ ਕ੍ਰੋਧ ਦੋ ਮਸੂਲੀਏ ਬਣ ਗਏ ਹਨ ਅਤੇ ਮਨ ਦੀਆਂ ਲਹਿਰਾਂ (ਸੰਕਲਪ ਵਿਕਲਪ ਰਸਤੇ ਵਿਚ ਲੁੱਟਣ ਵਾਲੇ) ਧਾੜਵੀ ਬਣੇ ਹੋਏ ਹਨ।ਸਰੀਰ ਦੇ ਪੰਜ ਤੱਤ ਮਿਲ ਕੇ ਮਸੂਲੀਆਂ ਤੇ ਧਾੜਵੀਆਂ ਦਾ ਲੁੱਟਿਆ ਦਾਨ (ਡੰਨ) ਵੰਡਦੇ ਹਨ ਤੇ ਇਸ ਤਰ੍ਹਾਂ ਇਹ ਮਾਲ ਪਾਰ ਉਤਰਦਾ ਹੈ (ਇਹ ਜਨਮ ਇਸ ਤਰ੍ਹਾਂ ਨਿਸਫਲ ਬਤੀਤ ਹੁੰਦਾ ਹੈ ਤੇ ਸੁਆਸਾਂ ਦੀ ਪੂੰਜੀ ਖਤਮ ਹੁੰਦੀ ਹੈ (ਸ਼ਬਦਾਰਥ; ਸੁਆਸਾਂ ਦੀ ਪੂੰਜੀ ਨੂੰ ਨਿਸਫਲ ਗੁਆਉਂਦਾ ਹੋਇਆ ਜੋ ਵਣਜਾਰਾ ਜੀਵ) ਤੱਤ ਸਰੂਪ ਵਾਹਿਗੁਰੂ ਨੂੰ ਜਾਨਣ ਵਾਲੇ ਸੰਤਾਂ ਨੂੰ ਮਿਲਦਾ ਹੈ, ਉਸ ਦਾ ਦੇਣਾ ਮੁੱਕ ਜਾਂਦਾ ਹੈ (ਜਿਸ ਮਨੁੱਖ ਨੇ ਸੰਤਾਂ ਦਾ ਦਸਿਆ ਮਾਲ ਲੱਦ ਲਿਆ ਭਾਵ ਨਾਮ ਜਪਿਆ, ਉਸ ਦੀ ਰਹਿੰਦੀ ਸੁਆਸਾਂ ਦੀ ਪੂੰਜੀ ਸਫਲ ਹੋ ਜਾਂਦੀ ਹੈ, ਇਸ ਤਰ੍ਹਾਂ ਵਣਜਾਰੇ ਦਾ ਦੈਵੀ ਗੁਣਾਂ ਦਾ) ਮਾਲ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਂਦਾ ਹੈ।੨।ਕਬੀਰ ਜੀ ਆਖਦੇ ਹਨ ਕਿ ਹੇ ਸੰਤ ਜਨੋਂ! ਸੁਣੋ, ਹੁਣ ਐਸੀ ਅਵਸਥਾ ਬਣ ਆਈ ਹੈ।(ਪ੍ਰਲੋਕ ਦੀ) ਘਾਟੀ ਤੇ ਚੜ੍ਹਦਿਆਂ ਇਕ ਸਥੂਲ ਸਰੀਰ ਰੂਪ ਬੈਲ ਥੱਕ ਗਿਆ (ਮਰ ਗਿਆ ਤਾਂ ਦੂਜਾ ਲਿੰਗ ਸਰੀਰ) ਤ੍ਰਿਸ਼ਨਾ ਦੀ ਗੋਣ ਪਰ੍ਹਾਂ ਸੁੱਟ

All Rights Reserved by Harjinder Singh Gyani | www.GuruGranthVakhyaan.org

ਕੇ ਆਪ ਅੱਗੇ (ਪ੍ਰਭੂ ਵਿਚ ਲੀਨ ਹੋਣ ਲਈ) ਚਲਾ ਗਿਆ।੩।੫।੪੯।

ਪਦਾਰਥ = ਬੈਲ-ਬਲਦ।ਬਿਸਾਹੇ-ਖ੍ਰੀਦੇ।ਪਵਨੁ-ਸੁਆਸ।ਪੂਜੀ-ਰਾਸ।ਪਰਗਾਸਿਓ-ਪ੍ਰਗਟਿਆ (ਜੰਮਿਆ)।ਗੂਣਿ-ਥੈਲੀ; ਬੋਰੀ। ਘਟ ਭੀਤਰਿ-ਹਿਰਦੇ ਵਿਚ।ਇਨ ਬਿਧਿ-ਇਸ ਤਰੀਕੇ ਨਾਲ।ਟਾਂਡ-ਸੌਦਾ; ਮਾਲ; ਵਪਾਰੀਆਂ ਦਾ ਟੋਲਾ; ਪਸ਼ੂਆਂ ਦਾ ਝੁੰਡ।ਬਿਸਾਹਿਓ -ਖ੍ਰੀਦਿਆ।੧।ਨਾਇਕੁ-ਵਣਜਾਰਿਆਂ ਦਾ ਸ਼ਾਹ ਜੋ ਛੋਟੇ ਵਪਾਰੀਆਂ ਨੂੰ ਉਧਾਰ ਦੇਂਦਾ ਹੈ ਤੇ ਵਪਾਰ ਕਰਾਉਂਦਾ ਹੈ।ਸਗਲ-ਸਾਰਾ। ਬਨਜਾਰਾ-(ਵੱਡੇ ਵਪਾਰੀ ਦੇ ਹੇਠ ਕੰਮ ਕਰਨ ਵਾਲਾ ਛੋਟਾ) ਵਪਾਰੀ।ਦੁਇ-ਦੋਵੇਂ।ਭਏ-ਹੋਏ।੧।ਰਹਾਉ।ਜਗਾਤੀ-ਮਸੂਲੀਏ (ਟੈਕਸ ਲੈਣ ਵਾਲੇ)।ਮਨ ਤਰੰਗ-ਮਨ ਦੀਆਂ ਲਹਿਰਾਂ।ਬਟਵਾਰਾ-ਲੁਟੇਰੇ; ਹਿੱਸੇਦਾਰ।ਪੰਚ ਤਤੁ-ਪੰਜ ਤਤ ਵਾਲਾ ਸਰੀਰ; ਤੱਤ ਸਰੂਪ ਨੂੰ ਜਾਨਣ ਵਾਲੇ ਸੰਤ।ਦਾਨੁ-ਡੰਨ।ਨਿਬੇਰਹਿ-ਮੁਕਾਉਂਦੇ ਹਨ।ਟਾਂਡਾ-ਲੱਦੇ ਵਪਾਰ ਦਾ ਮਾਲ।ਉਤਰਿਓ ਪਾਰਾ-ਪਾਰ ਲੰਘ ਗਿਆ।੨। ਅਬ-ਹੁਣ।ਬਨਿ ਆਈ-ਹਾਲਤ ਬਣ ਆਈ ਹੈ।ਬੈਲੁ ਇਕੁ-ਇਕ ਸਰੀਰ ਰੂਪ ਬੈਲ।ਛਿਟਕਾਈ-ਸੁੱਟ ਕੇ।੩।੫।੪੯।

ਵਿਆਖਿਆ = ਰੱਬ ਨੇ ਜੀਵ ਨੂੰ ਸੁਆਸਾਂ ਦੀ ਪੂੰਜੀ ਦਿਤੀ ਹੈ।ਜੀਵ ਦੇ ਅੰਦਰ ਅਨੇਕਾਂ ਜਨਮਾਂ ਦੀ ਤ੍ਰਿਸ਼ਨਾ ਹੈ, ਤ੍ਰਿਸ਼ਨਾ ਪੂਰੀ ਕਰਨ ਵਾਲੇ ਕੰਮਾਂ ਲਈ ਮਨੁੱਖ ਸੁਆਸਾਂ ਦੀ ਪੂੰਜੀ ਖਰਚਦਾ ਹੈ।ਮੁਕਤ ਹੋਣ ਦਾ ਸੌਦਾ ਨਹੀਂ ਖ੍ਰੀਦਦਾ, ਪਾਪ ਤੇ ਪੁੰਨ ਦਾ ਸੌਦਾ ਖ੍ਰੀਦਦਾ ਹੈ, ਜਿਸ ਕਰਕੇ ਬਾਰ ਬਾਰ ਜਨਮ ਮਰਨ ਦੇ ਗੇੜ ਵਿਚ ਪੈਂਦਾ ਹੈ।ਸਰੀਰ ਦੋ ਹਨ, ਸਥੂਲ ਤੇ ਸੂਖਮ ਜਾਂ ਲਿੰਗ ਸਰੀਰ, ਸਥੂਲ ਸਰੀਰ ਮਰ ਕੇ ਖਤਮ ਹੋ ਜਾਂਦਾ ਹੈ ਤੇ ਲਿੰਗ ਸਰੀਰ ਨਹੀਂ ਮਰਦਾ।ਪਾਪ ਪੁੰਨ ਕਰਕੇ ਜੋ ਸਰੀਰ ਮਿਲਦਾ ਹੈ, ਉਹ ਦੋ ਸਰੀਰ ਹੁੰਦੇ ਹਨ, ਇਸ ਕਰਕੇ ਇਨ੍ਹਾਂ ਨੂੰ ਦੋ ਬੈਲ ਕਿਹਾ ਹੈ।ਸਥੂਲ ਸਰੀਰ ਕੰਮ ਕਰਕੇ ਧਨ ਕਮਾਉਂਦਾ ਹੈ ਤੇ ਸੂਖਮ ਸਰੀਰ ਜਨਮਾਂ ਜਨਮਾਂਤ੍ਰਾਂ ਦੀ ਤਿਸ਼ਨਾਂ ਦੀ ਗੂਣ ਚੁੱਕੀ ਫਿਰਦਾ ਹੈ।ਕਰਮਾਂ ਦਾ ਦੁਖ ਸੁਖ ਸਥੂਲ ਸਰੀਰ ਭੋਗਦਾ ਹੈ ਤੇ ਕਰਮਾਂ ਦੀ ਪ੍ਰੇਰਕ ਸ਼ਕਤੀ 'ਤ੍ਰਿਸ਼ਨਾ' ਲਿੰਗ ਸਰੀਰ ਵਿਚ ਵਸਦੀ ਹੈ, ਤ੍ਰਿਸ਼ਨਾ ਦਾ ਭਾਰ ਲਿੰਗ ਸਰੀਰ ਚੁਕਦਾ ਹੈ।ਹਿਰਦੇ ਵਿਚ ਪਈ ਤ੍ਰਿਸ਼ਨਾ ਦੀ ਪ੍ਰੇਰਨਾ ਨਾਲ ਕੱਠੀ ਕੀਤੀ ਮਾਇਆ ਮਨੁੱਖ ਭੋਗਾਂ ਵਿਚ ਖਰਚ ਕਰਦਾ ਹੈ।ਕਾਮ ਕ੍ਰੋਧ ਆਦਿ ਵਿਕਾਰਾਂ ਦੇ ਕਾਰਣ ਮਨੁੱਖ ਦਾ ਹਿਰਦਾ ਮੈਲਾ ਹੋਇਆ ਰਹਿੰਦਾ ਹੈ ਤੇ ਸੁਆਸ ਨਿਸਫਲ ਜਾਂਦੇ ਹਨ।ਭੋਗਾਂ ਤੋਂ ਬਚਦਾ ਸਮਾਂ ਸੋਚਾਂ ਵਿਚਾਰਾਂ ਤੇ ਫੁਰਨਿਆਂ ਵਿਚ ਲੰਘ ਜਾਂਦਾ ਹੈ, ਜਿਸ ਨੂੰ ਮਨ ਦੇ ਤਰੰਗ ਕਿਹਾ ਹੈ। ਸੁਆਸਾਂ ਦੀ ਪੂੰਜੀ ਪ੍ਰਭੂ ਸ਼ਾਹ ਤੋਂ ਨਫਾ ਖੱਟਣ ਲਈ ਲੈ ਕੇ ਆਇਆ ਸੀ, ਉਹ ਪੂੰਜੀ ਵਿਸ਼ੇ ਭੋਗਾਂ ਤੇ ਖਰਚ ਕਰ ਦਿਤੀ, ਜਿਸ ਕਰਕੇ ਘਾਟੇ ਵਿਚ ਜਾ ਰਿਹਾ ਹੈ।ਬੇਸਮਝੀ ਵਿਚ ਜੀਵਨ ਬਿਰਥਾ ਚਲਾ ਗਿਆ।ਜੋ ਕਰਜਾ ਸਿਰ ਚੜ੍ਹਿਆ ਹੋਇਆ ਹੈ, ਉਹ ਕਿਵੇਂ ਨਿੱਬੜੇ? ਉਹ ਕਰਜਾ ਤੱਤ ਨੂੰ ਜਾਨਣ ਵਾਲੇ ਸੰਤ ਮੁਕਾ ਸਕਦੇ ਹਨ।ਦੂਜਾ ਅਰਥ ਇਹ ਵੀ ਹੈ ਕਿ ਪੰਜਾਂ ਤੱਤਾਂ ਦੇ ਸੁਭਾਵ ਵਾਲਾ ਜੀਵਨ ਧਾਰਨ ਕੀਤਿਆਂ ਕਰਜਾ ਮੁਕ ਸਕਦਾ ਹੈ।ਭਾਵ ਤ੍ਰਿਸ਼ਨਾ ਤੇ ਵਿਸ਼ਿਆਂ ਤੋਂ ਹਟ ਕੇ ਪ੍ਰੇਮ, ਨਾਮ ਸਿਮਰਨ ਕਥਾ ਕੀਰਤਨ ਤੇ ਖਰਚ ਕੀਤੀ ਸੁਆਸਾਂ ਦੀ ਪੂੰਜੀ ਨਾਲ ਬਿਰਥਾ ਗਏ ਸੁਆਸਾਂ ਦਾ ਦੇਣਾ ਅਦਾ ਹੋ ਜਾਂਦਾ ਹੈ।ਜਦ ਰਾਮ ਦੀ ਘਾਟੀ ਚੜ੍ਹਦਾ ਹੋਇਆ ਇਕ ਸਥੂਲ ਸਰੀਰ ਰੂਪ ਬੈਲ ਥੱਕ (ਮਰ) ਜਾਂਦਾ ਹੈ, ਤਾਂ ਲਿੰਗ ਸਰੀਰ ਵੀ ਨਾਲ ਹੀ ਮਰ ਜਾਂਦਾ ਹੈ।ਕਿਉਂਕਿ ਉਸ ਨੂੰ ਕਾਇਮ ਰੱਖਣ ਵਾਲੀ ਤ੍ਰਿਸ਼ਨਾਂ ਨਹੀ ਰਹਿੰਦੀ, ਹੁਣ ਉਹ ਕਿਸ ਬੰਧਨ ਦੇ ਆਸਰੇ ਰਹੇ? ਭਾਵ ਭਗਤ ਗਿਆਨੀ ਸਾਰੇ ਬੰਧਨਾਂ ਤੋਂ ਮੁਕਤ ਹੋ ਕੇ ਰੱਬ ਦੇ ਦਰ ਤੇ ਪੁਜ ਜਾਂਦੇ ਹਨ।ਜਿੰਨ੍ਹਾਂ ਦੇ ਸਥੂਲ ਸਰੀਰ ਮਰ ਜਾਂਦੇ ਹਨ, ਪਰ ਲਿੰਗ ਸਰੀਰ ਨਹੀਂ ਮਰਦੇ, ਉਹ ਤ੍ਰਿਸ਼ਨਾ ਦੀ ਗੂਣ ਚੁੱਕੀ ਅਨੇਕਾਂ ਜਨਮਾਂ ਵਿਚ ਭਟਕਦੇ ਰਹਿੰਦੇ ਹਨ **(ਸੰ.ਪੋ. ਦਾ ਸਾਰੰਸ਼)।**

ਸੌਖੇ ਅਰਥ = (ਰਹਾਉ ਵਾਲੀ ਪੰਗਤੀ ਤੋਂ ਸ਼ੁਰੂ) ਸਾਡਾ ਰਾਮ ਐਸਾ ਨਾਇਕ (ਵਣਜਾਰਿਆਂ ਦਾ ਸ਼ਾਹ) ਹੈ, (ਉਸ ਨੇ) ਸਾਰਾ ਸੰਸਾਰ ਵਣਜਾਰਾ (ਅਪਣੇ ਅਧੀਨ ਛੋਟਾ ਵਪਾਰੀ) ਬਣਾ ਦਿਤਾ ਹੈ।੧।ਰਹਾਉ।(ਜੀਵ) ਸੁਆਸਾਂ ਦੀ ਪੂੰਜੀ ਲੈ ਕੇ (ਜਗਤ ਵਿਚ) ਜੰਮਿਆ ਹੈ ,ਹਿਰਦੇ ਵਿਚ (ਇਸ ਜੀਵ ਦੇ) ਤ੍ਰਿਸ਼ਨਾ ਦੀ ਗੂਣ ਭਰੀ ਹੋਈ ਹੈ, ਇਸੇ ਪ੍ਰਕਾਰ (ਹੋਰ ਤ੍ਰਿਸ਼ਨਾਂ) ਦਾ ਮਾਲ ਬੀ ਖ੍ਰੀਦ ਲਿਆ ਹੈ, (ਇਸ ਨੇ) ਪਾਪ ਤੇ ਪੁੰਨ ਦੋ ਬੈਲ ਖ੍ਰੀਦ ਲਏ ਹਨ।੧।(ਹਿਰਦੇ ਵਿਚ ਪਈ ਤ੍ਰਿਸ਼ਨਾ ਦੀ ਪ੍ਰੇਰਨਾ ਨਾਲ ਕੱਠੀ ਕੀਤੀ ਮਾਇਆ ਨੇ ਭੋਗਾਂ ਵਿਕਾਰਾਂ ਵਲ ਪ੍ਰੇਰਿਆ, ਜੀਵ ਲਈ) ਕਾਮ ਤੇ ਕ੍ਰੋਧ ਆਦਿ ਮਸੂਲੀਏ ਬਣ ਗਏ ਅਤੇ ਮਨ ਦੇ ਤਰੰਗ (ਸੰਕਲਪ ਵਿਕਲਪ) ਡਾਕੂ ਹੋ ਗਏ।ਇਉਂ ਪੰਜ ਤੱਤ ਨਿਬੇੜਾ ਕਰ ਦੇਂਦੇ ਹਨ (ਸਰੀਰ ਨੂੰ ਚਲਾਉਣਾ ਬੰਦ ਕਰ ਦੇਂਦੇ ਹਨ ਭਾਵ ਸਰੀਰ ਮਰ ਜਾਂਦਾ ਹੈ ਅਤੇ ਸੁਆਸਾਂ ਦੀ ਪੂੰਜੀ ਮੁਕ ਜਾਂਦੀ ਹੈ ਤੇ ਪੂੰਜੀ ਨਾਲ ਖ੍ਰੀਦਿਆ) ਮਾਲ ਪਾਰ ਲੰਘ ਜਾਂਦਾ ਹੈ ਭਾਵ ਕੀਤੇ ਬੁਰੇ ਕਰਮ ਸੰਸਕਾਰ ਬਣ ਕੇ ਮੌਤ ਤੋਂ ਬਾਦ ਵੀ ਨਾਲ ਪਾਰ ਜਾਂਦੇ ਹਨ।੨।ਕਬੀਰ ਸਾਹਿਬ ਕਹਿੰਦੇ ਹਨ, ਹੇ ਸੰਤ ਜਨੋਂ! ਸੁਣੋ, (ਵਣਜਾਰਿਆਂ ਦੀ ਇਹ ਬੁਰੀ ਹਾਲਤ ਦੇਖ ਕੇ) ਹੁਣ ਢੁਕਵੀਂ ਗਲ ਸਾਨੂੰ ਕਰਨੀ ਬਣ ਆਈ ਹੈ, (ਰਾਮ ਨਾਮ ਹਿਰਦੇ ਵਿਚ ਵਸਾ ਲਿਆ ਹੈ, ਰਾਮ ਨਾਮ ਜਪਣ ਦੀ) ਘਾਟੀ ਚੜ੍ਹਦਿਆਂ (ਪਾਪ ਰੂਪ)

All Rights Reserved by Harjinder Singh Gyani | www.GuruGranthVakhyaan.org

ਇਕ ਬੈਲ ਥੱਕ (ਮਰ) ਗਿਆ; ਪਾਪ ਰੂਪ ਬੈਲ ਘਾਟੀ ਚੜ੍ਹਦਾ ਥੱਕ ਗਿਆ (ਅੱਗੇ ਤੁਰਦਾ ਨਹੀਂ ਭਾਵ ਪਾਪ ਕਰਮ ਛਡ ਦਿਤੇ ਤੇ (ਦੂਜਾ ਪੁੰਨ ਰੂਪ ਬੈਲ ਤ੍ਰਿਸ਼ਨਾ ਦੀ) ਗੂਣ ਨੂੰ ਸਿੱਟ ਕੇ (ਰਾਮ ਨਾਮ ਦੀ ਘਾਟੀ ਨੂੰ ਚੜ੍ਹ ਕੇ) ਪਾਰ ਚਲਾ ਗਿਆ।(ਨਾਮ ਜਪ ਕੇ ਪਾਪ ਦੂਰ ਹੋ ਜਾਂਦੇ ਹਨ ਤੇ ਤ੍ਰਿਸ਼ਨਾਂ ਤੋਂ ਵੀ ਛੁਟਕਾਰਾ ਮਿਲ ਜਾਂਦਾ ਹੈ)।ਜੀਵ ਮਰ ਕੇ ਹਰੀ ਵਿਚ ਸਮਾ ਜਾਂਦਾ ਹੈ।੩।੫।੪੯।(ਸੰ.ਪੋ.)
ਗਉੜੀ ਪੰਚਪਦਾ ॥ ਪੇਵਕੜੈ ਦਿਨ ਚਾਰਿ ਹੈ, ਸਾਹੁਰੜੈ ਜਾਣਾ ॥ ਅੰਧਾ ਲੋਕੁ ਨ ਜਾਣਈ, ਮੂਰਖੁ ਏਆਣਾ ॥੧॥ ਕਹੁ ਡਡੀਆ ਬਾਧੈ ਧਨ ਖੜੀ ॥ ਪਾਹੂ ਘਰਿ ਆਏ ਮੁਕਲਾਊ ਆਏ ॥੧।ਰਹਾਉ॥ ਓਹ ਜਿ ਦਿਸੈ ਖੂਹੜੀ, ਕਉਨ ਲਾਜੁ ਵਹਾਰੀ ॥ ਲਾਜੁ ਘੜੀ ਸਿਉ ਤੂਟਿ ਪੜੀ, ਉਠਿ ਚਲੀ ਪਨਿਹਾਰੀ ॥੨॥ ਪੇਕੇ ਘਰ ਵਿਚ (ਭਾਵ ਇਸ ਲੋਕ ਵਿਚ ਜੀਵ ਰੂਪ ਇਸਤ੍ਰੀ ਦਾ) ਚਾਰ ਦਿਨ ਦਾ ਜੀਵਨ ਹੈ, (ਅੰਤ ਇਸ ਨੇ) ਸਹੁਰੇ ਘਰ (ਪ੍ਰਲੋਕ) ਵਿਚ ਚਲੇ ਜਾਣਾ ਹੈ।(ਪਰ ਮਾਇਆ ਤੇ ਵਿਕਾਰਾਂ ਦਾ ਭੁਲਾਇਆ) ਅੰਨ੍ਹਾ ਸੰਸਾਰ (ਇਸ ਸਚਾਈ ਨੂੰ) ਨਹੀਂ ਜਾਣਦਾ, (ਕਿਉਂਕਿ ਉਹ) ਮੂਰਖ ਤੇ ਇਆਣਾ ਹੈ।੧।ਦੱਸੋ! (ਉਹ ਸਾਮ੍ਹਣੇ) ਜੀਵ ਰੂਪ ਇਸਤ੍ਰੀ ਸਾੜ੍ਹੀ ਬੰਨ੍ਹੀ ਖੜੀ ਹੈ (ਮਰੇ ਹੋਏ ਪ੍ਰਾਣੀ ਨੂੰ ਮੁਕਲਾਵੇ ਦੀ ਪੁਸ਼ਾਕ ਵਿਚ ਬਿਆਨ ਕਰਦੇ ਹਨ, ਜੋ ਪ੍ਰਲੋਕ ਨੂੰ ਜਾ ਰਿਹਾ ਹੈ।ਉਸ ਦੇ) ਘਰ ਵਿਚ ਪ੍ਰਾਹੁਣੇ ਆਏ ਹਨ, (ਕਿਹੜੇ ਪ੍ਰਾਹੁਣੇ ਹਨ?) ਮੁਕਾਲਾਵਾ ਲੈਣ ਵਾਲੇ (ਜਮ ਦੂਤ ਜੀਵ ਨੂੰ ਪ੍ਰਲੋਕ ਲੈ ਜਾਣ ਲਈ) ਆਏ ਹਨ।੧।ਰਹਾਉ। ਉਹ ਜਿਹੜੀ (ਸੰਸਾਰ ਰੂਪ) ਖੂਹੀ ਦਿਸ ਰਹੀ ਹੈ (ਜਿਸ ਵਿਚ ਵਿਸ਼ੇ ਰੂਪ ਪਾਣੀ ਹੈ, ਉਸ ਵਿਚੋਂ ਪਾਣੀ ਭਰਨ ਲਈ) ਕਿਹੜੀ ਇਸਤ੍ਰੀ ਲੱਜ ਵਹਾਉਣ ਵਾਲੀ ਹੈ? (ਜਿਸ ਦੀ) ਸੁਆਸਾਂ ਰੂਪ ਲੱਜ (ਸਰੀਰ ਰੂਪ) ਘੜੀ ਨਾਲੋਂ ਟੁੱਟ ਪਈ ਹੈ, (ਫਿਰ) ਪਾਣੀ ਭਰਨ ਵਾਲੀ (ਜੀਵ ਇਸਤ੍ਰੀ ਪ੍ਰਾਣਾਂ ਦਾ ਸਰੀਰ ਨਾਲੋਂ ਵਿਯੋਗ ਹੋਣ ਤੇ ਸੰਸਾਰ ਰੂਪ ਖੂਹੀ ਤੋਂ) ਉਠ ਕੇ (ਪ੍ਰਲੋਕ ਨੂੰ) ਚਲ ਪੈਂਦੀ ਹੈ।੨।
ਅੰਗ ੩੩੪ = ਸਾਹਿਬੁ ਹੋਇ ਦਇਆਲੁ ,ਕ੍ਰਿਪਾ ਕਰੇ ਅਪੁਨਾ ਕਾਰਜੁ ਸਵਾਰੇ ॥ ਤਾ ਸੋਹਾਗਣਿ ਜਾਣੀਐ, ਗੁਰ ਸਬਦੁ ਬੀਚਾਰੇ ॥੩॥ ਕਿਰਤ ਕੀ ਬਾਂਧੀ ਸਭ ਫਿਰੈ, ਦੇਖਹੁ ਬੀਚਾਰੀ ॥ ਏਸ ਨੋ ਕਿਆ ਆਖੀਐ, ਕਿਆ ਕਰੇ ਵਿਚਾਰੀ ॥੪॥ ਭਈ ਨਿਰਾਸੀ ਉਠਿ ਚਲੀ, ਚਿਤ ਬੰਧਿ ਨ ਧੀਰਾ ॥ ਹਰਿ ਕੀ ਚਰਣੀ ਲਾਗਿ ਰਹੁ ,ਭਜੁ ਸਰਣਿ ਕਬੀਰਾ ॥੫॥੬॥੫੦॥ (ਅਗਿਆਨਤਾ ਦੂਰ ਕਿਵੇਂ ਹੋਵੇ? ਜਿਸ ਮਨੁੱਖ ਉਤੇ) ਮਾਲਕ ਪ੍ਰਭੂ ਦਿਆਲ ਹੋ ਜਾਵੇ ਤੇ (ਗੁਰੂ) ਕ੍ਰਿਪਾ ਕਰੇ, (ਤਾਂ ਮਨੁੱਖ ਅਪਣਾ ਜੀਵਨ ਸਫਲ ਕਰਨ ਦਾ) ਕਾਰਜ ਸੁਆਰ ਲੈਂਦਾ ਹੈ।(ਗੁਰੂ ਦੀ ਕ੍ਰਿਪਾ ਨਾਲ ਜਦ ਉਹ ਜੀਵ ਇਸਤ੍ਰੀ) ਗੁਰੂ ਦੇ ਸ਼ਬਦ ਨੂੰ ਵਿਚਾਰਦੀ ਹੈ ਤਾਂ ਸੁਹਾਗਣ ਜਾਣੀ ਜਾਂਦੀ ਹੈ, ।੩।ਵਿਚਾਰ ਕੇ ਦੇਖ ਲਵੋ, (ਸਾਰੀ ਦੁਨੀਆਂ) ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੀ ਬੱਧੀ ਭਟਕਦੀ ਫਿਰਦੀ ਹੈ।(ਬੇ ਵਸ ਇਸਤ੍ਰੀ) ਵਿਚਾਰੀ ਕੀ ਕਰੇ? (ਕੁਛ ਕਰਨ ਦੇ ਸਮਰੱਥ ਨਹੀਂ, ਕਰਮਾਂ ਦੇ ਅਧੀਨ ਹੈ, ਇਸ ਲਈ) ਇਸ ਨੂੰ ਕੀ ਆਖੀਏ?।੪।(ਜੀਵ ਇਸਤ੍ਰੀ ਜਗਤ ਵਿਚ ਆ ਕੇ) ਨਿਰਾਸੀ ਹੋ ਕੇ ਉਠ ਚਲੀ ਹੈ (ਅਤੇ ਇਸ ਦਾ) ਚਿਤ ਧੀਰਜ ਨਹੀਂ ਬੰਨ੍ਹਦਾ (ਰੂਹ ਬੇਚੈਨ ਹੋ ਕੇ ਜਾ ਰਹੀ ਹੈ ਕਿ ਅੱਗੇ ਜਾ ਕੇ ਕੀ ਬਣੇਗਾ? ਤਾਂ ਤੇ) ਹੇ ਕਬੀਰ! (ਹਰੀ ਦੀ) ਸ਼ਰਣ ਵਿਚ ਦੌੜ ਜਾ, ਹਰੀ ਦੇ ਚਰਣਾਂ ਵਿਚ ਲੱਗਾ ਰਹੁ।੫।੬।੫੦।
ਪਦਾਰਥ = ਪੇਵਕੜੈ–ਪੇਕੇ ਘਰ (ਇਸ ਲੋਕ) ਵਿਚ।ਦਿਨ ਚਾਰਿ–ਚਾਰ ਦਿਨ (ਥੋੜੇ ਦਿਨਾਂ) ਦਾ।ਸਾਹੁਰੜੈ–ਸਹੁਰੇ ਘਰ (ਪ੍ਰਲੋਕ) ਵਿਚ।ਅੰਧਾ–ਅੰਨ੍ਹਾ (ਅਗਿਆਨੀ)।ਲੋਕੁ–ਸੰਸਾਰ।ਏਆਣਾ–ਬੱਚੇ ਵਾਂਗ ਅਣਜਾਣ; ਬੇਸਮਝ।੧।ਕਹੁ–ਦੱਸੋ।ਡਡੀਆ–ਸਾੜ੍ਹੀ; ਪੁਸ਼ਾਕ ।ਬਾਧੈ–ਬੰਨ੍ਹੀ ਹੋਈ।ਧਨ–ਇਸਤ੍ਰੀ।ਪਾਹੂ–ਪ੍ਰਾਹੁਣੇ।ਮੁਕਲਾਊ–ਮੁਕਲਾਵਾ ਲੈਣ ਵਾਲੇ (ਜਮਦੂਤ)।੧।ਰਹਾਉ।ਖੂਹੜੀ–(ਸੰਸਾਰ ਰੂਪ) ਖੂਹੀ।ਲਾਜੁ–ਲੱਜ (ਸੁਆਸ ਰੂਪ)।ਵਹਾਰੀ–ਵਹਾਉਣ ਵਾਲੀ (ਵਿਸ਼ੇ ਭੋਗਾਂ ਵਿਚ ਫਸੀ ਹੋਈ ਇਸਤ੍ਰੀ)।ਘੜੀ–ਪਾਣੀ ਦਾ ਛੋਟਾ ਘੜਾ। ਸਿਉ–ਨਾਲੋਂ; ਤੋਂ।ਤੂਟਿ ਪੜੀ–ਟੁੱਟ ਪਈ।ਪਨਿਹਾਰੀ–ਪਾਣੀ ਭਰਨ ਵਾਲੀ (ਵਿਸ਼ੇ ਭੋਗਣ ਵਾਲਾ ਜੀਵ)।੨।ਤਾ–ਤਦ।ਸੁਹਾਗਣਿ– ਪਤੀ ਵਾਲੀ (ਰੱਬ ਨਾਲ ਜੁੜਿਆ ਮਨੁੱਖ)।੩।ਕਿਰਤ ਕੀ–(ਪਿਛਲੇ ਜਨਮਾਂ ਦੇ) ਕੀਤੇ ਕਰਮਾਂ ਦੇ ਸੰਸਕਾਰਾਂ ਦੀ।ਬਾਂਧੀ–ਬੰਨ੍ਹੀ ਹੋਈ। ਫਿਰੈ–ਭਟਕਦੀ ਫਿਰਦੀ ਹੈ।ਬੀਚਾਰੀ–ਵਿਚਾਰ ਕੇ।ਏਸ ਨੋ–ਇਸ ਜੀਵ ਇਸਤ੍ਰੀ ਨੂੰ।ਵਿਚਾਰੀ–(ਬੇ ਵਸ) ਨਿਤਾਣੀ ਜੀਵ ਇਸਤ੍ਰੀ।੪। ਨਿਰਾਸੀ–ਆਸਾਂ ਪੂਰੀਆਂ ਹੋਣ ਤੋਂ ਬਿਨਾ ਹੀ।ਬੰਧਿ ਨ–ਨਹੀਂ ਬੰਨ੍ਹਦਾ।ਧੀਰਾ–ਧੀਰਜ; ਸ਼ਾਂਤੀ।ਭਜੁ–ਦੌੜ ਜਾ।੫।੬।੫੦।
ਗਉੜੀ ॥ ਜੋਗੀ ਕਹਹਿ ਜੋਗੁ ਭਲ ਮੀਠਾ, ਅਵਰੁ ਨ ਦੂਜਾ ਭਾਈ ॥ ਰੁੰਡਿਤ ਮੁੰਡਿਤ ਏਕੈ ਸਬਦੀ, ਏਇ ਕਹਹਿ ਸਿਧਿ ਪਾਈ ॥੧॥ ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥ ਜਾ ਪਹਿ ਜਾਉ ਆਪੁ ਛੁਟਕਾਵਨਿ, ਤੇ ਬਾਧੇ ਬਹੁ ਫੰਧਾ ॥੧॥ਰਹਾਉ॥ ਜਹ ਤੇ ਉਪਜੀ ਤਹੀ ਸਮਾਨੀ, ਇਹ ਬਿਧਿ ਬਿਸਰੀ ਤਬ ਹੀ ॥ ਪੰਡਿਤ ਗੁਣੀ ਸੂਰ ਹਮ ਦਾਤੇ, ਏਹਿ ਕਹਹਿ ਬਡ ਹਮ ਹੀ ॥੨॥ ਜਿਸਹਿ ਬੁਝਾਏ ਸੋਈ ਬੂਝੈ, ਬਿਨੁ ਬੂਝੇ ਕਿਉ ਰਹੀਐ ॥ ਸਤਿਗੁਰੁ ਮਿਲੈ ਅੰਧੇਰਾ ਚੂਕੈ, ਇਬ ਬਿਧਿ ਮਾਣਕੁ ਲਹੀਐ ॥੩॥ ਤਜਿ ਬਾਵੇ ਦਾਹਨੇ ਬਿਕਾਰਾ,

ਹਰਿ ਪਦੁ ਦ੍ਰਿੜੁ ਕਰਿ ਰਹੀਐ ॥ ਕਹੁ ਕਬੀਰ ਗੂੰਗੈ ਗੁੜੁ ਖਾਇਆ, ਪੂਛੇ ਤੇ ਕਿਆ ਕਹੀਐ ॥੪॥੭॥੫੧॥ ਜੋਗੀ ਕਹਿੰਦੇ ਹਨ ਕਿ ਜੋਗ ਮੱਤ ਹੀ (ਸਾਰੇ ਭੇਖਾਂ ਵਿਚੋਂ) ਚੰਗਾ ਤੇ ਪਿਆਰਾ ਹੈ, ਹੇ ਭਾਈ! (ਇਸ ਵਰਗਾ ਉਤਮ ਭੇਖ) ਕੋਈ ਹੋਰ ਦੂਜਾ ਨਹੀਂ ਹੈ {ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ੫੮}।ਸਰੇਵੜੇ, ਸੰਨਿਆਸੀ ਤੇ ਅਵਧੂਤ ਗੁਸਾਈਂ ਆਦਿ ਏਹ ਸਾਰੇ ਕਹਿੰਦੇ ਹਨ ਕਿ ਅਸੀਂ ਹੀ ਮੁਕਤੀ ਪਾਈ ਹੈ।੧।(ਪਰ ਇਹ ਸਾਰੇ) ਅੰਨ੍ਹੇ ਲੋਕ ਹਰੀ ਦੇ ਸਿਮਰਨ ਤੋਂ ਬਿਨਾ ਭਰਮ ਦੇ ਭੁਲਾਏ ਹੋਏ ਹਨ।ਜਿਨ੍ਹਾਂ ਕੋਲ ਮੈਂ ਆਪਾ ਭਾਵ (ਹੰਕਾਰ) ਛੁਡਾਉਣ ਲਈ ਜਾਂਦਾ ਹਾਂ, ਉਹ (ਭੇਖੀ ਸਾਧੂ) ਅੱਗੇ ਹੀ ਬਹੁਤ ਬੰਧਨਾਂ ਵਿਚ ਬੰਨ੍ਹੇ ਹੋਏ ਹਨ।੧।ਰਹਾਉ। ਅਸੀਂ ਪੰਡਤ ਹਾਂ, ਅਸੀਂ ਗੁਣਵਾਨ ਹਾਂ, ਅਸੀਂ ਸੂਰਮੇ ਹਾਂ, ਅਸੀਂ ਦਾਤੇ ਹਾਂ, ਇਹ ਸਾਰੇ ਕਹਿੰਦੇ ਹਨ ਕਿ ਅਸੀਂ ਵੱਡੇ ਹਾਂ।(ਹਉਮੈ ਮਮਤਾ ਵਾਲੀ ਜਦ) ਇਹ ਬਿਧੀ ਬਿਸਰ (ਦੂਰ ਹੋ) ਗਈ, ਤਾਂ ਜਿਸ ਪ੍ਰਭੂ ਤੋਂ ਜੀਵਾਤਮਾ ਪੈਦਾ ਹੋਈ ਸੀ, ਉਸੇ ਵਿਚ ਸਮਾ ਗਈ; ਜਿਸ ਪ੍ਰਭੂ ਤੋਂ ਜੀਵ ਪੈਦਾ ਹੋਇਆ ਹੈ, ਉਸੇ ਨੂੰ ਮਿਲ ਕੇ ਉਸੇ ਵਿਚ ਸਮਾ ਕੇ ਮੁਕਤ ਹੋਣਾ ਹੈ, ਇਹ ਜੁਗਤੀ ਤਾਂ ਭੁਲਦੀ ਹੈ, ਜਦ (ਭੇਖਾਂ ਦੇ ਹੰਕਾਰ ਵਿਚ ਪੈ ਕੇ) ਇਹ ਜੀਵ ਕਹਿੰਦੇ ਹਨ ਕਿ ਅਸੀਂ ਹੀ ਵੱਡੇ ਹਾਂ, ਅਸੀਂ ਪੰਡਤ ਹਾਂ, ਗੁਣੀ ਹਾਂ, ਸੂਰਮੇ ਹਾਂ, ਅਸੀਂ ਦਾਤੇ ਹਾਂ (ਸੰ.ਪੋ.)।੨।(ਨਿਰ ਹੰਕਾਰ ਹੋ ਕੇ ਪ੍ਰਮਾਤਮਾ ਵਿਚ ਸਮਾ ਜਾਣ ਵਾਲੀ ਵਿਧੀ) ਜਿਸ ਮਨੁੱਖ ਨੂੰ ਸਮਝਾ ਦੇਵੇ, ਉਹ ਹੀ ਸਮਝਦਾ ਹੈ, ਬਿਨਾ ਸਮਝੇ ਕਿਵੇਂ (ਹੰਕਾਰ ਆਦਿ ਵਿਕਾਰਾਂ ਤੋਂ ਬਚ ਕੇ) ਰਹੀਏ? (ਪ੍ਰਭੂ ਕਿਵੇਂ ਸਮਝਾਉਂਦਾ ਹੈ? ਜਦ) ਸਤਿਗੁਰੂ ਮਿਲਦਾ ਹੈ, (ਉਸਦੀ ਕ੍ਰਿਪਾ ਨਾਲ) ਹਨ੍ਹੇਰਾ ਦੂਰ ਹੁੰਦਾ ਹੈ, ਇਸ ਤਰ੍ਹਾਂ ਮਾਣਕ ਰੂਪ ਆਤਮ ਗਿਆਨ ਲੱਭ ਪੈਂਦਾ ਹੈ।੩।ਇਧਰ ਉਧਰ ਦੇ ਵਿਕਾਰਾਂ ਨੂੰ ਛਡ ਕੇ ਹਰੀ ਪਦ ਨੂੰ ਦ੍ਰਿੜ ਕਰਕੇ ਰੱਖੀ ਰਹੀਏ।ਕਬੀਰ ਜੀ ਕਹਿੰਦੇ ਹਨ (ਕਿ ਫਿਰ ਉਹ ਹਾਲਤ ਹੋਵੇਗੀ, ਜਿਵੇਂ) ਗੂੰਗੇ ਨੇ ਗੁੜ ਖਾਧਾ ਹੋਵੇ, ਤੇ ਪੁੱਛੇ ਤੇ ਉਹ ਕੀ ਦੱਸੇਗਾ? (ਜੋ ਮਨੁਖ ਰਸ ਮਾਣਦਾ ਹੈ, ਉਹ ਦੱਸ ਨਹੀਂ ਸਕਦਾ)।੪।੭।੫੧।

ਪਦਾਰਥ = ਕਹਹਿ–ਕਹਿੰਦੇ ਹਨ।ਭਲ–ਚੰਗਾ; ਉਤਮ।ਅਵਰੁ–ਹੋਰ ਕੋਈ।ਭਾਈ–ਹੇ ਭਾਈ!।ਰੁੰਡਿਤ–ਅੰਗ ਭੰਗ ਹੋਇਆ; ਜਿਸ ਨੇ ਸੁੰਨਤ ਕਰਾਈ ਹੋਵੇ; ਕੰਨ ਪਾਟੇ ਸਾਧੂ; ਸਰੇਵੜੇ (ਜੋ ਹੱਥਾਂ ਨਾਲ ਸਿਰ ਦੇ ਵਾਲ ਪੁਟਵਾਉਂਦੇ ਹਨ)।ਮੁੰਡਿਤ–ਸਿਰ ਮੁੰਨਿਆ ਹੋਇਆ (ਸੰਨਿਆਸੀ ਜੋ ਸਿਰ, ਦਾੜ੍ਹੀ ਮੁੱਛਾ ਮੁਨਵਾ ਦੇਂਦੇ ਹਨ)।ਏਕੈ ਸਬਦੀ–ਅਲੱਖ ਬੋਲ ਕੇ ਭਿਖਿਆ ਮੰਗਦੇ ਅੱਗੇ ਤੁਰੇ ਜਾਣ ਵਾਲੇ ਅਵਧੂਤ (ਭਿਖਿਆ ਕਿਸੇ ਘਰ ਅੱਗੇ ਰੁਕ ਕੇ ਨਹੀਂ ਲੈਂਦੇ), ਦੱਤ ਮੱਤ ਦੇ ਗੁਸਾਈਂ, ਜੋ ਲੱਕ ਨਾਲ ਉਨ ਦੇ ਰੱਸੇ ਬੰਨ੍ਹ ਕੇ ਤੇ ਹੱਥਾਂ ਵਿਚ ਚਿੱਪੀਆਂ ਰੱਖਦੇ ਹਨ।ਏਇ–ਇਹ ਸਾਰੇ।ਸਿਧਿ–ਮੁਕਤੀ।੧।ਭਰਮਿ–ਭਰਮ ਵਿਚ।ਅੰਧਾ–ਅੰਨ੍ਹੇ (ਅਗਿਆਨੀ)।ਜਾ ਪਹਿ–ਜਿਸ ਪਾਸ।ਆਪ–ਅਪਣੇ ਆਪ ਨੂੰ।ਛੁਟਕਾਵਨਿ–ਛੁਡਵਾਉਣ ਲਈ।ਤੇ–ਉਹ ਸਾਰੇ।ਬਾਧੇ–ਬੰਨ੍ਹੇ ਹੋਏ।ਫੰਧਾ–ਬੰਧਨਾਂ ਵਿਚ।੧।ਰਹਾਉ।ਜਹ ਤੇ–ਜਿਸ (ਪ੍ਰਭੂ) ਤੋਂ।ਤਹੀ–ਉਸੇ ਵਿਚ।ਸਮਾਨੀ–ਮਿਲ ਗਈ।ਇਹ ਬਿਧਿ–ਇਹ ਵਿਧੀ; ਇਹ ਜੁਗਤੀ।ਬਿਸਰੀ–ਦੂਰ ਹੋ ਗਈ।ਤਬ ਹੀ–ਉਦੋਂ (ਤਦੋਂ) ਹੀ।ਗੁਣੀ–ਗੁਣਵਾਨ।ਸੂਰ–ਸੂਰਮੇ।ਬਡ–ਵੱਡੇ।੨।ਜਿਸਹਿ–ਜਿਸ ਨੂੰ।ਸੋਈ–ਉਹ ਹੀ।ਕਿਉ ਰਹੀਐ–ਕਿਵੇਂ ਰਿਹਾ ਜਾ ਸਕਦਾ ਹੈ (ਜੀਵਨ ਨਿਸਫਲ ਹੈ)।ਚੂਕੈ–ਦੂਰ ਹੁੰਦਾ ਹੈ।ਇਨ ਬਿਧਿ–ਇਸ ਤਰ੍ਹਾਂ।ਮਾਣਕੁ–ਰਤਨ ਰੂਪ ਆਤਮ ਗਿਆਨ।ਲਹੀਐ–ਲੱਭ ਜਾਂਦਾ ਹੈ।੩।ਤਜਿ–ਛਡ ਕੇ।ਬਾਵੇ ਦਾਹਨੇ–ਸੱਜੇ ਖੱਬੇ (ਇਧਰ ਉਧਰ ਦੇ ਵਿਕਾਰ); ਰਸਤੇ ਤੇ ਤੁਰਦਿਆਂ ਖੱਬੇ ਸੱਜੇ ਪਗ ਡੰਡੀਆਂ ਤੇ ਪੈ ਜਾਵੇ ਤਾਂ ਮੰਜਲ ਤੋਂ ਖੁੰਝ ਜਾਂਦਾ ਹੈ।ਹਰਿ ਪਦੁ–ਹਰੀ ਪ੍ਰਾਪਤੀ ਦੀ ਪਦਵੀ।੪।੭।੫੧।

ਉਥਾਨਕਾ = ਕਬੀਰ ਜੀ ਦੀ ਸੰਗਤ ਕਰਨ ਵਾਲਾ ਇਕ ਯੋਗੀ ਮਰ ਗਿਆ ਤਾਂ ਕਬੀਰ ਜੀ ਨੇ ਇਹ ਸ਼ਬਦ ਉਚਾਰਿਆ =

ਰਾਗੁ ਗਉੜੀ ਪੂਰਬੀ ਕਬੀਰ ਜੀ ॥ ੧ਓ ਸਤਿਗੁਰ ਪ੍ਰਸਾਦਿ ॥ ਜਹ ਕਛੁ ਅਹਾ ਤਹਾ ਕਿਛੁ ਨਾਹੀ, ਪੰਚ ਤਤੁ ਤਹ ਨਾਹੀ ॥ ਇੜਾ ਪਿੰਗੁਲਾ ਸੁਖਮਨ ਬੰਦੇ, ਏ ਅਵਗਨ ਕਤ ਜਾਹੀ ॥੧॥ ਤਾਗਾ ਤੂਟਾ ਗਗਨੁ ਬਿਨਸਿ ਗਇਆ, ਤੇਰਾ ਬੋਲਤੁ ਕਹਾ ਸਮਾਈ ॥ ਏਹ ਸੰਸਾ ਮੋਕਉ ਅਨਦਿਨੁ ਬਿਆਪੈ, ਮੋ ਕਉ ਕੋ ਨ ਕਹੈ ਸਮਝਾਈ ॥੧॥ਰਹਾਉ॥ ਜਹ ਬਰਭੰਡੁ ਪਿੰਡੁ ਤਹ ਨਾਹੀ, ਰਚਨਹਾਰੁ ਤਹ ਨਾਹੀ ॥ ਜੋੜਣਹਾਰੋ ਸਦਾ ਅਤੀਤਾ, ਇਹ ਕਹੀਐ ਕਿਸੁ ਮਾਹੀ ॥੨॥ ਜੋੜੀ ਜੁੜੈ ਨ ਤੋੜੀ ਤੂਟੈ, ਜਬ ਲਗੁ ਹੋਇ ਬਿਨਾਸੀ ॥ ਕਾ ਕੋ ਠਾਕੁਰੁ ਕਾ ਕੋ ਸੇਵਕੁ ,ਕੋ ਕਾਹੂ ਕੈ ਜਾਸੀ ॥੩॥ ਕਹੁ ਕਬੀਰ ਲਿਵ ਲਾਗਿ ਰਹੀ ਹੈ, ਜਹਾ ਬਸੇ ਦਿਨ ਰਾਤੀ ॥ ਉਆ ਕਾ ਮਰਮੁ ਓਹੀ ਪਰੁ ਜਾਨੈ, ਓਹੁ ਤਉ ਸਦਾ ਅਬਿਨਾਸੀ ॥੪॥੧॥੫੨ ॥ ਜਿਥੇ ਸਭ ਕੁਛ ਹੁੰਦਾ ਸੀ, ਉਥੇ ਹੁਣ ਕੁਛ ਵੀ ਨਹੀਂ ਹੈ, ਉਥੇ ਸਰੀਰ ਦੇ ਪੰਜ ਤੱਤ ਵੀ ਨਹੀਂ ਹਨ।ਸੱਜੀ ਸੁਰ ਦੁਆਰਾ ਪ੍ਰਾਣ ਚੜਾਉਣਾ, ਖੱਬੀ ਸੁਰ ਦੁਆਰਾ ਪ੍ਰਾਣ ਉਤਾਰਨਾ ਅਤੇ ਸੁਖਮਨਾ ਵਿਚ ਪ੍ਰਾਣ ਰੋਕਣ ਦਾ ਜੋ ਜੋੜ (ਜਾਂ ਬੰਧਾਨ) ਸੀ, ਹੁਣ ਇਹ ਗਿਣਤੀ ਕਿਥੇ ਚਲੇ ਗਈ ?।੧।(ਪ੍ਰਾਣਾਯਾਮ ਕਰਨ ਵਾਲਾ ਸੁਆਸਾਂ ਦਾ) ਧਾਗਾ ਟੁੱਟ ਗਿਆ, ਦਸਮ ਦੁਆਰ (ਜਿਥੇ ਪ੍ਰਾਣ ਰੁਕਦੇ ਸਨ, ਉਹ ਵੀ) ਨਾਸ਼ ਹੋ ਗਿਆ ਅਤੇ (ਹੇ ਜੋਗੀ!) ਤੇਰਾ ਬੋਲਦਾ ਪੁਰਖ ਭਾਵ ਆਤਮਾ ਕਿਥੇ ਸਮਾ

All Rights Reserved by Harjinder Singh Gyani | www.GuruGranthVakhyaan.org

ਗਿਆ? {ਬਾਬਾ ਬੋਲਤੇ ਤੇ ਕਹਾ ਗਏ ੪੮੦}।ਇਹ ਸੰਸਾ ਮੈਨੂੰ ਦਿਨ ਰਾਤ ਵਿਆਪ ਰਿਹਾ ਹੈ, (ਇਹ ਗੱਲ) ਮੈਨੂੰ ਕੋਈ ਵੀ ਸਮਝਾ ਕੇ ਨਹੀਂ ਦਸਦਾ (ਕਿ ਆਤਮਾ ਕਿਥੇ ਜਾ ਸਮਾਉਂਦਾ ਹੈ?)।੧।ਰਹਾਉ।ਜਿਥੇ ਸਾਰੇ ਜਗਤ ਦੀ ਮਮਤਾ ਸੀ, ਉਥੇ ਹੁਣ ਸਰੀਰ ਵੀ ਨਹੀਂ ਰਿਹਾ ਤੇ ਨਾ ਹੀ ਉਥੇ ਇਸ ਸਬੰਧ ਨੂੰ ਬਣਾਉਣ ਵਾਲਾ ਮਨ ਰਿਹਾ ਹੈ (ਸ਼ਬਦਾਰਥ); ਜਿਥੇ ਦਸਮ ਦੁਆਰ ਵਿਚ (ਜੋਗੀ) ਬ੍ਰਹਮੰਡ ਨੂੰ ਦੇਖਦਾ ਹੁੰਦਾ ਸੀ, ਉਥੇ ਹੁਣ (ਦਸਮ ਦੁਆਰ ਵਾਲਾ) ਸਰੀਰ ਹੀ ਨਹੀਂ ਰਿਹਾ, (ਅਨੇਕਾਂ ਖਿਆਲਾਂ ਤੇ ਸੋਚ ਵਿਚਾਰਾਂ ਦਾ) ਰਚਨਹਾਰ ਮਨ ਵੀ ਉਥੇ ਨਹੀਂ ਹੈ।(ਪੰਜਾਂ ਤੱਤਾਂ ਦੇ ਸਰੀਰ ਤੇ ਮਨ ਦੀ ਕਲਾ ਨੂੰ) ਜੋੜਨ ਵਾਲਾ ਵਾਹਿਗੁਰੂ ਸਦਾ ਨਿਰਲੇਪ ਹੈ, ਫਿਰ ਇਹ ਕਿਵੇਂ ਦੱਸੀਏ ਕਿ ਜੀਵ ਕਿਸ ਵਿਚ ਜਾ ਸਮਾਉਂਦਾ ਹੈ?।੨।(ਪ੍ਰਭੂ ਤੋਂ ਬਿਨਾ ਮਨ ਸਰੀਰ ਤੇ ਜੀਵਨ ਸੱਤਾ ਕਿਸੇ ਹੋਰ ਤੋਂ) ਜੋੜੀ ਜੁੜ ਨਹੀਂ ਸਕਦੀ ਅਤੇ (ਕਿਸੇ ਤੋਂ) ਤੋੜੀ ਟੁੱਟ ਨਹੀਂ ਸਕਦੀ, ਜਦ ਤਕ ਸਰੀਰ ਹੈ, (ਪ੍ਰਭੂ ਵੱਲੋਂ ਹੀ) ਨਾਸ਼ ਹੁੰਦਾ ਰਹੇਗਾ (ਜਿਵਾਉਣ ਵਾਲਾ ਤੇ ਮਾਰਨ ਵਾਲਾ ਕੇਵਲ ਪ੍ਰਭੂ ਹੈ।ਸਰੀਰ ਨੂੰ ਬਣਾਉਣ ਵਾਲਾ ਪ੍ਰਭੂ ਹੈ, ਇੜਾ, ਪਿੰਗਲਾ, ਸੁਖਮਨਾ, ਪ੍ਰਾਣ ਤੇ ਦਸਮ ਦੁਆਰ ਪ੍ਰਭੂ ਦੇ ਜੋੜੇ ਜੁੜਦੇ ਹਨ ਤੇ ਪ੍ਰਭੂ ਤੋਂ ਬਿਨਾ ਨਾ ਕਿਸੇ ਦੇ ਤੋੜੇ ਟੁੱਟ ਸਕਦੇ ਹਨ ਭਾਵ ਰੱਬ ਤੋਂ ਬਿਨਾ ਸਰੀਰ ਨੂੰ ਕੋਈ ਤੋੜ ਨਹੀਂ ਸਕਦਾ।ਜਦ ਜੋਗੀ ਜਿਉਂਦਾ ਸੀ, ਉਦੋਂ ਇਹ ਜੋਗੀ ਕਿਸੇ ਦਾ ਸੁਆਮੀ ਸੀ, ਕਿਸੇ ਦਾ ਚੇਲਾ ਸੀ, ਕਈ ਨਵੇਂ ਚੇਲੇ ਬਣਨ ਨੂੰ ਆਉਂਦੇ ਸਨ, ਪਰ ਹੁਣ) ਕੌਣ ਕਿਸੇ ਦਾ ਸੁਆਮੀ ਹੈ? ਕੌਣ ਕਿਸੇ ਦਾ ਚੇਲਾ ਹੈ? (ਅਤੇ ਹੁਣ) ਕੌਣ ਕਿਸੇ ਪਾਸ ਜਾਚਕ ਹੋ ਕੇ ਜਾਵੇਗਾ? (ਕਿਉਂਕਿ ਸਾਰੀ ਖੇਡ ਮੁੱਕ ਗਈ ਹੈ।੩।ਇਹ ਗੱਲ ਕਿਉਂ ਤੇ ਕਿਵੇਂ ਹੋਈ? ਰੱਬ ਉਤੇ ਛਡ ਦਿਓ, ਉਹ ਹੀ ਜਾਣਦਾ ਹੈ ਅਤੇ ਉਸ ਵਿਚ ਧਿਆਨ ਜੋੜੋ) ਕਬੀਰ ਜੀ ਆਖਦੇ ਹਨ ਕਿ ਮੇਰੀ ਲਿਵ (ਉਥੇ) ਲਗ ਰਹੀ ਹੈ, ਜਿਥੇ ਦਿਨ ਰਾਤ (ਸਦਾ) ਹਰੀ ਵਸਦਾ ਹੈ (ਸਦਾ ਕਾਇਮ ਰਹਿੰਦਾ ਹੈ) ।ਉਸ ਹਰੀ ਦਾ ਭੇਤ ਉਹ ਆਪ ਹੀ ਚੰਗੀ ਤਰ੍ਹਾਂ ਜਾਣਦਾ ਹੈ, (ਕਿਉਂਕਿ) ਉਹ ਤਾਂ ਸਦਾ ਨਾਸ਼ ਰਹਿਤ ਹੈ।੪।੧।੫੨।

ਏ ਅਵਗਨ ਕਤ ਜਾਹੀ = ਪ੍ਰਾਣਾਂ ਦੇ ਰੋਕਣ ਦਾ ਕੰਮ (ਜਾਂ ਪ੍ਰਾਣਾਂ ਦਾ ਆਉਣਾ ਜਾਣਾ) ਇਹ ਕਿਥੇ ਚਲੇ ਗਏ ਹਨ?

ਪਦਾਰਥ = ਜਹ–ਜਿਥੇ।ਅਹਾ–(ਹੁੰਦਾ) ਸੀ।ਤਹਾ–ਉਥੇ।ਪੰਚ ਤਤੁ–(ਸਰੀਰ ਦੇ) ਪੰਜ ਤੱਤ; ਪੰਜ ਤੱਤ ਤੋਂ (ਬਣਿਆ ਸਰੀਰ)।ਇੜਾ –ਸੱਜੀ ਸੁਰ।ਪਿੰਗੁਲਾ–ਖੱਬੀ ਸੁਰ।ਸੁਖਮਨ–(ਇੜਾ ਪਿੰਗਲਾ ਦੇ ਵਿਚਾਲੇ ਦੀ) ਨਾੜੀ, ਜਿਥੇ ਜੋਗੀ ਪ੍ਰਾਣਾਯਾਮ ਵੇਲੇ ਪ੍ਰਾਣ ਟਿਕਾਉਂਦੇ ਹਨ।ਬੰਦੇ–ਬੰਨ੍ਹਣ ਦੀ ਸ਼ਕਤੀ; (ਇੜਾ ਪਿੰਗਲਾ ਤੇ ਸੁਖਮਨਾ ਪ੍ਰਾਣਾਂਯਾਮ ਦਾ) ਜੋੜ; ਬੰਧਾਨ; ਨਿਯਮ; ਹੇ ਬੰਦੇ!।ਅਵਗਨ–ਗਿਣਤੀ; ਪ੍ਰਾਣਾਂ ਦਾ ਰੋਕਣਾ; (ਪ੍ਰਾਣਾਂ ਦਾ) ਆਉਣਾ ਜਾਣਾ।ਕਤ–ਕਿਥੇ।ਜਾਹੀ–ਚਲੇ ਗਏ ਹਨ।੧।ਬਿਨਸਿ ਗਇਆ–ਨਾਸ਼ ਹੋ ਗਿਆ।ਤਾਗਾ–(ਸੁਆਸ ਰੂਪ) ਧਾਗਾ।ਗਗਨੁ–ਦਸਮ ਦੁਆਰ।ਬੋਲਤੁ–ਬੋਲਦਾ (ਬੋਲਣ ਵਾਲੀ ਤਾਕਤ); ਆਤਮਾ।ਕਹਾ–ਕਿਥੇ।ਸਮਾਈ–ਲੀਨ ਹੋ ਗਿਆ।ਮੋਕਉ–ਮੈਨੂੰ।ਬਿਆਪੈ–ਲਗਾ ਹੋਇਆ ਹੈ।ਕੋ ਨ–ਕੋਈ ਨਹੀਂ।੧।ਰਹਾਉ।ਬਰਭੰਡੁ–ਬ੍ਰਹਮੰਡ; ਸੰਸਾਰ।ਪਿੰਡੁ–ਸਰੀਰ।ਰਚਨ ਹਾਰੁ–ਰਚਨ ਵਾਲਾ (ਮਨ)।ਅਤੀਤਾ–ਨਿਰਲੇਪ।ਕਿਸ ਮਾਹੀ–ਕਿਸ ਵਿਚ।੨।ਬਿਨਾਸੀ–ਨਾਸ਼ ਹੁੰਦਾ ਹੈ।ਕਾ ਕੋ–ਕੌਣ ਕਿਸ ਦਾ।ਕਾਹੂ ਕੈ–ਕਿਸੇ ਦੇ (ਕੋਲ)।ਜਾਸੀ–ਜਾਵੇਗਾ।੩।ਉਆ ਕਾ–ਉਸ (ਪ੍ਰਭੂ) ਦਾ।ਮਰਮੁ–ਭੇਤ।ਓਹੀ–ਉਹ (ਪ੍ਰਭੂ) ਹੀ।ਪਰੁ ਜਾਨੈ–ਚੰਗੀ ਤਰ੍ਹਾਂ ਜਾਣਦਾ ਹੈ।ਤਉ–ਤਾਂ।ਅਬਿਨਾਸੀ–ਨਾਸ਼ ਰਹਿਤ।੪।੧।੫੨।

ਉਥਾਨਕਾ = ਕੋਈ ਹਠ ਜੋਗੀ ਕਬੀਰ ਨੂੰ ਮੁੰਦ੍ਰਾਂ ਆਦਿ ਪਹਿਨ ਕੇ ਗੋਰਖ ਮੱਤ ਦਾ ਚੇਲਾ ਬਣਨ ਦੀ ਪ੍ਰੇਰਨਾ ਦੇਂਦਾ ਹੈ।ਜੋਗ ਮੱਤ ਦਾ ਭੇਖ ਧਾਰਨ ਨਾਲ ਤੁਹਾਡਾ ਪ੍ਰਭਾਵ ਲੋਕਾਂ ਉਪਰ ਬਹੁਤ ਪਵੇਗਾ।ਕਬੀਰ ਜੀ ਨੇ ਉਤਰ ਦਿਤਾ ਕਿ ਮੈਂ ਤਾਂ ਪਹਿਲਾਂ ਹੀ ਜੋਗੀ ਹਾਂ ਤੇ ਜੋਗ ਮੱਤ ਦੇ ਚਿੰਨ੍ਹ ਵੀ ਧਾਰੇ ਹੋਏ ਹਨ।ਜੋਗੀ ਨੇ ਕਿਹਾ ਚਿੰਨ੍ਹ ਦਿਖਾਈ ਤਾਂ ਦਿੰਦੇ ਨਹੀਂ।ਤਾਂ ਕਬੀਰ ਜੀ ਇਸ ਸ਼ਬਦ ਰਾਹੀਂ ਦਸਦੇ ਹਨ =

ਗਉੜੀ ॥ ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ, ਪਰਮਿਤਿ ਬਾਹਰਿ ਖਿੰਥਾ ॥ ਸੁੰਨ ਗੁਫਾ ਮਹਿ ਆਸਣੁ ਬੈਸਣੁ ,ਕਲਪ ਬਿਬਰਜਿਤ ਪੰਥਾ ॥੧॥ ਮੇਰੇ ਰਾਜਨ ਮੈ ਬੈਰਾਗੀ ਜੋਗੀ ॥ ਮਰਤ ਨ ਸੋਗ ਬਿਓਗੀ ॥੧॥ਰਹਾਉ॥ ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ, ਸਭੁ ਜਗੁ ਭਸਮਾਧਾਰੀ ॥ ਤਾੜੀ ਲਾਗੀ ਤ੍ਰਿਪਲੁ ਪਲਟੀਐ, ਛੂਟੈ ਹੋਇ ਪਸਾਰੀ ॥੨॥ ਮਨੁ ਪਵਨੁ ਦੁਇ ਤੂੰਬਾ ਕਰੀ ਹੈ, ਜੁਗ ਜੁਗ ਸਾਰਦ ਸਾਜੀ ॥ (ਹੇ ਜੋਗੀ! ਤੁਸੀਂ ਕੰਨ ਵਿਚ ਮੁੰਦ੍ਰਾਂ ਪਹਿਨਦੇ ਹੋ, ਮੈਂ ਪ੍ਰਮਾਤਮਾ ਦਾ) ਧਿਆਨ ਤੇ ਉਸਦੀ ਯਾਦ ਇਹ ਦੋ ਮੁੰਦ੍ਰਾਂ ਕੰਨਾਂ ਵਿਚ ਪਾਈਆਂ ਹਨ, (ਫਿਰ ਤੁਸੀਂ ਤਨ ਉਪਰ ਗੋਦੜੀ ਪਹਿਨਦੇ ਹੋ, ਮੈਂ) ਬਾਹਰ (ਤਨ ਉਪਰ) ਯਥਾਰਥ ਗਿਆਨ ਦੀ ਗੋਦੜੀ ਪਹਿਨੀ ਹੋਈ ਹੈ। (ਤੁਸੀਂ ਕਿਸੇ ਸੁੰਨਸਾਨ ਗੁਫਾ ਵਿਚ ਸਮਾਧੀ ਲਾਉਂਦੇ ਹੋ, ਮੈਂ) ਸੰਕਲਪ ਰਹਿਤ ਮਨ ਵਿਚ (ਸਮਾਧੀ ਲਾ ਕੇ) ਬੈਠਣ ਨੂੰ ਆਸਣ ਬਣਾਇਆ ਹੈ (ਮੇਰਾ ਮਨ ਹੀ ਗੁਫਾ ਹੈ, ਜਿਥੇ ਮੈਂ ਦੁਨੀਆਂ ਦੇ ਫੁਰਨੇ ਨਹੀਂ ਉਠਣ ਨਹੀਂ ਦੇਂਦਾ ਤੇ ਇਕਾਂਤ ਵਿਚ ਬੈਠਾ ਹੋਇਆ ਹਾਂ), ਤੇ ਕਲਪਨਾ ਦਾ ਤਿਆਗ (ਮੇਰਾ ਜੋਗ) ਪੰਥ ਹੈ।੧।ਹੇ ਮੇਰੇ ਰਾਜਨ (ਜੋਗੀ)! ਮੈਂ ਇਸ ਪ੍ਰਕਾਰ ਦਾ ਬੈਰਾਗਵਾਨ ਜੋਗੀ ਹਾਂ।ਮੈਂ ਮੌਤ,

All Rights Reserved by Harjinder Singh Gyani | www.GuruGranthVakhyaan.org

ਸੋਗ ਅਤੇ ਵਿਛੋੜੇ ਤੋਂ ਰਹਿਤ ਹਾਂ (ਸ਼ਬਦਾਰਥ); ਪਦਾਰਥਾਂ ਦੇ ਵਿਜੋਗ ਵਿਚ ਸੋਗ ਕਰਕੇ ਮੈਂ ਮਰਦਾ ਨਹੀਂ (ਦੁਖੀ ਨਹੀਂ ਹੁੰਦਾ, ਸਦਾ ਅਨੰਦ ਵਿਚ ਰਹੀਦਾ ਹੈ)।੧।ਰਹਾਉ।ਖੰਡਾਂ ਬ੍ਰਹਮੰਡਾਂ ਵਿਚ ਜੋ ਓਅੰਕਾਰ ਧੁਨਿ (ਅਨਹਦ ਨਾਦ) ਵਜ ਰਿਹਾ ਹੈ (ਇਸ ਨੂੰ ਹੀ ਮੈਂ) ਸਿੰਙੀ ਜਾਣਿਆ ਹੈ, ਸਾਰੇ ਜਗਤ ਨੂੰ ਮਿੱਟੀ ਦੀ ਢੇਰੀ ਵਾਂਗ ਜਾਣਨਾ ਹੀ ਮੇਰੀ ਸੁਆਹ ਵਾਲੀ ਥੈਲੀ ਹੈ।ਮਨ ਨੂੰ ਤ੍ਰੈ ਗੁਣੀ ਮਾਇਆ ਤੋਂ ਉਲਟਾ ਦਿਤਾ ਹੈ, (ਇਹ ਮੇਰੀ) ਸਮਾਧੀ ਲੱਗੀ ਹੋਈ ਹੈ, (ਇਸ ਤਰ੍ਹਾਂ ਹੁਣ) ਨਿਰਲੇਪ ਵੀ ਹਾਂ ਤੇ ਗ੍ਰਿਹਸਤੀ ਵੀ ਹਾਂ (ਸ਼ਬਦਾਰਥ; ਤੁਸੀਂ ਜੋਗੀ ਲੋਕ ਸਮਾਧੀਆਂ ਲਾ ਕੇ ਰਿਧੀਆਂ ਸਿਧੀਆਂ ਦੇ ਪਸਾਰੇ ਵਿਚ ਫਸ ਜਾਂਦੇ ਹੋ।ਪਰ ਅਸੀਂ ਗ੍ਰਿਹਸਤੀ ਹੁੰਦੇ ਹੋਏ ਵੀ) ਸੰਸਾਰ ਦੇ ਪਸਾਰੇ ਤੋਂ ਛੁੱਟੇ ਹੋਏ ਹਾਂ।੨।ਮਨ ਅਤੇ ਪ੍ਰਾਣ ਦੋ ਤੂੰਬੇ ਬਣਾਏ ਹਨ (ਮਨ ਦੀਆਂ ਵਾਸ਼ਨਾਵਾਂ ਨੂੰ ਰੋਕ ਕੇ ਸੁਆਸ ਸੁਆਸ ਭਜਨ ਕਰਦੇ ਹਾਂ), ਹਰੇਕ ਜੁਗ ਵਿਚ ਜੋ ਵਿਆਪਕ ਪ੍ਰਭੂ ਹੈ, ਉਸ ਨੂੰ ਪਛਾਨਣਾ ਮੈਂ ਤੂੰਬੀ ਦੀ ਡੰਡੀ ਬਣਾਈ ਹੈ।

ਅੰਗ ੩੩੫ = ਥਿਰੁ ਭਈ ਤੰਤੀ ਤੂਟਸਿ ਨਾਹੀ, ਅਨਹਦ ਕਿੰਗੁਰੀ ਬਾਜੀ ॥੩॥ ਸੁਨਿ ਮਨ ਮਗਨ ਭਏ ਹੈ ਪੂਰੇ, ਮਾਇਆ ਡੋਲ ਨ ਲਾਗੀ ॥ ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀ, ਖੇਲਿ ਗਇਓ ਬੈਰਾਗੀ ॥੪॥੨॥੫੩॥ ਬਿਰਤੀ ਰੂਪ ਤਾਰ ਅਜੇਹੀ ਟਿਕੀ ਹੋਈ ਹੈ, ਜੋ ਟੁੱਟਦੀ ਨਹੀਂ, (ਇਸ ਪ੍ਰਕਾਰ) ਕਿੰਗਰੀ ਦੀ ਇਕ ਰਸ ਧੁਨੀ ਵੱਜ ਰਹੀ ਹੈ।੩।(ਬਿਰਤੀ ਦਾ ਸੰਗੀਤਕ ਪ੍ਰਵਾਹ ਲਗਾਤਾਰ ਚਲਦਾ ਹੈ, ਇਸ ਧੁਨ ਨੂੰ) ਸੁਣ ਸੁਣ ਕੇ ਮੇਰਾ ਮਨ ਪੂਰੀ ਤਰ੍ਹਾਂ ਮਗਨ ਹੋ ਰਿਹਾ ਹੈ, (ਹੁਣ) ਮਾਇਆ ਦੀ ਡੋਲ ਨਹੀਂ ਲਗਦੀ (ਮਾਯਾ ਦਾ ਧੱਕਾ ਨਹੀਂ ਲਗਦਾ; ਮਾਇਆ ਭਰਮਾ ਨਹੀਂ ਸਕਦੀ)।ਕਬੀਰ ਜੀ ਆਖਦੇ ਹਨ ਕਿ ਉਸ (ਜੋਗੀ) ਨੂੰ ਫਿਰ ਕਦੇ ਜਨਮ ਨਹੀਂ ਹੁੰਦਾ ,(ਜਿਹੜਾ) ਬੈਰਾਗਵਾਨ ਜੋਗੀ ਅਜੇਹੀ ਖੇਲ ਖੇਲ ਗਿਆ ਹੈ (ਜੀਵਨ ਦੀ ਖੇਲ ਜਿਤ ਗਿਆ)।੪।੨।੫੩।

ਪਦਾਰਥ = ਸੁਰਤਿ–ਧਿਆਨ।ਸਿਮ੍ਰਿਤਿ–ਯਾਦ।ਦੁਇ–ਦੋ।ਕੰਨੀ–ਕੰਨਾਂ ਵਿਚ।ਮੁੰਦਾ–ਮੁੰਦਰਾਂ।ਪਰਮਿਤਿ–ਯਥਾਰਥ ਗਿਆਨ।ਖਿੰਥਾ–ਗੋਦੜੀ।ਸੁੰਨ ਗੁਫਾ ਮਹਿ–ਮਨ ਦੀ ਅਫੁਰ ਅਵਸਥਾ ਵਿਚ; ਦਸਮ ਦੁਆਰ ਵਿਚ।ਕਲਪ–ਕਲਪਣਾ (ਹੁੱਜਤ; ਤਰਕ; ਦੁਖੀ ਹਾਲਤ; ਈਰਖਾ; ਵੈਰ ਭਾਵ)।ਆਸਣੁ ਬੈਸਣੁ–ਮਨ ਦੇ ਟਿਕਾਉ ਨੂੰ ਆਸਣ ਬਣਾਇਆ ਹੈ।ਬਿਬਰਜਿਤ–ਤਿਆਗ; ਮਨਾਹੀ।ਪੰਥਾ–ਮਾਰਗ।੧। ਰਾਜਨ–ਹੇ ਰਾਜਾ ਜੀ! (ਸਤਿਕਾਰ ਨਾਲ ਜੋਗੀ ਨੂੰ ਰਾਜਾ ਕਿਹਾ ਹੈ ਜਾਂ ਹੇ ਰਾਜ ਜੋਗੀ!)।ਬੈਰਾਗੀ–ਵੈਰਾਗਵਾਨ।ਮਰਤ ਨ–ਮੌਤ ਨਹੀਂ ;ਮਰਦਾ ਨਹੀ (ਦੁਖੀ ਨਹੀਂ ਹੁੰਦਾ)।ਬਿਓਗੀ–ਵਿਛੋੜਾ।੧।ਰਹਾਉ।ਸਿੰਙੀ–ਜੋਗੀਆਂ ਦੇ ਵਜਾਉਣ ਵਾਲਾ ਇਕ ਸਾਜ।ਬਟੂਆ–(ਸੁਆਹ ਰੱਖਣ ਵਾਲੀ) ਥੈਲੀ।ਭਸਮਾਧਾਰੀ–ਸੁਆਹ ਦੀ ਢੇਰੀ (ਨਾਸ਼ਵੰਤ)।ਤਾੜੀ–ਸਮਾਧੀ।ਤ੍ਰਿਪਲੁ–ਤ੍ਰੈਗੁਣੀ ਮਾਇਆ।ਪਲਟੀਐ–ਉਲਟਾ ਦਿਤਾ ਹੈ।ਛੂਟੈ–ਮੁਕਤ ਹਾਂ।ਪਸਾਰੀ–(ਸੰਸਾਰ ਪਸਾਰੇ ਵਿਚ ਰਹਿਣ ਵਾਲਾ) ਗ੍ਰਿਹਸਤੀ; ਸੁਰਤ ਵਿਚ ਪਸਾਰੀ ਮਾਇਕ ਰਚਨਾ ਛੁੱਟ ਜਾਂਦੀ ਹੈ।੨।ਪਵਨੁ–ਸੁਆਸ।ਤੂੰਬਾ–ਸੁੱਕੇ ਕੱਦੂ ਦਾ ਖੋਲ (ਜੋ ਵੀਣਾ ਜਾਂ ਸਿਤਾਰ ਆਦਿ ਲਈ ਵਰਤੀਦਾ ਹੈ)।ਕਰੀ ਹੈ–ਕੀਤੇ (ਬਣਾਏ) ਹਨ।ਸਾਰਦ–ਵੀਣਾ ਦੀ ਡੰਡੀ।ਸਾਜੀ–ਬਣਾਈ ਹੈ।ਥਿਰੁ ਭਈ–ਟਿਕੀ ਹੋਈ ਹੈ।ਤੰਤੀ–(ਬਿਰਤੀ ਰੂਪ) ਤਾਰ।ਅਨਹਦ–ਇਕ ਰਸ (ਲਗਾਤਾਰ)।ਕਿੰਗੁਰੀ–ਜੋਗੀਆਂ ਦੀ ਇਕ ਤਾਰ ਵਾਲੀ ਵੀਣਾ।ਬਾਜੀ–ਵੱਜਦੀ ਹੈ।੩।ਭਏ ਹੈ–ਹੋਇਆ ਹੈ।ਪੂਰੇ–ਪੂਰੀ (ਚੰਗੀ) ਤਰ੍ਹਾਂ ।ਡੋਲ–ਹੁਲ੍ਹਾਰਾ; ਲਹਿਰ; ਧੱਕਾ।ਪੁਨਰਪਿ–ਫਿਰ ਕਦੇ।ਖੇਲ ਗਇਓ–(ਜੋ ਅਜੇਹੀ) ਖੇਲ ਖੇਲ ਗਿਆ ਹੈ।੪।੨।੫੩।

ਬਾਹਰਿ ਖਿੰਥਾ = ਬਾਹਰ ਤੋਂ ਲਗਦੀ ਠੰਢ ਨੂੰ ਦੂਰ ਕਰਨ ਲਈ ਗੋਦੜੀ ਪਹਿਨੀ ਹੈ, ਮੋਹ ਮਾਇਆ ਦੇ ਬਾਹਰੋਂ ਪੈਂਦੇ ਅਸਰ ਨੂੰ ਯਥਾਰਥ ਗਿਆਨ ਨਾਲ ਰੋਕਿਆ ਹੈ।ਮੇਰੇ ਰਾਜਨ = ਕਿਸੇ ਪਤਵੰਤੇ ਤੇ ਸਨਮਾਨ ਯੋਗ ਮਹਾਂ ਪੁਰਖ ਨੂੰ ਮਹਾਰਾਜ ਕਹਿ ਕੇ ਬੁਲਾਉਣ ਦਾ ਰਿਵਾਜ ਆਮ ਹੈ।ਇਹ ਕੋਈ ਆਮ ਜੋਗੀ ਨਹੀਂ ਹੋਣਾ, ਜੋਗੀਆਂ ਵਿਚੋਂ ਕੋਈ ਉਚ ਪਦਵੀ ਦਾ ਮਾਲਕ ਸੀ, ਹੋ ਸਕਦਾ ਇਹ ਜੋਗੀ ਗੁਰੂ ਨਾਨਕ ਦੇਵ ਜੀ ਤੋਂ ਸਿਖਿਅਤ ਹੋਵੇ।ਮਰਤ ਨ ਸੋਗ ਬਿਓਗੀ = ਮੈਨੂੰ ਸਬੰਧੀਆਂ, ਮਿਤ੍ਰਾਂ, ਪਦਾਰਥਾਂ ਤੇ ਧਨ ਮਾਲ ਦੇ ਵਿਛੜਨ ਦਾ ਸੋਗ ਨਹੀਂ ਹੁੰਦਾ।ਕਿਸੇ ਪਿਆਰੇ ਦੇ ਮਰ ਜਾਣ ਦਾ ਵੀ ਸੋਗ ਨਹੀਂ, ਮੌਤ ਦਾ ਸੋਗ ਵੀ ਮੈਨੂੰ ਨਹੀਂ ਸਤਾਉਂਦਾ।

ਉਥਾਨਕਾ = ਕਬੀਰ ਜੀ ਨੇ ਇਸ ਸ਼ਬਦ ਵਿਚ ਸਰੀਰ ਨੂੰ ਕਪੜਾ ਕਿਹਾ ਹੈ, ਕਪੜਾ ਵੀ ਛੋਟਾ ਮੋਟਾ ਨਹੀਂ, ਪੂਰੀ ਤਾਣੀ ਜੋ ਮਿਣਤੀ ਵਿਚ ੪੦ ਗਜ ਹੈ।ਸਰੀਰ ਨੂੰ ਕਪੜੇ ਦਾ ਰੂਪਕ ਦੇ ਕੇ ਇਸ ਪ੍ਰਕਾਰ ਉਪਦੇਸ਼ ਦਿਤਾ ਹੈ =

ਗਉੜੀ ॥ ਗਜ ਨਵ ਗਜ ਦਸ ਗਜ ਇਕੀਸ, ਪੁਰੀਆ ਏਕ ਤਨਾਈ ॥ ਸਾਠ ਸੂਤ ਨਵ ਖੰਡ ਬਹਤਰਿ, ਪਾਟੁ ਲਗੋ ਅਧਿਕਾਈ ॥੧॥ ਗਈ ਬੁਨਾਵਨਿ ਮਾਹੋ ॥ ਘਰ ਛੋਡਿਐ ਜਾਇ ਜੁਲਾਹੋ ॥੧॥ਰਹਾਉ॥ ਗਜੀ ਨ ਮਿਨੀਐ ਤੋਲਿ ਨ ਤੁਲੀਐ, ਪਾਚਨੁ ਸੇਰ ਅਢਾਈ ॥ ਜੌ ਕਰਿ ਪਾਚਨੁ ਬੇਗਿ ਨ ਪਾਵੈ, ਝਗਰੁ ਕਰੈ ਘਰਹਾਈ ॥੨॥ ਦਿਨ ਕੀ ਬੈਠ ਖਸਮ ਕੀ ਬਰਕਸ, ਇਹ ਬੇਲਾ ਕਤ ਆਈ ॥ ਛੂਟੇ

All Rights Reserved by Harjinder Singh Gyani | www.GuruGranthVakhyaan.org

ਕੂੰਡੇ ਭੀਗੈ ਪੂਰੀਆ, ਚਲਿਓ ਜੁਲਾਹੋ ਰੀਸਾਈ ॥੩॥ ਛੋਛੀ ਨਲੀ ਤੰਤੁ ਨਹੀ ਨਿਕਸੈ, ਨਤਰ ਰਹੀ ਉਰਝਾਈ ॥ ਛੋਡਿ ਪਸਾਰੁ ਈਹਾ ਰਹੁ ਬਪੁਰੀ, ਕਹੁ ਕਬੀਰ ਸਮਝਾਈ ॥੪॥੩॥੫੪॥ (ਜੁਲਾਹੇ ਦੀ ਬੋਲੀ ਵਿਚ ਨਵਾਂ ਸਰੀਰ ਰੂਪ ਕਪੜਾ ਤਿਆਰ ਹੋਣ ਲੱਗਾ ਹੈ। ਅਰਥ ਰਹਾਉ ਤੋਂ ਸ਼ੁਰੂ ਹੋਵੇਗਾ। ਸਰੀਰ ਰੂਪ) ਘਰ ਛਡਣ ਨਾਲ ਜੀਵ ਰੂਪ ਜੁਲਾਹਾ ਜੰਮਦਾ ਹੈ ਭਾਵ ਨਵਾਂ ਜਨਮ ਲੈਂਦਾ ਹੈ। ਤੇ ਸੰਸਕਾਰ ਬ੍ਰਿਤੀ ਨਵੇਂ ਸਰੀਰ ਰੂਪ ਤਾਣੀ ਨੂੰ ਬੁਨਵਾਉਣ ਵਾਸਤੇ ਜਾਂਦੀ ਹੈ।੧।ਰਹਾਉ। ਨੌਂ ਗਜ (ਨੌਂ ਗੋਲਕਾਂ), ਦਸ ਗਜ (ਦਸ ਇੰਦ੍ਰੀਆਂ), ਇੱਕੀ ਗਜ (ਪੰਜ ਵਿਸ਼ੇ ਤੇ ਪੰਜ ਤੱਤ, ਦਸ ਪ੍ਰਾਣ ਤੇ ਇਕ ਮਨ, ਇਹ) ਪੂਰੀ ਚਾਲੀ ਗਜ ਦੀ ਇਕ ਤਾਣੀ ਤਣਾਈ ਗਈ ਹੈ।(ਇਸ ਸਰੀਰ ਵਿਚ) ਸੱਠ (ਮੋਟੀਆਂ ਨਾੜੀਆਂ) ਹਨ, ਨੌਂ ਖੰਡ (ਸਰੀਰ ਦੇ ਨੌਂ ਟੋਟੇ ਜੋੜੇ ਹੋਏ) ਹਨ (ਇਹ ਤਾਣੇ ਦਾ) ਸੂਤ ਹੈ, ਬਹੱਤਰ (ਹੋਰ ਛੋਟੀਆਂ ਨਸਾਂ, ਇਹ ਮਾਨੋਂ ਤਾਣੇ ਦਾ) ਬਹੁਤ ਵੱਡਾ ਪੇਟਾ ਲਾਇਆ ਹੈ (ਸ਼ਬਦਾਰਥ।੧। ਸਰੀਰ ਰੂਪ) ਤਾਣੀ ਗਜਾਂ ਨਾਲ ਮਿਣੀ ਨਹੀਂ? (ਮਿਣੀ ਹੈ, ਪੂਰੀ ਚਾਲੀ ਗਜ ਹੈ) ਤੱਕੜੀ ਨਾਲ ਤੋਲੀ ਨਹੀਂ? (ਹਾਂ ਤੋਲੀ ਹੋਈ ਵੀ ਹੈ, ਤਾਣੀ ਨੂੰ ਤੋਲੀ ਹੋਈ) ਪੰਜ ਸੇਰ ਪਾਣ (ਭਾਵ ਜੀਵ ਨੂੰ ਰੋਜ ਦੀ ਖੁਰਾਕ ਚਾਹੀਦੀ) ਹੈ।(ਜੇ ਤਾਣੀ ਨੂੰ) ਪਾਣ ਛੇਤੀ ਨਾ ਮਿਲੇ ਤਾਂ ਘਰ ਨੂੰ ਢਾਹ ਦੇਣ ਲਈ (ਜੀਵ ਰੂਪ ਜੁਲਾਹਾ) ਝਗੜਾ ਕਰਦਾ ਹੈ (ਖੁਰਾਕ ਨਾ ਮਿਲਣ ਤੇ ਸਰੀਰ ਅੰਦਰ ਭੁੱਖ ਤੰਗ ਕਰਦੀ ਹੈ।੨। ਸਾਰੇ) ਦਿਨ ਦੀ (ਕੰਮ ਕਾਜ ਰੂਪ) ਬੈਠਕ ਮਾਲਕ ਪ੍ਰਭੂ ਦੇ ਉਲਟ ਚਲਣ ਕਰਕੇ ਬਿਅਰਥ ਹੈ, ਇਹ ਜੀਵਨ ਦਾ ਸਮਾਂ ਫਿਰ ਕਦੋਂ (ਹੱਥ) ਆਉਣਾ ਹੈ? (ਅੰਤ ਨੂੰ ਸਾਰੇ ਦਿਨ ਦੇ ਕੰਮ ਦਾ ਅੱਕਿਆ ਭਾਵ ਅਪਣੀ ਉਮਰ ਭੋਗ ਕੇ) ਜੁਲਾਹਾ ਗੁੱਸੇ ਹੋ ਕੇ ਚਲ ਪਵੇਗਾ, ਪਦਾਰਥ ਰੂਪ ਕੂੰਡੇ ਛੁਟ ਜਾਣਗੇ, ਵਾਸ਼ਨਾ ਰੂਪ ਨਲੀਆਂ ਭਿੱਜੀਆਂ ਰਹਿ ਜਾਣਗੀਆਂ, (ਅੰਤ ਨੂੰ ਜੀਵ ਪਦਾਰਥ ਆਦਿ ਸਭ ਕੁਛ ਛਡ ਕੇ ਤੁਰ ਜਾਏਗਾ)।੩। ਖਾਲੀ ਨਲਕੀ (ਪ੍ਰਾਣ ਨਾੜੀ) ਵਿਚੋਂ ਸੁਆਸ ਰੂਪ ਤੰਦ ਨਹੀਂ ਨਿਕਲੇਗਾ ਅਤੇ ਤਾਣੀ ਦੇ ਤਣੇ ਹੋਏ ਧਾਗੇ ਉਲਝੇ ਰਹਿਣਗੇ ਭਾਵ ਮਰਨ ਤੋਂ ਪਹਿਲਾਂ ਤਕ ਪ੍ਰਾਣਾਂ ਦੀ ਗੰਢ ਉਲਝੀ ਰਹੇਗੀ (ਮਰਨ ਸਮੇਂ ਜੀਵਾਤਮਾ ਸਰੀਰ ਨੂੰ ਛਡ ਦੇਵੇਗਾ, ਸੁਆਸ ਮੁਕ ਜਾਣਗੇ ਤੇ ਸੁਆਸਾਂ ਦਾ ਨਾਭੀ ਨਾਲੋਂ ਸਬੰਧ ਟੁੱਟ ਜਾਵੇਗਾ)। ਹੇ ਵਿਚਾਰੀ ਸੰਸਾਰਕ ਬਿਰਤੀ! ਸਰੀਰ ਪਸਾਰਾ ਆਦਿ ਛਡ ਕੇ (ਵਾਸ਼ਨਾ ਦੇ ਰੂਪ ਵਿਚ ਜੀਵਾਤਮਾ ਦੇ ਨਾਲ ਨਾ ਜਾਹ) ਇਥੇ ਰਹੁ; ਸੰਸਾਰ ਪਸਾਰਾ ਛਡ ਕੇ ਇੱਛਾ ਰਹਿਤ ਹੋ ਜਾ, ਕਬੀਰ ਤੈਨੂੰ ਸਮਝਾ ਕੇ ਆਖਦਾ ਹੈ।੪।੩।੫੪।

ਪਦਾਰਥ = ਗਜ ਨਵ–ਨੌਂ ਗੋਲਕਾਂ (ਦੋ ਅੱਖਾਂ, ਨੱਕ ਦੇ ਦੋ ਛੇਦ, ਦੋ ਕੰਨ, ਇਕ ਮੂੰਹ, ਦੋ ਮਲ ਮੂਤ੍ਰ ਦੇ ਛੇਦ)। ਗਜ ਦਸ–ਦਸ ਇੰਦ੍ਰੇ (ਪੰਜ ਕਰਮ ਇੰਦ੍ਰੇ ਤੇ ਪੰਜ ਗਿਆਨ ਇੰਦ੍ਰੇ)। ਗਜ ਇਕੀਸ–ਇੱਕੀ ਗਜ (ਪੰਜ ਵਿਸ਼ੇ, ਪੰਜ ਤੱਤ, ਦਸ ਪ੍ਰਾਣ ਤੇ ਇਕ ਮਨ)। ਪੁਰੀਆ–ਪੂਰੀ; ਮੁਕੰਮਲ। ਤਨਾਈ–ਤਾਣੀ ਤਣਾਈ ਹੈ। ਸਾਠ ਸੂਤ–੬੦ ਨਾੜੀਆਂ (ਜੋ ਲੰਬੇ ਪਾਸੇ ਦਾ ਤਾਣਾ ਹੈ)। ਨਵ ਖੰਡ–ਸਰੀਰ ਦੇ ਨੌਂ ਪ੍ਰਧਾਨ ਹਿੱਸੇ (ਦੋਹਾਂ ਬਾਹਵਾਂ ਦੇ ਦੋ ਦੋ, ਦੋਹਾਂ ਲੱਤਾਂ ਦੇ ਦੋ ਦੋ = ਅੱਠ+ਇਕ ਸਿਰ ਸਮੇਤ ਧੜ)। ਬਹੁਤਰਿ–੭੨ ਛੋਟੀਆਂ ਨਾੜੀਆਂ। ਪਾਟੁ–ਪੇਟਾ। ਅਧਿਕਾਈ–ਬਹੁਤ ਵੱਡਾ।੧। ਬੁਨਾਵਨ–(ਤਾਣੀ) ਉਣਾਉਣ ਲਈ। ਮਾਹੋ–(ਸਿੰਧੀ) ਸੂਤ; ਤਾਣਾ ਭਾਵ ਸੰਸਕਾਰ ਬ੍ਰਿਤੀ; ਵਾਸ਼ਨਾ। ਘਰ–ਸਰੀਰ ਰੂਪ ਘਰ। ਜਾਇ–ਜੰਮਦਾ ਹੈ; ਜਾਂਦਾ ਹੈ। ਜੁਲਾਹੋ–ਜੀਵ ਰੂਪ ਜੁਲਾਹਾ।੧। ਰਹਾਉ। ਗਜੀ–ਗਜਾਂ ਨਾਲ। ਨ ਮਿਨੀਐ–ਨਹੀਂ ਮਿਣੀ? । ਤੋਲਿ–ਤੱਕੜੀ ਨਾਲ; ਵਜਨ ਕਰਕੇ। ਪਾਚਨੁ–ਪਾਣ (ਮੈਦੇ ਦਾ ਮਾਵਾ ਜੋ ਤਾਣੀ ਨੂੰ ਲਾਈਦਾ ਹੈ, ਤਾਂ ਕਿ ਧਾਗੇ ਉਣਨ ਵੇਲੇ ਨਾ ਟੁੱਟਣ); ਖੁਰਾਕ। ਸੇਰ ਅਢਾਈ–ਢਾਈ ਸੇਰ। ਜੌ ਕਰਿ–ਜੇ ਕਰ। ਬੇਗਿ–ਛੇਤੀ (ਸਮੇਂ ਸਿਰ)। ਘਰ ਹਾਈ–ਘਰ ਵਿਚ ਹੀ; ਘਰ ਵਾਲਾ ਮਨ।੨। ਦਿਨ ਕੀ ਬੈਠ–ਸਾਰੇ ਦਿਨ ਦੀ ਬੈਠਕ (ਸਾਰੇ ਦਿਨ ਦਾ ਕੰਮ ਕਾਜ)। ਬਰਕਸ (ਬਰ–ਅਕਸ) ਉਲਟ; ਆਕੀ। ਇਹ ਬੇਲਾ–(ਮਨੁੱਖਾ ਜਨਮ ਦਾ) ਇਹ ਸਮਾਂ। ਕਤ ਆਈ–ਕਦ ਆਵੇਗਾ? (ਮੁੜ ਨਹੀਂ ਮਿਲਣਾ)। ਛੂਟੇ–ਛੁਟ ਜਾਂਦੇ ਹਨ। ਕੂੰਡੇ–ਮਿੱਟੀ ਦੇ ਭਾਂਡੇ (ਜਿਨ੍ਹਾਂ ਵਿਚ ਸੂਤ ਦੀਆਂ ਨਲੀਆਂ ਭਿਉਂ ਰੱਖੀਦੀਆਂ ਹਨ) ਭਾਵ ਜਗਤ ਦੇ ਪਦਾਰਥ। ਭੀਗੈ–ਭਿੱਜ ਜਾਂਦੀਆਂ ਹਨ। ਪੂਰੀਆ–ਨਲੀਆਂ (ਵਾਸ਼ਨਾ)। ਰੀਸਾਈ–ਗੁੱਸੇ ਹੋ ਕੇ।੩। ਛੋਛੀ–ਖਾਲੀ। ਤੰਤੁ–ਤੰਦ (ਸੁਆਸ)। ਨਤਰ–ਤਾਣੀ ਦੇ ਧਾਗੇ। ਉਰਝਾਈ–ਉਲਝੀ ਪਈ ਹੈ (ਨਾਭੀ ਦਾ ਸੁਆਸਾਂ ਨਾਲ ਜੋ ਸਬੰਧ ਸੀ, ਉਹ ਨਹੀਂ ਰਹਿੰਦਾ)। ਪਸਾਰੁ–ਖਿਲਾਰਾ। ਈਹਾ–ਇਥੇ ਹੀ। ਬਪੁਰੀ–ਹੇ ਨਿਮਾਣੀ (ਵਾਸ਼ਨਾ)!। ਰਹੁ–ਟਿਕੀ ਰਹੁ (ਜੀਵ ਦਾ ਸਾਥ ਛਡ ਦੇਹ)। ਸਮਝਾਈ–ਸਮਝਾ ਕੇ।੪।੩।੫੪।

ਗਉੜੀ ॥ ਏਕ ਜੋਤਿ ਏਕਾ ਮਿਲੀ, ਕਿੰਬਾ ਹੋਇ ਮਹੋਇ ॥ ਜਿਤੁ ਘਟਿ ਨਾਮੁ ਨ ਊਪਜੈ, ਫੂਟਿ ਮਰੈ ਜਨੁ ਸੋਇ ॥੧॥ ਸਾਵਲ ਸੁੰਦਰ ਰਾਮਈਆ ॥ ਮੇਰਾ ਮਨੁ ਲਾਗਾ ਤੋਹਿ ॥੧॥ਰਹਾਉ॥ ਸਾਧੁ ਮਿਲੈ ਸਿਧਿ ਪਾਈਐ, ਕਿ ਏਹੁ ਜੋਗੁ ਕਿ ਭੋਗੁ ॥ ਦੁਹੁ ਮਿਲਿ ਕਾਰਜੁ ਊਪਜੈ, ਰਾਮ ਨਾਮ ਸੰਜੋਗੁ ॥੨॥ ਲੋਗੁ ਜਾਨੈ ਇਹੁ ਗੀਤੁ ਹੈ, ਇਹੁ ਤਉ ਬ੍ਰਹਮ ਬੀਚਾਰੁ ॥ ਜਿਉ ਕਾਸੀ ਉਪਦੇਸੁ ਹੋਇ, ਮਾਨਸ ਮਰਤੀ ਬਾਰ ॥੩॥ ਕੋਈ ਗਾਵੈ ਕੋ ਸੁਣੈ, ਹਰਿ ਨਾਮਾ ਚਿਤੁ ਲਾਇ ॥ ਕਹੁ ਕਬੀਰ ਸੰਸਾ ਨਹੀ, ਅੰਤਿ ਪਰਮ ਗਤਿ ਪਾਇ ॥੪॥੧॥੪॥

All Rights Reserved by Harjinder Singh Gyani | www.GuruGranthVakhyaan.org

੫੫॥ (ਇਕ ਵਾਦੀ ਨੇ ਪ੍ਰਸ਼ਨ ਕੀਤਾ) ਜਿਸ ਮਨੁੱਖ ਦੀ ਇਕ ਜੋਤ, ਇਕ ਜੋਤੀ ਪ੍ਰਭੂ ਨਾਲ ਮਿਲ ਗਈ (ਮਿਲ ਕੇ ਇਕ ਹੋ ਗਈ ਹੈ, ਤਾਂ ਦੱਸੋ) ਕੀ ਫਿਰ ਵੱਖਰੇਵਾਂ ਹੁੰਦਾ ਹੈ? (ਉਤਰ–ਵੱਖਰਾ) ਨਹੀਂ ਹੁੰਦਾ {ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ, ਤਿਉ ਢੁਰਿ ਮਿਲਿਓ ਜੁਲਾਹੋ ੬੯੨}।ਜਿਸ ਦੇ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਪੈਦਾ ਨਹੀਂ ਹੁੰਦਾ, ਉਹ ਮਨੁੱਖ ਫੁੱਟ ਕੇ ਮਰਦਾ ਹੈ।੧।ਹੇ ਸਾਂਵਲੇ ਰੰਗ ਵਾਲੇ ਮੇਰੇ ਸੁੰਦਰ ਰਾਮ ਜੀ! ਮੇਰਾ ਮਨ ਤੇਰੇ (ਚਰਨਾਂ) ਵਿਚ ਲੱਗਾ ਹੋਇਆ ਹੈ।੧।ਰਹਾਉ।(ਹੇ ਭਾਈ! ਜੇ) ਸਾਧ ਗੁਰੂ ਮਿਲ ਪਵੇ ਤਾਂ ਪੂਰਨਤਾ ਪ੍ਰਾਪਤ ਹੁੰਦੀ ਹੈ, (ਫਿਰ ਚਾਹੇ) ਇਹ ਮਨੁੱਖ ਜੋਗ ਮਤ ਦਾ ਹੋਵੇ ਜਾਂ ਪਦਾਰਥਾਂ ਦੇ ਭੋਗ ਵਾਲਾ ਹੋਵੇ ਭਾਵ ਤਿਆਗੀ ਹੋਵੇ ਜਾਂ ਗ੍ਰਿਹਸਤੀ ਹੋਵੇ; (ਇਸ ਸਿੱਧੀ ਅੱਗੇ ਜੋਗੀਆਂ ਦਾ) ਇਹ ਜੋਗ ਕੀ ਹੈ? ਤੇ ਪਦਾਰਥਾਂ ਦਾ ਭੋਗ ਵੀ ਕੀ ਹੈ? (ਤੁੱਛ ਹੈ।ਗੁਰੂ ਤੇ ਸਿਖ; ਸੁਰਤ ਤੇ ਸ਼ਬਦ) ਦੋਹਾਂ ਦੇ ਮਿਲਣ ਨਾਲ (ਮਨੁੱਖ ਦੀ ਪੂਰਨਤਾ ਦਾ) ਕੰਮ ਸਿਰੇ ਚੜ੍ਹਦਾ ਹੈ ਤੇ ਰਾਮ ਦੇ ਨਾਮ ਨਾਲ ਸਬੰਧ ਬਣ ਜਾਂਦਾ ਹੈ।੨।ਲੋਕ (ਮੇਰੀ ਉਚਾਰੀ ਬਾਣੀ ਨੂੰ ਇਕ ਸਧਾਰਨ) ਗੀਤ ਸਮਝਦੇ ਹਨ ,(ਪਰ) ਇਹ ਤਾਂ ਬ੍ਰਹਮ ਦਾ ਵਿਚਾਰ (ਗਿਆਨ) ਹੈ।ਜਿਵੇਂ ਕਾਂਸ਼ੀ ਵਿਚ (ਕਿਸੇ) ਪ੍ਰਾਣੀ ਦੇ ਮਰਨ ਵੇਲੇ ਸ਼ਿਵ ਦਾ ਉਪਦੇਸ਼ ਹੁੰਦਾ ਹੈ (ਹਿੰਦੂਆਂ ਦੀ ਮਨੌਤ ਹੈ ਕਿ ਮਰਨ ਸਮੇਂ ਕਿਸੇ ਮਨੁੱਖ ਦੇ ਕੰਨ ਵਿਚ ਸਿਵ ਮੰਤ੍ਰ ਦਿਤਾ ਜਾਵੇ ਤਾਂ ਉਹ ਪਾਪੀ ਵੀ ਮੁਕਤ ਹੋ ਜਾਂਦਾ ਹੈ, ਕਬੀਰ ਜੀ ਦੀ ਬਾਣੀ ਜਿਉਂਦੇ ਮਨੁੱਖ ਨੂੰ ਮੁਕਤ ਕਰਦੀ ਹੈ)।੩।ਹਰੀ ਦੇ ਨਾਮ (ਦੀ ਮਹਿਮਾਂ ਵਾਲੀ ਇਹ ਬਾਣੀ) ਚਿਤ ਲਾ ਕੇ ਕੋਈ (ਵੀ ਮਨੁੱਖ) ਗਾਉਂਦਾ ਹੈ ਜਾਂ ਸੁਣਦਾ ਹੈ।ਕਬੀਰ ਜੀ ਆਖਦੇ ਹਨ (ਕਿ ਇਸ ਗੱਲ ਵਿਚ ਬਿਲਕੁਲ) ਸੰਸਾ ਨਹੀਂ, (ਉਹ ਮਨੁੱਖ) ਅੰਤ ਵਿਚ ਪਰਮਗਤੀ ਪਾ ਲਵੇਗਾ।੪।੧।੪।੫੫।

ਪਦਾਰਥ = ਕਿੰਬਾ–ਜਾਂ; ਕਿ।ਮਹੋਇ–ਨਹੀਂ ਹੁੰਦਾ।ਜਿਤੁ–ਜਿਸ।ਘਟਿ–ਹਿਰਦੇ ਵਿਚ।ਫੂਟਿ ਮਰੈ–ਫੁੱਟ ਕੇ (ਕੋਹੜੀ; ਭ੍ਰਿਸ਼ਟ ਹੋ ਕੇ) ਮਰਦਾ ਹੈ।ਜਨੁ–ਮਨੁੱਖ।ਸੋਇ–ਉਹ।੧।ਸਾਵਲ–ਸਾਂਵਲੇ ਰੰਗ ਦਾ।ਰਾਮਈਆ–ਵਾਹਿਗੁਰੂ।ਤੋਹਿ–ਤੇਰੇ (ਚਰਨਾਂ) ਵਿਚ।੧।ਰਹਾਉ। ਸਿਧਿ–ਪੂਰਨਤਾ; ਮੁਕਤੀ।ਕਿ–ਕੀ ਹੈ? (ਤੁੱਛ ਹੈ)।ਭੋਗੁ–ਪਦਾਰਥਾਂ ਦਾ ਸੁਆਦ।ਦੁਹੁ–ਦੋ (ਗੁਰੂ ਤੇ ਸਿੱਖ; ਸੁਰਤ ਤੇ ਸ਼ਬਦ)।ਊਪਜੈ– ਸਿਰੇ ਚੜ੍ਹਦਾ ਹੈ।ਸੰਜੋਗੁ–ਸਬੰਧ; ਮਿਲਾਪ।੨।ਤਉ–ਤਾਂ।ਮਾਨਸ–ਮਨੁੱਖ ਦੇ।ਮਰਤੀ ਬਾਰ–ਮਰਨ ਸਮੇਂ।੩।ਕੋ–ਕੋਈ (ਮਨੁੱਖ)। ਚਿਤੁ ਲਾਇ–(ਪ੍ਰੇਮ ਨਾਲ) ਮਨ ਲਗਾ ਕੇ।ਸੰਸਾ–ਸ਼ੱਕ।ਅੰਤਿ–ਅੰਤ ਵੇਲੇ।ਪਰਮ ਗਤਿ–ਮੁਕਤੀ।੪।੧।੪।੫੫।

ਕਿੰਬਾ = ੧. ਇਕ ਗਿਆਨਵਾਨ ਦੀ ਜੋਤ ਹਰੀ ਵਿਚ ਜਾ ਮਿਲੀ ਹੈ, ਕੀ ਉਸਦਾ ਵੀ ਜਨਮ ਹੁੰਦਾ ਹੈ? ਉਤਰ– ਮਹੋਇ– ਨਹੀ ਹੁੰਦਾ। ੨. ਜਿਸ ਦੀ ਜੋਤ ਹਰੀ ਵਿਚ ਜਾ ਮਿਲੀ ਹੈ, ਕੀ ਉਹ ਮੁੜ ਅਲੱਗ ਹੋ ਸਕਦੀ ਹੈ? ਉਤਰ– ਨਹੀਂ ਹੋ ਸਕਦੀ।

ਗਉੜੀ ॥ ਜੇਤੇ ਜਤਨ ਕਰਤ ਤੇ ਡੂਬੇ, ਭਵ ਸਾਗਰੁ ਨਹੀ ਤਾਰਿਓ ਰੇ ॥ ਕਰਮ ਧਰਮ ਕਰਤੇ ਬਹੁ ਸੰਜਮ, ਅਹੰਬੁਧਿ ਮਨੁ ਜਾਰਿਓ ਰੇ ॥੧॥ ਸਾਸ ਗ੍ਰਾਸ ਕੋ ਦਾਤੋ ਠਾਕੁਰੁ ,ਸੋ ਕਿਉ ਮਨਹੁ ਬਿਸਾਰਿਓ ਰੇ ॥ ਹੀਰਾ ਲਾਲੁ ਅਮੋਲੁ ਜਨਮੁ ਹੈ, ਕਉਡੀ ਬਦਲੈ ਹਾਰਿਓ ਰੇ ॥੧ ॥ਰਹਾਉ॥ ਤ੍ਰਿਸਨਾ ਤ੍ਰਿਖਾ ਭੂਖ ਭਰਮਿ ਲਾਗੀ, ਹਿਰਦੈ ਨਾਹਿ ਬੀਚਾਰਿਓ ਰੇ ॥ ਉਨਮਤ ਮਾਨ ਹਿਰਿਓ ਮਨ ਮਾਹੀ, ਗੁਰ ਕਾ ਸਬਦੁ ਨ ਧਾਰਿਓ ਰੇ ॥੨॥ ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ, ਮਦ ਰਸ ਲੈਤ ਬਿਕਾਰਿਓ ਰੇ ॥ ਕਰਮ ਭਾਗ ਸੰਤਨ ਸੰਗਾਨੇ, ਕਾਸਟ ਲੋਹ ਉਧਾਰਿਓ ਰੇ ॥੩॥ ਧਾਵਤ ਜੋਨਿ ਜਨਮ ਭ੍ਰਮਿ ਥਾਕੇ, ਅਬ ਦੁਖ ਕਰਿ ਹਮ ਹਾਰਿਓ ਰੇ ॥ ਕਹਿ ਕਬੀਰ ਗੁਰ ਮਿਲਤ ਮਹਾ ਰਸੁ ,ਪ੍ਰੇਮ ਭਗਤਿ ਨਿਸਤਾਰਿਓ ਰੇ ॥੪॥੧॥੫॥੫੬॥ ਹੇ ਭਾਈ! ਜਿਤਨੇ (ਲੋਕ ਨਾਮ ਸਿਮਰਨ ਤੋਂ ਬਿਨਾ) ਹੋਰ ਜਤਨ ਕਰਦੇ ਸਨ, ਉਹ (ਸਭ ਸੰਸਾਰ ਸਮੁੰਦਰ ਵਿਚ) ਡੁਬਦੇ ਰਹੇ ਹਨ, (ਅਜੇਹੇ ਜਤਨਾਂ ਨੇ ਕਿਸੇ ਨੂੰ ਵੀ) ਸੰਸਾਰ ਸਮੁੰਦਰ ਤੋਂ ਨਹੀਂ ਤਾਰਿਆ।(ਲੋਕ ਸ਼ਾਸਤ੍ਰਾਂ ਦੇ ਦੱਸੇ) ਧਰਮ ਕਰਮ ਤੇ ਸੁੱਚ ਸੰਜਮ ਬਹੁਤ ਕਰਦੇ ਰਹੇ ਹਨ, (ਪਰ ਧਰਮ ਕਰਮ ਦੀ) ਹੰਕਾਰ ਵਾਲੀ ਬੁਧੀ ਨੇ (ਉਨ੍ਹਾਂ ਦੇ) ਮਨ ਨੂੰ ਸਾੜ ਦਿਤਾ ਹੈ।੧।ਹੇ ਭਾਈ! ਸੁਆਸਾਂ ਤੇ ਭੋਜਨ ਦਾ ਦਾਤਾ (ਜੋ) ਮਾਲਕ ਵਾਹਿਗੁਰੂ ਹੈ, (ਤੂੰ) ਉਹ ਮਨ ਵਿਚੋਂ ਕਿਉਂ ਭੁਲਾ ਦਿਤਾ ਹੈ ।ਹੀਰੇ ਤੇ ਲਾਲ ਵਾਂਗ ਅਮੋਲਕ (ਜੋ) ਜਨਮ ਹੈ, (ਉਹ ਤੈਂ) ਕੌਡੀ ਬਦਲੇ ਹਾਰ ਦਿਤਾ ਹੈ (ਮਾਇਆ ਦੇ ਬਦਲੇ ਨਿਸਫਲ ਗੁਆ ਦਿਤਾ ਹੈ)।੧।ਰਹਾਉ।ਹੇ ਭਾਈ! (ਤੂੰ ਕਦੇ ਅਪਣੇ) ਹਿਰਦੇ ਵਿਚ ਨਹੀਂ ਵਿਚਾਰਿਆ ਕਿ ਭਰਮ ਕਰਕੇ (ਤੈਨੂੰ ਪਦਾਰਥਾਂ ਦੀ) ਤ੍ਰਿਸ਼ਨਾ ਰੂਪ ਭੁੱਖ ਤੇ ਪਿਆਸ ਲੱਗੀ ਹੋਈ ਹੈ।ਹੇ ਭਾਈ! ਮਾਣ ਦੀ ਮਸਤੀ ਨੇ (ਤੇਰੇ ਸ਼ੁੱਭ ਗੁਣਾਂ ਨੂੰ) ਲੁੱਟ ਲਿਆ ਹੈ, (ਜਿਸ ਕਰਕੇ ਤੈਂ) ਮਨ ਵਿਚ ਗੁਰੂ ਦਾ ਸ਼ਬਦ ਧਾਰਨ ਨਹੀਂ ਕੀਤਾ।੨।ਹੇ ਭਾਈ! (ਤੂੰ) ਇੰਦ੍ਰੀਆਂ ਦੇ ਰਸਾਂ ਦਾ ਪ੍ਰੇਰਿਆ ਸੁਆਦਾਂ ਦਾ ਲੋਭੀ ਹੋਇਆ ਵਿਕਾਰਾਂ ਦੇ ਨਸ਼ੇ ਦਾ ਸੁਆਦ ਲੈਂਦਾ ਰਹਿੰਦਾ ਹੈਂ।(ਜਿਨ੍ਹਾਂ ਪੁਰਖਾਂ ਦੇ ਚੰਗੇ) ਕਰਮ ਤੇ ਵੱਡੇ ਭਾਗ ਹਨ, ਉਹ ਸੰਤਾਂ ਦੀ ਸੰਗਤ ਵਿਚ ਇਉਂ ਤਰ ਜਾਂਦੇ ਹਨ, ਜਿਵੇਂ ਲਕੜੀ ਦੇ ਨਾਲ ਲਗ ਕੇ ਲੋਹਾ ਤਰ ਜਾਂਦਾ ਹੈ।੩।ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈ! ਭਰਮ ਵਿਚ ਪੈ ਕੇ ਜਨਮ ਲੈਂਦੇ ਹੋਏ ਜੋਨੀਆਂ ਵਿਚ ਦੌੜਦੇ ਥੱਕ ਗਏ ਹਾਂ, ਹੁਣ (ਜਨਮ ਮਰਨ ਦਾ) ਦੁੱਖ ਭੋਗ ਕਰਕੇ ਅਸੀਂ ਹਾਰ ਗਏ ਹਾਂ।ਗੁਰੂ ਦੇ ਮਿਲਣ ਨਾਲ

All Rights Reserved by Harjinder Singh Gyani | www.GuruGranthVakhyaan.org

(ਪ੍ਰਭੂ ਦੇ ਨਾਮ ਦਾ) ਮਹਾਨ ਰਸ ਪਾ ਲਿਆ ਹੈ ਅਤੇ (ਪ੍ਰਭੂ ਦੀ) ਪ੍ਰੇਮਾ ਭਗਤੀ ਨੇ (ਮੈਨੂੰ ਭਵਜਲ ਤੋਂ) ਤਾਰ ਦਿਤਾ ਹੈ।੪।੧।੫।੫੬।
ਕਰਮ ਭਾਗ ਸੰਤਨ ਸੰਗਾਨੇ = (ਜਿਹੜੇ ਪੁਰਖ ਸ਼ਾਸਤ੍ਰਾਂ ਦੇ ਦੱਸੇ) ਕਰਮਾਂ ਤੋਂ ਭੱਜ ਕੇ ਸੰਤਾਂ ਦੀ ਸੰਗਤ ਵਿਚ ਮਿਲੇ ਹਨ, (ਉਹ ਸੰਤਾਂ ਦੀ ਸੰਗਤ ਨੇ ਭਵ ਸਾਗਰ ਤੋਂ) ਤਾਰ ਦਿਤੇ, ਜਿਵੇਂ ਲੱਕੜ ਲੋਹੇ ਨੂੰ ਤਾਰ ਦੇਂਦੀ ਹੈ (ਸੰ.ਪੋ.; ਨਰੋਤਮ ; ਫ.ਸ.)।
ਪਦਾਰਥ = ਜੇਤੇ–ਜਿਤਨੇ।ਤੇ–ਉਹ ਸਾਰੇ।ਭਵ ਸਾਗਰੁ–ਸੰਸਾਰ ਸਮੁੰਦਰ।ਰੇ–ਹੇ ਭਾਈ!।ਕਰਮ ਧਰਮ–ਧਰਮ ਦੇ ਦੱਸੇ ਕਰਮ।ਸੰਜਮ –ਸੁੱਚਮ ਆਦਿ ਕਰਮ; ਪ੍ਰਹੇਜ।ਅਹੰਬੁਧਿ–ਹੰਕਾਰ ਵਾਲੀ ਬੁਧੀ।ਜਾਰਿਓ–ਸਾੜ ਦਿਤਾ।੧।ਸਾਸ–ਸੁਆਸ।ਗ੍ਰਾਸ–ਭੋਜਨ।ਸੋ–ਉਹ ।ਮਨਹੁ–ਮਨ ਵਿਚੋਂ।ਬਿਸਾਰਿਓ–ਭੁਲਾ ਦਿਤਾ।ਹਾਰਿਓ–ਹਾਰ ਦਿਤਾ।੧।ਰਹਾਉ।ਤ੍ਰਿਖਾ–ਪਿਆਸ; ਲੋਭ ਦੀ ਅਧਿਕਤਾ।ਉਨਮਤ–ਮਸਤੀ ਨੇ।ਮਾਨ–ਹੰਕਾਰ।ਹਿਰਿਓ–ਲੁੱਟ ਲਿਆ।ਨ ਧਾਰਿਓ–ਨਹੀਂ ਵਸਾਇਆ।੨।ਲੁਭਤ–ਲੋਭੀ ਹੋਇਆ; ਫਸਿਆ ਹੋਇਆ।ਰਸ–ਚਸਕੇ।ਮਦ–ਨਸ਼ਾ।ਕਰਮ ਭਾਗ–ਭਾਗਾਂ ਵਿਚ ਕੀਤੇ ਚੰਗੇ ਕੰਮ; ਚੰਗੇ ਕਰਮ ਤੇ ਵੱਡੇ ਭਾਗ; ਕਰਮ ਕਾਂਡ ਤੋਂ ਭਜ ਕੇ।ਸੰਤਨ ਸੰਗਾਨੇ –ਸੰਤਾਂ ਦੀ ਸੰਗਤ ਵਿਚ।ਕਾਸਟ–ਲੱਕੜੀ।ਲੋਹ–ਲੋਹਾ।ਉਧਾਰਿਓ–ਤਾਰ ਦਿਤਾ।੩।ਧਾਵਤ–ਦੌੜਦੇ ਹੋਏ (ਬਾਰ ਬਾਰ ਜਨਮ ਲੈਂਦਿਆਂ) ।ਭ੍ਰਮਿ–ਭਰਮ ਵਿਚ।ਅਬ–ਹੁਣ।ਹਮ–ਅਸੀਂ।ਹਾਰਿਓ–ਹਾਰ ਗਏ ਹਾਂ।ਨਿਸਤਾਰਿਓ–ਤਾਰ ਦਿਤਾ।੪।੧।੫।੫੬।
ਗਉੜੀ ॥ ਕਾਲਬੂਤ ਕੀ ਹਸਤਨੀ ਮਨ ਬਉਰਾ ਰੇ, ਚਲਤੁ ਰਚਿਓ ਜਗਦੀਸ ॥ ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ, ਅੰਕਸੁ ਸਹਿਓ ਸੀਸ ॥੧॥ ਹੇ ਝੱਲੇ ਮਨ! ਜਗਤ ਦੇ ਮਾਲਕ ਨੇ (ਮਨੁੱਖ ਨੂੰ ਭਰਮਾਉਣ ਲਈ) ਕੌਤਕ ਰਚਿਆ ਹੈ (ਜਿਵੇਂ ਹਾਥੀ ਨੂੰ ਫੜਨ ਵਾਲੇ ਲੋਕ) ਹਥਨੀ ਦਾ ਕਲਬੂਤ (ਬਣਾ ਕੇ ਜੰਗਲ ਵਿਚ ਘਾਹ ਫੂਸ ਨਾਲ ਢਕੇ ਹੋਏ ਟੋਏ ਉਤੇ ਖੜਾ ਕਰ ਦੇਂਦੇ ਹਨ)।ਹੇ ਝੱਲੇ ਮਨ! ਕਾਮ ਦੇ ਸੁਆਦ ਕਰਕੇ ਹਾਥੀ (ਹਥਨੀ ਦੇ ਕਲਬੂਤ ਉਪਰ ਮਸਤ ਹੋ ਕੇ ਆਉਂਦਾ ਹੈ ਤੇ ਟੋਏ ਵਿਚ ਡਿਗ ਜਾਂਦਾ ਹੈ, ਤੇ ਫੜਨ ਵਾਲੇ ਮਨੁੱਖ ਦੇ) ਵਸ ਵਿਚ ਪੈ ਜਾਂਦਾ ਹੈ ਤੇ ਸਿਰ ਉਤੇ (ਮਹਾਵਤ ਦਾ ਸਾਰੀ ਉਮਰ) ਲੋਹੇ ਦਾ ਕੁੰਡਾ ਸਹਾਰਦਾ ਹੈ (ਇਵੇਂ ਮਨੁੱਖ ਕਾਮ ਵਸ ਹੋ ਕੇ ਇਸਤ੍ਰੀ ਦਾ ਗੁਲਾਮ ਬਣਿਆ ਰਹਿੰਦਾ ਹੈ ਤੇ ਦੁਖ ਭੋਗਦਾ ਹੈ)।੧।
ਅੰਗ ੩੩੬ = ਬਿਖੈ ਬਾਚੁ ਹਰਿ ਰਾਚੁ ,ਸਮਝੁ ਮਨ ਬਉਰਾ ਰੇ ॥ ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ, ਗਹਿਓ ਨ ਰਾਮ ਜਹਾਜੁ ॥੧॥ਰਹਾਉ॥ ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ, ਲੀਨੀ ਹਾਥੁ ਪਸਾਰਿ ॥ ਛੂਟਨ ਕਉ ਸਹਸਾ ਪਰਿਆ ਮਨ ਬਉਰਾ ਰੇ, ਨਾਚਿਓ ਘਰ ਘਰ ਬਾਰਿ ॥੨॥ ਜਿਉ ਨਲਨੀ ਸੁਅਟਾ ਗਹਿਓ ਮਨ ਬਉਰਾ ਰੇ, ਮਾਇਆ ਇਹੁ ਬਿਉਹਾਰੁ ॥ ਜੈਸਾ ਰੰਗੁ ਕਸੁੰਭ ਕਾ ਮਨ ਬਉਰਾ ਰੇ, ਤਿਉ ਪਸਰਿਓ ਪਾਸਾਰੁ ॥੩॥ ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ, ਪੂਜਨ ਕਉ ਬਹੁ ਦੇਵ ॥ ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ, ਛੂਟਨੁ ਹਰਿ ਕੀ ਸੇਵ ॥੪॥੧॥੬॥੫੭॥ ਹੇ ਕਮਲੇ ਮਨ! ਵਿਸ਼ਿਆਂ ਤੋਂ ਬਚ, ਹਰੀ ਵਿਚ ਰਚ (ਲੀਨ ਹੋ ਜਾਹ ਅਤੇ ਇਹ ਗਲ) ਸਮਝ।ਕਿ ਤੂੰ ਸੰਸਾਰੀ ਡਰ ਤੋਂ ਰਹਿਤ ਹੋ ਕੇ ਹਰੀ ਨੂੰ ਨਹੀਂ ਜਪਿਆ, ਹੇ ਕਮਲੇ ਮਨ! ਰਾਮ ਦੇ ਨਾਮ ਦਾ ਜੋ ਜਹਾਜ ਹੈ, ਉਹ ਤੈਂ ਗ੍ਰਹਿਣ ਨਹੀਂ ਕੀਤਾ।੧।ਰਹਾਉ।ਹੇ ਝੱਲੇ ਮਨ! (ਜਿਵੇਂ) ਬਾਂਦਰ ਅਨਾਜ ਦੀ (ਕੁੱਜੀ ਵਿਚ) ਹੱਥ ਫੈਲਾ ਕੇ ਮੁੱਠੀ ਭਰ ਲੈਂਦਾ ਹੈ (ਲਾਲਚ ਦੇ ਵਸ ਦਾਣੇ ਛਡਦਾ ਨਹੀਂ, ਮੁੱਠੀ ਨਿਕਲਦੀ ਨਹੀਂ ਤੇ ਫੜਿਆ ਜਾਂਦਾ ਹੈ)।ਹੇ ਝੱਲੇ ਮਨ! (ਬਾਂਦਰ ਨੂੰ ਮਦਾਰੀ ਤੋਂ) ਛੁੱਟਣ ਦਾ ਸੰਸਾ ਪਿਆ ਰਹਿੰਦਾ ਹੈ ਤੇ (ਮਦਾਰੀ ਦੇ ਵਸ ਵਿਚ ਪਿਆ) ਘਰ ਘਰ ਦੇ ਬੂਹੇ ਅੱਗੇ ਨੱਚਦਾ ਫਿਰਦਾ (ਦੁਖ ਭੋਗਦਾ) ਹੈ (ਲੋਭ ਵਿਚ ਫਸਿਆ ਮਨੁੱਖ ਅਨੇਕਾਂ ਜੂਨਾਂ ਵਿਚ ਭਟਕਦਾ ਫਿਰਦਾ ਹੈ)।੨।ਹੇ ਕਮਲੇ ਮਨ! ਜਿਵੇਂ ਤੋਤਾ (ਡੁਬਣ ਦੇ ਭੈ ਕਰਕੇ) ਨਲਕੀ ਨੂੰ ਫੜੀ ਰਖਦਾ ਹੈ; ਜਿਵੇਂ ਨਲਨੀ ਦੁਆਰਾ ਤੋਤਾ ਫੜਿਆ ਜਾਂਦਾ ਹੈ, (ਇਵੇਂ) ਮਾਇਆ ਦਾ (ਵੀ ਜੀਵਾਂ ਨੂੰ ਫਸਾਉਣ ਦਾ) ਇਹੋ ਕੰਮ ਹੈ।ਹੇ ਝੱਲੇ ਮਨ! ਜਿਵੇਂ ਕੁਸੁੰਭ (ਦੇ ਫੁੱਲ) ਦਾ ਰੰਗ (ਛੇਤੀ ਉਡ ਜਾਂਦਾ ਹੈ) ਇਸੇ ਤਰ੍ਹਾਂ ਮਾਇਆ ਦਾ ਪਸਰਿਆ ਪਸਾਰਾ ਹੈ (ਜੋ ਛੇਤੀ ਨਾਸ਼ ਹੋ ਜਾਂਦਾ ਹੈ)।੩।ਹੇ ਕਮਲੇ ਮਨ! ਨਹਾਉਣ ਲਈ ਤੀਰਥ ਬਹੁਤ ਹਨ ਅਤੇ ਪੂਜਣ ਲਈ (ਮਿੱਟੀ ਜਾਂ ਪੱਥਰ ਦੇ ਬਣੇ) ਦੇਵਤੇ ਬਹੁਤ ਹਨ।ਕਬੀਰ ਜੀ ਆਖਦੇ ਹਨ (ਕਿ ਤੀਰਥਾਂ ਤੇ ਨਹਾ ਕੇ ਤੇ ਦੇਵ ਮੂਰਤੀਆਂ ਪੂਜ ਕੇ ਮਾਇਆ ਦੀ ਕੈਦ ਤੋਂ) ਛੁਟਕਾਰਾ ਨਹੀਂ ਹੁੰਦਾ, ਹਰੀ ਦੀ ਸੇਵਾ ਕਰਕੇ (ਮਾਇਆ ਦੇ ਬੰਧਨਾਂ ਤੋਂ) ਛੁਟਕਾਰਾ ਮਿਲਦਾ ਹੈ।੪।੧।੬।੫੭।
ਪਦਾਰਥ = ਕਾਲਬੂਤ–ਕਲਬੂਤ (ਢਾਂਚਾ)।ਹਸਤਨੀ–ਹਥਣੀ।ਬਉਰਾ–ਕਮਲਾ; ਝੱਲਾ; ਬੇਪ੍ਰਵਾਹ।ਚਲਤੁ–ਕੌਤਕ; ਤਮਾਸ਼ਾ।ਜਗਦੀਸ –ਜਗਤ ਦਾ ਮਾਲਕ ਪ੍ਰਭੂ।ਕਾਮ–ਕਾਮ ਵਾਸ਼ਨਾ।ਸੁਆਇ–ਸੁਆਦ ਦੇ ਕਾਰਨ।ਗਜ–ਹਾਥੀ।ਬਸਿ ਪਰੇ–ਵਸ ਵਿਚ ਪੈਂਦਾ ਹੈ।ਅੰਕਸੁ–(ਹਾਥੀ ਤੋਰਨ ਲਈ) ਲੋਹੇ ਦਾ ਕੁੰਡਾ।ਸਹਿਓ–ਸਹਾਰਦਾ ਹੈ।ਸੀਸਿ–ਸਿਰ ਉਤੇ।੧।ਬਿਖੈ–ਵਿਸ਼ੇ ਵਿਕਾਰ।ਬਾਚੁ–ਬਚ ਕੇ ਰਹਿ।ਰਾਚੁ

www.gurugranthvakhyaan.org

-ਲੀਨ ਹੋ ਜਾ। ਨਿਰਭੈ-ਡਰ ਰਹਿਤ। ਗਹਿਓ ਨ-ਫੜਿਆ ਨਹੀਂ।੧। ਰਹਾਉ। ਮਰਕਟ-ਬਾਂਦਰ। ਮੁਸਟੀ-ਮੁੱਠੀ। ਲੀਨੀ-ਲੈ ਲਈ। ਪਸਾਰਿ-ਫੈਲਾ ਕੇ। ਸਹਸਾ-ਫਿਕਰ। ਪਰਿਆ-ਪੈ ਗਿਆ। ਬਾਰਿ-ਦਰਵਾਜੇ ਉਤੇ।੨। ਨਲਨੀ-(ਤੋਤੇ ਨੂੰ ਫਸਾਉਣ ਵਾਲੀ) ਨਲਕੀ। ਸੂਅਟਾ-ਤੋਤਾ। ਗਹਿਓ-ਫੜਿਆ ਜਾਂਦਾ ਹੈ। ਬਿਉਹਾਰੁ-ਕੰਮ; ਵਰਤਾਰਾ।੩। ਨਾਵਨ ਕਉ-ਨਹਾਉਣ ਲਈ। ਘਨੇ-ਬਹੁਤ। ਪੂਜਨ ਕਉ -ਪੂਜਾ ਕਰਨ ਲਈ। ਛੂਟਨੁ-ਛੁਟਕਾਰਾ। ਸੇਵਾ-ਸਿਮਰਨ।੪।੧।੬।੫੭।

ਕਾਲਬੂਤ = ਹਾਥੀ ਫੜਨ ਲਈ ਜੰਗਲ ਵਿਚ ਇਕ ਟੋਏ ਉਪਰ ਕੱਖਾਂ ਕਾਨਿਆਂ ਦੀ ਛੱਤ ਪਾ ਦਿਤੀ ਜਾਦੀ ਹੈ। ਉਸ ਟੋਏ ਉਪਰ ਹਥਣੀ ਦਾ ਇਕ ਬਨਾਉਟੀ ਢਾਂਚਾ ਬਣਾ ਕੇ ਖੜਾ ਕਰ ਦਿਤਾ ਜਾਂਦਾ ਹੈ। ਕਲਬੂਤ ਨੂੰ ਅਸਲੀ ਹਥਣੀ ਸਮਝ ਕੇ ਹਾਥੀ ਕਾਮ ਵਿਚ ਮਸਤ ਹੋਇਆ ਆਉਂਦਾ ਹੈ, ਤੇ ਟੋਏ ਵਿਚ ਗਿਰ ਜਾਂਦਾ ਹੈ ਤੇ ਫੜ ਕੇ ਉਸ ਤੋਂ ਕੰਮ ਲਿਆ ਜਾਂਦਾ ਹੈ।

ਮਰਕਟ = ਬਾਂਦਰ ਨੂੰ ਫੜਨ ਲਈ ਮਦਾਰੀ ਇਕ ਭੀੜੇ ਮੂੰਹ ਵਾਲਾ ਕੁੱਜਾ ਜਮੀਨ ਵਿਚ ਦੱਬ ਦੇਂਦਾ ਹੈ, ਪਰ ਉਸਦਾ ਮੂੰਹ ਜਮੀਨ ਤੋਂ ਬਾਹਰ ਖੁਲ੍ਹਾ ਰਖਦਾ ਹੈ। ਕੁੱਜੇ ਵਿਚ ਭੁੱਜੇ ਛੋਲੇ ਪਾਏ ਹੋਏ ਹੁੰਦੇ ਹਨ, ਬਾਂਦਰ ਕੁੱਜੇ ਵਿਚ ਹੱਥ ਪਾ ਕੇ ਦਾਨਿਆਂ ਦੀ ਮੁੱਠੀ ਭਰ ਲੈਂਦਾ ਹੈ। ਦਾਨਿਆਂ ਦੀ ਭਰੀ ਮੁੱਠੀ ਕੁੱਜੀ ਦੇ ਭੀੜੇ ਮੂੰਹ ਵਿਚੋਂ ਨਿਕਲਦੀ ਨਹੀਂ ਅਤੇ ਲੋਭ ਵਿਚ ਫਸਿਆ ਦਾਣੇ ਵੀ ਨਹੀਂ ਛਡਦਾ। ਇਸ ਤਰ੍ਹਾਂ ਫੜਿਆ ਜਾਂਦਾ ਹੈ ਤੇ ਘਰ ਘਰ ਨਚਾਇਆ ਜਾਂਦਾ ਹੈ। ਇਹੋ ਹਾਲ ਮਾਇਆ ਦੇ ਲਾਲਚ ਕਰਕੇ ਮਨੁੱਖ ਦਾ ਹੁੰਦਾ ਹੈ।

ਨਲਨੀ = ਦੋ ਲਕੜੀਆਂ ਜਮੀਨ ਵਿਚ ਗੱਡ ਕੇ ਇਕ ਸੂਏ ਵਿਚ ਨਲਕੀ ਪਰੋ ਕੇ ਹੇਠਾਂ ਪਾਣੀ ਦਾ ਭਾਂਡਾ ਰੱਖ ਦਿਤਾ ਜਾਂਦਾ ਹੈ। ਤੇ ਨਾਲ ਚੋਗਾ ਰੱਖਿਆ ਜਾਂਦਾ ਹੈ। ਜਦ ਤੋਤਾ ਚੋਗਾ ਖਾਣ ਲਈ ਨਲਕੀ ਤੇ ਆ ਕੇ ਬੈਠਦਾ ਹੈ ਤਾਂ ਨਲਕੀ ਘੁੰਮ ਜਾਂਦੀ ਹੈ ਤੇ ਤੋਤਾ ਪੁੱਠਾ ਲਟਕਦਾ ਹੈ। ਥੱਲੇ ਪਏ ਪਾਣੀ ਵਿਚ ਡੁਬਣ ਦੇ ਭੈ ਕਰਕੇ ਉਹ ਨਲਕੀ ਨਹੀਂ ਛਡਦਾ ਤੇ ਫੜ ਕੇ ਪਿੰਜਰੇ ਵਿਚ ਪਾਇਆ ਜਾਂਦਾ ਹੈ।

ਉਥਾਨਕਾ = ਕੋਈ ਰਾਜਾ ਕਬੀਰ ਜੀ ਦੇ ਦਰਸ਼ਨਾਂ ਨੂੰ ਆਇਆ, ਕਬੀਰ ਜੀ ਤੋਂ ਪ੍ਰਭਾਵਤ ਹੋ ਕੇ ਉਸ ਰਾਜੇ ਨੇ ਕਾਫੀ ਧਨ ਦੇਣਾ ਚਾਹਿਆ। ਕਬੀਰ ਜੀ ਨੇ ਆਖਿਆ ਇਹ ਧਨ ਨਾਸ਼ਵੰਤ ਹੈ, ਸਾਡੇ ਕੋਲ ਜੋ ਧਨ ਹੈ, ਉਹ ਅਬਿਨਾਸੀ ਹੈ। ਰਾਜਾ ਹੈਰਾਨ ਹੋ ਕੇ ਪੁਛਦਾ ਹੈ ਕਿ ਉਹ ਧਨ ਕੈਸਾ ਹੈ? ਕਬੀਰ ਜੀ ਰਾਜੇ ਨੂੰ ਨਾਮ ਧਨ ਬਾਰੇ ਦਸਦੇ ਹੋਏ ਇਹ ਸ਼ਬਦ ਉਚਾਰਦੇ ਹਨ =

ਗਉੜੀ ॥ ਅਗਨਿ ਨ ਦਹੈ ਪਵਨੁ ਨਹੀ ਮਗਨੈ, ਤਸਕਰੁ ਨੇਰਿ ਨ ਆਵੈ ॥ ਰਾਮ ਨਾਮ ਧਨੁ ਕਰਿ ਸੰਚਉਨੀ, ਸੋ ਧਨੁ ਕਤ ਹੀ ਨ ਜਾਵੈ ॥੧॥ ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ,ਇਹੈ ਸਾਰ ਧਨੁ ਕਹੀਐ ॥ ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ, ਸੋ ਸੁਖੁ ਰਾਜਿ ਨ ਲਹੀਐ ॥੧॥ਰਹਾਉ॥ ਇਸ ਧਨ ਕਾਰਣਿ ਸਿਵ ਸਨਕਾਦਿਕ, ਖੋਜਤ ਭਏ ਉਦਾਸੀ ॥ ਮਨਿ ਮੁਕੰਦੁ ਜਿਹਬਾ ਨਾਰਾਇਨੁ ,ਪਰੈ ਨ ਜਮ ਕੀ ਫਾਸੀ ॥੨॥ ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ, ਤਾਸੁ ਸੁਮਤਿ ਮਨੁ ਲਾਗਾ ॥ ਜਲਤ ਅੰਭ ਥੰਭਿ ਮਨੁ ਧਾਵਤ, ਭਰਮ ਬੰਧਨ ਭਉ ਭਾਗਾ ॥੩॥ ਕਹੈ ਕਬੀਰੁ ਮਦਨ ਕੇ ਮਾਤੇ, ਹਿਰਦੈ ਦੇਖੁ ਬੀਚਾਰੀ ॥ ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ, ਹਮ ਘਰਿ ਏਕੁ ਮੁਰਾਰੀ ॥੪॥੧॥੭॥੫੮॥ (ਹੇ ਭਾਈ!) ਰਾਮ ਦੇ ਨਾਮ ਦਾ ਧਨ ਇਕੱਠਾ ਕਰ, ਇਹ ਧਨ (ਸਾਥ ਛਡ ਕੇ) ਕਿਤੇ ਨਹੀਂ ਜਾਂਦਾ। (ਇਸ ਧਨ ਨੂੰ) ਅੱਗ ਸਾੜਦੀ ਨਹੀਂ, ਹਵਾ ਉਡਾ ਨਹੀਂ ਸਕਦੀ ਹੈ ਤੇ ਚੋਰ (ਇਸ ਦੇ) ਨੇੜੇ ਨਹੀਂ ਆਉਂਦਾ।੧। ਮਾਇਆ ਦਾ ਪਤੀ, ਪ੍ਰਿਥਵੀ ਨੂੰ ਧਾਰਣ ਵਾਲਾ ਵਾਹਿਗੁਰੂ ਸਾਡਾ ਧਨ ਹੈ, ਇਹੋ ਸ੍ਰੇਸਟ (ਅਸਲੀ) ਧਨ ਕਹੀਦਾ ਹੈ। ਜੋ ਸੁਖ ਗੋਬਿੰਦ ਪ੍ਰਭੂ ਦੀ ਸੇਵਾ ਕਰਕੇ ਮਿਲਦਾ ਹੈ, ਉਹ ਸੁਖ ਰਾਜ ਵਿਚ ਨਹੀਂ ਲੈ ਸਕੀਦਾ।੧। ਰਹਾਉ। ਸ਼ਿਵ ਜੀ ਤੇ (ਬ੍ਰਹਮਾ ਦੇ ਪੁਤ੍ਰ) ਸਨਕਾਦਿਕ ਇਸ (ਰਾਮ ਨਾਮ ਰੂਪ) ਧਨ ਦੇ ਖੋਜਣ ਵਾਸਤੇ (ਸੰਸਾਰ ਤੋਂ) ਉਪਰਾਮ ਹੋ ਗਏ। (ਜਿਸ ਮਨੁੱਖ ਦੇ) ਮਨ ਵਿਚ ਮੁਕਤੀ ਦਾ ਦਾਤਾ (ਵਸਦਾ) ਹੈ ਤੇ ਜੀਭ ਉਤੇ ਨਾਰਾਇਣ ਹੈ, (ਉਸ ਨੂੰ) ਜਮਾਂ ਦੀ ਫਾਹੀ ਨਹੀਂ ਪੈਂਦੀ।੨। (ਕਬੀਰ ਜੀ ਅਪਣਾ ਤਜਰਬਾ ਦਸਦੇ ਹਨ, ਮੈਨੂੰ ਜੋ) ਗਿਆਨ ਤੇ ਭਗਤੀ ਗੁਰੂ ਨੇ ਦਿਤੀ ਹੈ, ਇਹੋ ਹੀ ਅਪਣਾ (ਅਸਲੀ) ਧਨ ਹੈ (ਦੁਨਿਆਵੀ ਧਨ ਅਪਣਾ ਨਹੀਂ ਹੈ, ਗੁਰੂ ਦੀ ਬਖਸੀ) ਸ੍ਰੇਸਟ ਮੱਤ ਕਰਕੇ ਮੇਰਾ ਮਨ ਉਸ (ਪ੍ਰਭੂ ਨਾਲ) ਜੁੜ ਗਿਆ ਹੈ। (ਇਹ ਨਾਮ ਧਨ ਤ੍ਰਿਸ਼ਨਾ ਵਿਚ) ਸੜਦੇ ਮਨ ਨੂੰ ਪਾਣੀ ਵਾਂਗ ਹੈ ਤੇ ਦੌੜਦੇ (ਭਟਕਦੇ) ਮਨ ਨੂੰ ਟਿਕਾਉਣ ਲਈ ਥੰਮ ਵਾਂਗ ਆਸਰਾ ਰੂਪ ਹੈ, (ਨਾਮ ਧਨ ਦੀ ਬਰਕਤ ਨਾਲ) ਭਰਮਾਂ ਦੇ ਬੰਧਨ ਤੇ (ਮੌਤ ਦਾ) ਡਰ ਨੱਸ ਗਿਆ।੩। ਕਬੀਰ ਜੀ ਕਹਿੰਦੇ ਹਨ, ਹੇ ਕਾਮ ਵਾਸ਼ਨਾ ਦੇ ਮਸਤੇ ਹੋਏ (ਰਾਜਨ! ਤੂੰ ਅਪਣੇ) ਹਿਰਦੇ ਵਿਚ ਵਿਚਾਰ ਕੇ ਦੇਖ। ਤੇਰੇ ਘਰ ਵਿਚ ਲੱਖਾਂ ਕ੍ਰੋੜਾਂ ਘੋੜੇ ਤੇ ਹਾਥੀ ਹਨ ਤੇ ਸਾਡੇ ਹਿਰਦੇ ਘਰ ਵਿਚ ਇਕ ਵਾਹਿਗੁਰੂ (ਦਾ ਨਾਮ ਵਸਦਾ) ਹੈ (ਤੇਰਾ ਮਾਲ ਧਨ ਨਾਸ਼ਵੰਤ ਹੈ ਤੇ ਸਾਡਾ ਨਾਮ ਧਨ ਨਾਸ਼ ਰਹਿਤ ਹੈ, ਜੋ ਸੁਖਦਾਇਕ ਹੈ)।੪।੧।੭।੫੮।

ਪਦਾਰਥ = ਨ ਦਹੈ-ਨਹੀਂ ਸਾੜਦੀ। ਪਵਨ ਨਹੀ ਮਗਨੈ-ਹਵਾ ਉਡਾ ਨਹੀਂ ਸਕਦੀ; ਜਲ ਡੁਬੋ ਨਹੀਂ ਸਕਦਾ (ਮ.ਕੋ.; ਸੰ.ਪੋ.)।

All Rights Reserved by Harjinder Singh Gyani | www.GuruGranthVakhyaan.org

ਤਸਕਰੁ–ਚੋਰ।ਨੇਰਿ–ਨੇੜੇ।ਕਰਿ ਸੰਚਉਨੀ–ਇਕੱਠਾ ਕਰ।ਸੋ–ਉਹ।ਕਤ ਹੀ–ਕਿਤੇ ਵੀ।੧।ਮਾਧਉ–ਮਾਇਆ ਦਾ ਪਤੀ ਵਾਹਿਗੁਰੂ।ਧਰਣੀਧਰੁ–ਧਰਤੀ ਨੂੰ ਧਾਰਣ ਵਾਲਾ ਕਰਤਾਰ।ਸਾਰ–ਸ੍ਰੇਸਟ।ਰਾਜਿ–ਰਾਜ ਭਾਗ ਵਿਚ।ਨ ਲਹੀਐ–ਨਹੀਂ ਲੱਭ ਸਕੀਦਾ।੧।ਰਹਾਉ।ਕਾਰਣਿ–ਵਾਸਤੇ; ਲਈ।ਸਨਕਾਦਿਕ–ਬ੍ਰਹਮਾ ਦੇ ਚਾਰ ਪੁਤ੍ਰ (ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ)।ਭਏ–ਹੋ ਗਏ।ਉਦਾਸੀ–ਸੰਸਾਰ ਦੇ ਤਿਆਗੀ।ਮੁਕੰਦੁ–ਮੁਕਤੀ ਦਾਤਾ ਪ੍ਰਭੂ।ਪਰੈ ਨ–ਨਹੀਂ ਪੈਂਦੀ।ਫਾਸੀ–ਫਾਹੀ।੨।ਨਿਜ–ਅਪਣਾ।ਗੁਰਿ–ਗੁਰੂ ਨੇ।ਦੀਨੀ–ਦਿਤੀ।ਤਾਸੁ–ਉਸ (ਵਾਹਿਗੁਰੂ) ਵਿਚ।ਸੁਮਤਿ–ਸ੍ਰੇਸਟ ਮੱਤ।ਲਾਗਾ–ਲੱਗ (ਜੁੜ) ਗਿਆ।ਜਲਤ–ਸੜਦੇ ਨੂੰ।ਅੰਭ–ਪਾਣੀ।ਥੰਭਿ–ਥੰਮ (ਆਸਰਾ)।ਧਾਵਤ–ਦੌੜਦੇ ਨੂੰ।ਭਾਗਾ–ਨੱਸ ਗਿਆ।੩।ਮਦਨ–ਕਾਮ ਵਾਸ਼ਨਾ; ਹੰਕਾਰ।ਮਾਤੇ–ਮਸਤੇ ਹੋਏ।ਲਾਖ–ਲੱਖਾਂ।ਕੋਟਿ–ਕ੍ਰੋੜਾਂ।ਅਸ੍ਵ–ਘੋੜੇ।ਹਸਤੀ–ਹਾਥੀ।ਹਮ ਘਰਿ–ਸਾਡੇ ਹਿਰਦੇ ਘਰ ਵਿਚ।ਮੁਰਾਰੀ–ਵਾਹਿਗੁਰੂ।੪।੧।੭।੫੮।

ਗਉੜੀ ॥ ਜਿਉ ਕਪਿ ਕੇ ਕਰਿ ਮੁਸਟਿ ਚਨਨ ਕੀ, ਲੁਬਧਿ ਨ ਤਿਆਗੁ ਦਇਓ ॥ ਜੋ ਜੋ ਕਰਮ ਕੀਏ ਲਾਲਚ ਸਿਉ ,ਤੇ ਫਿਰਿ ਗਰਹਿ ਪਰਿਓ ॥੧॥ ਭਗਤਿ ਬਿਨੁ ਬਿਰਥੇ ਜਨਮੁ ਗਇਓ ॥ ਸਾਧ ਸੰਗਤਿ ਭਗਵਾਨ ਭਜਨ ਬਿਨੁ ,ਕਹੀ ਨ ਸਚੁ ਰਹਿਓ ॥੧॥ਰਹਾਉ ॥ ਜਿਉ ਉਦਿਆਨ ਕੁਸਮ ਪਰਫੁਲਿਤ, ਕਿਨਹਿ ਨ ਘ੍ਰਾਉ ਲਇਓ ॥ ਤੈਸੇ ਭ੍ਰਮਤ ਅਨੇਕ ਜੋਨਿ ਮਹਿ, ਫਿਰਿ ਫਿਰਿ ਕਾਲ ਹਇਓ ॥੨॥ ਇਆ ਧਨ ਜੋਬਨ ਅਰੁ ਸੁਤ ਦਾਰਾ, ਪੇਖਨ ਕਉ ਜੁ ਦਇਓ ॥ ਤਿਨ ਹੀ ਮਾਹਿ ਅਟਕਿ ਜੋ ਉਰਝੇ, ਇੰਦ੍ਰੀ ਪ੍ਰੇਰਿ ਲਇਓ ॥੩॥ ਅਉਧ ਅਨਲ ਤਨੁ ਤਿਨ ਕੋ ਮੰਦਰੁ ,ਚਹੁ ਦਿਸ ਠਾਟੁ ਠਇਓ ॥ ਕਹਿ ਕਬੀਰ ਭੈ ਸਾਗਰ ਤਰਨ ਕਉ ,ਮੈ ਸਤਿਗੁਰ ਓਟ ਲਇਓ ॥੪॥੧॥੮॥੫੯॥ ਜਿਵੇਂ (ਜਮੀਨ ਵਿਚ ਦੱਬੀ ਕੁੱਜੀ ਵਿਚ) ਬਾਂਦਰ ਦੇ ਹੱਥ ਛੋਲਿਆਂ ਦੀ ਮੁੱਠ ਆਉਂਦੀ ਹੈ, ਉਹ ਲੋਭ ਵਿਚ ਆ ਕੇ ਮੁੱਠੀ ਖੋਲ੍ਹ ਕੇ ਛੋਲੇ ਨਹੀਂ ਛਡਦਾ (ਜਿਸ ਤੇ ਉਹ ਫੜਿਆ ਜਾਂਦਾ ਹੈ ਤੇ ਉਸ ਦਾ ਛੁਟਕਾਰਾ ਨਹੀਂ ਹੁੰਦਾ।ਇਸੇ ਤਰ੍ਹਾਂ ਜੀਵ ਨੇ) ਲਾਲਚ ਨਾਲ ਜੋ ਜੋ ਕਰਮ ਕੀਤੇ ਹਨ, ਉਹ ਫਿਰ (ਸਾਰੇ ਕਰਮ ਫਾਹੀ ਦਾ ਰੂਪ ਧਾਰ ਕੇ ਇਸ ਦੇ) ਗਲ ਵਿਚ ਪੈ ਗਏ।੧।(ਵਾਹਿਗੁਰੂ ਦੀ) ਭਗਤੀ ਤੋਂ ਬਿਨਾ ਮਨੁੱਖਾ ਜਨਮ ਬਿਰਥਾ ਹੀ ਚਲਾ ਗਿਆ।ਸਾਧ ਸੰਗਤ ਤੇ ਭਗਵਾਨ ਦੇ ਭਜਨ ਤੋਂ ਬਿਨਾ ਕਿਸੇ ਥਾਂ ਸੱਚ ਨਹੀਂ ਰਹਿ ਗਿਆ।੧।ਰਹਾਉ।ਜਿਵੇਂ ਜੰਗਲ ਵਿਚ ਫੁੱਲ ਖਿੜੇ ਹੋਏ ਹੁੰਦੇ ਹਨ, (ਪਰ ਉਨ੍ਹਾਂ ਫੁੱਲਾਂ ਦੀ) ਕਿਸੇ ਨੇ ਵੀ ਮਹਿਕ ਨਹੀਂ ਲਈ (ਫੁੱਲ ਖਿੜ ਕੇ ਥਲੇ ਡਿਗ ਕੇ ਬਿਅਰਥ ਸੁੱਕ ਜਾਂਦੇ ਹਨ)।ਤਿਵੇਂ (ਭਜਨ ਹੀਣ ਮਨੁੱਖ) ਅਨੇਕਾਂ ਜੋਨੀਆਂ ਵਿਚ ਭਟਕਦਾ ਫਿਰਦਾ ਹੈ ਤੇ ਮੁੜ ਮੁੜ ਕਾਲ (ਇਸ ਨੂੰ) ਮਾਰਦਾ ਹੈ (ਜੰਗਲ ਦੇ ਫੁੱਲਾਂ ਵਾਂਗ ਮਨੁੱਖ ਦਾ ਜੀਵਨ ਬਿਰਥਾ ਬੀਤ ਗਿਆ)।੨।ਇਹ ਧਨ, ਜੁਆਨੀ, ਪੁਤ੍ਰ ਅਤੇ ਇਸਤ੍ਰੀ ਆਦਿ (ਮਨੁੱਖ ਨੂੰ ਵਾਹਿਗੁਰੂ ਨੇ) ਦੇਖਣ ਭਾਵ ਪਰਖਣ ਲਈ ਜੋ ਦਿਤੇ ਹਨ (ਕਿ ਜੀਵ ਦਾਤਾਂ ਨੂੰ ਪ੍ਰੇਮ ਕਰਦਾ ਹੈ ਜਾਂ ਦਾਤਾਰ ਨੂੰ)।ਉਨ੍ਹਾਂ (ਦਾਤਾਂ ਦੇ ਮੋਹ) ਵਿਚ ਫਸ ਕੇ ਜੋ ਮਨੁੱਖ ਉਲਝ ਗਏ ਹਨ, (ਉਹ ਅਜੇਹਾ ਕਰਨ ਲਈ ਮਨੁੱਖ ਨੂੰ) ਇੰਦ੍ਰੀਆਂ ਨੇ ਪ੍ਰੇਰ ਲਿਆ ਹੈ (ਦਾਤਾਰ ਹਰੀ ਨਾਲ ਜੁੜਨੋਂ ਰੁਕ ਗਿਆ ਤੇ ਦੁਨਿਆਵੀ ਚੀਜਾਂ ਨਾਲ ਜੁੜ ਗਿਆ)।੩।ਸਰੀਰ ਕੱਖਾਂ ਦਾ ਘਰ ਹੈ, ਉਮਰ ਦਾ (ਛਿਨ ਛਿਨ ਕਰਕੇ ਬੀਤਦੇ ਜਾਣਾ ਇਸ ਘਰ ਨੂੰ) ਅਗ ਲਗੀ ਹੋਈ ਹੈ, (ਜੋ ਘਰ ਨੂੰ ਹੌਲੀ ਹੌਲੀ ਸਾੜ ਭਾਵ ਖੀਣ ਕਰ ਰਹੀ ਹੈ, ਇਸ ਦੇ) ਚਾਰੇ ਪਾਸੇ (ਇਸੇ ਤਰ੍ਹਾਂ ਦਾ) ਬਨਾਵਟ ਬਣੀ ਹੋਈ ਹੈ; ਪ੍ਰਬੰਧ ਬਣਿਆ ਹੋਇਆ ਹੈ।ਕਬੀਰ ਜੀ ਆਖਦੇ ਹਨ (ਕਿ ਇਹ ਸਾਰਾ ਕੁਝ ਦੇਖ ਕੇ) ਭਵ ਸਾਗਰ ਨੂੰ ਤਰਨ ਲਈ ਮੈਂ ਸਤਿਗੁਰੂ ਦੀ ਓਟ ਲਈ ਹੈ।੪।੧।੮।੫੯।

ਪਦਾਰਥ = ਕਪਿ–ਬਾਂਦਰ।ਕਰ–ਹੱਥ।ਮੁਸਟਿ–ਮੁੱਠੀ।ਚਨਨ–ਚਣੇ (ਛੋਲੇ)।ਲੁਬਧਿ–ਲਾਲਚ ਵਿਚ; ਲੋਭੀ (ਬਾਂਦਰ) ਨੇ।ਸਿਉ–ਨਾਲ ਤੇ–ਉਹ।ਫਿਰਿ–ਮੁੜ।ਗਰਹਿ–ਗਲ ਵਿਚ।ਪਰਿਓ–ਪੈ ਗਏ।੧।ਕਹੀ–ਕਿਸੇ ਥਾਂ; ਕਿਤੇ ਵੀ।ਨ ਰਹਿਓ–ਨਹੀਂ ਰਹਿ ਗਿਆ।੧।ਰਹਾਉ।ਉਦਿਆਨ–ਜੰਗਲ।ਕੁਸਮ–ਫੁੱਲ।ਪਰਫੁਲਿਤ–ਖਿੜੇ ਹੋਏ।ਕਿਨਹਿ–ਕਿਸੇ ਨੇ ਵੀ।ਘ੍ਰਾਉ–ਮਹਿਕ।ਭ੍ਰਮਤ–ਭਟਕਦਾ ਫਿਰਦਾ ਹੈ।ਫਿਰਿ ਫਿਰਿ–ਮੁੜ ਮੁੜ; ਬਾਰ ਬਾਰ।ਹਇਓ–ਹਤਿਆ ਕਰਦਾ (ਮਾਰਦਾ) ਹੈ।੨।ਇਆ–ਇਹ।ਅਰੁ–ਅਤੇ।ਸੁਤ–ਪੁਤ੍ਰ।ਦਾਰਾ–ਪਤਨੀ।ਪੇਖਨ ਕਉ–ਦੇਖਣ ਲਈ।ਅਟਕਿ–ਫਸ ਕੇ; ਰੁਕ ਕੇ।ਉਰਝੇ–ਉਲਝ ਗਏ।ਪ੍ਰੇਰਿ ਲਇਓ–(ਅਪਣੇ ਵੱਲ) ਖਿੱਚ ਲਿਆ।੩।ਅਉਧ–ਉਮਰ।ਅਨਲ–ਅੱਗ।ਤਨੁ–ਸਰੀਰ।ਤਿਨ ਕੋ–ਕੱਖਾਂ ਦਾ।ਮੰਦਰੁ–ਘਰ।ਚਹੁ ਦਿਸ–ਚਾਰੇ ਪਾਸੇ।ਠਾਟ–ਬਣਤਰ।ਠਇਓ–ਬਣੀ ਹੋਈ ਹੈ।ਭੈ ਸਾਗਰੁ–ਭਵ ਸਾਗਰ; ਡਰਾਉਣਾ ਸੰਸਾਰ ਸਮੁੰਦਰ।ਤਰਨ ਕਉ–ਤਰਨ ਲਈ।੪।੧।੮।੫੯।

ਗਉੜੀ ॥ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥੧॥ ਮੈ ਨਾਹੀ ਕਛੁ ਆਹਿ ਨ ਮੋਰਾ ॥ ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥੧॥ਰਹਾਉ॥ (ਹੇ ਭਾਈ!) ਪਿਤਾ ਦਾ ਵੀਰਯ ਮੈਲਾ ਹੈ ਤੇ ਮਾਂ ਦੀ ਰਕਤ ਲਾਲ ਹੈ (ਸ਼ਬਦਾਰਥ)।ਇਸ ਮਿੱਟੀ ਦੀ (ਮਾਂ ਦੀ ਰਕਤ ਰੂਪ ਮਿੱਟੀ ਤੇ ਪਿਤਾ ਦੇ ਵੀਰਯ ਰੂਪ ਪਾਣੀ ਤੋਂ ਹਰੀ ਨੇ) ਦੇਹ ਰਚੀ ਹੈ।੧।ਹੇ ਗੋਬਿੰਦ! ਸਰੀਰ, ਧਨ ਅਤੇ ਸੁਆਦ ਸਭ

ਤੇਰੇ ਦਿਤੇ ਹੋਏ ਹਨ। ਮੈਂ ਤਾਂ ਕੁਛ ਵੀ ਨਹੀਂ ਹਾਂ ਅਤੇ ਨਾ ਹੀ ਮੇਰਾ ਕੁਛ ਹੈ (ਸਭ ਕੁਛ ਤੇਰਾ ਹੀ ਹੈ)।੧।ਰਹਾਉ।

ਅੰਗ ੩੩੭ = ਇਸ ਮਾਟੀ ਮਹਿ ਪਵਨੁ ਸਮਾਇਆ ॥ ਝੂਠਾ ਪਰਪੰਚੁ ਜੋਰਿ ਚਲਾਇਆ ॥੨॥ ਕਿਨਹੂ ਲਾਖ ਪਾਂਚ ਕੀ ਜੋਰੀ ॥ ਅੰਤ ਕੀ ਬਾਰ ਗਗਰੀਆ ਫੋਰੀ ॥੩॥ ਕਹਿ ਕਬੀਰ ਇਕ ਨੀਵ ਉਸਾਰੀ ॥ ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥੪॥੧॥੯।੬੦॥ ਇਸ ਮਿੱਟੀ ਦੀ ਦੇਹ ਵਿਚ (ਰੱਬ ਨੇ) ਪ੍ਰਾਣ ਮਿਲਾ ਦਿਤੇ (ਜਿਸ ਨਾਲ ਸਰੀਰ ਦੀ ਕਿਰਿਆ ਸ਼ੁਰੂ ਹੋ ਗਈ। ਇਸ ਸਜੀਵ ਹੋਈ ਪੁਤਲੀ ਨੇ ਅਪਣੇ) ਜੋਰ ਨਾਲ ਝੂਠਾ ਪਸਾਰਾ ਚਲਾ ਲਿਆ; ਜੀਵ ਨੇ ਝੂਠਾ ਪਸਾਰਾ ਜੋੜ ਕੇ ਚਲਾ ਲਿਆ ਹੈ।੨।ਕਿਸੇ ਨੇ ਲੱਖ ਤੇ ਕਿਸੇ ਨੇ ਪੰਜ ਲੱਖ ਦੀ (ਮਾਇਆ) ਜੋੜ ਲਈ (ਇਸ ਦਾ ਕੀ ਲਾਭ?)।ਅੰਤ ਦੇ ਸਮੇਂ ਛੋਟੀ ਜਿਹੀ ਘੜੀ ਹੀ ਤੋੜੀ ਜਾਂਦੀ ਹੈ; ਅੰਤ ਦੇ ਸਮੇਂ ਸਰੀਰ ਰੂਪ ਘੜੀ ਫੁੱਟ ਜਾਂਦੀ ਹੈ (ਮਰ ਜਾਂਦਾ ਹੈ)।੩।ਕਬੀਰ ਜੀ ਕਹਿੰਦੇ ਹਨ, ਹੇ ਹੰਕਾਰੀ ਪੁਰਖਾ! (ਜੀਵਨ ਨੂੰ ਸਦੀਵ ਜਾਣ ਕੇ ਉਸ ਦੀ ਤੈਂ ਜੋ) ਇਕ ਨੀਂਹ ਉਸਾਰੀ (ਦੇਹ ਪਾਲੀ ਪੋਸੀ) ਹੈ, ਉਹ ਛਿਨ (ਥੋੜੇ ਸਮੇਂ) ਵਿਚ ਹੀ ਨਾਸ਼ ਹੋ ਜਾਏਗੀ।੪।੧।੯।੬੦।

ਪਦਾਰਥ = ਪਾਨੀ-ਪਿਤਾ ਦਾ ਵੀਰਯ। ਮੈਲਾ-ਗੰਦਾ; ਖੂਨ (ਮੇਰਾ ਖਿਆਲ)। ਮਾਟੀ-ਮਿੱਟੀ। ਗੋਰੀ-(ਮਾਂ ਦੀ ਰਕਤ) ਚਿੱਟੀ; ਲਾਲ; ਇਸਤ੍ਰੀ। ਮਾਟੀ ਗੋਰੀ-ਇਸਤ੍ਰੀ ਦੀ ਰਕਤ ਰੂਪ ਮਿੱਟੀ ਜਿਸ ਵਿਚ ਪਿਤਾ ਦਾ ਬੀਜ ਉਗਦਾ ਹੈ। ਪੁਤਰੀ-ਦੇਹ। ਜੋਰੀ-ਜੋੜ ਦਿਤੀ; ਬਣਾਈ ਹੈ।੧।ਆਹਿ ਨ-ਨਹੀਂ ਹੈ। ਮੋਰਾ-ਮੇਰਾ। ਸਭੁ ਰਸੁ-(ਖਾਣ ਪੀਣ ਦੇ) ਸਾਰੇ ਸੁਆਦ; ਸਰੀਰ ਦਾ ਸਾਰਾ ਰਸ (ਤਾਕਤ)। ਤੋਰਾ-ਤੇਰਾ।੧।ਰਹਾਉ। ਪਵਨੁ-ਪ੍ਰਾਣ। ਸਮਾਇਆ-ਮਿਲਾ ਦਿਤਾ; ਟਿਕਾ ਦਿਤਾ। ਪਰਪੰਚੁ-ਪਸਾਰਾ। ਜੋਰਿ-ਜੋਰ ਨਾਲ; ਜੋੜ ਕੇ।੨।ਕਿਨਹੂ -ਕਿਸੇ (ਮਨੁੱਖ) ਨੇ। ਲਾਖ-ਲੱਖ। ਜੋਰੀ-ਜੋੜ (ਕੱਠੀ ਕਰ) ਲਈ। ਅੰਤ ਕੀ ਬਾਰ-ਅੰਤ ਦੇ ਸਮੇਂ। ਗਗਰੀਆ-ਮਿੱਟੀ ਦਾ ਛੋਟਾ ਘੜਾ; ਦੇਹ। ਫੋਰੀ-ਤੋੜ ਦਿਤੀ।੩। ਨੀਵ-ਨੀਂਹ। ਉਸਾਰੀ-ਬਣਾਈ ਹੈ। ਖਿਨ ਮਹਿ-ਛਿਨ ਵਿਚ ਹੀ।੪।੧।੯।੬੦।

ਪਾਨੀ ਮੈਲਾ = ਮਾਂ ਦੀ ਰਕਤ ਮੈਲੀ ਹੈ ਤੇ ਪਿਤਾ ਦਾ ਵੀਰਯ ਚਿੱਟਾ ਹੈ (ਮ.ਕੋ.)। ਹੇ ਮਨੁੱਖ! ਹੰਕਾਰ ਕਿਸ ਬਾਤ ਦਾ ਕਰਦਾ ਹੈਂ? ਪਿਤਾ ਦੇ ਗੰਦੇ ਵੀਰਜ ਤੇ ਮਾਂ ਦੀ ਰਕਤ (ਦੋਹਾਂ ਦੇ ਮੇਲ) ਤੋਂ ਪ੍ਰਭੂ ਨੇ ਤੇਰਾ ਸਰੀਰ ਰਚਿਆ ਹੈ (ਦਰਪਣ)।

ਗਗਰੀਆ ਫੋਰੀ = ਭਾਵੇਂ ਕੋਈ ਅਮੀਰ ਹੋਵੇ ਤੇ ਭਾਵੇਂ ਗਰੀਬ ਹੋਵੇ, ਮੜ੍ਹੀਆਂ ਨੂੰ ਜਾਂਦਿਆਂ ਅੱਧੇ ਰਸਤੇ ਵਿਚ ਮਿੱਟੀ ਦਾ ਘੜਾ ਭੰਨਿਆ ਜਾਂਦਾ ਹੈ। ਇਸ ਨਾਲ ਪ੍ਰਾਣੀ ਦੇ ਸਰੀਰਕ ਸਬੰਧ ਦਾ ਅੰਤ ਸਮਝਿਆ ਜਾਂਦਾ ਹੈ।

ਗਉੜੀ ॥ ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥ ਦੀਨ ਦਇਆਲ ਭਰੋਸੇ ਤੇਰੇ ॥ ਸਭੁ ਪਰਵਾਰੁ ਚੜਾਇਆ ਬੇੜੇ ॥੧॥ਰਹਾਉ॥ ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ ਇਸ ਬੇੜੇ ਕਉ ਪਾਰਿ ਲਘਾਵੈ ॥੨॥ ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥ ਚੂਕਿ ਗਈ ਫਿਰਿ ਆਵਨ ਜਾਨੀ ॥੩॥ ਕਹੁ ਕਬੀਰ ਭਜੁ ਸਾਰਿਗਪਾਨੀ ॥ ਉਰਵਾਰਿ ਪਾਰਿ ਸਭ ਏਕੋ ਦਾਨੀ ॥੪॥੨॥੧੦॥੬੧॥ (ਹੇ ਭਾਈ! ਅਪਣੇ) ਦਿਲ ਵਿਚ ਪ੍ਰਮਾਤਮਾ ਨੂੰ ਇਸ ਪ੍ਰਕਾਰ ਜਪੋ; ਹੇ ਜੀਵ! ਰਾਮ ਨੂੰ ਇਸ ਤਰ੍ਹਾਂ ਜਪੋ। ਜਿਵੇਂ ਧਰੂ ਤੇ ਪ੍ਰਹਿਲਾਦ (ਆਦਿ ਭਗਤਾਂ) ਨੇ ਹਰੀ ਨੂੰ (ਪ੍ਰੇਮ ਤੇ ਦ੍ਰਿੜਤਾ ਨਾਲ) ਜਪਿਆ ਸੀ।੧।(ਹੁਣ ਅਰਦਾਸ ਕਰਦੇ ਹਨ) ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ! ਤੇਰੇ ਭਰੋਸੇ ਤੇ (ਮੈਂ) ਸਾਰਾ ਪ੍ਰਵਾਰ (ਨਾਮ ਰੂਪ) ਬੇੜੇ ਉਤੇ ਚੜ੍ਹਾ ਦਿਤਾ ਹੈ (ਸਰੀਰ ਦੇ ਜੀਭ ਕੰਨ ਆਦਿ ਸਾਰੇ ਇੰਦ੍ਰੇ ਰੂਪ ਪ੍ਰਵਾਰ ਨੂੰ ਨਾਮ ਸਿਮਰਨ ਵਿਚ ਲਗਾ ਦਿਤਾ ਹੈ)।੧।ਰਹਾਉ। ਜਦੋਂ ਉਸ ਪ੍ਰਭੂ ਨੂੰ ਭਾਉਂਦਾ ਹੈ ਤਾਂ (ਉਹ ਜੀਵ ਪਾਸੋਂ) ਹੁਕਮ ਮਨਾਉਂਦਾ ਹੈ। ਇਸ (ਨਾਮ ਰੂਪ) ਬੇੜੇ ਨੂੰ (ਜਿਸ ਉਤੇ ਸਾਰਾ ਪ੍ਰਵਾਰ ਚੜ੍ਹਾਇਆ ਹੈ, ਪ੍ਰਭੂ) ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿੰਦਾ ਹੈ।੨। ਗੁਰੂ ਦੀ ਕ੍ਰਿਪਾ ਨਾਲ (ਜਿਸ ਮਨੁੱਖ ਦੇ ਅੰਦਰ) ਇਹੋ ਜਿਹੀ ਬੁਧੀ ਸਮਾ ਗਈ ਹੈ।(ਉਸ ਦੀ) ਮੁੜ ਆਉਣ ਜਾਣ (ਜੰਮਣ ਮਰਨ) ਦੀ ਫੇਰੀ ਮੁੱਕ ਗਈ ਹੈ।੩।ਕਬੀਰ ਜੀ ਆਖਦੇ ਹਨ, (ਹੇ ਜੀਵ!) ਪ੍ਰਭੂ ਦਾ ਸਿਮਰਨ ਕਰ। ਲੋਕ ਪ੍ਰਲੋਕ (ਸਭ ਥਾਂਵਾਂ) ਵਿਚ ਇਕ ਹਰੀ ਨੂੰ ਹੀ (ਸਹਾਈ) ਜਾਣ; ਇਕ ਹਰੀ (ਸਾਰੇ ਜੀਵਾਂ ਦਾ) ਦਾਤਾ ਹੈ।੪।੨।੧੦।੬੧।

ਪਦਾਰਥ = ਜੀਅ-ਦਿਲ ਵਿਚ; ਹੇ ਜੀਵ!। ਐਸੇ-ਇਸ ਪ੍ਰਕਾਰ। ਜੈਸੇ-ਜਿਸ ਤਰ੍ਹਾਂ (ਪ੍ਰੇਮ ਨਾਲ)।੧। ਦੀਨ ਦਇਆਲ-ਗਰੀਬਾਂ ਉਤੇ ਦਇਆ ਕਰਨ ਵਾਲਾ। ਸਭੁ ਪਰਵਾਰੁ-(ਅਪਣਾ) ਸਾਰਾ ਪ੍ਰਵਾਰ ਤੇ ਸੰਗੀ ਸਾਥੀ; ਸਰੀਰ ਦੇ ਸਾਰੇ ਇੰਦ੍ਰੇ। ਬੇੜੇ-(ਨਾਮ ਰੂਪ) ਜਹਾਜ ਉਤੇ।੧।ਰਹਾਉ। ਜਾ-ਜਦ। ਤਿਸੁ ਭਾਵੈ-ਉਸ ਹਰੀ ਨੂੰ ਚੰਗਾ ਲਗਦਾ ਹੈ। ਹੁਕਮ ਮਨਾਵੈ-ਹੁਕਮ ਤੇ ਅਮਲ ਕਰਾਉਂਦਾ ਹੈ।੨। ਸਮਾਨੀ -ਸਮਾ ਗਈ; ਟਿਕ ਗਈ। ਚੂਕਿ ਗਈ-ਮੁੱਕ ਗਈ। ਫਿਰਿ-ਮੁੜ ਕੇ। ਆਵਨ ਜਾਨੀ-ਜੰਮਣ ਮਰਨ ਦਾ ਗੇੜਾ।੩। ਸਾਰਿਗਪਾਨੀ-ਹਰੀ । ਉਰਵਾਰਿ-ਉਰਲੇ ਪਾਸੇ (ਸੰਸਾਰ ਵਿਚ)। ਪਾਰਿ-ਪਾਰਲੇ ਪਾਸੇ (ਪ੍ਰਲੋਕ ਵਿਚ)। ਦਾਨੀ-ਦਾਤਾ; ਜਾਣ।੪।੨।੧੦।੬੧।

All Rights Reserved by Harjinder Singh Gyani | www.GuruGranthVakhyaan.org

ਗਉੜੀ ੯ ॥ ਜੋਨਿ ਛਾਡਿ ਜਉ ਜਗ ਮਹਿ ਆਇਓ ॥ ਲਾਗਤ ਪਵਨ ਖਸਮੁ ਬਿਸਰਾਇਓ ॥੧॥ ਜੀਅਰਾ ਹਰਿ ਕੇ ਗੁਨਾ ਗਾਉ ॥੧॥ ਰਹਾਉ॥ ਗਰਭ ਜੋਨਿ ਮਹਿ ਉਰਧ ਤਪੁ ਕਰਤਾ ॥ ਤਉ ਜਠਰ ਅਗਨਿ ਮਹਿ ਰਹਤਾ ॥੨॥ ਲਖ ਚਉਰਾਸੀਹ ਜੋਨਿ ਭ੍ਰਮਿ ਆਇਓ ॥ ਅਬ ਕੇ ਛੁਟਕੇ ਠਉਰ ਨ ਠਾਇਓ ॥੩॥ ਕਹੁ ਕਬੀਰ ਭਜੁ ਸਾਰਿਗਪਾਨੀ ॥ ਆਵਤ ਦੀਸੈ ਜਾਤ ਨ ਜਾਨੀ ॥੪॥੧॥੧੧॥੬੨॥ (ਹੇ ਜੀਵ!) ਮਾਂ ਦਾ ਗਰਭ ਛਡ ਕੇ ਜਦ (ਤੂੰ) ਜਗਤ ਵਿਚ ਆਇਆ।(ਤਾਂ ਤੈਂ ਮਾਇਆ ਦੀ) ਹਵਾ ਲਗਦਿਆਂ ਹੀ ਮਾਲਕ ਪ੍ਰਭੂ ਨੂੰ ਭੁਲਾ ਦਿਤਾ।੧।ਹੇ ਜੀਵ! ਹਰਿ ਦੇ ਗੁਣ ਗਾ (ਸਿਫਤ ਸਲਾਹ ਕਰ)।੧।ਰਹਾਉ।(ਜਦ ਤੂੰ) ਮਾਂ ਦੇ ਗਰਭ ਜੋਨੀ ਵਿਚ ਪੁੱਠਾ ਲਟਕਦਾ ਤਪ ਕਰਦਾ ਸੀ (ਅਫੁਰ ਸਮਾਧੀ ਵਿਚ ਸਥਿਤ ਸੀ)।ਤਦੋਂ (ਤੂੰ ਮਾਂ ਦੇ) ਪੇਟ ਦੀ ਅੱਗ ਵਿਚ (ਸੜਨ ਤੋਂ ਬਚਿਆ) ਰਹਿੰਦਾ ਸੀ।੨।ਚੁਰਾਸੀ ਲੱਖ ਜੋਨੀਆਂ ਵਿਚ ਫਿਰ ਕੇ (ਹੁਣ ਮਨੁੱਖਾ ਜਨਮ ਵਿਚ) ਆਇਆ ਹੈਂ।ਹੁਣ ਦੇ (ਇਸ ਮਨੁੱਖਾ ਜਨਮ ਤੋਂ) ਖਿੜਕੇ ਹੋਏ ਨੂੰ ਕੋਈ ਥਾਂ ਟਿਕਾਣਾ ਨਹੀਂ ਮਿਲਣਾ।੩।ਕਬੀਰ ਜੀ ਆਖਦੇ ਹਨ (ਕਿ ਹੇ ਜੀਵ! ਤੂੰ) ਹਰੀ ਦਾ ਭਜਨ ਕਰ।(ਜੋ ਹਰੀ) ਨਾ ਆਉਂਦਾ ਦਿਸਦਾ ਹੈ ਤੇ ਜਾਂਦਾ ਜਾਣਿਆ ਜਾਂਦਾ ਹੈ (ਜੰਮਣ ਮਰਨ ਤੋਂ ਰਹਿਤ ਹੈ; ਜੋ ਹਰੀ) ਆਉਂਦਾ ਤੇ ਜਾਂਦਾ (ਜੰਮਦਾ ਮਰਦਾ) ਦਿਸਦਾ ਨਹੀਂ, ਪਰ ਸਭ ਕੁਛ ਜਾਣਦਾ ਹੈ; ਜੀਵ ਆਉਂਦਾ ਤਾਂ ਦਿਸਦਾ ਹੈ, (ਪਰ ਜੀਵ) ਜਾਂਦਾ ਨਹੀਂ ਜਾਣਿਆ ਜਾਂਦਾ (ਕਿਧਰ ਜਾਂਦਾ ਹੈ?)।੪।੧।

ਅੰਕ ੯ = ਗਉੜੀ ਦੀ ਜਾਤੀ ਦਾ ਸੂਚਕ ਹੈ।'ਗਉੜੀ ਨੌਂਵੀਂ ' ਉਚਾਰੋ (ਗੁਰਬਾਣੀ ਪਾਠ ਦਰਸ਼ਨ)।ਸ਼ਬਦਾਰਥ ਤੇ ਦਰਪਣ ਨੇ ਅੰਕ ੯ ਘਰ ਦਾ ਸੂਚਕ ਮੰਨਿਆ ਹੈ, ਉਹ ਇਸ ਨੂੰ 'ਗਉੜੀ ਨੌਂਵਾਂ' ਉਚਾਰਨਾ ਦਸਦੇ ਹਨ।

ਪਦਾਰਥ = ਜੋਨਿ-(ਮਾਂ ਦਾ) ਗਰਭ।ਜਉ-ਜਦੋਂ।ਆਇਓ-ਆਇਆ (ਜੰਮਿਆ)।ਲਾਗਤ-ਲਗਦਿਆਂ ਹੀ।ਪਵਨ-ਮਾਇਆ ਦੀ ਹਵਾ (ਮਾਇਆ ਦਾ ਅਸਰ)।ਖਸਮੁ-ਮਾਲਕ ਪ੍ਰਭੂ।ਬਿਸਰਾਇਓ-ਭੁਲਾ ਦਿਤਾ।੧।ਜੀਅਰਾ-ਹੇ ਜੀਵ!; ਹੇ ਮਨ!।੧।ਰਹਾਉ।ਉਰਧ-ਉਲਟਾ (ਪੁੱਠਾ ਲਟਕਦਾ)।ਤਉ-ਤਦੋਂ।ਜਠਰ ਅਗਨਿ-ਪੇਟ ਦੀ ਅੱਗ ਵਿਚ।ਰਹਤਾ-(ਬਚਿਆ) ਰਹਿੰਦਾ ਸੀ।੨।ਭ੍ਰਮਿ-ਭਟਕ ਕੇ; ਫਿਰ ਕੇ।ਅਬ ਕੇ-ਹੁਣ ਦੇ।ਛੁਟਕੇ-ਖਿੜਕੇ ਹੋਏ ਨੂੰ; ਖੁੰਝ ਜਾਣ ਤੇ।ਠਉਰ ਠਾਇਓ-(ਰਹਿਣ ਲਈ) ਥਾਂ ਟਿਕਾਣਾ।੩।ਭਜੁ-ਜਪੋ। ਸਾਰਿਗਪਾਨੀ-ਵਾਹਿਗੁਰੂ ਨੂੰ।ਆਵਤ-ਆਉਂਦਾ; ਜੰਮਦਾ ਹੋਇਆ।ਜਾਤ ਨ ਜਾਨੀ-ਜਾਂਦਾ ਜਾਣਿਆ ਨਹੀਂ ਜਾਂਦਾ।੪।੧।੧੧।੬੨।

ਅਬ ਕੇ ਛੁਟਕੇ ਠਉਰ ਨ ਠਾਇਓ = ਹੁਣ ਦੇ ਮਨੁੱਖਾ ਜਨਮ ਤੋਂ ਛੁੱਟ (ਮਰ) ਕੇ ਗਏ ਹੋਏ ਨੂੰ ਕੋਈ ਥਾਂ ਟਿਕਾਣਾ ਨਹੀਂ ਮਿਲਣਾ।ਫਿਰ ਦੁਬਾਰਾ ਜੂਨਾਂ ਵਿਚ ਭਟਕਦਾ ਫਿਰਦਾ ਰਹੇਂਗਾ।(ਮੇਰਾ ਖਿਆਲ)।ਜੋਨਿ-ਬੱਚੇ ਦਾ ਉਤਪਤੀ ਅਸਥਾਨ।

ਗਉੜੀ ਪੂਰਬੀ ॥ ਸੁਰਗ ਬਾਸੁ ਨ ਬਾਛੀਐ, ਡਰੀਐ ਨ ਨਰਕਿ ਨਿਵਾਸੁ ॥ ਹੋਨਾ ਹੈ ਸੋ ਹੋਈ ਹੈ, ਮਨਹਿ ਨ ਕੀਜੈ ਆਸ ॥੧॥ਰਮਈਆ ਗੁਨ ਗਾਈਐ ॥ ਜਾ ਤੇ ਪਾਈਐ ਪਰਮ ਨਿਧਾਨੁ ॥੧॥ਰਹਾਉ॥ ਕਿਆ ਜਪੁ ਕਿਆ ਤਪੁ ਸੰਜਮੋ, ਕਿਆ ਬਰਤੁ ਕਿਆ ਇਸਨਾਨੁ ॥ ਜਬ ਲਗੁ ਜੁਗਤਿ ਨ ਜਾਨੀਐ, ਭਾਉ ਭਗਤਿ ਭਗਵਾਨ ॥੨॥ ਸੰਪੈ ਦੇਖਿ ਨ ਹਰਖੀਐ, ਬਿਪਤਿ ਦੇਖਿ ਨ ਰੋਇ ॥ ਜਿਉ ਸੰਪੈ ਤਿਉ ਬਿਪਤਿ ਹੈ, ਬਿਧ ਨੇ ਰਚਿਆ ਸੋ ਹੋਇ ॥੩॥ ਕਹਿ ਕਬੀਰ ਅਬ ਜਾਨਿਆ, ਸੰਤਨ ਰਿਦੈ ਮਝਾਰਿ ॥ ਸੇਵਕ ਸੋ ਸੇਵਾ ਭਲੇ, ਜਿਹ ਘਟ ਬਸੈ ਮੁਰਾਰਿ ॥੪॥੧॥੧੨॥੬੩॥ (ਹੇ ਭਾਈ!) ਸੁਰਗ ਵਿਚ ਨਿਵਾਸ ਮੰਗਣ ਦੀ ਇੱਛਾ ਨਹੀਂ ਰੱਖਣੀ ਚਾਹੀਦੀ ਅਤੇ ਨਾ ਹੀ ਨਰਕ ਵਿਚ ਨਿਵਾਸ ਹੋਣ ਤੋਂ ਡਰਨਾ ਚਾਹੀਦਾ ਹੈ।(ਜੋ ਕੁਛ) ਹੋਣਾ ਹੈ, ਉਹ (ਰੱਬ ਦੇ ਹੁਕਮ ਵਿਚ) ਹੋ ਹੀ ਜਾਣਾ ਹੈ, (ਇਸ ਲਈ) ਮਨ ਵਿਚ (ਅਜੇਹੀ ਕੋਈ) ਆਸ ਨਹੀਂ ਕਰਨੀ ਚਾਹੀਦੀ।੧।ਵਾਹਿਗੁਰੂ ਦੇ ਗੁਣ ਗਾਉਣੇ ਚਾਹੀਦੇ ਹਨ।ਜਿਸ ਤੋਂ ਸਭ ਤੋਂ ਉਤਮ ਖਜਾਨਾ ਪਾ ਲਈਦਾ ਹੈ।੧।ਰਹਾਉ।(ਹੇ ਭਾਈ! ਜੀਵ ਨੇ) ਜਦ ਤਕ ਭਗਵਾਨ ਦੀ ਪ੍ਰੇਮਾ ਭਗਤੀ ਦੀ ਜੁਗਤ ਨਹੀਂ ਜਾਣੀ।(ਤਾਂ) ਕੀ ਜਪ? ਕੀ ਤਪ? ਕੀ ਸੰਜਮ? ਕੀ ਬਰਤ ਤੇ ਕੀ ਇਸ਼ਨਾਨ (ਨਾਮ ਸਿਮਰਨ ਤੋਂ ਬਿਨਾ ਸਭ ਬਿਅਰਥ ਹਨ)।੨।ਸੰਪਦਾ ਦੇਖ ਕੇ ਖੁਸ਼ ਨਹੀਂ ਹੋਣਾ (ਹੰਕਾਰ ਵਿਚ ਫੱਲਣਾ ਨਹੀਂ) ਚਾਹੀਦਾ ਤੇ ਬਿਪਤਾ ਦੇਖ ਕੇ ਰੋਣਾ ਨਹੀਂ ਚਾਹੀਦਾ (ਸੁਖ ਤੇ ਦੁਖ ਵਿਚ ਇਕੋ ਜਿਹਾ ਰਹਿਣਾ ਚਾਹੀਦਾ ਹੈ)।ਜਿਵੇਂ (ਕਰਮਾਂ ਅਨੁਸਾਰ) ਸੰਪਦਾ ਮਿਲਦੀ ਹੈ ਤਿਵੇਂ (ਕਰਮਾਂ ਅਨੁਸਾਰ) ਬਿਪਤਾ ਮਿਲਦੀ ਹੈ, (ਜੋ ਕੁਛ) ਪ੍ਰਭੂ ਨੇ ਰਚਿਆ ਹੈ, ਉਹੋ (ਜਰੂਰ) ਹੋਣਾ ਹੀ ਹੈ।੩।ਕਬੀਰ ਜੀ ਆਖ ਰਹੇ ਹਨ, ਹੁਣ ਅਸੀਂ ਜਾਣ ਲਿਆ ਹੈ ਕਿ ਪ੍ਰਭੂ ਸੰਤਾਂ ਦੇ ਹਿਰਦੇ ਵਿਚ ਵਸਦਾ ਹੈ।ਸੇਵਾ ਵਿਚ ਲੱਗੇ ਉਹ ਸੇਵਕ ਚੰਗੇ ਹਨ, ਜਿਨ੍ਹਾਂ ਦੇ ਹਿਰਦੇ ਅੰਦਰ ਹਰੀ ਵਸਦਾ ਹੈ।੪।੧।੧੨।੬੩।

ਪਦਾਰਥ = ਬਾਸੁ-ਨਿਵਾਸ।ਨ ਬਾਛੀਐ-ਇੱਛਾ ਨ ਰਖੀਏ।ਹੋਨਾ ਹੈ-ਜੋ ਹੋਣਾ ਹੈ।ਹੋਈ ਹੈ-(ਰੱਬ ਦੇ ਹੁਕਮ ਵਿਚ ਜਰੂਰ) ਹੋਣਾ ਹੈ। ਮਨਹਿ-ਮਨ ਵਿਚ।ਨ ਕੀਜੈ-ਨਾ ਕਰੀਏ।੧।ਰਮਈਆ-ਵਾਹਿਗੁਰੂ।ਜਾ ਤੇ-ਜਿਸ ਤੋਂ। ਪਰਮ ਨਿਧਾਨੁ-ਸਭ ਤੋਂ ਵੱਡਾ ਖਜਾਨਾ (ਪਰਮ ਪਦ; ਆਤਮਕ ਸੁਖ)।੧।ਰਹਾਉ।ਕਿਆ-ਕੀ (ਲਾਭ?)।ਸੰਜਮੋ-ਮਨ ਇੰਦ੍ਰੀਆਂ ਨੂੰ ਰੋਕਣ ਦਾ ਜਤਨ।ਜਬ ਲਗੁ-ਜਦ ਤਕ।ਜੁਗਤਿ

www.gurugranthvakhyaan.org

All Rights Reserved by Harjinder Singh Gyani | www.GuruGranthVakhyaan.org

-ਤਰੀਕਾ।ਭਾਉ-ਪ੍ਰੇਮ।੨।ਸੰਪੈ-ਰਾਜ ਭਾਗ; ਐਸ਼ਵਰਜ।ਨ ਹਰਖੀਐ-ਖੁਸ਼ ਨ ਹੋਈਏ; ਐਵੇਂ ਫੁੱਲੇ ਨ ਫਿਰੀਏ।ਬਿਪਤਿ-ਮੁਸੀਬਤ।ਬਿਧ ਨੇ-ਪ੍ਰਭੂ ਨੇ।੩।ਅਬ-ਹੁਣ।ਮਝਾਰਿ-ਵਿਚ।ਜਿਹ ਘਟ-ਜਿਸ ਦੇ ਹਿਰਦੇ ਵਿਚ।ਮੁਰਾਰਿ-ਵਾਹਿਗੁਰੂ।੪।੧।੧੨।੬੩।

ਗਉੜੀ ॥ ਰੇ ਮਨ ਤੇਰੋ ਕੋਇ ਨਹੀ, ਖਿੰਚਿ ਲੇਇ ਜਿਨਿ ਭਾਰੁ ॥ ਬਿਰਖ ਬਸੇਰੋ ਪੰਖਿ ਕੋ, ਤੈਸੋ ਇਹੁ ਸੰਸਾਰੁ ॥੧॥ ਰਾਮ ਰਸੁ ਪੀਆ ਰੇ ॥ ਜਿਹ ਰਸ ਬਿਸਰਿ ਗਏ ਰਸ ਅਉਰ ॥੧॥ਰਹਾਉ॥ ਅਉਰ ਮੁਏ ਕਿਆ ਰੋਈਐ, ਜਉ ਆਪਾ ਥਿਰੁ ਨ ਰਹਾਇ ॥ ਜੋ ਉਪਜੈ ਸੋ ਬਿਨਸਿ ਹੈ, ਦੁਖੁ ਕਰਿ ਰੋਵੈ ਬਲਾਇ ॥੨॥ ਜਹ ਕੀ ਉਪਜੀ ਤਹ ਰਚੀ, ਪੀਵਤ ਮਰਦਨ ਲਾਗ ॥ ਕਹਿ ਕਬੀਰ ਚਿਤਿ ਚੇਤਿਆ, ਰਾਮ ਸਿਮਰਿ ਬੈਰਾਗ ॥੩॥੨॥੧੩॥੬੪॥ ਹੇ ਮਨ! ਜਿਨ੍ਹਾਂ (ਧੀਆਂ ਪੁਤ੍ਰਾਂ ਜਾਂ ਸਬੰਧੀਆਂ ਦੇ ਪਾਲਣ ਪੋਸਣ) ਦਾ ਭਾਰ ਤੂੰ ਖਿੱਚ ਕੇ ਅਪਣੇ ਉਪਰ ਲਿਆ ਹੋਇਆ ਹੈ, (ਉਨ੍ਹਾਂ ਦੇ ਵਿਚੋਂ) ਤੇਰਾ ਕੋਈ (ਵੀ ਸਹਾਈ) ਨਹੀਂ ਹੋਵੇਗਾ; (ਉਨ੍ਹਾਂ ਨੂੰ ਪਾਲਣ ਪੋਸਣ ਦਾ) ਭਾਰ ਮੱਲੋ ਮੱਲੀ (ਅਪਣੇ ਉਪਰ) ਨਾ ਲੈ।(ਜਿਵੇਂ ਰਾਤ ਵੇਲੇ) ਰੁੱਖਾਂ ਉਤੇ ਪੰਛੀਆਂ ਦਾ ਬਸੇਰਾ ਹੁੰਦਾ ਹੈ, ਉਸੇ ਤਰ੍ਹਾਂ ਇਹ ਸੰਸਾਰ ਹੈ (ਜਿਸ ਵਿਚ ਜੀਵਨ ਰੂਪ ਰਾਤ ਕੱਟ ਕੇ ਜੀਵ ਉਡ ਜਾਂਦੇ ਹਨ।੧।ਇਹ ਭਾਰ ਮਨੁੱਖ ਨੂੰ ਸਿਮਰਨ ਨਹੀਂ ਕਰਨ ਦੇਂਦਾ, ਅਸੀਂ ਤਾਂ) ਹੇ ਭਾਈ! ਰਾਮ ਨਾਮ ਦਾ ਰਸ ਪੀਤਾ ਹੈ।ਜਿਸ ਰਸ (ਦੇ ਪੀਣ ਨਾਲ) ਹੋਰ (ਵਿਸ਼ਿਆਂ ਵਿਕਾਰਾਂ ਦੇ ਫੋਕੇ) ਰਸ ਵਿਸਰ ਗਏ ਹਨ।੧।ਰਹਾਉ।ਹੋਰ (ਕਿਸੇ ਪ੍ਰਾਣੀ) ਦੇ ਮਰਨ ਤੇ ਕਿਉਂ ਰੋਈਏ? ਜਦ ਆਪਣਾ ਆਪ (ਵੀ ਇਸ ਜਗਤ ਵਿਚ) ਸਥਿਰ ਨਹੀਂ ਰਹਿਣਾ।ਜੋ (ਜੀਵ ਸੰਸਾਰ ਵਿਚ) ਪੈਦਾ ਹੁੰਦਾ ਹੈ, ਉਹ ਨਾਸ (ਜ਼ਰੂਰ) ਹੋਵੇਗਾ, ਦੁੱਖ ਸਮਝ ਕਰਕੇ (ਕਿਸੇ ਦੇ ਮਰਨੇ ਤੇ) ਮੇਰੀ ਬਲਾ ਰੋਵੇ; (ਮੈਨੂੰ ਰੋਣ ਦੀ ਲੋੜ ਨਹੀਂ)।੨।ਕਬੀਰ ਜੀ ਕਹਿੰਦੇ ਹਨ (ਕਿ ਮੈਂ ਪ੍ਰਭੂ ਨੂੰ) ਚਿਤ ਵਿਚ ਜਪਿਆ ਤੇ ਬੈਰਾਗ ਧਾਰ ਕੇ ਰਾਮ (ਦਾ ਨਾਮ ਰਸਨਾ ਦੁਆਰਾ) ਸਿਮਰਿਆ।ਸੰਤ ਮਰਦਾਂ ਦੀ ਸੰਗਤ ਵਿਚ ਨਾਮ ਰਸ ਪੀਂਦਿਆਂ (ਬਿਰਤੀ ਪ੍ਰਭੂ ਵਿਚ) ਲੱਗ ਗਈ ਹੈ, (ਹੁਣ ਮੇਰੀ ਆਤਮਾ) ਜਿਸ ਵਾਹਿਗੁਰੂ ਤੋਂ ਪੈਦਾ ਹੋਈ ਸੀ, ਉਸੇ ਵਿਚ ਲੀਨ ਹੋਈ ਰਹਿੰਦੀ ਹੈ।੪।੨।੧੩।੬੪।

ਰੋਵੈ ਬਲਾਇ = ਦੁਖ ਕਰਕੇ ਰੋਣਾ ਬਲਾ ਰੂਪ ਹੈ; (ਜਿਨ੍ਹਾਂ ਨੂੰ ਅਗਿਆਨ ਰੂਪ) ਬਲਾ ਚਿੰਬੜੀ ਹੈ, (ਉਹ) ਦੁਖ ਕਰਕੇ ਰੋਂਦੇ ਹਨ।

ਮਰਦਨ ਲਾਗ = ੧. ਜਿਸ ਯੋਨੀ ਤੋਂ (ਮਨੁੱਖ) ਪੈਦਾ ਹੋਇਆ ਹੈ, ਉਸੇ ਦੇ (ਭੋਗਣ) ਵਿਚ ਲੱਗਿਆ ਰਹਿੰਦਾ ਹੈ, (ਜਿਨ੍ਹਾਂ ਥਣਾਂ ਤੋਂ ਬਚਪਨ ਵਿਚ ਦੁੱਧ) ਪੀਂਦਾ ਹੁੰਦਾ ਸੀ, (ਕਾਮ ਦੇ ਵਸ ਹੋ ਕੇ, ਮਨੁੱਖ ਉਨ੍ਹਾਂ ਥਣਾਂ ਨੂੰ) ਮਲਣ ਲੱਗਦਾ ਹੈ।ਕਬੀਰ ਜੀ ਆਖਦੇ ਹਨ, (ਹੇ ਭਾਈ!) ਚਿਤ ਵਿਚ (ਪ੍ਰਭੂ ਨੂੰ) ਜਪਿਆ ਕਰ, (ਪ੍ਰਭੂ ਨੂੰ) ਸਿਮਰ ਕੇ (ਵਿਸ਼ਿਆਂ ਤੋਂ) ਉਪਰਾਮਤਾ ਹੁੰਦੀ ਹੈ।(੨) ਜਿਸ ਮਾਇਆ ਤੋਂ (ਜਗਤ) ਪੈਦਾ ਹੋਇਆ ਹੈ, ਉਸੇ ਵਿਚ ਲਗ ਰਿਹਾ ਹੈ, (ਪਰ ਮੈਂ ਰਾਮ ਰਸ ਪੀਂਦਿਆਂ ਮਾਇਆ ਨੂੰ) ਮਲ ਦਿਤਾ ਹੈ।

ਪਦਾਰਥ = ਖਿੰਚਿ-ਖਿੱਚ ਕੇ; ਜਾਣ ਬੁਝ ਕੇ; ਮੱਲੋ ਮੱਲੀ।ਜਿਨਿ-ਮੱਤ (ਨਹੀਂ); ਜਿਨ੍ਹਾਂ ਦਾ।ਭਾਰੁ-ਬੋਝ; (ਪਾਲਣ ਪੋਸਣ ਦੀ) ਜ਼ਿੰਮੇਵਾਰੀ।ਬਿਰਖ-ਦਰੱਖਤ।ਬਸੇਰੋ-ਬਾਸਾ।ਪੰਖਿ-ਪੰਛੀ।ਤੈਸੋ-ਉਸੇ ਤਰ੍ਹਾਂ।੧।ਰੇ-ਹੇ ਭਾਈ!।ਪੀਆ-ਪੀਤਾ।ਜਿਹ ਰਸ-ਜਿਸ ਰਸ (ਦੀ ਬਰਕਤ ਨਾਲ)।ਅਉਰ-ਹੋਰ-੧।ਰਹਾਉ।ਜਉ-ਜਦੋਂ।ਆਪਾ-ਅਪਣਾ ਆਪ।ਥਿਰੁ ਨ ਰਹਾਇ-ਸਦਾ ਟਿਕੇ ਨਹੀ ਰਹਿਣਾ। ਬਿਨਸਿ ਹੈ-ਨਾਸ਼ ਹੋਵੇਗਾ।ਦੁਖੁ ਕਰਿ-ਦੁਖ ਜਾਣ ਕਰਕੇ।ਬਲਾਇ-ਬਲਾ।੨।ਜਹ ਕੀ-ਜਿਸ ਤੋਂ।ਤਹ ਰਚੀ-ਉਸੇ ਵਿਚ ਲੀਨ ਹੋ ਗਈ।ਪੀਵਤ-ਪੀਂਦਿਆਂ।ਮਰਦਨ-(ਕਾਮਾਦਿਕਾਂ ਨੂੰ ਜਿੱਤਣ ਵਾਲੇ ਬਹਾਦਰ) ਸੰਤਾਂ ਦੀ (ਸੰਗਤ ਵਿਚ); ਮਲਦਾ ਹੈ।ਚਿਤਿ ਚੇਤਿਆ-ਚਿਤ ਵਿਚ ਯਾਦ ਕੀਤਾ।ਬੈਰਾਗ-ਉਪਰਾਮ; ਮਾਇਆ ਦਾ ਤਿਆਗ।੪।੨।੧੩।੬੪।

ਰਾਗੁ ਗਉੜੀ ॥ ਪੰਥੁ ਨਿਹਾਰੈ ਕਾਮਨੀ, ਲੋਚਨ ਭਰੀ ਲੇ ਉਸਾਸਾ ॥ (ਜਿਵੇਂ ਇਕ ਪਤੀਬ੍ਰਤਾ) ਇਸਤ੍ਰੀ (ਪਤੀ ਦੀ ਉਡੀਕ ਵਿਚ ਉਸ ਦਾ) ਰਸਤਾ ਦੇਖਦੀ ਹੈ (ਕਿ ਕਦੋਂ ਆਉਂਦਾ ਹੈ), ਅੱਖਾਂ (ਹਿੰਝੂਆਂ ਨਾਲ) ਭਰੀਆਂ ਹਨ ਤੇ ਹੌਕੇ (ਲੰਬੇ ਲੰਬੇ ਸਾਹ) ਲੈ ਰਹੀ ਹੈ (ਇਵੇਂ ਹਰੀ ਤੋਂ ਵਿਛੜਿਆ ਪ੍ਰੇਮੀ ਪੁਰਖ ਹਰੀ ਦੀ ਪ੍ਰਾਪਤੀ ਦਾ ਰਸਤਾ ਦੇਖਦਾ ਹੈ, ਪ੍ਰੇਮ ਵਿਚ ਅੱਖਾਂ ਭਿੱਜੀਆਂ ਹਨ ਤੇ ਹੌਕੇ ਲੈਂਦਾ ਹੈ)।

ਅੰਗ ੩੩੮ = ਉਰ ਨ ਭੀਜੈ ਪਗੁ ਨ ਖਿਸੈ, ਹਰਿ ਦਰਸਨ ਕੀ ਆਸਾ ॥੧॥ ਉਡਹੁ ਨ ਕਾਗਾ ਕਾਰੇ ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥੧॥ਰਹਾਉ॥ ਕਹਿ ਕਬੀਰ ਜੀਵਨ ਪਦ ਕਾਰਨਿ, ਹਰਿ ਕੀ ਭਗਤਿ ਕਰੀਜੈ ॥ ਏਕੁ ਆਧਾਰੁ ਨਾਮੁ ਨਾਰਾਇਨ, ਰਸਨਾ ਰਾਮੁ ਰਵੀਜੈ ॥੨॥੧॥੧੪॥੬੫॥ ਹਿਰਦਾ ਭਿਜਦਾ ਨਹੀਂ (ਚੈਨ ਨਹੀ ਆਉਂਦੀ, ਖਾਣ ਪੀਣ ਪਹਿਨਣ ਜਾਂ ਹੋਰ ਦਿਲ ਪਰਚਾਵੇ ਵਿਚ ਦਿਲ ਨਹੀਂ ਲਗਦਾ) ਤੇ ਪੈਰ ਵੀ ਖਿਸਕਦਾ ਨਹੀਂ (ਜਿਥੇ ਖੜੀ ਦੇਖ ਰਹੀ ਹੈ, ਉਥੋਂ ਪਿਛੇ ਨਹੀਂ ਹਟ ਰਹੀ, ਇਹੀ ਹਾਲਤ ਹੁੰਦੀ ਹੈ ਰੱਬ ਤੋਂ ਵਿਛੜੇ ਮਨੁੱਖ ਦੀ, ਜਿਸ ਨੂੰ) ਹਰੀ ਦੇ ਦਰਸ਼ਨਾਂ ਦੀ ਆਸ ਹੈ।੧।(ਪਤੀ ਦੇ ਵਿਛੋੜੇ ਵਾਲੀ ਇਸਤ੍ਰੀ ਵਾਂਗ, ਹਰੀ ਤੋਂ ਵਿਛੜਿਆ ਮਨੁੱਖ

ਆਖਦਾ ਹੈ) ਹੇ ਕਾਲੇ ਕਾਂ! ਤੂੰ ਉਡਦਾ ਕਿਉਂ ਨਹੀਂ? (ਜਾਹ ਪਿਆਰੇ ਹਰੀ ਦੀ ਖਬਰ ਲਿਆ, ਤਾਂ ਜੋ) ਅਪਨੇ ਪਿਆਰੇ ਰਾਮ ਨੂੰ ਛੇਤੀ ਮਿਲ ਪਵਾਂ (ਕਾਂ ਦਾ ਅਪਣੇ ਆਪ ਉਡ ਜਾਣਾ ਇਸ ਗਲ ਦੀ ਨਿਸ਼ਾਨੀ ਮੰਨੀ ਜਾਂਦੀ ਹੈ ਕਿ ਪਿਆਰਾ ਛੇਤੀ ਆਉਣ ਵਾਲਾ ਹੈ)।੧। ਰਹਾਉ।ਕਬੀਰ ਜੀ ਆਖਦੇ ਹਨ ਅਮਰ ਪਦਵੀ ਪ੍ਰਾਪਤ ਕਰਨ ਲਈ ਹਰੀ ਦੀ ਭਗਤੀ ਕਰਨੀ ਚਾਹੀਦੀ ਹੈ।(ਜਿਵੇਂ ਵਿਛੜੀ ਇਸਤ੍ਰੀ ਪਤੀ ਨੂੰ ਸਦਾ ਯਾਦ ਕਰਦੀ ਰਹਿੰਦੀ ਹੈ, ਇਸੇ ਤਰ੍ਹਾਂ) ਹਰੀ ਦੇ ਨਾਮ ਦਾ ਇਕ ਆਸਰਾ ਰਖਦੇ ਹੋਏ ਰਸਨਾ ਨਾਲ ਰਾਮ ਨਾਮ ਸਿਮਰਨਾ ਚਾਹੀਦਾ ਹੈ (ਇਉਂ ਹਰੀ ਦੇ ਦਰਸ਼ਨ ਹੋ ਜਾਂਦੇ ਹਨ)।੨।੧।੧੪।੬੫।

ਕਾਗਾ ਕਾਰੇ = ੧. ਹੇ ਕਾਮਾਦਿਕ ਰੂਪ ਕਾਲੇ ਕਾਂ! ਤੁਸੀਂ ਉਡ ਕਿਉਂ ਨਹੀਂ ਜਾਂਦੇ (ਮੇਰਾ ਸਾਥ ਛਡ ਜਾਓ), ਤਾਂ ਕਿ ਅਪਨੇ ਪਿਆਰੇ ਹਰੀ ਨੂੰ ਛੇਤੀ ਮਿਲ ਪਵਾਂ (ਹਰੀ ਨੂੰ ਮਿਲਣ ਦੇ ਰਸਤੇ ਵਿਚ ਤੁਸੀਂ ਰੁਕਾਵਟ ਹੋ)।੨ ਹੇ ਕਾਲੇ ਕਾਂ ਰੂਪ ਮਨ! ਸਿਮਰਨ ਦੇ ਖੰਭ ਲਾ ਕੇ ਉਡਦਾ ਕਿਉਂ ਨਹੀ? ਉਡ ਜਾਹ, ਤਾਂ ਜੋ ਅਪਨੇ ਪਿਆਰੇ ਹਰੀ ਨੂੰ ਮੈਂ ਛੇਤੀ ਮਿਲ ਪਵਾਂ।

ਪਦਾਰਥ = ਪੰਥੁ–ਰਸਤਾ।ਨਿਹਾਰੈ–ਦੇਖਦੀ ਹੈ।ਕਾਮਨੀ–ਇਸਤ੍ਰੀ।ਲੋਚਨ–ਅੱਖਾਂ।ਭਰੀ–(ਹੰਝੂਆਂ ਨਾਲ) ਭਰੀਆਂ ਹਨ।ਉਸਾਸਾ–ਹੌਕੇ (ਲੰਬੇ ਲੰਬੇ ਸਾਹ)।ਉਰ–ਦਿਲ।ਨ ਭੀਜੈ–ਨਹੀਂ ਭਿਜਦਾ (ਖੁਸ਼ ਨਹੀਂ ਹੁੰਦਾ)।ਪਗੁ–ਪੈਰ।ਨ ਖਿਸੈ–(ਪਿੱਛੇ) ਨਹੀਂ ਖਿਸਕਦਾ (ਦ੍ਰਿੜਤਾ ਨਾਲ ਖੜੀ ਉਡੀਕਦੀ ਹੈ)।੧।ਕਾਗਾ ਕਾਰੇ–ਹੇ ਕਾਲੇ ਕਾਂ।ਉਡਹੁ ਨ–ਉਡਦਾ ਕਿਉਂ ਨਹੀਂ? ਬੇਗਿ–ਛੇਤੀ।੧।ਰਹਾਉ। ਜੀਵਨ ਪਦ–ਉਚੇ ਜੀਵਨ ਵਾਲੀ ਅਵਸਥਾ (ਜੀਵਨ ਮੁਕਤੀ ਦੀ ਪਦਵੀ)।ਆਧਾਰੁ–ਆਸਰਾ।ਰਵੀਜੈ–ਸਿਮਰਨਾ ਚਾਹੀਦਾ ਹੈ।੨।੧।

ਰਾਗੁ ਗਉੜੀ ੧੧ ॥ ਆਸ ਪਾਸ ਘਨ ਤੁਰਸੀ ਕਾ ਬਿਰਵਾ, ਮਾਝ ਬਨਾ ਰਸਿ ਗਾਊਂ ਰੇ ॥ ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ, ਮੋ ਕਉ ਛੋਡਿ ਨ ਆਉ ਨ ਜਾਹੂ ਰੇ ॥੧॥ ਤੋਹਿ ਚਰਨ ਮਨੁ ਲਾਗੋ ਸਾਰਿੰਗਧਰ ॥ ਸੋ ਮਿਲੈ ਜੋ ਬਡਭਾਗੋ ॥੧॥ਰਹਾਉ॥ ਬਿੰਦ੍ਰਾਬਨ ਮਨ ਹਰਨ ਮਨੋਹਰ, ਕ੍ਰਿਸਨ ਚਰਾਵਤ ਗਾਊ ਰੇ ॥ ਜਾ ਕਾ ਠਾਕੁਰੁ ਤੁਹੀ ਸਾਰਿੰਗਧਰ, ਮੋਹਿ ਕਬੀਰਾ ਨਾਊ ਰੇ ॥੨॥੨॥੧੫॥੬੬॥

ਆਸੇ ਪਾਸੇ ਤੁਲਸੀ ਦੇ ਸੰਘਣੇ ਬੂਟੇ ਹਨ, (ਉਸ ਤੁਲਸੀ ਦੇ) ਬਨ ਦੇ ਵਿਚਾਲੇ ਬੜੇ ਰਸ ਨਾਲ (ਕ੍ਰਿਸ਼ਨ ਜੀ) ਗਾ ਰਹੇ ਹਨ (ਬੰਸਰੀ ਵਜਾ ਰਹੇ ਹਨ)।ਉਸ (ਕ੍ਰਿਸ਼ਨ ਜੀ) ਦਾ ਸੁੰਦਰ ਸਰੂਪ ਦੇਖ ਕੇ ਗੁਆਲਨ (ਰਾਧਾ) ਮੋਹੀ ਗਈ ਅਤੇ (ਬੇਨਤੀ ਕਰਨ ਲੱਗੀ), ਹੇ ਪਿਆਰੇ ਕ੍ਰਿਸ਼ਨ ਜੀ! ਮੈਨੂੰ ਛਡ ਕੇ ਕਿਤੇ ਨਾ ਆਵੋ ਤੇ ਨਾ ਜਾਵੋ (ਮੇਰੇ ਕੋਲ ਹੀ ਰਹੋ।ਰਾਧਾ ਦੇ ਰੂਪ ਵਿਚ ਕਬੀਰ ਜੀ ਦੀ ਪ੍ਰਮਾਤਮਾ ਅੱਗੇ ਬੇਨਤੀ ਹੈ ਕਿ ਮੈਨੂੰ ਛਡ ਕੇ ਕਿਤੇ ਨਾ ਜਾਇਓ, ਮੇਰੇ ਹਿਰਦੇ ਵਿਚ ਵਸੇ ਰਹੋ)।੧।ਹੇ ਧਨੁਖਧਾਰੀ ਪ੍ਰਭੂ! (ਜਿਵੇਂ ਰਾਧਾ ਕ੍ਰਿਸ਼ਨ ਜੀ ਤੇ ਮੋਹਿਤ ਹੋ ਗਈ ਸੀ, ਇਸੇ ਤਰ੍ਹਾਂ) ਮੇਰਾ ਮਨ ਤੇਰੇ ਚਰਨਾਂ ਵਿਚ ਜੁੜ ਗਿਆ ਹੈ।ਜੋ (ਪੁਰਖ) ਵੱਡੇ ਭਾਗਾਂ ਵਾਲਾ ਹੁੰਦਾ ਹੈ, ਉਹ (ਤੈਨੂੰ) ਉਹ ਮਿਲ ਸਕਦਾ ਹੈ।੧।ਰਹਾਉ।(ਗੋਕਲ ਦੀਆਂ ਗੁਆਲਣਾਂ ਦੇ) ਮਨ ਨੂੰ ਮੋਹ ਲੈਣ ਵਾਲਾ ਬਿੰਦ੍ਰਾਬਨ ਵਿਚ ਰਹਿਣ ਵਾਲਾ ਸੁੰਦਰ ਕ੍ਰਿਸ਼ਨ ਗਊਆਂ ਚਾਰਦਾ ਹੈ।(ਜਿਵੇਂ ਕ੍ਰਿਸ਼ਨ ਜੀ ਗਰੀਬ ਗੁਆਲਣਾਂ ਦਾ ਪੂਜਨੀਕ ਬਣ ਗਿਆ ਸੀ, ਤਿਵੇਂ) ਹੇ ਧਨੁੱਖਧਾਰੀ ਹਰੀ! ਮੇਰਾ (ਰਾਧਿਕਾ ਤੇ ਤੁਲ ਗਰੀਬ ਜੁਲਾਹੇ ਦਾ) ਨਾਮ ਕਬੀਰ ਹੈ, ਜਿਸ ਦਾ ਤੂੰ ਪੂਜਨੀਕ ਮਾਲਕ ਹੈਂ।੨।੨।੧੫।

ਨੋਟ = ਕਬੀਰ ਜੀ ਨੂੰ ਕ੍ਰਿਸ਼ਨ ਜੀ ਵਿਚ ਬੇਅੰਤ ਸ਼ਕਤੀਆਂ ਵਾਲੇ ਵਾਹਿਗੁਰੂ ਦੀ ਅਪਾਰ ਵਡਿਆਈ ਤੇ ਜੋਤ ਕੰਮ ਕਰਦੀ ਦਿਸੀ।ਇਸ ਲਈ ਕਬੀਰ ਜੀ ਕ੍ਰਿਸ਼ਨ ਜੀ ਦਾ ਅਲੰਕਾਰ ਵਰਤ ਕੇ ਵਾਹਿਗੁਰੂ ਦੀ ਭਗਤੀ ਕਰ ਰਹੇ ਹਨ।

ਬਨਾਰਸਿ ਗਾਊਂ = ਦਾ ਅਰਥ ਸੰ.ਸ. ਤੇ ਮ.ਕੋ. ਨੇ ਬਰਸਾਨਾ ਪਿੰਡ ਕੀਤਾ ਹੈ।ਇਹ ਪਿੰਡ ਬ੍ਰਿੰਦਾਬਨ ਤੋਂ ੨੪–੨੫ ਕੋਹ ਦੂਰ ਹੈ, ਜੋ ਕ੍ਰਿਸ਼ਨ ਜੀ ਦੀ ਪ੍ਰੇਮਣ ਰਾਧਾ ਦਾ ਪਿੰਡ ਸੀ।ਇਹ ਪਿੰਡ ਮਥਰਾ ਜਿਲ੍ਹੇ ਦੀ ਛੱਤਾ ਤਸੀਲ ਵਿਚ ਹੈ।ਇਹ ਅਰਥ ਇਥੇ ਢੁਕਦੇ ਨਹੀਂ।

ਬਿੰਦ੍ਰਾਬਨ = ਮਥਰਾ ਜਿਲੇ ਵਿਚ ਹਿੰਦੂਆਂ ਦਾ ਤੀਰਥ ਸਥਾਨ, ਜਿਥੇ ਤੁਲਸੀ ਦੇ ਬੂਟਿਆਂ ਦਾ ਜੰਗਲ ਸੀ।ਕੇਦਾਰ ਦੀ ਪੁਤ੍ਰੀ ਬ੍ਰਿੰਦਾ ਨੇ ਇਥੇ ਤਪ ਕੀਤਾ ਸੀ, ਜਿਸ ਤੇ ਇਸਦਾ ਨਾਮ ਬ੍ਰਿੰਦਾਬਨ ਪੈ ਗਿਆ।ਕ੍ਰਿਸ਼ਨ ਜੀ ਰਾਧਾ ਤੇ ਹੋਰ ਗੋਪੀਆਂ ਨਾਲ ਇਥੇ ਖੇਲਦੇ ਰਹੇ।

ਪਦਾਰਥ = ਘਨ–ਸੰਘਣੇ; ਬਹੁਤ।ਤੁਰਸੀ–ਤੁਲਸੀ ਦੇ।ਬਿਰਵਾ–ਬੂਟੇ।ਮਾਝ ਬਨਾ–ਬਨਾਂ (ਜੰਗਲਾਂ) ਵਿਚ।ਰਸਿ–ਪ੍ਰੇਮ ਨਾਲ; ਰਸੀਲੀ ਅਵਾਜ ਨਾਲ।ਗਾਊਂ–ਗਾਉਂਦਾ ਹੈ।ਉਆ ਕਾ–ਉਸ ਦਾ।ਮੋਹੀ–ਮੋਹਿਤ ਹੋ ਗਈ।ਗੁਆਰਨਿ–ਗੋਪੀ (ਗੁਆਲਣ)।ਮੋ ਕਉ–ਮੈਨੂੰ।ਨ ਜਾਹੂ–ਨਾ ਜਾਓ।ਰੇ–ਹੇ ਪਿਆਰੇ!।੧।ਤੋਹਿ–ਤੇਰੇ।ਸਾਰਿੰਗਧਰ–ਹੇ ਧਨੁਖਧਾਰੀ!।ਸੋ–ਉਹ।੧।ਰਹਾਉ।ਬਿੰਦ੍ਰਾਬਨ (ਬ੍ਰਿੰਦਾ+ਬਨ) ਤੁਲਸੀ ਦਾ ਜੰਗਲ।ਮਨ ਹਰਨ–ਮਨ ਨੂੰ ਮੋਹ ਲੈਣ ਵਾਲਾ।ਮਨੋਹਰ–ਸੁੰਦਰ।ਚਰਾਵਤ–ਚਾਰਦਾ ਸੀ।ਗਾਊ–ਗਊਆਂ।ਜਾ ਕਾ–ਜਿਸ ਦਾ ।ਠਾਕੁਰੁ–ਪੂਜਨੀਕ ਇਸ਼ਟ ਦੇਵ।ਤੁਹੀ–ਕੇਵਲ ਤੂੰ।ਮੋਹਿ–ਮੈਂ; ਮੇਰਾ।ਨਾਊ–ਨਾਮ।੨।੨।੧੫।੬੬।

ਗਉੜੀ ਪੂਰਬੀ ੧੨ ॥ ਬਿਪਲ ਬਸਤ੍ਰ ਕੇਤੇ ਹੈ ਪਹਿਰੇ, ਕਿਆ ਬਨ ਮਧੇ ਬਾਸਾ ॥ ਕਹਾ ਭਇਆ ਨਰ ਦੇਵਾ ਧੋਖੇ, ਕਿਆ ਜਲਿ ਬੋਰਿਓ

All Rights Reserved by Harjinder Singh Gyani | www.GuruGranthVakhyaan.org

ਗਿਆਤਾ ॥੧॥ ਜੀਅਰੇ ਜਾਹਿਗਾ ਮੈ ਜਾਨਾਂ ॥ ਅਬਿਗਤ ਸਮਝੁ ਇਆਨਾ ॥ ਜਤ ਜਤ ਦੇਖਉ ਬਹੁਰਿ ਨ ਪੇਖਉ ,ਸੰਗਿ ਮਾਇਆ ਲਪਟਾਨਾ ॥੧॥ਰਹਾਉ॥ ਗਿਆਨੀ ਧਿਆਨੀ ਬਹੁ ਉਪਦੇਸੀ, ਇਹੁ ਜਗੁ ਸਗਲੋ ਧੰਧਾ ॥ ਕਹਿ ਕਬੀਰ ਇਕ ਰਾਮ ਨਾਮ ਬਿਨੁ ,ਇਆ ਜਗੁ ਮਾਇਆ ਅੰਧਾ ॥੨॥੧॥੧੬॥੬੭॥ (ਭਾਵੇਂ ਕਿਸੇ ਮਨੁੱਖ ਨੇ) ਕਿਤਨੇ ਹੀ ਬਸਤ੍ਰਾਂ ਦੇ ਚੋਲੇ ਪਹਿਨ ਲਏ ਹਨ ਤੇ ਜੰਗਲਾਂ ਵਿਚ ਵਾਸਾ ਕਰ ਲਿਆ, ਤਾਂ ਕੀ (ਲਾਭ) ਹੋਇਆ? ਹੇ ਮਨੁੱਖ! ਕੀ ਹੋਇਆ ਜੇ ਧੂਪ ਧੁਖਾ ਕੇ ਦੇਵਤਿਆਂ ਦੀ ਪੂਜਾ ਕਰ ਲਈ ਤੇ ਜਾਣ ਬੁਝ ਕੇ ਗੰਗਾ ਆਦਿ ਦੇ ਜਲ ਵਿਚ ਸਰੀਰ ਡੋਬ (ਇਸ਼ਨਾਨ ਕਰ) ਲਿਆ।੧।ਹੇ ਜੀਵ! ਮੈਂ ਜਾਣਦਾ ਹਾਂ ਕਿ ਤੂੰ ਚਲੇ ਜਾਣਾ ਹੈ (ਭਜਨ ਤੋਂ ਬਿਨਾ ਨਿਸਫਲ ਹੀ ਮਰ ਜਾਣਾ ਹੈ।ਇਸ ਕਰਕੇ) ਹੇ ਇਆਣੇ ਜੀਵ! ਅਬਿਨਾਸੀ ਵਾਹਿਗੁਰੂ ਨੂੰ ਸਮਝ (ਰੱਬੀ ਗਿਆਨ ਹਾਸਲ ਕਰ।ਮੈਂ) ਜਿਥੇ ਜਿਥੇ ਮਾਇਆ ਨੂੰ ਦੇਖਦਾ ਹਾਂ, ਮੁੜ (ਉਥੇ ਮਾਇਆ ਨੂੰ ਉਸੇ ਰੂਪ ਵਿਚ) ਨਹੀਂ ਦੇਖਦਾ (ਬਹੁ ਰੰਗੀ ਹੈ, ਮਨੁੱਖ ਅਜ ਅਮੀਰ ਹੈ, ਕਲ੍ਹ ਨੂੰ ਕੰਗਾਲ ਹੋ ਸਕਦਾ ਹੈ, ਤੂੰ ਅਜੇਹੀ) ਮਾਇਆ ਨਾਲ ਚਿੰਬੜਿਆ ਹੋਇਆ ਹੈਂ।੧।ਰਹਾਉ।(ਕੋਈ ਮਨੁੱਖ) ਗਿਆਨ ਦੇਣ ਵਾਲਾ ਹੈ, ਕੋਈ ਧਿਆਨ ਲਾਉਣ ਵਾਲਾ (ਜੋਗੀ) ਹੈ ਅਤੇ (ਲੋਕਾਂ ਨੂੰ) ਉਪਦੇਸ਼ ਦੇਣ ਵਾਲੇ ਬਹੁਤ ਹਨ, ਇਹ ਸਾਰਾ ਜਗਤ ਧੰਧਾ ਹੈ (ਹੋਰਨਾਂ ਧੰਦਿਆਂ ਵਾਂਗ ਗਿਆਨੀ ਧਿਆਨੀ ਉਪਦੇਸਕਾਂ ਦਾ ਵੀ ਮਾਇਆ ਕਮਾਉਣ ਦਾ ਧੰਧਾ ਬਣ ਗਿਆ ਹੈ); ਬਹੁਤੇ ਗਿਆਨੀ ਧਿਆਨੀ ਤੇ ਉਪਦੇਸ਼ਕ ਵੀ ਆਖਦੇ ਹਨ, ਇਹ ਸਾਰਾ ਸੰਸਾਰ ਧੰਦਾ ਹੀ ਹੈ।ਕਬੀਰ ਜੀ ਕਹਿੰਦੇ ਹਨ ਕਿ ਰਾਮ ਦੇ ਨਾਮ ਤੋਂ ਬਿਨਾ ਇਹ ਜਗਤ ਮਾਇਆ ਵਿਚ ਅੰਨ੍ਹਾਂ ਹੋਇਆ ਪਿਆ ਹੈ।੨।੧।੧੬।੬੭।

ਪਦਾਰਥ = ਬਿਪਲ ਬਸਤ੍ਰ-ਖੁੱਲ੍ਹੇ ਕਪੜੇ; ਕਪੜੇ ਦੇ ਖੁਲ੍ਹੇ ਲੰਬੇ ਚੋਲੇ; ਭੋਜ ਪੱਤ੍ਰ; ਦਰੱਖਤਾਂ ਦੀ ਛਿਲ; ਮਿਰਗ ਛਾਲਾ; ਕਫਨੀ ਆਦਿ ਬਸਤ੍ਰ।ਕੇਤੇ-ਕਿਤਨੇ; ਕਈ।ਪਹਿਰੇ-ਪਹਿਨ ਲਏ।ਕਿਆ-ਕੀ (ਲਾਭ)?।ਬਨ ਮਧੇ-ਜੰਗਲ ਵਿਚ।ਨਰ-ਹੇ ਮਨੁੱਖ!।ਦੇਵਾ-ਦੇਵਤੇ। ਧੋਖੇ-ਧੂਪ ਧੁਖਾ ਕੇ ਪੂਜਾ ਕਰ ਲਈ; ਧੋਕਨਾ-ਪ੍ਰਣਾਮ ਕਰਨੀ (ਮ.ਕੋ.)।ਜਲਿ-ਪਾਣੀ ਵਿਚ।ਬੋਰਿਓ-ਡੋਬ ਲਈ।ਗਿਆਤਾ-ਜਾਣ ਬੁੱਝ ਕੇ; ਸਰੀਰ ਨੂੰ (ਮ.ਕੋ.; ਸੰ.ਪੋ.; ਸੰ.ਸ.)।੧।ਜੀਅ ਰੇ-ਹੇ ਜੀਵ!।ਜਾਹਿਗਾ-ਚਲੇ ਜਾਣਾ ਹੈ।ਜਾਨਾ-ਜਾਣਦਾ ਹਾਂ।ਅਬਿਗਤ-ਅਕਾਰ ਰਹਿਤ ਪ੍ਰਭੂ।ਇਆਨਾ-ਬੇ ਸਮਝ; ਅਣਜਾਣ।ਜਤ ਜਤ-ਜਿਥੇ ਜਿਥੇ (ਹਰ ਪਾਸੇ)।ਬਹੁਰਿ-ਮੁੜ ਦੁਬਾਰਾ।ਲਪਟਾਨਾ-ਚਿੰਬੜਿਆ ਹੈ।੧।ਰਹਾਉ।ਉਪਦੇਸੀ-ਉਪਦੇਸ਼ ਦੇਣ ਵਾਲੇ।ਸਗਲੋ-ਸਾਰਾ।ਇਆ-ਇਹ।ਅੰਧਾ-ਅੰਨ੍ਹਾ।੨।੧।੧੬।੬੭।

ਨਰਦੇਵਾ = ਦੇਵਤਾ ਰੂਪ ਮਨੁੱਖ; ਸਾਧੂ; ਬ੍ਰਹਮਣ।ਧੋਖੇ-ਪ੍ਰਣਾਮ।ਬ੍ਰਹਮਣਾਂ ਅੱਗੇ ਪ੍ਰਣਾਮ ਕਰਨ ਤੋਂ ਕੀ ਹੋਇਆ? (ਮ.ਕੋ.)।

ਗਉੜੀ ੧੨ ॥ ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ,ਇਆ ਮਾਇਆ ਕੇ ਡਾਂਡੇ ॥ ਸੂਰੁ ਕਿ ਸਨਮੁਖ ਰਨ ਤੇ ਡਰਪੈ, ਸਤੀ ਕਿ ਸਾਂਚੈ ਭਾਂਡੇ ॥੧॥ ਡਗਮਗ ਛਾਡਿ ਰੇ ਮਨ ਬਉਰਾ ॥ ਅਬ ਤਉ ਜਰੇ ਮਰੇ ਸਿਧਿ ਪਾਈਐ, ਲੀਨੋ ਹਾਥਿ ਸੰਧਉਰਾ ॥੧॥ਰਹਾਉ॥ ਕਾਮ ਕ੍ਰੋਧ ਮਾਇਆ ਕੇ ਲੀਨੇ, ਇਆ ਬਿਧਿ ਜਗਤੁ ਬਿਗੂਤਾ ॥ ਕਹਿ ਕਬੀਰ ਰਾਜਾ ਰਾਮ ਨ ਛੋਡਉ ,ਸਗਲ ਊਚ ਤੇ ਊਚਾ ॥੨॥੨॥ ੧੭॥ ੬੮॥ ਹੇ ਮਨ! ਭਰਮ ਛਡ ਦੇਹ, (ਲੋਕ ਲਾਜ ਛਡ ਕੇ) ਪ੍ਰਗਟ ਹੋ ਕੇ ਨੱਚ (ਨਿਸੰਗ ਹੋ ਕੇ ਰਾਮ ਨਾਮ ਦਾ ਸਿਮਰਨ ਕਰ), ਇਹ (ਭਰਮ ਆਦਿ ਸਭ) ਮਾਇਆ ਦੇ ਡੰਨ ਹਨ।(ਉਹ) ਸੂਰਮਾ ਕਾਹਦਾ ਹੋਇਆ ਜੋ ਸਨਮੁਖ ਹੁੰਦੇ (ਸਾਮ੍ਹਣੇ ਹੋ ਰਹੇ) ਜੰਗ ਤੋਂ ਡਰ ਜਾਵੇ ,(ਉਹ) ਸਤੀ ਕਾਹਦੀ ਹੈ? (ਜੋ ਸਤੀ ਹੋਣ ਦੇ ਮੌਕੇ) ਭਾਂਡੇ ਇਕੱਠੇ ਕਰਨ ਲਗ ਜਾਵੇ (ਉਹ ਗਿਆਨਵਾਨ ਨਹੀਂ ਜੋ ਕਾਮਾਦਿਕਾਂ ਦੇ ਅਧੀਨ ਹੋ ਜਾਵੇ।ਉਹ ਬੈਰਾਗੀ ਨਹੀਂ ਜੋ ਪਦਾਰਥ ਇਕੱਠੇ ਕਰੇ)।੧।ਹੇ ਕਮਲੇ ਮਨ! ਡਾਵਾਂ ਡੋਲ ਹੋਣਾ ਛਡ ਦੇਹ।ਜਦ ਹੱਥ ਵਿਚ ਸਿੰਧੂਰ ਆਦਿਕ ਲੈ ਹੀ ਲਿਆ ਤਾਂ ਸੜ ਕੇ ਮਰਨ ਨਾਲ ਹੀ ਸਿਧੀ ਪ੍ਰਾਪਤ ਹੋਣੀ ਹੈ (ਦ੍ਰਿੜਤਾ ਨਾਲ ਨਾਮ ਸਿਮਰ ਕੇ ਮੁਕਤੀ ਮਿਲਣੀ ਹੈ।ਜਦ ਭਗਤੀ ਮਾਰਗ ਵਿਚ ਪੈਰ ਧਰ ਹੀ ਲਿਆ ਤਾਂ ਲੋਕ ਲਾਜ ਕਾਹਦੀ? ਆਪਾ ਭਾਵ ਮਿਟਾ ਦੇਵੇ, ਤਦ ਹੀ ਪੂਰਨ ਪਦਵੀ ਮਿਲਦੀ ਹੈ)।੧।ਰਹਾਉ।ਕਾਮ ਕ੍ਰੋਧ ਤੇ ਮਾਇਆ ਵਿਚ (ਮਨੁੱਖ) ਮਗਨ ਹੈ, ਇਸ ਤਰ੍ਹਾਂ ਜਗਤ ਖਰਾਬ ਹੋ ਰਿਹਾ ਹੈ।ਕਬੀਰ ਜੀ ਆਖਦੇ ਹਨ ਕਿ (ਜੋ ਹੋਵੇ ਸੋ ਹੋਵੇ, ਹੁਣ) ਮੈਂ ਪ੍ਰਕਾਸ਼ ਸਰੂਪ ਪ੍ਰਭੂ ਦਾ ਸਿਮਰਨ ਨਹੀਂ ਛਡਾਂਗਾ, ਜੋ (ਪ੍ਰਭੂ) ਸਾਰੇ ਉਚਿਆਂ ਤੋਂ ਉਚਾ ਹੈ।੨।੨।

ਪਦਾਰਥ = ਡਾਂਡੇ-ਡੰਨ (ਸਜਾ)।ਸੂਰੁ-ਸੂਰਮਾ।ਕਿ-ਕੀ (ਕਾਹਦਾ)?ਰਨ ਤੇ-ਜੰਗ ਤੋਂ।ਸਤੀ-ਪਤੀ ਨਾਲ ਚਿਖਾ ਵਿਚ ਸੜਨ ਵਾਲੀ ਇਸਤ੍ਰੀ।ਸਾਂਚੈ-ਇਕੱਠੇ ਕਰੇ।੧।ਡਗਮਗ-ਡਾਵਾਂਡੋਲ; ਇਧਰ ਉਧਰ ਨੱਠਣਾ (ਭਟਕਣਾ)।ਜਰੇ ਮਰੇ-ਸੜ ਕੇ ਮਰਨ ਨਾਲ; ਚਿਖਾ ਵਿਚ ਸੜਿਆਂ ਤੇ ਜੰਗ ਵਿਚ ਸ਼ਹੀਦ ਹੋਇਆਂ।ਸਿਧਿ-ਸਫਲਤਾ।ਹਾਥਿ-ਹੱਥ ਵਿਚ।ਸੰਧਉਰਾ-(ਇਸਤ੍ਰੀ ਸਤੀ ਹੋਣ ਸਮੇਂ) ਨਾਰੀਅਲ ਨੂੰ ਸੰਧੂਰ ਲਾ ਕੇ ਹੱਥ ਵਿਚ ਲੈ ਲੈਂਦੀ ਹੈ, ਫਿਰ ਉਹ ਪਤੀ ਨਾਲ ਸੜ ਮਰਦੀ ਹੈ।੧।ਰਹਾਉ।ਲੀਨੇ-ਮਗਨ; ਫਸਿਆ ਹੈ।ਇਆ ਬਿਧਿ-ਇਸ ਤਰੀਕੇ ਨਾਲ।ਬਿਗੂਤਾ-ਖਰਾਬ ਹੋ ਰਿਹਾ ਹੈ।ਰਾਜਾ ਰਾਮ-ਪ੍ਰਕਾਸ਼ ਸਰੂਪ ਵਾਹਿਗੁਰੂ।੨।੨।੧੭।੬੮।

All Rights Reserved by Harjinder Singh Gyani | www.GuruGranthVakhyaan.org

ਪ੍ਰਗਟ ਹੋਇ ਨਾਚਹੁ = ਲੋਕ ਲਾਜ (ਸ਼ਰਮ ਆਦਿ) ਛਡ ਕੇ ਸਭ ਦੇ ਸਾਮ੍ਹਣੇ ਨੱਚ। ਭਗਤੀ ਮਾਰਗ ਧਾਰ ਕੇ ਲੋਕਾਂ ਤੋਂ ਨਾ ਡਰ।
ਵਿਆਖਿਆ = ਕਬੀਰ ਜੀ ਦਾ ਜਨਮ ਮੁਸਲਮਾਨ ਨੀਰੂ ਦੇ ਘਰ ਹੋਇਆ, ਜਿਸ ਕਰਕੇ ਕਬੀਰ ਜੀ ਨੂੰ ਬਚਪਨ ਵਿਚ ਮੁਸਲਮਾਨੀ ਸ਼ਰ੍ਹਾ ਸਿਖਾਈ ਗਈ। ਪਰ ਆਪ ਨੇ ਰਾਮਾਨੰਦ ਜੀ ਨੂੰ ਗੁਰੂ ਧਾਰ ਕੇ ਭਗਤੀ ਮਾਰਗ ਅਪਣਾ ਲਿਆ। ਕੁਦਰਤੀ ਮੁਸਲਮਾਨਾਂ ਵੱਲੋਂ ਇਤਰਾਜ ਤੇ ਵਿਰੋਧ ਹੋਣਾ ਹੀ ਸੀ {ਹਮਰਾ ਝਗਰਾ ਰਹਾ ਨ ਕੋਊ। ਪੰਡਿਤ ਮੁਲਾਂ ਛਾਡੇ ਦੋਊ ੧੧੫੮}। ਕਬੀਰ ਜੀ ਅਪਣੀ ਹੱਡ ਬੀਤੀ ਦਸਦੇ ਹਨ ਤੇ ਮਨ ਨੂੰ ਪੱਕਾ ਕਰ ਰਹ ਰਹੇ ਹਨ ਕਿ ਲੋਕ ਲਾਜ ਤੇ ਸ਼ਰ੍ਹਾ ਆਦਿ ਛਡ ਕੇ ਭਗਤੀ ਕਰ {ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿ ਹਾਰੀ ੪੭੭}। ਮਨ ਦੀ ਦੁਬਿਧਾ ਤੇ ਭਰਮ ਵਾਲੇ ਕਾਰਣਾਂ ਨੂੰ ਮਾਇਆ ਦੇ ਦੰਡੇ ਹੋਏ ਦਸਦੇ ਹਨ ਭਾਵ ਮਾਇਆ ਵਿਚ ਫਸੇ ਹੋਣ ਨੂੰ ਮਾਇਆ ਦੀ ਕੈਦ ਵਾਲੀ ਸਜਾ ਦਸਦੇ ਹਨ। ਮਨ ਨੂੰ ਕਹਿ ਰਹੇ ਹਨ ਕਿ ਭਰਮ ਛਡ ਦੇਹ, ਇਸਲਾਮੀ ਸ਼ਰ੍ਹਾ ਛਡ ਕੇ ਗੁਰੂ ਦੀ ਦੱਸੀ ਭਗਤੀ ਕਰ। ਬਰਾਦਰੀ, ਪ੍ਰਵਾਰ ਆਦਿ ਦੀ ਲੋਕ ਲਾਜ ਦੀ ਪ੍ਰਵਾਹ ਨਾ ਕਰ। ਨਾਲ ਮਿਸਾਲਾਂ ਦਿਤੀਆਂ ਹਨ, ਸਤੀ ਤੇ ਸੂਰਮੇ ਦੀ। ਅਖੀਰ ਵਿਚ ਦਸਦੇ ਹਨ ਕਿ ਮੇਰਾ ਪ੍ਰਭੂ ਇਸਲਾਮ ਦੇ ਉਚੇ ਪੀਰਾਂ ਤੇ ਨਬੀਆਂ ਆਦਿ ਸਭ ਤੋਂ ਉਚਾ ਹੈ।
ਗਉੜੀ ੧੩ ॥ ਫੁਰਮਾਨੁ ਤੇਰਾ ਸਿਰੈ ਊਪਰਿ, ਫਿਰਿ ਨ ਕਰਤ ਬੀਚਾਰ ॥ ਤੁਹੀ ਦਰੀਆ ਤੁਹੀ ਕਰੀਆ, ਤੁਝੈ ਤੇ ਨਿਸਤਾਰ ॥੧॥ ਬੰਦੇ ਬੰਦਗੀ ਇਕਤੀਆਰ ॥ ਸਾਹਿਬੁ ਰੋਸੁ ਧਰਉ ਕਿ ਪਿਆਰੁ ॥੧॥ਰਹਾਉ॥ ਨਾਮੁ ਤੇਰਾ ਆਧਾਰੁ ਮੇਰਾ, ਜਿਉ ਫੂਲੁ ਜਈ ਹੈ ਨਾਰਿ ॥ ਕਹਿ ਕਬੀਰ ਗੁਲਾਮੁ ਘਰ ਕਾ, ਜੀਆਇ ਭਾਵੈ ਮਾਰਿ ॥੨॥੧੮॥੬੯॥ (ਹੇ ਨਿਰੰਕਾਰ!) ਤੇਰਾ ਹੁਕਮ ਸਿਰ ਉਤੇ ਰੱਖਿਆ ਹੈ (ਜੋ ਤੂੰ ਕਰੇਂ, ਸਿਰ ਮੱਥੇ ਤੇ ਮੰਨਦਾ ਹਾਂ, ਇਸ ਹੁਕਮ ਬਾਰੇ) ਮੁੜ ਬਿਚਾਰ ਨਹੀਂ ਕਰਦਾ (ਕਿ ਇਹ ਹੁਕਮ ਮੇਰੇ ਲਈ ਮੰਨਣ ਯੋਗ ਹੈ ਜਾਂ ਨਹੀਂ)। ਤੂੰ ਹੀ ਸਮੁੰਦਰ ਰੂਪ ਹੈ ਤੇ ਤੂੰ ਹੀ (ਸਮੁੰਦਰ ਤੋਂ ਪਾਰ ਕਰਨ ਵਾਲਾ) ਗੁਰੂ ਰੂਪ ਮਲਾਹ ਹੈਂ ਅਤੇ ਤੇਰੇ ਤੋਂ ਹੀ (ਮੇਰਾ) ਪਾਰ ਉਤਾਰਾ ਹੋਣਾ ਹੈ।੧।(ਅਪਣੇ ਮਨ ਨੂੰ ਕਹਿੰਦੇ ਹਨ) ਹੇ ਬੰਦੇ! (ਤੂੰ ਨਿਰੰਕਾਰ ਦੀ) ਬੰਦਗੀ ਧਾਰਣ ਕਰ। ਮਾਲਕ ਪ੍ਰਭੂ (ਭਾਵੇਂ ਤੇਰੇ ਨਾਲ) ਗੁਸਾ ਕਰੇ ਤੇ ਜਾਂ ਪਿਆਰ ਕਰੇ।੧। ਰਹਾਉ।(ਹੇ ਮਾਲਕ!) ਤੇਰਾ ਨਾਮ ਹੀ ਮੇਰਾ ਆਸਰਾ ਹੈ, ਜਿਵੇਂ ਪਾਣੀ ਵਿਚ ਫੁੱਲ ਜੀ ਪੈਂਦਾ ਹੈ (ਜਿਵੇਂ ਕਮਲ ਫੁੱਲ ਦਾ ਆਸਰਾ ਪਾਣੀ ਹੈ, ਮੈਂ ਤੇਰੇ ਸਹਾਰੇ ਜਿਉਂਦਾ ਹਾਂ)। ਕਬੀਰ ਜੀ ਆਖਦੇ ਹਨ (ਕਿ ਹੇ ਹਰੀ! ਮੈਂ ਤੇਰੇ) ਘਰ ਦਾ ਗੁਲਾਮ ਹਾਂ, (ਹੁਣ ਭਾਵੇਂ) ਜਿਉਂਦਾ ਰੱਖ ਤੇ ਭਾਵੇਂ ਮਾਰ ਦੇ।੨।੧੮।੬੯।
ਫੂਲੁ ਜਈ ਹੈ = ਤੇਰੇ ਨਾਮ ਦਾ ਮੈਨੂੰ ਅਜੇਹਾ ਅਧਾਰ ਹੈ, ਜੇਹਾ ਬੇਲ ਨੂੰ ਪਾਣੀ ਦਾ (ਮ.ਕੋ.)। ਜਿਵੇਂ ਮਾਂ ਜੰਮੇ ਪੁਤ੍ਰ ਨੂੰ ਦੇਖ ਕੇ ਖੁਸ਼ ਹੁੰਦੀ ਹੈ। ਜਿਵੇਂ ਪਾਣੀ ਵਿਚ ਕਮਲ ਫੁੱਲ ਖਿੜ ਜਾਂਦਾ ਹੈ।(ਅੰਕ ੧੩ ਗਉੜੀ ਦੀ ਜਾਤੀ ਦਾ ਸੂਚਕ ਹੈ, ਗਉੜੀ ਤੇਰ੍ਹਵੀਂ ਪੜ੍ਹੋ)
ਪਦਾਰਥ = ਫੁਰਮਾਨੁ–ਹੁਕਮ। ਸਿਰੈ ਊਪਰਿ–ਸਿਰ ਉਪਰ (ਸਿਰ ਮੱਥੇ ਤੇ)। ਫਿਰਿ–ਮੁੜ ਕੇ। ਦਰੀਆ–ਸਮੁੰਦਰ। ਕਰੀਆ–ਮਲਾਹ (ਗੁਰੂ)। ਤੁਝੈ ਤੇ–ਤੇਰੇ ਤੋਂ; ਤੈਥੋਂ। ਨਿਸਤਾਰ–(ਸੰਸਾਰ ਸਾਗਰ ਤੋਂ) ਪਾਰ ਉਤਾਰਾ।੧। ਬੰਦੇ–ਹੇ ਬੰਦੇ!। ਇਕਤਿਆਰ ਕਰ–ਧਾਰਣ ਕਰ ;ਇਖਤਿਆਰ; ਪ੍ਰਵਾਨ ਕਰ। ਧਰਉ–(ਭਾਵੇਂ) ਧਰੇ (ਕਰੇ)। ਰੋਸੁ–ਗੁੱਸਾ। ਕਿ–ਜਾਂ।੧। ਰਹਾਉ। ਆਧਾਰੁ–ਆਸਰਾ। ਫੂਲੁ–ਕਮਲ ਦਾ ਫੁੱਲ। ਜਈ ਹੈ–ਜੀਓ ਪੈਂਦਾ ਹੈ; ਜੰਮੇ (ਪੁੱਤ ਨੂੰ ਦੇਖ ਕੇ); ਖਿੜ ਜਾਂਦਾ ਹੈ; ਖੁਸ਼ ਹੁੰਦੀ ਹੈ। ਫੂਲੁ ਜਈ–ਫੁੱਲ ਜਾਯਾ (ਫੁੱਲ ਦੀ ਮਾਂ ਬੇਲ) ਮ.ਕੋ.। ਨਾਰਿ–ਪਾਣੀ ਵਿਚ; ਇਸਤ੍ਰੀ। ਗੁਲਾਮੁ–(ਮੁੱਲ ਖ੍ਰੀਦਿਆ) ਸੇਵਕ। ਜੀਆਇ–ਜਿਉਂਦਾ ਰੱਖ। ਭਾਵੈ–ਭਾਵੇਂ।੨।੧੮।੬੯।
ਗਉੜੀ ॥ ਲਖ ਚਉਰਾਸੀਹ ਜੀਅ ਜੋਨਿ ਮਹਿ, ਭ੍ਰਮਤ ਨੰਦੁ ਬਹੁ ਥਾਕੋ ਰੇ ॥ ਭਗਤਿ ਹੇਤਿ ਅਵਤਾਰੁ ਲੀਓ ਹੈ, ਭਾਗੁ ਬਡੋ ਬਪੁਰਾ ਕੋ ਰੇ ॥੧॥ ਤੁਮ ਜੁ ਕਹਤ ਹਉ ਨੰਦ ਕੋ ਨੰਦਨੁ ,ਨੰਦ ਸੁ ਨੰਦਨੁ ਕਾ ਕੋ ਰੇ ॥ ਧਰਨਿ ਅਕਾਸੁ ਦਸੋ ਦਿਸ ਨਾਹੀ, ਤਬ ਇਹੁ ਨੰਦੁ ਕਹਾ ਥੋ ਰੇ ॥੧॥ਰਹਾਉ॥ ਹੇ ਭਾਈ! (ਤੁਸੀਂ ਲੋਕ ਕਹਿੰਦੇ ਹੋ ਕਿ ਨੰਦ ਨੇ ਪਿਛਲੇ ਜਨਮਾਂ ਵਿਚ ਭਗਤੀ ਕੀਤੀ ਕਿ ਭਗਵਾਨ ਮੇਰੇ ਘਰ ਜਨਮ ਲਵੇ। ਗੁਆਲਾ) ਨੰਦ ਚੁਰਾਸੀ ਲੱਖ ਜੀਵਾਂ ਦੀਆਂ ਜੋਨੀਆਂ ਵਿਚ ਭਟਕਦਾ ਫਿਰਦਾ ਬਹੁਤ ਥੱਕ ਗਿਆ ਸੀ।(ਹੁਣ ਇਸ ਨੰਦ) ਵਿਚਾਰੇ ਦਾ ਵੱਡਾ ਭਾਗ ਸੀ (ਜਿਸ ਦੀ) ਭਗਤੀ ਦੇ ਕਾਰਣ ਭਾਵ ਭਗਤੀ ਤੇ ਖੁਸ਼ ਹੋ ਕੇ (ਕ੍ਰਿਸ਼ਨ ਜੀ ਨੇ ਇਸ ਦੇ ਘਰ) ਅਵਤਾਰ ਲਿਆ (ਲੋਕਾਂ ਦੇ ਇਸ ਦਾਹਵੇ ਦਾ ਖੰਡਨ ਹੈ ਕਿ ਜਸ਼ੋਧਾਂ ਦੇ ਘਰ ਭਗਵਾਨ ਜਨਮਿਆ। ਜਸ਼ੋਧਾਂ ਦਾ ਪਤੀ ਨੰਦ ਸੀ, ਇਨ੍ਹਾਂ ਨੇ ਕ੍ਰਿਸ਼ਨ ਜੀ ਨੂੰ ਪਾਲਿਆ ਸੀ, ਜਿਸ ਕਰਕੇ ਨੰਦ ਕ੍ਰਿਸ਼ਨ ਜੀ ਦਾ ਪਿਤਾ ਸਮਝਿਆ ਜਾਂਦਾ ਹੈ। ਅਸਲ ਮਾਤਾ ਦੇਵਕੀ ਤੇ ਪਿਤਾ ਵਾਸਦੇਵ ਸੀ) ।੧। ਤੁਸੀ ਜੋ (ਕ੍ਰਿਸ਼ਨ ਭਗਵਾਨ ਨੂੰ) ਨੰਦ ਦਾ ਪੁਤ੍ਰ ਕਹਿੰਦੇ ਹੋ, ਹੇ ਭਾਈ! (ਤੁਸੀਂ ਦੱਸੋ) ਉਹ ਨੰਦ ਕਿਸ ਦਾ ਪੁਤ੍ਰ ਸੀ? (ਜਦ ਇਹ) ਧਰਤੀ, ਅਕਾਸ਼ ਤੇ ਦਸੇ ਦਿਸ਼ਾਵਾਂ ਨਹੀਂ ਸਨ, ਹੇ ਭਾਈ! ਉਦੋਂ ਇਹ ਨੰਦ (ਜਿਸ ਨੂੰ ਤੁਸੀਂ ਭਗਵਾਨ ਦਾ ਪਿਤਾ ਆਖਦੇ ਹੋ) ਕਿਥੇ ਸੀ?।੧। ਰਹਾਉ।(ਗੁਆਲੇ ਨੰਦ ਨੂੰ ਭਗਵਾਨ ਦਾ ਪਿਉ ਕਹਿਣਾ ਬਹੁਤ ਵੱਡੀ ਭੁੱਲ ਹੈ)।

www.gurugranthvakhyaan.org

All Rights Reserved by Harjinder Singh Gyani | www.GuruGranthVakhyaan.org

ਅੰਗ ੩੩੯ = ਸੰਕਟਿ ਨਹੀ ਪਰੈ ਜੋਨਿ ਨਹੀ ਆਵੈ, ਨਾਮੁ ਨਿਰੰਜਨ ਜਾ ਕੋ ਰੇ ॥ ਕਬੀਰ ਕੋ ਸੁਆਮੀ ਐਸੋ ਠਾਕੁਰੁ ,ਜਾ ਕੈ ਮਾਈ ਨ ਬਾਪੋ ਰੇ ॥੨॥੧੯॥੭੦॥ ਹੇ ਭਾਈ! ਜਿਸ ਪ੍ਰਭੂ ਦਾ ਨਾਮ ਮਾਇਆ ਤੋਂ ਰਹਿਤ ਹੈ, ਉਹ ਸੰਕਟ ਵਿਚ ਨਹੀਂ ਪੈਂਦਾ ਤੇ ਨਾ ਹੀ ਜੋਨੀਆਂ ਵਿਚ ਆਉਂਦਾ ਹੈ।ਕਬੀਰ ਦਾ ਪੂਜਨੀਕ ਮਾਲਕ ਐਸਾ ਹੈ, ਜਿਸ ਦਾ ਨਾ ਕੋਈ ਮਾਂ ਹੈ ਤੇ ਨਾ ਕੋਈ ਬਾਪ ਹੈ।੨।੧੯।੭੦।
ਪਦਾਰਥ = ਜੀਅ ਜੋਨਿ ਮਹਿ–ਜੀਵਾਂ ਦੀਆਂ ਜੋਨੀਆਂ ਵਿਚ।ਭ੍ਰਮਤ–ਭਟਕਦਾ ਫਿਰਦਾ।ਬਹੁ–ਬਹੁਤ।ਥਾਕੋ–ਥੱਕ ਗਿਆ।ਰੇ–ਹੇ ਭਾਈ !।ਭਗਤਿ ਹੇਤਿ–(ਨੰਦ ਦੀ ਕੀਤੀ) ਭਗਤੀ ਦੇ ਕਾਰਨ।ਅਵਤਾਰੁ–ਜਨਮ।ਬਪੁਰਾ ਕੋ–ਵਿਚਾਰੇ ਦਾ।੧।ਕਹਤ ਹਉ–ਕਹਿੰਦੇ ਹੋ।ਨੰਦਨੁ –ਪੁਤ੍ਰ।ਸੁ–ਉਹ।ਕਾ ਕੋ–ਕਿਸ ਦਾ।ਧਰਨਿ–ਧਰਤੀ।ਦਸੋ ਦਿਸ–ਦਸੇ ਦਿਸ਼ਾਵਾਂ (ਸਾਰਾ ਜਗਤ)।ਕਹਾ–ਕਿੱਥੇ।ਥੋ–ਸੀ।੧।ਰਹਾਉ। ਨਹੀ ਪਰੈ–ਨਹੀਂ ਪੈਂਦਾ।ਨਿਰੰਜਨ–ਮਾਇਆ ਤੋਂ ਰਹਿਤ।ਜਾ ਕੋ–ਜਿਸ ਦਾ।ਸੁਆਮੀ–ਮਾਲਕ।ਠਾਕੁਰੁ–ਪੂਜਨੀਕ।੨।੧੯।੭੦।
ਗਉੜੀ ॥ ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥ ਨਿੰਦਾ ਜਨਮ ਕਉ ਖਰੀ ਪਿਆਰੀ ॥ ਨਿੰਦਾ ਬਾਪੁ ਨਿੰਦਾ ਮਹਤਾਰੀ ॥੧॥ਰਹਾਉ ॥ ਨਿੰਦਾ ਹੋਇ ਤ ਬੈਕੁੰਠਿ ਜਾਈਐ ॥ ਨਾਮੁ ਪਦਾਰਥੁ ਮਨਹਿ ਬਸਾਈਐ ॥ ਰਿਦੈ ਸੁਧ ਜਉ ਨਿੰਦਾ ਹੋਇ ॥ ਹਮਰੇ ਕਪਰੇ ਨਿੰਦਕੁ ਧੋਇ ॥੧॥ ਨਿੰਦਾ ਕਰੈ ਸੁ ਹਮਰਾ ਮੀਤੁ ॥ ਨਿੰਦਕ ਮਾਹਿ ਹਮਾਰਾ ਚੀਤੁ ॥ ਨਿੰਦਕੁ ਸੋ ਜੋ ਨਿੰਦਾ ਹੋਰੈ ॥ ਹਮਰਾ ਜੀਵਨੁ ਨਿੰਦਕੁ ਲੋਰੈ ॥੨॥ ਨਿੰਦਾ ਹਮਰੀ ਪ੍ਰੇਮ ਪਿਆਰੁ ॥ ਨਿੰਦਾ ਹਮਰਾ ਕਰੈ ਉਧਾਰੁ ॥ ਜਨ ਕਬੀਰ ਕਉ ਨਿੰਦਾ ਸਾਰੁ ॥ ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥੨੦॥੭੧॥ (ਹੇ ਭਾਈ! ਕੋਈ ਮਨੁੱਖ) ਮੈਨੂੰ ਨਿੰਦੀ ਜਾਵੇ, (ਉਹ ਪਿਆ) ਨਿੰਦਿਆ ਕਰੇ, ਜਗਤ (ਸਾਰਾ ਬੇਸ਼ਕ ਮੇਰੀ) ਨਿੰਦਿਆ ਕਰੀ ਜਾਵੇ।(ਕਿਉਂਕਿ ਰੱਬ ਦੇ) ਸੇਵਕਾਂ ਨੂੰ ਨਿੰਦਿਆ ਬਹੁਤ ਪਿਆਰੀ ਲਗਦੀ ਹੈ।(ਪ੍ਰਭੂ ਦੇ ਸੇਵਕਾਂ ਲਈ) ਨਿੰਦਿਆ ਬਾਪ ਹੈ ਤੇ ਨਿੰਦਿਆ ਹੀ ਮਾਂ ਹੈ (ਕਿਉਂਕਿ ਮਾਪੇ ਬਚਿਆਂ ਦੇ ਔਗੁਣਾਂ ਦਾ ਸੁਧਾਰ ਕਰਦੇ ਹਨ)।੧।ਰਹਾਉ।(ਨਿੰਦਿਆ ਚੰਗੀ ਕਿਉਂ ਲਗਦੀ ਹੈ?) ਨਿੰਦਿਆ ਹੋਵੇ ਤਾਂ ਬੈਕੁੰਠ ਵਿਚ ਜਾਈਦਾ ਹੈ।(ਕੀ ਨਿੰਦਿਆ ਕਰਾਉਣ ਕਰਕੇ ਬੈਕੁੰਠ ਜਾਈਦਾ ਹੈ? ਨਿੰਦਾ ਹੋਣ ਤੇ ਮਨੁੱਖ ਅਪਣਾ ਸੁਧਾਰ ਕਰ ਲੈਂਦਾ ਹੈ।ਅਤੇ) ਨਾਮ ਪਦਾਰਥ ਮਨ ਵਿਚ ਵਸਾ ਲਿਆ ਜਾਂਦਾ ਹੈ।(ਸਾਡਾ) ਦਿਲ ਸ਼ੁੱਧ ਹੋਣ ਤੇ ਵੀ ਜੇ ਨਿੰਦਾ ਹੁੰਦੀ ਹੈ (ਤਾਂ ਕੋਈ ਹਰਜ ਨਹੀਂ।ਸੱਗੋਂ) ਨਿੰਦਕ ਨੁਕਸ ਕਢ ਕੇ (ਸਾਡੇ) ਕਪੜੇ ਧੋਂਦਾ ਹੈ।੧।(ਜਿਹੜਾ ਮਨੁੱਖ ਸਾਡੀ) ਨਿੰਦਿਆ ਕਰਦਾ ਹੈ, ਉਹ ਸਾਡਾ ਮਿਤ੍ਰ ਹੈ (ਕਿਉਂਕਿ ਉਹ ਸਾਡੇ ਨੁਕਸ ਦਸਦਾ ਹੈ)।ਸਾਡਾ ਚਿੱਤ ਨਿੰਦਕ ਵਿਚ ਲੱਗਾ ਰਹਿੰਦਾ ਹੈ (ਕਿ ਹੋਰ ਨੁਕਸ ਦੱਸੇ, ਜਿਸਦਾ ਅਸੀਂ ਸੁਧਾਰ ਕਰ ਲਈਏ।ਅਸਲੀ) ਨਿੰਦਕ ਉਹ ਹੈ, ਜੋ ਸਾਡੀ ਹੁੰਦੀ ਨਿੰਦਾ ਨੂੰ ਰੋਕਦਾ ਹੈ (ਨਿੰਦਕ ਦੇ ਦੱਸੇ ਔਗੁਣ ਦਾ ਅਸੀਂ ਸੁਧਾਰ ਕਰ ਲਿਆ, ਸੁਧਾਰ ਮਗਰੋਂ ਕੋਈ ਹੋਰ ਦੂਜਾ ਸਾਡੀ ਨਿੰਦਾ ਨਹੀਂ ਕਰੇਗਾ।ਇਉਂ ਨਿੰਦਕ ਨਿੰਦਾ ਫੈਲਣ ਨੂੰ ਰੋਕਦਾ ਹੈ)। ਨਿੰਦਕ ਸਾਡੇ ਜੀਵਨ ਨੂੰ (ਇਖਲਾਕੀ ਤੇ ਰੁਹਾਨੀ) ਬਣਾਉਣਾ ਚਾਹੁੰਦਾ ਹੈ।੨।(ਇਸ ਕਰਕੇ ਜਿਸਦਾ ਸਾਡੀ) ਨਿੰਦਾ ਕਰਨ ਵਿਚ ਪ੍ਰੇਮ ਹੈ, (ਉਸ ਨਿੰਦਕ ਨਾਲ) ਸਾਡਾ ਪਿਆਰ ਹੈ {ਨਿੰਦਕ ਨਿੰਦੈ ਮੁਝੈ ਪਿਆਰਾ ੧੩੩੦}।(ਕਿਉਂਕਿ) ਨਿੰਦਾ ਸਾਡਾ ਉਧਾਰ ਕਰਦੀ ਹੈ। ਦਾਸ ਕਬੀਰ ਨੂੰ ਨਿੰਦਿਆ ਹੁੰਦੀ ਚੰਗੀ ਲਗਦੀ ਹੈ (ਤਾਂ ਜੋ ਨਿੰਦਾ ਸੁਣ ਕੇ ਔਗੁਣ ਦੂਰ ਕਰਦੇ ਰਹੀਏ)।ਨਿੰਦਕ (ਨਿੰਦਿਆ ਕਰਦਾ ਸੰਸਾਰ ਸਮੁੰਦਰ ਵਿਚ) ਡੁਬ ਗਿਆ ਹੈ ਤੇ ਅਸੀਂ (ਸੰਸਾਰ ਸਮੁੰਦਰ ਤੋਂ) ਪਾਰ ਉਤਰ ਗਏ ਹਾਂ।੩।੨੦।੭੧।
ਪਦਾਰਥ = ਮੋਕਉ–ਮੈਨੂੰ।ਲੋਗੁ–ਜਗਤ।ਜਨ ਕਉ–ਸੇਵਕਾਂ ਨੂੰ।ਖਰੀ–ਬਹੁਤ।ਮਹਤਾਰੀ–ਮਾਂ।੧।ਰਹਾਉ।ਬੈਕੁੰਠਿ–ਵਿਸ਼ਨੂ ਦੀ ਪੁਰੀ (ਸੱਚਖੰਡ) ਵਿਚ।ਮਨਹਿ–ਮਨ ਵਿਚ।ਸੁਧ–ਸਾਫ; ਪਵਿਤ੍ਰ।ਜਉ–ਜੇ।੧।ਸੁ–ਉਹ।ਮੀਤ–ਮਿਤ੍ਰ।ਹੋਰੈ–ਰੋਕਦਾ ਹੈ।ਲੋਰੈ–ਚਾਹੁੰਦਾ ਹੈ। ੨।ਉਧਾਰੁ–ਬਚਾਉ।ਸਾਰੁ–ਸ੍ਰੇਸਟ; ਚੰਗੀ।ਉਤਰੇ ਪਾਰਿ–ਪਾਰ ਲੰਘ ਗਏ।੩।੨੦।੭੧।
ਰਾਜਾ ਰਾਮ ਤੂੰ ਐਸਾ ਨਿਰਭਉ ,ਤਰਨ ਤਾਰਨ ਰਾਮ ਰਾਇਆ ॥੧॥ਰਹਾਉ॥ ਜਬ ਹਮ ਹੋਤੇ ਤਬ ਤੁਮ ਨਾਹੀ, ਅਬ ਤੁਮ ਹਹੁ ਹਮ ਨਾਹੀ ॥ ਅਬ ਹਮ ਤੁਮ ਏਕ ਭਏ ਹਹਿ, ਏਕੈ ਦੇਖਤ ਮਨੁ ਪਤੀਆਹੀ ॥੧॥ ਜਬ ਬੁਧਿ ਹੋਤੀ ਤਬ ਬਲੁ ਕੈਸਾ, ਅਬ ਬੁਧਿ ਬਲੁ ਨ ਖਟਾਈ ॥ ਕਹਿ ਕਬੀਰ ਬੁਧਿ ਹਰਿ ਲਈ ਮੇਰੀ, ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥ ਹੇ ਪ੍ਰਕਾਸ਼ ਸਰੂਪ ਵਾਹਿਗੁਰੂ! ਤੁਸੀਂ ਐਸੇ ਨਿਰਭਉ ਹੋ, (ਅਪਣੇ ਭਗਤਾਂ ਨੂੰ ਸੰਸਾਰ ਸਮੁੰਦਰ ਤੋਂ) ਤਾਰਨ ਲਈ ਜਹਾਜ ਰੂਪ ਹੋ ਅਤੇ ਸਭ ਜਗ੍ਹਾ ਰਮ ਰਹੇ ਪ੍ਰਕਾਸ਼ ਸਰੂਪ ਹੋ।੧।ਰਹਾਉ।ਜਦ ਅਸੀਂ ਮੈਂ ਮੇਰੀ ਕਰਦੇ (ਹੰਕਾਰ ਸਹਿਤ) ਹੁੰਦੇ ਸੀ, ਉਦੋਂ ਤੁਸੀਂ (ਮੇਰੇ ਅੰਦਰ ਅਨੁਭਵ) ਨਹੀਂ ਸੀ ਹੁੰਦੇ, ਹੁਣ ਮੇਰੇ ਅੰਦਰ ਤੁਸੀਂ ਵਸ ਗਏ ਹੋ ਤਾਂ ਅਸੀਂ ਰਹੇ ਹੀ ਨਹੀਂ ਭਾਵ ਮੈਂ ਮੇਰੀ ਮਿਟ ਗਈ {ਜਬ ਹਮ ਹੋਤੇ ਤਬ ਤੂ ਨਾਹੀ, ਅਬ ਤੂਹੀ ਮੈ ਨਾਹੀ ੬੫੭}।ਹੁਣ ਤੁਸੀਂ ਅਤੇ ਅਸੀਂ ਇਕ ਰੂਪ ਹੋ ਗਏ ਹਾਂ, (ਇਸ) ਇਕ ਸਰੂਪਤਾ ਨੂੰ ਦੇਖਦਿਆਂ ਮਨ ਪਤੀਜ (ਮਨ ਪ੍ਰਸੰਨ ਹੋ)

www.gurugranthvakhyaan.org

ਗਿਆ; ਇਕ ਤੈਨੂੰ ਦੇਖ ਕੇ ਮਨ ਮੰਨ ਗਿਆ (ਤੂੰ ਹੀ ਤੂੰ ਹੈ, ਤੈਥੋਂ ਵਖਰਾ ਕੁਛ ਵੀ ਨਹੀਂ।੧।ਹੇ ਪ੍ਰਭੂ!) ਜਦ ਤਕ (ਸਾਡੇ ਵਿਚ ਅਪਣੀ ਹਉਂ ਵਾਲੀ) ਬੁੱਧੀ ਹੁੰਦੀ ਸੀ, ਤਦੋਂ (ਸਾਡੇ ਵਿਚ ਆਤਮਕ) ਬਲ ਕਿਸ ਤਰ੍ਹਾਂ ਆ ਸਕਦਾ ਸੀ? ਹੁਣ ਬਿਬੇਕ ਬੁੱਧੀ ਪ੍ਰਗਟ ਹੋਈ ਹੈ, (ਇਸ ਦੇ ਅੱਗੇ) ਮਾਇਕ ਬਲ ਨਹੀਂ ਟਿਕ ਸਕਦਾ (ਮਾਇਕ ਬਲ ਦਾ ਜੋਰ ਨਹੀ ਚਲਦਾ)।ਕਬੀਰ ਜੀ ਆਖਦੇ ਹਨ ਕਿ (ਹਰੀ ਨੇ) ਮੇਰੀ ਹਉਮੈ ਵਾਲੀ ਬੁਧੀ ਦੂਰ ਕਰ ਦਿਤੀ ਹੈ, ਬੁੱਧੀ ਬਦਲ ਗਈ ਤੇ (ਅਸੀਂ) ਪੂਰਨਤਾ ਪਾ ਲਈ ਹੈ।੨।੨੧।੭੨।

ਪਦਾਰਥ = ਰਾਜਾ ਰਾਮ-ਪ੍ਰਕਾਸ਼ ਸਰੂਪ ਪ੍ਰਭੂ।ਤਰਨ-ਜਹਾਜ ਰੂਪ।ਤਾਰਨ-ਤਾਰਨ ਲਈ।ਰਾਮ ਰਾਇਆ-ਸਭ ਵਿਵ ਰਮ ਰਿਹਾ ਪ੍ਰਭੂ ਪਾਤਸ਼ਾਹ।੧।ਰਹਾਉ।ਜਬ-ਜਦੋਂ।ਹਮ-ਹੰਕਾਰ।ਹੋਤੇ-ਹੁੰਦੇ ਸੀ।ਤਬ-ਉਦੋਂ।ਅਬ-ਹੁਣ।ਹਹੁ-ਹੋ।ਭਏ ਹਹਿ-ਹੋਏ ਹਾਂ।ਪਤੀਆਹੀ -ਪਤੀਜ ਗਿਆ; ਵਿਸ਼ਵਾਸ ਵਾਲਾ ਹੋ ਗਿਆ।੧।ਬਲੁ-ਆਤਮਕ ਤਾਕਤ।ਕੈਸਾ-ਕਿਸ ਤਰ੍ਹਾਂ; ਕਿਵੇਂ।ਨ ਖਟਾਈ-ਨਹੀਂ ਟਿਕੀ ਰਹੀ। ਹਰਿ ਲਈ-ਖੋਹ ਲਈ (ਦੂਰ ਕਰ ਦਿਤੀ); ਹਰੀ ਨੇ ਲੈ ਲਈ।ਸਿਧਿ-ਸੱਚ ਨੂੰ ਅਨੁਭਵ ਕਰਨ ਵਾਲੀ ਬੁੱਧੀ; ਪੂਰਨਤਾ।੨।੨੧।੭੨।

ਵਿਆਖਿਆ = ਜਦ ਮੈਂ ਮੇਰੀ ਵਾਲੀ ਹਉਮੈ ਕੰਮ ਕਰਦੀ ਸੀ, ਤਦੋਂ ਹੇ ਵਾਹਿਗੁਰੂ! ਤੂੰ ਵੀ ਮੇਰੀ ਮੈਂ ਦੇ ਪੜਦਿਆਂ ਦੇ ਅੰਦਰ ਵਿਆਪਕ ਰੂਪ ਵਿਚ ਮੌਜੂਦ ਸੀ।ਪਰ ਮੇਰੀ ਸਮਝ ਵਿਚ ਨਹੀਂ ਸੀ ਪੈਂਦਾ ਕਿ ਤੂੰ ਮੇਰੇ ਅੰਦਰ ਮੌਜੂਦ ਹੈਂ, ਇਉਂ ਪ੍ਰਤੀਤ ਹੁੰਦਾ ਸੀ ਕਿ ਤੂੰ ਮੇਰੇ ਅੰਦਰ ਹੈ ਹੀ ਨਹੀਂ, ਕੇਵਲ ਮੈਂ ਹੀ ਮੈਂ ਹਾਂ।ਹੁਣ ਜਦ ਰਾਮ ਨਾਮ ਦਾ ਸਿਮਰਨ ਕਰਕੇ ਮੈਂ ਮੇਰੀ ਦੂਰ ਹੋਈ, ਤਾਂ ਆਪਾ ਭਾਵ ਮਿਟ ਗਿਆ, ਹੁਣ ਤੂੰ ਹੀ ਤੂੰ ਨਜਰ ਆਉਂਦਾ ਹੈਂ {ਜਬ ਆਪਾ ਪਰ ਕਾ ਮਿਟਿ ਗਇਆ, ਜਤ ਦੇਖਉ ਤਤ ਤੂ ੧੩੭੫}।ਉਦੋਂ ਸਾਡੇ ਵਿਚਕਾਰ ਹਉਮੈ ਦਾ ਪੜਦਾ ਸੀ, ਉਹ ਪੜਦਾ ਦੂਰ ਹੋ ਗਿਆ, ਹੁਣ ਅਸੀਂ ਦੋਵੇਂ ਇਕ ਹੋ ਗਏ ਹਾਂ।

ਗਉੜੀ ॥ ਖਟ ਨੇਮ ਕਰਿ ਕੋਠੜੀ ਬਾਂਧੀ, ਬਸਤੁ ਅਨੂਪੁ ਬੀਚ ਪਾਈ ॥ ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ, ਕਰਤੇ ਬਾਰ ਨ ਲਾਈ ॥੧ ॥ ਅਬ ਮਨ ਜਾਗਤ ਰਹੁ ਰੇ ਭਾਈ ॥ ਗਾਫਲੁ ਹੋਇ ਕੈ ਜਨਮੁ ਗਵਾਇਓ, ਚੋਰੁ ਮੁਸੈ ਘਰੁ ਜਾਈ ॥੧॥ਰਹਾਉ॥ ਪੰਚ ਪਹਰੂਆ ਦਰ ਮਹਿ ਰਹਤੇ, ਤਿਨ ਕਾ ਨਹੀ ਪਤੀਆਰਾ ॥ ਚੇਤਿ ਸੁਚੇਤ ਚਿਤ ਹੋਇ ਰਹੁ ,ਤਉ ਲੈ ਪਰਗਾਸੁ ਉਜਾਰਾ ॥੨॥ ਨਉ ਘਰ ਦੇਖਿ ਜੁ ਕਾਮਨਿ ਭੂਲੀ, ਬਸਤੁ ਅਨੂਪ ਨ ਪਾਈ ॥ ਕਹਤੁ ਕਬੀਰ ਨਵੈ ਘਰ ਮੂਸੇ, ਦਸਵੈਂ ਤਤੁ ਸਮਾਈ ॥੩॥੨੨॥੭੩॥ (ਵਾਹਿਗੁਰੂ ਨੇ) ਛੇ ਚੱਕਰ ਬਣਾ ਕਰਕੇ ਮਨੁੱਖਾ ਦੇਹ (ਰੂਪ ਕੋਠੜੀ) ਰਚ ਦਿਤੀ ਹੈ, (ਇਸ ਦੇ) ਵਿਚ ਅੱਤ ਸੁੰਦਰ ਵਸਤੂ (ਜੀਵਨ ਜੋਤ) ਪਾਈ ਹੈ।(ਇਸ ਕੋਠੜੀ ਦੇ ਬੂਹਿਆਂ ਦਾ) ਜੰਦਾ ਕੁੰਜੀ ਪ੍ਰਾਣਾਂ ਨੂੰ ਬਣਾ ਰੱਖਿਆ ਹੈ (ਕੁੰਜੀ ਇਸ ਦੇ ਵਿਚੇ ਹੀ ਹੈ।ਛੇ ਚੱਕਰਾਂ ਨੂੰ ਪ੍ਰਾਣਾਂ ਰਾਹੀ ਖੋਲ੍ਹੀਦਾ ਹੈ); ਜੰਦੇ ਕੁੰਜੀ ਵਾਂਗ ਪ੍ਰਾਣ ਰਾਖੇ ਬਣਾਏ ਹੋਏ ਹਨ (ਇਸ ਦੇ ਰਚਨ ਵਿਚ) ਕਰਤਾਰ ਨੇ ਦੇਰ ਨਹੀਂ ਲਾਈ।੧।ਹੇ ਭਾਈ ਮਨ! ਹੁਣ (ਤੂੰ ਸਰੀਰ ਰੂਪ ਕੋਠੜੀ ਵਿਚ) ਜਾਗਦਾ ਰਹੁ।ਬੇ ਖਬਰ ਹੋ ਕੇ ਤੈਂ ਮਨੁੱਖਾ ਜਨਮ ਅਜਾਈਂ ਗੁਆ ਲਿਆ, (ਗਾਫਲ ਹੋਏ ਮਨੁੱਖਾਂ ਦੇ) ਘਰ ਨੂੰ ਕਾਮਾਦਿਕ ਚੋਰ ਜਾ ਕੇ ਲੁੱਟ ਲੈਂਦਾ ਹੈ; (ਪੰਜ ਕਾਮਾਦਿਕ) ਚੋਰ ਘਰ ਨੂੰ ਲੁੱਟੀ ਜਾਂਦੇ ਹਨ।੧।ਰਹਾਉ।ਪੰਜ (ਗਿਆਨ ਇੰਦ੍ਰੇ ਤੇਰੇ ਘਰ ਦੇ) ਦਰਵਾਜੇ ਵਿਚ ਪਹਿਰੇਦਾਰ ਰਹਿੰਦੇ ਹਨ, (ਪਰ) ਉਨ੍ਹਾਂ ਦਾ ਕੋਈ ਭਰੋਸਾ ਨਹੀਂ।(ਹੇ ਭਾਈ! ਤੂੰ ਪ੍ਰਭੂ ਨੂੰ) ਯਾਦ ਕਰਕੇ ਸਾਵਧਾਨ ਚਿਤ ਵਾਲਾ ਹੋਇਆ ਰਹੁ (ਚੋਰਾਂ ਤੋਂ ਬਚ ਕੇ ਰਹਿ, ਤੂੰ) ਤਦ ਪ੍ਰਕਾਸ਼ ਸਰੂਪ ਪ੍ਰਮਾਤਮਾ ਦਾ ਗਿਆਨ ਪ੍ਰਾਪਤ ਕਰ ਲਵੇਂਗਾ ।੨।ਜਿਹੜੀ ਜੀਵ ਇਸਤ੍ਰੀ ਨੌਂ ਗੋਲਕਾਂ (ਨੱਕ ਮੂੰਹ ਆਦਿ) ਵਾਲੇ ਸਰੀਰ ਨੂੰ ਦੇਖ ਕੇ ਹਰੀ ਨੂੰ ਭੁੱਲ ਗਈ ਹੈ, (ਉਸ ਨੇ ਅੰਦਰੋਂ) ਸੁੰਦਰ ਜੀਵਨ ਜੋਤ ਰੂਪ ਵਸਤੂ ਪ੍ਰਾਪਤ ਨਹੀਂ ਕੀਤੀ।ਕਬੀਰ ਸਾਹਿਬ ਕਹਿੰਦੇ ਹਨ (ਕਿ ਜਿਸ ਨੇ) ਨੌਂ ਘਰ ਵਸ ਵਿਚ ਕਰ ਲਏ ਹਨ, (ਉਸ ਨੂੰ) ਦਸਮ ਦੁਆਰ ਵਿਚ ਤੱਤ ਸਰੂਪ ਪ੍ਰਭੂ ਲੱਭ ਪਿਆ ਹੈ; (ਬੇਸ਼ਕ ਚੋਰ) ਨੌਂ ਘਰਾਂ ਨੂੰ ਲੁੱਟ ਲੈਂਦੇ ਹਨ, (ਪਰ) ਤੱਤ ਵਸਤੂ ਦਸਵੇਂ ਘਰ ਵਿਚ ਟਿਕੀ ਹੋਈ ਹੈ (ਉਸ ਨੂੰ ਕੋਈ ਨਹੀਂ ਲੁੱਟ ਸਕਦਾ, ਉਸ ਨੂੰ ਲੱਭੋ)।੩।੨੨।੭੩।

ਪਦਾਰਥ = ਕੋਠੜੀ-ਦੇਹ ਰੂਪ ਘਰ।ਬਾਂਧੀ-ਬਣਾਈ।ਬਸਤੁ-(ਆਤਮ) ਵਸਤੂ।ਅਨੂਪੁ-(ਜਿਸ ਦੀ ਉਪਮਾ ਨਹੀਂ ਹੋ ਸਕਦੀ) ਸੁੰਦਰ। ਬੀਚ-ਵਿਚ।ਕੁੰਜੀ-(ਪ੍ਰਾਣ ਰੂਪ; ਆਤਮ ਵਿਦਿਆ ਰੂਪ) ਚਾਬੀ।ਕੁਲਫ (ਅ.)-ਜਿੰਦਾ (ਚੱਕਰ ਰੂਪ ਜੰਦੇ ਨੂੰ ਖੋਲ੍ਹਣ ਲਈ ਪ੍ਰਾਣ ਕੁੰਜੀ ਹਨ)।ਕਰਿ ਰਾਖੇ-ਬਣਾ ਰੱਖਿਆ; ਰਖਵਾਲੇ ਬਣਾਏ।ਕਰਤੇ-ਕਰਤਾ ਪੁਰਖ ਨੇ।ਬਾਰ-ਦੇਰ।੧।ਗਾਫਲੁ-ਬੇ ਖਬਰ; ਬੇ ਪ੍ਰਵਾਹ।ਚੋਰੁ-ਕਾਮਾਦਿਕ ਚੋਰ।ਮੁਸੈ-ਲੁੱਟਦੇ ਹਨ।ਜਾਈ-ਜਾ ਕੇ।੧।ਰਹਾਉ।ਪੰਚ ਪਹਰੂਆ-ਪੰਜ ਪਹਿਰੇਦਾਰ (ਗਿਆਨ ਇੰਦ੍ਰੇ-ਅੱਖ ਕੰਨ ਤੁਚਾ ਜੀਭ ਤੇ ਨੱਕ)।ਦਰ ਮਹਿ-ਦਰਵਾਜੇ ਵਿਚ।ਰਹਤੇ-ਰਹਿੰਦੇ ਹਨ।ਤਿਨ ਕਾ-ਉਨ੍ਹਾਂ (ਪੰਜ ਪਹਿਰੇਦਾਰਾਂ) ਦਾ।ਪਤੀਆਰਾ-ਭਰੋਸਾ।ਚੇਤਿ -ਯਾਦ ਕਰ।ਸੁਚੇਤ ਚਿਤ-ਸਾਵਧਾਨ ਚਿਤ ਵਾਲਾ ਹੋ ਕੇ।ਤਉ-ਤਦ।ਪਰਗਾਸੁ ਉਜਾਰਾ-ਪ੍ਰਕਾਸ਼ ਸਰੂਪ ਪ੍ਰਭੂ ਦਾ ਗਿਆਨ ਰੂਪ ਚਾਨਣ ।੨।ਨਉ ਘਰ-ਨੌਂ ਗੋਲਕਾਂ (ਦੋ ਕੰਨ. ਦੋ ਅੱਖਾਂ, ਦੋ ਨਾਸਾਂ, ਮੂੰਹ, ਇੰਦ੍ਰੀ ਤੇ ਗੁਦਾ)।ਜੁ-ਜਿਹੜੀ।ਕਾਮਨਿ-ਜੀਵ ਇਸਤ੍ਰੀ; ਬੁੱਧੀ

www.GuruGranthVakhyaan.org

ਰੂਪ ਇਸਤ੍ਰੀ। ਨਵੈ ਘਰ ਮੁਸੇ–ਨੌਂ ਘਰ ਲੁੱਟ (ਵਸ ਵਿਚ ਕਰ) ਲਏ। ਦਸਵੈਂ–ਦਸਮ ਦੁਆਰ (ਗਿਆਨ ਅਵਸਥਾ ਵਿਚ)। ਤਤੁ–ਆਤਮ ਤੱਤ; ਆਤਮ ਜੋਤ। ਸਮਾਈ–ਪ੍ਰਾਪਤ ਹੋ ਗਿਆ; ਲੱਭ ਪਿਆ।੩।੨੨।੭੩।

ਵਿਆਖਿਆ = ਸਰੀਰ ਇਕ ਘਰ ਹੈ, ਇਸ ਦੇ ਦਸ ਦਰਵਾਜੇ ਤੇ ਛੇ ਚੱਕਰਾਂ ਦੇ ਨੀਯਮ। ਮੂਲ ਨਾਭੀ ਰਿਦਾ ਕੰਠ ਤਾਲੂ ਤੇ ਦਸਮ ਦੁਆਰ, ਇਹ ਛੇ ਇਸ ਦੇ ਥੰਮ ਚੱਕਰ ਹਨ। ਜੋਗੀ ਇਨ੍ਹਾਂ ਨੂੰ ਸਾਧ ਕੇ ਇਨ੍ਹਾਂ ਵਿਚੋਂ ਦੀ ਸੁਆਸ ਦਸਮ ਦੁਆਰ ਲਿਜਾਂਦੇ ਹਨ। ਇਕ ਚੱਕਰ ਵਿਚੋਂ ਦੀ ਸੁਆਸ ਕੱਢਣਾ ਇਕ ਨੀਯਮ ਹੁੰਦਾ ਹੈ। ਇਸ ਤਰ੍ਹਾਂ ਛੇ ਚੱਕ੍ਰਾਂ ਵਿਚੋਂ ਦੀ ਸੁਆਸਾਂ ਨੂੰ ਕੱਢਣਾ ਛੇ ਨੇਮ ਕਥਨ ਕੀਤੇ ਹਨ। ਦੂਜਾ ਅਰਥ = ਪੰਜ ਤੱਤ ਛੇਵਾਂ ਮਨ (ਸਰੀਰ ਦੀ ਰਚਨਾ ਪੰਜਾਂ ਤੱਤਾਂ ਤੋਂ ਹੋਈ ਮੰਨੀ ਜਾਂਦੀ ਹੈ ਤੇ ਜਨਮ ਮਰਣ ਵਿਚ ਪਾਉਣ ਵਾਲਾ ਮੂਲ ਕਾਰਣ ਮਨ ਹੈ। ਜੀਵ ਨੂੰ ਭਟਕਾਉਣ ਵਾਲੀਆਂ ਮਨ ਦੀਆਂ ਵਾਸਨਾਵਾਂ ਹਨ)। ਪੰਜ ਪਹਿਰੇਦਾਰਾਂ ਨੂੰ ਤੂੰ ਰਾਖੇ ਸਮਝਿਆ ਹੋਇਆ ਹੈ, ਪਰ ਇਹ ਪੰਜੇ ਤੈਨੂੰ ਨੌਂ ਗੋਲਕਾਂ ਵਿਚ ਪਰਚਾਈ ਤੇ ਰੁਝਾਈ ਰਖਦੇ ਹਨ। ਜਿਹੜੀ ਤੇਰੇ ਅੰਦਰ ਅਨੂਪ ਵਸਤੂ ਪਈ ਹੈ, ਇਹ ਪੰਜੇ ਉਸ ਦਾ ਤੈਨੂੰ ਗਿਆਨ ਹੀ ਨਹੀਂ ਹੋਣ ਦੇਂਦੇ। ਤੇਰੀ ਅਗਿਆਨਤਾ ਦੇ ਕਾਰਣ ਉਹ ਪੰਜੇ ਪਹਿਰੇਦਾਰ ਭੋਗਾਂ ਵਿਚ ਪੈ ਕੇ ਮੌਜਾਂ ਮਾਣਦੇ ਹਨ, ਇਹ ਮਾਨੋਂ ਇਸ ਕੋਠੀ ਨੂੰ ਜੰਦਾ ਲੱਗਾ ਹੋਇਆ ਹੈ। ਜੋਗੀਆਂ ਅਨੁਸਾਰ ਛੇ ਚੱਕਰਾਂ ਦੇ ਜੰਦੇ ਨੂੰ ਪ੍ਰਾਣਾਂਯਾਮ ਦੀ ਕੁੰਜੀ ਨਾਲ ਖੋਲਿਆ ਜਾਂਦਾ ਹੈ। ਪਰ ਗੁਰਮਤ ਵਿਚ ਨਾਮ ਬਾਣੀ ਦਾ ਅਭਿਆਸ ਕੁੰਜੀ ਹੈ ਤੇ ਗਿਆਨ ਅਵਸਥਾ ਜੰਦੇ ਦਾ ਖੁਲ੍ਹਣਾ ਹੈ। ਇਸ ਲਈ ਉਪਦੇਸ ਦੇਂਦੇ ਹਨ ਕਿ ਇਨ੍ਹਾਂ ਚੋਰਾਂ ਤੋਂ ਚੌਕਸ ਰਹਿ ਕੇ ਰੱਬ ਨੂੰ ਯਾਦ ਕਰ, ਫਿਰ ਤੈਨੂੰ ਅੰਦਰ ਦੀ ਵਸਤੂ ਰੱਬੀ ਜੋਤ ਦਿਸੇਗੀ।

ਗਉੜੀ ॥ ਮਾਈ ਮੋਹਿ ਅਵਰੁ ਨ ਜਾਨਿਓ ਆਨਾਨਾਂ ॥ ਸਿਵ ਸਨਕਾਦਿ ਜਾਸੁ ਗੁਨ ਗਾਵਹਿ, ਤਾਸੁ ਬਸਹਿ ਮੋਰੇ ਪ੍ਰਾਨਾਨਾਂ ॥ਰਹਾਉ॥ ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ, ਗਗਨ ਮੰਡਲ ਮਹਿ ਧਿਆਨਾਨਾਂ ॥ ਬਿਖੈ ਰੋਗ ਭੈ ਬੰਧਨ ਭਾਗੇ, ਮਨ ਨਿਜ ਘਰਿ ਸੁਖੁ ਜਾਨਾਨਾ ॥੧॥ ਏਕ ਸੁਮਤਿ ਰਤਿ ਜਾਨਿ ਮਾਨਿ ਪ੍ਰਭ, ਦੂਸਰ ਮਨਹਿ ਨ ਆਨਾਨਾ ॥ ਚੰਦਨ ਬਾਸੁ ਭਏ ਮਨ ਬਾਸਨ, ਤਿਆਗਿ ਘਟਿਓ ਅਭਿਮਾਨਾਨਾ ॥੨॥ ਜੋ ਜਨ ਗਾਇ ਧਿਆਇ ਜਸੁ ਠਾਕੁਰ, ਤਾਸੁ ਪ੍ਰਭੂ ਹੈ ਥਾਨਾਨਾਂ ॥ ਤਿਹ ਬਡ ਭਾਗ ਬਸਿਓ ਮਨਿ ਜਾ ਕੈ, ਕਰਮ ਪ੍ਰਧਾਨ ਮਥਾਨਾਨਾ ॥੩॥ ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ, ਏਕੈ ਏਕ ਸਮਾਨਾਨਾ ॥ ਹੇ ਮਾਈ ਭਾਈ! ਮੈਂ ਹੋਰ ਕਿਸੇ ਦੂਜੇ ਨੂੰ (ਪ੍ਰਭੂ ਤੋਂ ਬਿਨਾ ਪੂਜਣ ਯੋਗ) ਨਹੀਂ ਜਾਣਿਆ (ਮੇਰਾ ਪੂਰਨ ਭਰੋਸਾ ਪ੍ਰਭੂ ਉਤੇ ਹੈ)। ਸ਼ਿਵ ਤੇ ਸਨਕਾਦਿਕ ਜਿਸ ਪ੍ਰਭੂ ਦੇ ਗੁਣ ਗਾਉਂਦੇ ਹਨ, ਉਸ ਪ੍ਰਭੂ ਵਿਚ ਮੇਰੇ ਪ੍ਰਾਣ ਵਸਦੇ ਹਨ। ਰਹਾਉ। (ਹੁਣ ਮੇਰੇ) ਹਿਰਦੇ ਵਿਚ ਗੁਰੂ ਦੇ ਪ੍ਰਾਪਤ ਕਰਾਏ ਗਿਆਨ ਦਾ ਚਾਨਣ ਹੋ ਗਿਆ ਹੈ ਅਤੇ ਧਿਆਨ ਦਸਮ ਦੁਆਰ (ਪ੍ਰਭੂ) ਵਿਚ ਜੁੜ ਗਿਆ ਹੈ। ਵਿਸ਼ੇ ਵਿਕਾਰ ਆਦਿ ਰੋਗ, (ਮੌਤ ਦਾ) ਡਰ ਅਤੇ ਬੰਧਨ ਸਭ ਨੱਸ ਗਏ, (ਜਿਸ ਦੇ ਫਲ ਸਰੂਪ) ਮਨ ਨੇ ਜਾਣ ਲਿਆ ਹੈ ਕਿ ਅਪਣੇ ਹਿਰਦੇ ਵਿਚ ਟਿਕ ਜਾਣ ਨਾਲ ਹੀ ਸੁਖ ਹੈ ਭਾਵ ਬਿਰਤੀ ਅੰਤਰਮੁਖੀ ਹੋਣ ਨਾਲ ਹੀ ਸੁਖ ਮਿਲਦਾ ਹੈ।੧। ਗੁਰੂ ਦੀ ਇਕ ਸ੍ਰੇਸਟ ਮੱਤ ਦੁਆਰਾ ਪ੍ਰੇਮ ਨਾਲ ਪ੍ਰਭੂ ਨੂੰ ਜਾਣ ਕੇ ਤੇ ਉਸੇ ਨੂੰ ਮੰਨ ਕੇ (ਮੈਂ ਹੋਰ ਕੋਈ) ਦੂਜਾ ਮਨ ਵਿਚ ਨਹੀਂ ਲਿਆਂਦਾ। (ਗੁਰੂ ਦੀ ਸ਼ੁੱਭ ਸਿਖਿਆ ਰੂਪ) ਚੰਦਨ ਦੀ ਮਹਿਕ ਨਾਲ ਮਨ ਮਹਿਕ ਵਾਲਾ ਹੋ ਗਿਆ, ਤੇ ਹਿਰਦੇ ਵਿਚੋਂ ਅਭਿਮਾਨ ਦੂਰ ਹੋ ਗਿਆ; ਮਨ ਦੀਆਂ ਵਾਸ਼ਨਾਵਾਂ ਤਿਆਗ ਕੇ (ਮੇਰੇ ਅੰਦਰ) ਚੰਦਨ ਦੀ ਸੁਗੰਧੀ ਪੈਦਾ ਹੋ ਗਈ ਹੈ ਤੇ ਮੇਰੇ ਅੰਦਰੋਂ ਹੰਕਾਰ ਘਟ (ਮਿਟ) ਗਿਆ (ਦਰਪਣ)।੨। ਜਿਹੜਾ ਪੁਰਖ ਪ੍ਰਭੂ ਦਾ ਜਸ ਗਾਉਂਦਾ ਹੈ ਤੇ (ਉਸਦਾ ਨਾਮ) ਧਿਆਉਂਦਾ ਹੈ, ਉਸਦਾ ਥਾਂ ਟਿਕਾਣਾ (ਆਸਰਾ) ਪ੍ਰਭੂ ਹੈ; ਉਸ ਦੇ ਹਿਰਦੇ ਵਿਚ ਪ੍ਰਭੂ ਨਿਵਾਸ ਕਰਦਾ ਹੈ। ਉਸ ਦੇ ਵੱਡੇ ਭਾਗ ਹਨ, ਜਿਸ ਦੇ ਮਨ ਵਿਚ ਪ੍ਰਭੂ ਬਸ ਗਿਆ ਹੈ, (ਸਮਝੋ ਉਸ ਦੇ) ਮੱਥੇ ਦੇ ਕਰਮ ਬੜੇ ਉਤਮ ਹਨ।੩। (ਉਸ ਨੇ) ਮਾਇਆ ਦੀ ਇੱਛਾ ਕੱਟ ਦਿਤੀ ਹੈ ਅਤੇ (ਹਿਰਦੇ ਵਿਚ) ਪ੍ਰਭੂ ਦਾ ਗਿਆਨ ਪਰਗਟ ਹੋ ਗਿਆ ਹੈ, (ਉਹ) ਕੇਵਲ ਇਕ ਪ੍ਰਭੂ ਵਿਚ ਲੀਨ ਹੋ ਗਿਆ ਹੈ।

ਅੰਗ ੩੪੦ = ਕਹਿ ਕਬੀਰ ਗੁਰ ਭੇਟਿ ਮਹਾ ਸੁਖ, ਭ੍ਰਮਤ ਰਹੇ ਮਨੁ ਮਾਨਾਨਾਂ ॥੪॥੨੩॥੭੪॥ ਕਬੀਰ ਜੀ ਆਖਦੇ ਹਨ, (ਜਿਹੜਾ) ਮਨ ਭਟਕਦਾ ਰਹਿੰਦਾ ਸੀ, (ਹੁਣ) ਗੁਰੂ ਦੇ ਮਿਲਣ ਕਰਕੇ (ਪ੍ਰਭੂ ਦੇ ਸਿਮਰਨ ਵਿਚ) ਪਤੀਜ ਗਿਆ ਤੇ ਮਹਾਨ ਸੁਖ ਪ੍ਰਾਪਤ ਹੋਇਆ ਹੈ; ਗੁਰੂ ਨੂੰ ਮਿਲ ਕੇ ਭਟਕਣਾ ਦੂਰ ਹੋ ਗਈ, ਮਨ ਮੰਨ ਗਿਆ ਤੇ ਮਹਾਨ ਸੁਖ ਪ੍ਰਾਪਤ ਹੋ ਗਿਆ ਹੈ।੪।੨੩।੭੪।

ਪਦਾਰਥ = ਮਾਈ–ਹੇ ਮਾਈ ਭਾਈ!। ਮੋਹਿ–ਮੈਂ। ਅਵਰੁ–ਹੋਰ। ਆਨਾਨਾਂ–(ਅਨਯ) ਕੋਈ ਹੋਰ। ਸਨਕਾਦਿ–ਬ੍ਰਹਮਾ ਦੇ ਚਾਰ ਪੁਤ੍ਰ (ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ)। ਜਾਸੁ–ਜਿਸ ਦਾ। ਤਾਸੁ–ਉਸ (ਪ੍ਰਭੂ) ਵਿਚ। ਮੋਰੇ–ਮੇਰੇ। ਪ੍ਰਾਨਾਨਾਂ–ਪ੍ਰਾਣ। ਰਹਾਉ। ਗੁਰ ਗੰਮਿਤ–ਗੁਰੂ ਦਾ ਪ੍ਰਾਪਤ ਕਰਾਇਆ; ਗੁਰੂ ਦਾ ਜਾਣਿਆ ਹੋਇਆ; ਗੁਰੂ ਕੋਲ ਜਾ ਕੇ। ਗਗਨ ਮੰਡਲ ਮਹਿ–ਦਸਮ ਦੁਆਰ ਵਿਚ;

ਪ੍ਰਭੂ ਦੇ ਦੇਸ਼ ਵਿਚ। ਧਿਆਨਾਨਾਂ-ਧਿਆਨ ਜੁੜ ਗਿਆ। ਬਿਖੈ-ਵਿਸ਼ੇ ਵਿਕਾਰਾਂ ਦੇ। ਭਾਗੇ-ਨੱਸ ਗਏ। ਨਿਜ ਘਰਿ-ਅਪਣੇ ਹਿਰਦੇ ਘਰ ਵਿਚ। ਜਾਨਾਨਾ-ਜਾਣ ਲਿਆ।੧। ਸੁਮਤਿ-ਸ੍ਰੇਸਟ ਮੱਤ। ਰਤਿ-ਪ੍ਰੇਮ ਕਰਕੇ; ਲਗ ਕੇ (ਸ਼ਬਦਾਰਥ)। ਮਨਹਿ-ਮਨ ਵਿਚ। ਨ ਆਨਾਨਾ-ਨਹੀਂ ਲਿਆਂਦਾ। ਚੰਦਨ ਬਾਸੁ-ਚੰਦਨ ਦੀ ਮਹਿਕ। ਬਾਸਨ-ਮਹਿਕ; ਵਾਸ਼ਨਾ। ਘਟਿਓ-ਘਟਿਓਂ-ਹਿਰਦੇ ਵਿਚੋਂ; ਘਟ ਗਿਆ।੨। ਜਨ-ਪੁਰਖ। ਪ੍ਰਭੂ ਥਾਨਾਨਾਂ-ਪ੍ਰਭੂ ਦਾ ਸਥਾਨ (ਨਿਵਾਸ)। ਤਿਹ-ਉਸ ਦੇ। ਕਰਮ ਪ੍ਰਧਾਨ-ਉਤਮ ਕਰਮ। ਮਥਾਨਾਨਾ-ਮੱਥੇ ਤੇ।੩। ਸਕਤਿ-ਮਾਇਆ। ਸਿਵ-ਪ੍ਰਮਾਤਮਾ। ਸਹਜੁ-ਗਿਆਨ। ਏਕੈ ਏਕ-ਕੇਵਲ ਇਕ। ਸਮਾਨਾਨਾ-ਲੀਨ ਹੋ ਗਿਆ। ਭੇਟਿ-ਮਿਲਣ ਕਰਕੇ। ਭ੍ਰਮਤ-ਭਟਕਣਾ; ਭਟਕਦਾ ਸੀ। ਰਹੇ-ਮੁੱਕ ਗਈ। ਮਨੁ ਮਾਨਾਨਾਂ-ਮਨ ਪਤੀਜ ਗਿਆ; ਮਨ ਗਿੱਝ ਗਿਆ।੪।੨੩।੭੪।

ਨਾ = ਇਸ ਸ਼ਬਦ ਵਿਚ ਹਰੇਕ ਤੁਕ ਦੇ ਅੰਤ ਵਿਚ 'ਨਾ' ਅੱਖਰ ਵਧ ਲੱਗਾ ਹੋਇਆ ਹੈ। ਸੰਪ੍ਰਦਾਵਾਂ ਵਾਲੇ ਇਸ ਦੇ ਦੋ ਅਰਥ ਦਸਦੇ ਹਨ = ੧. ਨਿਸਚੇ ਕਰਕੇ, ੨. ਪ੍ਰਮਾਤਮਾ। ਪਰ ਇਹ ਨਾ ਅੱਖਰ ਤੁਕਾਂਤ ਦਾ ਮੇਲ ਰੱਖਣ ਲਈ ਹੈ।

ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

ਗਉੜੀ ਰਾਗਣੀ ਹੈ (ਪਰ ਗੁਰੂ ਜੀ ਨੇ ਗਉੜੀ ਨੂੰ ਰਾਗ ਕਰਕੇ ਹੀ ਲਿਖਿਆ ਹੈ), ਪੂਰਬੀ ਇਸ ਦੀ ਜਾਤੀ ਹੈ। ਬਵੰਜਾ ਅੱਖਰਾਂ ਵਾਲੀ ਇਹ ਬਾਣੀ ਕਬੀਰ ਸਾਹਿਬ ਦੀ ਰਚਨਾ ਹੈ।ੴ- ਸਰਬ ਸ਼ਕਤੀਮਾਨ ਅਦੁਤੀ ਵਾਹਿਗੁਰੂ। ਸਤਿ-ਉਹ ਸਦੀਵੀ ਹੋਂਦ ਵਾਲਾ ਹੈ। ਨਾਮ -ਨਿਰੰਕਾਰ ਦੀ ਸਰਬ ਵਿਆਪਕ ਸ਼ਕਤੀ, ਜਿਸ ਦੁਆਰਾ ਸਮੁੱਚੀ ਰਚਨਾ ਨੂੰ ਅਪਣਾ ਆਸਰਾ ਦੇ ਕੇ ਟਿਕਾ ਰਖਦਾ ਹੈ। ਸਾਰੇ ਖੰਡਾਂ ਬ੍ਰਹਮੰਡਾਂ ਦਾ ਕਰਤਾ ਹੈ। ਸਭ ਜਗ੍ਹਾ ਵਿਆਪਕ ਪੁਰਖ ਹੈ ਅਤੇ ਉਹ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਬਾਵਨ ਅਛਰ ਲੋਕ ਤ੍ਰੈ, ਸਭੁ ਕਛੁ ਇਨ ਹੀ ਮਾਹਿ ॥ ਏ ਅਖਰ ਖਿਰਿ ਜਾਹਿਗੇ, ਓਇ ਅਖਰ ਇਨ ਮਹਿ ਨਾਹਿ ॥੧॥ ਜਹਾ ਬੋਲ ਤਹ ਅਛਰ ਆਵਾ ॥ ਜਹ ਅਬੋਲ ਤਹ ਮਨੁ ਨ ਰਹਾਵਾ ॥ ਬੋਲ ਅਬੋਲ ਮਧਿ ਹੈ ਸੋਈ ॥ ਜਸ ਓਹੁ ਹੈ, ਤਸ ਲਖੈ ਨ ਕੋਈ ॥੨॥

(ਹੇ ਭਾਈ! ਸੰਸਕ੍ਰਿਤ ਬੋਲੀ ਦੇ) ਬਵੰਜਾ ਅੱਖਰ ਹਨ ਤੇ ਤਿੰਨ ਲੋਕ ਹਨ, (ਕੁਲ ਦ੍ਰਿਸ਼ਟਮਾਨ ਜਗਤ ਨੂੰ ਬਿਆਨ ਕਰਨ ਲਈ) ਸਭ ਕੁਛ ਇਨ੍ਹਾਂ (ਅੱਖਰਾਂ) ਵਿਚ ਹੀ ਹੈ।(ਪਰ) ਇਹ (ਦ੍ਰਿਸ਼ਟਮਾਨ) ਅੱਖਰ ਨਾਸ਼ ਹੋ ਜਾਣਗੇ (ਇਨ੍ਹਾਂ ਅੱਖਰਾਂ ਰਾਹੀਂ ਬਿਆਨ ਕੀਤਾ ਸਭ ਕੁਛ ਨਾਸ ਹੋ ਜਾਵੇਗਾ, ਵਾਹਿਗੁਰੂ ਸਬੰਧੀ) ਉਹ ਅੱਖਰ ਇਨ੍ਹਾਂ (ਬਵੰਜਾਂ ਅੱਖਰਾਂ) ਵਿਚ ਨਹੀਂ ਹਨ (ਉਹ ਅੱਖਰ ਹੋਰ ਹਨ, ਜਿਨ੍ਹਾਂ ਰਾਹੀਂ ਵਾਹਿਗੁਰੂ ਨੂੰ ਜਾਣਿਆ ਜਾਂਦਾ ਹੈ। ਵਾਹਿਗੁਰੂ ਅੱਖਰਾਂ ਵਿਚ ਨਹੀਂ ਆਉਂਦਾ); ਨਾਸ਼ ਰਹਿਤ ਹਰੀ ਇਨ੍ਹਾਂ ਅੱਖਰਾਂ ਵਿਚ ਨਹੀਂ ਹੈ।੧। ਜਿੱਥੇ ਬੋਲ (ਕੁਛ ਕਹਿਣ ਲਈ ਕੋਈ ਸ਼ਬਦ) ਹੈ, ਉਥੇ ਅੱਖਰ (ਜਰੂਰ ਵਰਤੋਂ ਵਿਚ) ਆਉਂਦੇ ਹਨ। ਜਿਥੇ ਬੋਲ ਨਹੀਂ, ਉਥੇ ਮਨ ਨਹੀਂ ਰਹਿੰਦਾ। ਬੋਲਣ ਤੇ ਬੋਲਣ ਦੇ ਅਣਹੋਂਦ ਵਿਚ ਉਹ (ਪ੍ਰਭੂ ਦੋਹਾਂ ਹਾਲਤਾਂ ਵਿਚ ਮੌਜੂਦ ਹੁੰਦਾ) ਹੈ। ਜੈਸਾ ਉਹ (ਪ੍ਰਭੂ ਵਾਸਤਵ ਵਿਚ) ਹੈ, ਤੈਸਾ (ਉਸ ਤਰ੍ਹਾਂ ਦਾ) ਉਸ ਨੂੰ ਕੋਈ ਜਾਣ ਨਹੀਂ ਸਕਦਾ।੨।

ਪਦਾਰਥ = ਬਾਵਨ ਅਛਰ-(ਸੰਸਕ੍ਰਿਤ ਦੇ) ਬਵੰਜਾ ਅੱਖਰ। ਲੋਕ ਤ੍ਰੈ-ਤਿੰਨ ਲੋਕ (ਮਾਤ ਲੋਕ, ਪਤਾਲ ਤੇ ਪਰਲੋਕ)। ਇਨ ਹੀ ਮਾਹਿ-ਇਨ੍ਹਾਂ (ਅੱਖਰਾਂ) ਵਿਚ ਹੀ। ਏ-ਏਹ। ਖਿਰਿ ਜਾਹਿਗੇ-ਨਾਸ਼ ਹੋ ਜਾਣਗੇ। ਓਇ ਅਖਰ-(ਪ੍ਰਭੂ ਨਾਲ ਮੇਲ ਕਰਾਉਣ ਵਾਲੇ) ਉਹ ਅੱਖਰ; ਉਹ ਨਾਸ਼ ਰਹਿਤ ਪ੍ਰਭੂ (ਮ.ਕੋ.)।੧। ਜਹ-ਜਿੱਥੇ। ਬੋਲ-ਬਚਨ; ਵਾਕ। ਤਹ-ਉਥੇ। ਆਵਾ-ਆਉਂਦੇ ਹਨ। ਅਬੋਲ-ਬੋਲਾਂ ਦੀ ਅਣਹੋਂਦ ;ਨਿਰਵਿਕਲਪ ਅਵਸਥਾ। ਨ ਰਹਾਵਾ-ਨਹੀਂ ਰਹਿੰਦਾ (ਮਨ ਦੀ ਹੋਂਦ ਨਹੀਂ ਰਹਿੰਦੀ)। ਮਧਿ-ਵਿਚ। ਸੋਈ-ਉਹੀ (ਪ੍ਰਭੂ)। ਜਸ-ਜੈਸਾ; ਜਿਹੋ ਜਿਹਾ। ਤਸ-ਤੈਸਾ। ਲਖੈ ਨ-ਜਾਣ ਨਹੀਂ ਸਕਦਾ। ਓਹੁ-ਉਹ (ਪ੍ਰਭੂ) ਹੈ।੨।

ਮਨੁ ਨ ਰਹਾਵਾ = ਜਿੱਥੇ ਬੋਲਣ ਤੋਂ ਰਹਿਤ ਨਿਰਵਿਕਲਪ ਅਵਸਥਾ ਹੈ, ਉਥੇ ਮਨ ਨਹੀਂ ਰਹਿੰਦਾ ਕਿਉਂਕਿ ਮਨ ਦਾ ਖਿਆਲ ਬੋਲਾਂ ਰਾਹੀਂ ਹੀ ਪ੍ਰਗਟ ਹੁੰਦਾ ਹੈ। ਜੇ ਅੱਖਰ ਹੋਣ ਹੀ ਨਾ, ਤਾਂ ਉਸ ਪ੍ਰਭੂ ਦਾ ਗਿਆਨ ਲਿਖ ਕੇ ਲੋਕਾਂ ਨੂੰ ਦਸਿਆ ਨਹੀਂ ਜਾ ਸਕਦਾ ਹੈ। ਮਨ ਵਿਚ ਅਣ ਗਿਣਤ ਫੁਰਨੇ ਹੁੰਦੇ ਹਨ, ਮਨ ਬੋਲੇ ਬਿਨਾ ਚੁੱਪ ਰਹਿ ਹੀ ਨਹੀਂ ਸਕਦਾ।

ਹੋਰ ਅਰਥ = ਹਰੀ ਬੋਲਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ, ਉਹ ਅਬੋਲ ਹੈ। ਧਿਆਨ ਜੋੜਿਆਂ ਅਬੋਲ (ਜਦ ਚੁੱਪ) ਹੋ ਜਾਈਦਾ ਹੈ, ਤਾਂ ਮਨ ਰਹਿੰਦਾ ਹੀ ਨਹੀਂ ਭਾਵ ਮਨ ਚੁੱਪ ਹੋ ਕੇ ਪ੍ਰਭੂ ਵਿਚ ਮਿਲ ਜਾਂਦਾ ਹੈ, ਪ੍ਰਭੂ ਮਨ ਤੇ ਬਾਣੀ ਦਾ ਵਿਸ਼ਾ ਨਹੀਂ ਹੈ।

ਅਲਹ ਲਹਉ ਤਉ ਕਿਆ ਕਹਉ ,ਕਹਉ ਤ ਕੋ ਉਪਕਾਰ ॥ ਬਟਕ ਬੀਜ ਮਹਿ ਰਵਿ ਰਹਿਓ, ਜਾ ਕੋ ਤੀਨਿ ਲੋਕ ਬਿਸਥਾਰ ॥੩॥ ਅਲਹ ਲਹੰਤਾ ਭੇਦ ਛੈ, ਕਛੁ ਕਛੁ ਪਾਇਓ ਭੇਦ ॥ ਉਲਟਿ ਭੇਦ ਮਨੁ ਬੇਧਿਓ, ਪਾਇਓ ਅਭੰਗ ਅਛੇਦ ॥੪॥ ਤੁਰਕ ਤਰੀਕਤਿ

All Rights Reserved by Harjinder Singh Gyani | www.GuruGranthVakhyaan.org

ਜਾਨੀਐ, ਹਿੰਦੂ ਬੇਦ ਪੁਰਾਨ ॥ ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥੫॥ (ਜੇ ਮੈਂ) ਰੱਬ ਨੂੰ ਜਾਣ ਵੀ ਲਵਾਂ ਤਾਂ ਕੀ ਕਹ ਕੇ ਦਸਾਂ, (ਕਿਉਂਕਿ ਚੰਗੀ ਤਰ੍ਹਾਂ ਦਸਿਆ ਨਹੀਂ ਜਾ ਸਕਦਾ, ਭਲਾ ਜੇ) ਕਹਾਂ ਤਾਂ ਕੀ ਲਾਭ ਹੈ? (ਕਹਿਣਾ ਬਿਅਰਥ ਹੈ, ਕਿਉਂਕਿ ਉਸ ਦਾ ਸਰੂਪ ਇੰਨ ਬਿੰਨ ਬਿਆਨ ਨਹੀਂ ਹੋ ਸਕਦਾ)। ਤਿੰਨੇ ਲੋਕ ਜਿਸ (ਪ੍ਰਭੂ) ਦਾ ਵਿਸਥਾਰ ਹਨ, (ਉਹ ਇਸ ਵਿਚ ਇਉਂ) ਸਮਾ ਰਿਹਾ ਹੈ, (ਜਿਵੇਂ) ਬੋਹੜ ਦਾ ਬ੍ਰਿਛ ਬੀਜ ਵਿਚ ਤੇ (ਬੀਜ ਬੋਹੜ ਵਿਚ) ਹੁੰਦਾ ਹੈ (ਪ੍ਰਭੂ ਖੰਡਾਂ ਬ੍ਰਹਮੰਡਾਂ, ਹਰੇਕ ਜੀਵ ਦੇ ਰਿਦੇ ਤੇ ਜਰੇ ਜਰੇ ਵਿਚ ਸਮਾ ਰਿਹਾ ਹੈ)।੩। ਰੱਬ ਨੂੰ ਲੱਭਦਿਆਂ (ਜਦ ਮੇਰੇ) ਭੇਦ ਭਾਵ ਨਾਸ਼ ਹੋ ਗਏ ਤਾਂ ਅਸਲੀਅਤ ਦਾ ਕੁਛ ਕੁਛ ਭੇਤ (ਮੈਨੂੰ) ਪ੍ਰਾਪਤ ਹੋ ਗਿਆ। (ਮੇਰਾ) ਮਨ ਭੇਦਾਂ ਤੋਂ ਉਲਟ ਕੇ ਰੱਬੀ ਪ੍ਰੇਮ ਵਿਚ ਵਿੰਨ੍ਹਿਆ ਗਿਆ (ਪ੍ਰੇਮ ਦੁਆਰਾ ਹਉਂ ਮਿਟ ਕੇ ਭੇਦ ਭਾਵ ਵਾਲੀ ਬੁੱਧੀ ਨਾਸ਼ ਹੋ ਗਈ) ਤੇ ਅਬਿਨਾਸ਼ੀ ਵਾਹਿਗੁਰੂ ਨੂੰ ਪ੍ਰਾਪਤ ਕਰ ਲਿਆ।੪। ਸ਼ਰ੍ਹਾ ਦੇ ਅਸੂਲਾਂ (ਦੀ ਕਿਤਾਬਾਂ ਦੇ ਰਸਤੇ ਤੇ ਚਲਣ) ਕਰ ਕੇ ਮੁਸਲਮਾਨ ਜਾਣੀਦਾ ਹੈ, ਬੇਦਾਂ ਤੇ ਪੁਰਾਣਾਂ (ਦੀ ਦੱਸੀ ਮਰਿਆਦਾ ਉਤੇ ਚਲਣ) ਕਰਕੇ ਹਿੰਦੂ ਜਾਣੀਦਾ ਹੈ। ਮਨ ਨੂੰ ਸਮਝਾਉਣ ਵਾਸਤੇ ਕੁਛ ਕੁ (ਧਰਮ ਗ੍ਰੰਥਾਂ ਦਾ) ਗਿਆਨ (ਵਾਦ ਵਿਵਾਦ ਲਈ ਨਹੀਂ, ਆਤਮਕ ਲਾਭ ਲਈ) ਪੜ੍ਹਨਾ ਚਾਹੀਦਾ ਹੈ।੫।

ਪਦਾਰਥ = ਅਲਹ–ਅੱਲਾ। ਲਹਉ–ਜਾਣ ਲਵਾਂ। ਕਿਆ ਕਹਉ–ਕੀ ਕਹਾਂ। ਕੋ–ਕੀ। ਉਪਕਾਰ–ਲਾਭ। ਬਟਕ–ਬਰੋਟਾ (ਬੋਹੜ)। ਜਾ ਕੋ –ਜਿਸ (ਪ੍ਰਭੂ) ਦਾ। ਤੀਨਿ ਲੋਕ–ਤਿੰਨੇ ਲੋਕ (ਮਾਤ, ਪਤਾਲ ਤੇ ਪਰ ਲੋਕ)।੩। ਲਹੰਤਾ–ਲੱਭਦਿਆਂ। ਭੇਦ–(ਆਪਸੀ ਧਾਰਮਕ) ਭੇਦ ਭਾਵ। ਛੈ–ਨਾਸ਼ ਹੋ ਗਿਆ। ਕਛੁ ਕਛੁ–ਕੁਛ ਕੁਛ; ਥੋੜਾ ਥੋੜਾ। ਭੇਦ–ਭੇਤ; ਗਿਆਨ (ਜਾਣਕਾਰੀ)। ਬੇਧਿਓ–ਵਿੰਨ੍ਹਿਆ ਗਿਆ। ਅਭੰਗ–ਅਟੁੱਟ; ਨਾਸ਼ ਰਹਿਤ। ਅਛੇਦ–ਅਕੱਟ; ਅਖੰਡ (ਕੱਟਣ ਤੋਂ ਰਹਿਤ)।੪। ਤੁਰਕ–ਮੁਸਲਮਾਨ। ਤਰੀਕਤਿ–ਸ਼ਰ੍ਹਾ ਦੇ ਨਿਯਮਾਂ ਦੀ ਕਿਤਾਬ (ਮ.ਕੋ.)। ਕਾਰਨੇ–ਵਾਸਤੇ। ਕਛੂਅ ਕ–ਕੁਛ ਕੁ (ਕੁਛ ਨਾ ਕੁਛ); ਥੋੜਾ ਬਹੁਤ।੫।

ਕਬੀਰ ਜੀ ਹੁਣ ਮਨ ਦੇ ਸਮਝਾਉਣ ਲਈ ਅੱਗੇ ਅੱਖਰਾਂ ਰਾਹੀਂ ਉਪਦੇਸ਼ ਦੇਂਦੇ ਹਨ =

ਓਅੰਕਾਰ ਆਦਿ ਮੈ ਜਾਨਾ ॥ ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥ ਓਅੰਕਾਰ ਲਖੈ ਜਉ ਕੋਈ ॥ ਸੋਈ ਲਖਿ ਮੇਟਣਾ ਨ ਹੋਈ ॥੬॥ ਕਕਾ ਕਿਰਣਿ ਕਮਲ ਮਹਿ ਪਾਵਾ ॥ ਸਸਿ ਬਿਗਾਸ ਸੰਪਟ ਨਹੀ ਆਵਾ ॥ ਅਰੁ ਜੇ ਤਹਾ ਕੁਸਮ ਰਸੁ ਪਾਵਾ ॥ ਅਕਹ ਕਹਾ ਕਹਿ ਕਾ ਸਮਝਾਵਾ ॥੭॥ (ਸਾਰੀ ਰਚਨਾ ਦਾ) ਆਦਿ ਓਅੰਕਾਰ (ਸਰਵ ਸ਼ਕਤੀਮਾਨ ਵਾਹਿਗੁਰੂ) ਹੈ, (ਉਸਨੂੰ ਮੈਂ ਅਪਨਾ ਇਸ਼ਟ) ਜਾਣਦਾ ਹਾਂ ;ਓਅੰਕਾਰ ਨੂੰ ਮੈਂ (ਸਾਰੀ ਰਚਨਾ ਦਾ) ਆਦਿ ਜਾਣਿਆ ਹੈ। (ਹਰੀ ਜਿਸ ਨੂੰ) ਲਿਖ ਕੇ ਭਾਵ ਰਚ ਕੇ ਅਤੇ ਫਿਰ ਮੇਟ ਦੇਂਦਾ ਹੈ, ਉਸ ਨੂੰ (ਮੈਂ ਰਚਨਾ ਦਾ ਮੁੱਢ) ਨਹੀਂ ਮੰਨਦਾ (ਹਰੀ ਦੀ ਪੈਦਾ ਕੀਤੀ ਹਰੇਕ ਚੀਜ ਨਾਸ ਹੋਣ ਵਾਲੀ ਹੈ, ਕੋਈ ਵੀ ਨਾਸ਼ ਹੋਣ ਵਾਲਾ ਬ੍ਰਹਮਾ ਆਦਿ ਰਚਨਾ ਦਾ ਮੂਲ ਕਰਤਾ ਕਿਵੇਂ ਹੋ ਸਕਦਾ ਹੈ?); ਲਿਖਣ ਵਾਲੇ ਬ੍ਰਹਮਾਂ ਅਤੇ ਮੇਟਣ ਵਾਲੇ ਸ਼ਿਵ ਨੂੰ (ਮੈਂ ਸ੍ਰਿਸਟੀ ਦਾ ਕਰਤਾ ਹਰਤਾ) ਨਹੀਂ ਮੰਨਦਾ। (ਪਰ) ਜੇ ਕੋਈ ਮਨੁੱਖ ਪ੍ਰਮਾਤਮਾ ਨੂੰ ਜਾਣ (ਅਪਣੇ ਅੰਦਰ ਅਨੁਭਵ ਕਰ) ਲਵੇ। ਤਾਂ ਉਹ ਪੁਰਖ (ਜੋ ਹਰੀ ਨੂੰ) ਲਖ ਲੈਂਦਾ ਹੈ, ਨਾਸ਼ ਨਹੀਂ ਹੁੰਦਾ।੬। ਕੱਕੇ ਅੱਖਰ ਦੁਆਰਾ ਆਖਦੇ ਹਨ ਕਿ ਜਦ ਹਿਰਦੇ ਕਮਲ ਵਿਚ ਸੂਰਜ ਰੂਪ ਗਿਆਨ ਦੀ ਕਿਰਣ ਪੈਂਦੀ ਹੈ। (ਚੰਦ ਸੂਰਜ ਤੋਂ ਰੋਸ਼ਨੀ ਲੈਂਦਾ ਹੈ ਤੇ ਸੂਰਜ ਚੜ੍ਹਨ ਨਾਲ ਚੰਦ ਦਿਸਦਾ ਨਹੀਂ) ਤਾਂ ਚੰਦ ਦੀ ਚਾਨਣੀ ਰੂਪ ਮਾਇਆ ਦੇ ਪ੍ਰਕਾਸ਼ ਨਾਲ ਹਿਰਦਾ ਕਮਲ ਬੰਦ ਨਹੀਂ ਹੁੰਦਾ (ਸੂਰਜ ਛਿਪਣ ਨਾਲ ਕਮਲ ਬੰਦ ਹੁੰਦਾ ਹੈ, ਹਿਰਦਾ ਕਮਲ ਸਦਾ ਖਿੜਿਆ ਰਹਿੰਦਾ ਹੈ)। ਅਤੇ ਜੇ ਕਿਸੇ ਮਨੁੱਖ ਨੇ ਉਸ ਖਿੜੇ ਕਮਲ ਫੁਲ ਦਾ ਰਸ (ਆਤਮਕ ਅਨੰਦ) ਪਾ ਲਿਆ ਹੈ। (ਉਹ ਆਤਮ ਰਸ) ਕਹਿਣ ਤੋਂ ਅਕਹਿ ਹੈ (ਮੈਂ ਉਸ ਰਸ ਬਾਰੇ) ਆਖ ਕੇ ਕਿਸ ਨੂੰ ਸਮਝਾਵਾਂ? (ਕਿਉਂਕਿ ਉਹ ਰਸ ਬਿਆਨ ਨਹੀਂ ਕੀਤਾ ਜਾ ਸਕਦਾ। ਨਾ ਹੀ ਕੋਈ ਮਨੁੱਖ ਆਤਮ ਰਸ ਦਾ ਚਾਹਵਾਨ ਹੈ, ਕਿਉਂਕਿ ਲੋਕ ਰਸਾਂ ਕਸਾਂ ਦੇ ਸੁਆਦਾਂ ਵਿਚ ਫਸੇ ਹੋਏ ਹਨ)।੭।

ਲਿਖਿ ਅਰੁ ਮੇਟੈ = ਫੱਟੀ ਉਤੇ ਪਾਂਧੇ ਓ ਲਿਖ ਦੇਂਦੇ ਹਨ, ਫੱਟੀ ਧੋਣ ਵਾਲੇ ਚੇਲੇ ਓ ਨੂੰ ਮੇਟ ਦੇਂਦੇ ਹਨ। ਚੌਂਕਾ ਪੂਰਦੇ ਵੀ ਪਾਂਧੇ ਓ ਲਿਖ ਦੇਂਦੇ ਹਨ ਤੇ ਮਗਰੋਂ ਮੇਟ ਦਿੰਦੇ ਹਨ, ਇਸ ਮਿਟ ਜਾਣ ਵਾਲੇ ਓ ਅੱਖਰ ਨੂੰ ਮੈਂ ਨਿਰੰਕਾਰ ਦੇ ਰੂਪ ਵਿਚ ਨਹੀਂ ਮੰਨਦਾ। ਮੇਰਾ ਨਿਰੰਕਾਰ ਜਾਗਦੀ ਜੋਤ ਲਿਖਣ ਮੇਟਣ ਤੋਂ ਉਪਰ ਹੈ, ਜੋ ਕਦੇ ਨਾਸ਼ ਨਹੀਂ ਹੁੰਦਾ (ਸੰ.ਪੋ.)।

ਪਦਾਰਥ = ਓਅੰਕਾਰ–ਸਰਬ ਸ਼ਕਤੀਮਾਨ ਪ੍ਰਮਾਤਮਾ। ਆਦਿ–(ਸਭ ਦਾ) ਮੂਲ। ਜਾਨਾ–ਜਾਣਦਾ ਹਾਂ। ਲਿਖਿ–ਲਿਖ ਕੇ (ਰਚ ਕੇ)। ਅਰੁ –ਅਤੇ। ਮੇਟੈ–ਮੇਟ (ਨਾਸ਼ ਕਰ) ਦੇਂਦਾ ਹੈ। ਤਾਹਿ–ਉਸ ਨੂੰ। ਨ ਮਾਨਾ–ਨਹੀਂ ਮੰਨਦਾ। ਲਖੈ–ਜਾਣ (ਅਨੁਭਵ ਕਰ) ਲਵੇ। ਜਉ–ਜੇ। ਮੇਟਣਾ ਨ ਹੋਈ–ਨਾਸ਼ ਨਹੀਂ ਹੁੰਦਾ।੬। ਕਕਾ–ਕੱਕਾ ਅੱਖਰ। ਕਿਰਣਿ–(ਗਿਆਨ ਰੂਪ) ਸੂਰਜ ਦੀ ਕਿਰਣ। ਕਮਲ–ਹਿਰਦਾ ਰੂਪ ਕਮਲ । ਪਾਵਾ–ਪੈ ਗਈ। ਸਸਿ–ਚੰਦ। ਬਿਗਾਸ–ਖੇੜਾ। ਸੰਪਟ–(ਕਮਲ ਦੇ ਮੀਚ ਹੋਣ ਦਾ ਭਾਵ) ਬੰਦ ਹੁੰਦਾ। ਤਹਾ–ਉਥੇ (ਉਸ ਖਿੜਾਉ ਦੀ

All Rights Reserved by Harjinder Singh Gyani | www.GuruGranthVakhyaan.org

ਹਾਲਤ ਵਿਚ, ਜਦ ਕਮਲ ਖਿੜਿਆ ਹੁੰਦਾ ਹੈ)।ਕੁਸਮ ਰਸੁ–ਫੁੱਲ ਦਾ ਰਸ।ਅਕਹਿ–ਕਥਨ ਤੋਂ ਬਾਹਰ।ਕਾ–ਕਿਸ ਨੂੰ।੭।

ਖਖਾ ਇਹੈ ਖੋੜਿ ਮਨ ਆਵਾ ॥ ਖੋੜੇ ਛਾਡਿ ਨ ਦਹ ਦਿਸਿ ਧਾਵਾ ॥ ਖਸਮਹਿ ਜਾਣਿ ਖਿਮਾ ਕਰਿ ਰਹੈ ॥ ਤਉ ਹੋਇ ਨਿਖਿਅਉ ਅਖੈ ਪਦੁ ਲਹੈ ॥੮॥ ਗਗਾ ਗੁਰ ਕੇ ਬਚਨ ਪਛਾਨਾ ॥ ਦੂਜੀ ਬਾਤ ਨ ਧਰਈ ਕਾਨਾ ॥ ਰਹੈ ਬਿਹੰਗਮ ਕਤਹਿ ਨ ਜਾਈ ॥ ਅਗਹ ਗਹੈ ਗਹਿ ਗਗਨ ਰਹਾਈ ॥੯॥ ਖੱਖੇ ਅੱਖਰ ਦੁਆਰਾ ਦਸਦੇ ਹਨ, (ਜਦ) ਇਹ ਮਨ ਹਿਰਦੇ ਰੂਪ ਗੁਫਾ ਵਿਚ ਆ ਗਿਆ (ਮਨ ਇਕਾਗਰ ਹੋਇਆ।ਤਾਂ ਮਨ) ਹਿਰਦੇ ਰੂਪ ਗੁਫਾ ਨੂੰ ਛਡ ਕੇ ਦਸਾਂ ਦਿਸ਼ਾਵਾਂ ਵਿਚ (ਚਾਰ ਚੁਫੇਰੇ) ਨਹੀਂ ਦੌੜਦਾ।(ਜਦ ਮਨ) ਮਾਲਕ ਪ੍ਰਭੂ ਨੂੰ ਪਛਾਣ ਕੇ ਖਿਮਾ ਆਦਿਕ ਗੁਣ ਧਾਰ ਕੇ ਟਿਕਿਆ ਰਹਿੰਦਾ ਹੈ।ਤਾਂ ਨਾਸ਼ ਰਹਿਤ (ਪ੍ਰਭੂ ਦਾ ਰੂਪ ਹੋ ਕੇ) ਹੋ ਕੇ ਨਾਸ ਰਹਿਤ ਪਦਵੀ ਪ੍ਰਾਪਤ ਕਰ ਲੈਂਦਾ ਹੈ।੮।ਗੱਗੇ ਅਖਰ ਦਾ ਉਪਦੇਸ਼ ਹੈ ਕਿ (ਜਿਸ ਗੁਰਮੁਖ ਨੇ) ਗੁਰੂ ਦੇ ਬਚਨਾਂ ਨੂੰ ਪਛਾਨਿਆ ਹੈ।(ਫਿਰ ਉਹ ਗੁਰੂ ਦੇ ਬਚਨਾਂ ਤੋਂ ਬਿਨਾ) ਦੂਜੀ ਗਲ ਕੰਨਾਂ ਵਿਚ ਧਰਦਾ ਹੀ ਨਹੀਂ।(ਉਸਦਾ ਮਨ) ਸਦਾ ਬਿਰੱਕਤ ਹੋ ਕੇ ਰਹਿੰਦਾ ਹੈ ਤੇ ਕਿਤੇ ਨਹੀਂ ਜਾਂਦਾ (ਭਟਕਦਾ ਨਹੀਂ।ਅਤੇ) ਨ ਫੜੇ ਜਾਣ ਵਾਲੇ ਹਰੀ ਨੂੰ ਫੜ (ਅੰਦਰ ਵਸਾ) ਲੈਂਦਾ ਹੈ; ਨਾ ਫੜੇ ਜਾਣ ਵਾਲੇ ਮਨ ਨੂੰ (ਗੁਰੂ ਦੇ ਬਚਨ ਦੁਆਰਾ) ਫੜ ਲੈਂਦਾ ਹੈ ਤੇ ਫੜ ਕੇ (ਕਾਬੂ ਕਰਕੇ) ਦਸਮ ਦੁਆਰ ਵਿਚ ਟਿਕਿਆ ਰਹਿੰਦਾ ਹੈ (ਧਿਆਨ ਜੋੜੀ ਰਖਦਾ ਹੈ)।੯।

ਪਦਾਰਥ = ਖਖਾ–ਖੱਖਾ ਅੱਖਰ।ਇਹੈ ਮਨੁ–ਇਹ ਮਨ (ਜਿਸ ਨੂੰ ਗਿਆਨ ਦੀ ਕਿਰਨ ਪ੍ਰਾਪਤ ਹਈ ਹੈ)।ਖੋੜਿ–ਹਿਰਦੇ; ਸ੍ਵੈ ਸਰੂਪ ਰੂਪ ਗੁਫਾ ਵਿਚ।ਦਹ ਦਿਸ–ਦਸੇ ਪਾਸੇ।ਨ ਧਾਵਾ–ਨਹੀਂ ਦੌੜਦਾ (ਭਟਕਦਾ)।ਖਸਮਹਿ–ਮਾਲਕ ਪ੍ਰਭੂ ਨੂੰ।ਰਹੈ–(ਟਿਕਿਆ) ਰਹਿੰਦਾ ਹੈ।ਤਉ–ਤਾਂ।ਨਿਖਿਅਉ–ਨਾਸ਼ ਰਹਿਤ।ਅਖੈ ਪਦੁ–ਨਾਸ਼ ਰਹਿਤ ਪਦਵੀ।ਲਹੈ–ਪਾ ਲੈਂਦਾ ਹੈ।੮।ਗਗਾ–ਗੱਗਾ ਅੱਖਰ।ਬਾਤ–ਗੱਲ। ਨ ਧਰਈ–ਨਹੀਂ ਧਰਦਾ (ਧਿਆਨ ਨਹੀਂ ਦੇਂਦਾ)।ਕਾਨਾ–ਕੰਨ।ਬਿਹੰਗਮ–(ਪੰਛੀਆਂ ਵਾਂਗ) ਨਿਰਮੋਹ ਹੋ ਕੇ।ਕਤਹਿ–ਕਿਸੇ ਹੋਰ ਪਾਸੇ ।ਅਗਹ–ਨਾ ਫੜੇ ਜਾਣ ਵਾਲਾ (ਪ੍ਰਭੂ; ਮਨ)।ਗਹੈ–ਫੜ (ਅੰਦਰ ਵਸਾ) ਲੈਂਦਾ ਹੈ।ਗਹਿ–ਫੜ ਕੇ (ਅੰਦਰ ਵਸਾ ਕੇ)।ਗਗਨ–ਦਸਮ ਦੁਆਰ (ਆਤਮਾ ਦੀ ਉਚੀ ਅਵਸਥਾ ਵਿਚ)।ਰਹਾਈ–ਰਹਿੰਦਾ ਹੈ।੯।

ਘਘਾ ਘਟਿ ਘਟਿ ਨਿਮਸੈ ਸੋਈ ॥ ਘਟ ਫੂਟੇ ਘਟਿ ਕਬਹਿ ਨ ਹੋਈ ॥ ਤਾ ਘਟ ਮਾਹਿ ਘਾਟ ਜਉ ਪਾਵਾ ॥ ਸੋ ਘਟੁ ਛਾਡਿ ਅਵਘਟ ਕਤ ਧਾਵਾ ॥੧੦॥ ਙੰਙਾ ਨਿਗ੍ਰਹਿ ਸਨੇਹੁ ਕਰਿ, ਨਿਰਵਾਰੋ ਸੰਦੇਹ ॥ ਨਾਹੀ ਦੇਖਿ ਨ ਭਾਜੀਐ, ਪਰਮ ਸਿਆਨਪ ਏਹ ॥੧੧॥ ਘੱਘੇ ਅੱਖਰ (ਦਾ ਉਪਦੇਸ਼ ਹੈ) ਘਟ ਘਟ ਵਿਚ ਉਹ ਹਰੀ ਹੀ ਨਿਵਾਸ ਕਰਦਾ ਹੈ।(ਜੇ ਸਰੀਰ ਰੂਪ) ਘੜਾ ਫੁੱਟ ਜਾਵੇ ਤਾਂ (ਹਰੀ) ਕਦੇ ਵੀ ਘਟ ਨਹੀਂ ਹੁੰਦਾ (ਸਰੀਰ ਦੇ ਮਰਨੇ ਤੇ ਅੰਦਰ ਵਸਣ ਵਾਲਾ ਹਰੀ ਜਿਤਨਾ ਕੁ ਸਰੀਰ ਵਿਚ ਵਸਦਾ ਸੀ, ਉਤਨਾ ਕੁ ਅਪਣੇ ਪੂਰਨ ਰੂਪ ਵਿਚੋਂ ਘਟ ਜਾਂਦਾ ਹੋਵੇਗਾ? ਨਹੀਂ, ਉਹ ਸਭ ਸਮੇਂ ਪੂਰਨ ਰਹਿੰਦਾ ਹੈ)।ਉਸ ਘੜੇ ਰੂਪ ਸਰੀਰ ਵਿਚ ਜਦ (ਮਨੁੱਖ ਹਰੀ ਪ੍ਰਾਪਤੀ ਦਾ) ਰਸਤਾ ਪ੍ਰਾਪਤ ਕਰਦਾ ਹੈ।ਤਾਂ ਉਸ ਰਸਤੇ ਨੂੰ ਛਡ ਕੇ ਔਖੇ (ਜਪ ਤਪ ਦੇ) ਰਸਤੇ ਵਿਚ ਕਿਉਂ ਜਾਵੇਗਾ? ਉਹ ਮਨੁੱਖ ਸਰੀਰ ਨੂੰ ਛਡ ਕੇ (ਮਰਨ ਤੋਂ ਬਾਦ) ਕੁਰਸਤੇ ਕਿਵੇਂ ਪਵੇਗਾ? (ਨਰਕਾਂ ਨੂੰ; ਜੋਨੀਆਂ ਵਿਚ ਨਹੀਂ ਜਾਏਗਾ)।੧੦।ਙੰਙੇ ਅੱਖਰ ਦਾ ਉਪਦੇਸ਼ ਹੈ ਕਿ ਇੰਦ੍ਰੀਆਂ ਨੂੰ ਵਿਸ਼ਿਆਂ ਵੱਲੋਂ ਰੋਕ ਕੇ ਹਰੀ ਨਾਲ ਪ੍ਰੇਮ ਕਰ ਤੇ ਸੰਸੇ ਭਰਮ ਆਦਿ ਦੂਰ ਕਰ ਦੇਹ।ਇਹ ਦੇਖ ਕੇ ਕਿ ਹਰੀ ਮਿਲ ਨਹੀਂ ਸਕਦਾ, ਭੱਜਣਾ ਨਹੀਂ ਚਾਹੀਦਾ (ਰੱਬ ਨੂੰ ਮਿਲਣ ਦੀ ਆਸ ਰੱਖ ਕੇ ਜਪਦੇ ਰਹੋ) ਵੱਡੀ ਸਿਆਣਪ ਇਹੋ ਹੈ।੧੧।

ਪਦਾਰਥ = ਘਘਾ–ਘੱਘਾ ਅੱਖਰ।ਘਟਿ ਘਟਿ–ਹਰੇਕ ਸਰੀਰ ਵਿਚ।ਨਿਮਸੈ–ਨਿਵਾਸ ਕਰਦਾ ਹੈ।ਸੋਈ–ਉਹ ਹਰੀ ਹੀ।ਘਟ ਫੂਟੇ–ਸਰੀਰ ਰੂਪ ਘੜਾ ਫੁੱਟ (ਮਰ) ਜਾਵੇ।ਘਟਿ ਨ ਹੋਈ–ਘਟ ਨਹੀਂ ਹੁੰਦਾ (ਰੱਬ ਦੀ ਹੋਂਦ ਘਟਦੀ ਨਹੀਂ)।ਕਬਹਿ–ਕਦੇ।ਤਾ–ਉਸ।ਘਾਟ –(ਰੱਬ ਦੀ ਪ੍ਰਾਪਤੀ ਦਾ) ਰਸਤਾ।ਜਉ–ਜਦ।ਪਾਵਾ–ਪ੍ਰਾਪਤ ਕਰਦਾ ਹੈ।ਸੋ–ਉਹ।ਅਵਘਟ–ਔਖਾ ਰਸਤਾ।ਕਤ–ਕਿਉਂ।ਧਾਵਾ–ਦੌੜੇਗਾ (ਜਾਵੇਗਾ)।੧੦।ਙੰਙਾ–ਙੰਙਾ ਅੱਖਰ।ਨਿਗ੍ਰਹਿ–ਇੰਦ੍ਰੀਆਂ ਨੂੰ ਬਿਕਾਰਾਂ ਵਲੋਂ ਰੋਕ ਰੱਖਣਾ।ਸਨੇਹੁ ਕਰਿ–ਪ੍ਰੇਮ ਕਰ।ਨਿਰਵਾਰੋ–ਦੂਰ ਕਰ।ਸੰਦੇਹ–ਸੰਸਾ ਭਰਮ।ਨਾਹੀ ਦੇਖਿ–ਇਹ ਦੇਖ ਕੇ ਕਿ ਰੱਬ ਨਹੀਂ ਮਿਲ ਸਕਦਾ; ਪ੍ਰਤਿਬੰਧਕ (ਰੋਕਣ ਵਾਲੇ) ਮਨ ਨੂੰ ਦੇਖ ਕੇ (ਮ.ਕੋ.)।ਭਾਜੀਐ–ਭੱਜਣਾ ਨਹੀਂ ਚਾਹੀਦਾ; ਰੁਕਣਾ ਨਹੀਂ ਚਾਹੀਦਾ।ਪਰਮ–ਵੱਡੀ।੧੧।

ਵਿਆਖਿਆ = ਮਨ ਤੇ ਇੰਦ੍ਰਿਆਂ ਦੁਆਰਾ ਨ ਫੜੇ ਜਾਣ ਵਾਲਾ ਪ੍ਰਭੂ ਘਟ ਘਟ ਵਿਚ ਮੌਜੂਦ ਹੈ।ਕੋਈ ਸ਼ੰਕਾ ਕਰੇ ਕਿ ਸਰੀਰ ਦੇ ਮਰਨ ਨਾਲ ਉਸ ਵਿਚ ਵਸਦਾ ਵਿਆਪਕ ਪ੍ਰਭੂ ਵੀ ਮਰ ਜਾਂਦਾ ਹੈ? ਤਾਂ ਕਬੀਰ ਸਾਹਿਬ ਉਤਰ ਦੇਂਦੇ ਹਨ ਕਿ ਸਰੀਰ ਦੇ ਮਰਨ ਨਾਲ ਉਸ ਵਿਚ ਵਸਦਾ ਪ੍ਰਭੂ ਰੰਚਕ ਮਾਤ੍ਰ ਵੀ ਘਟਦਾ ਨਹੀਂ।ਫਿਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜੇ ਸਰੀਰ ਦੇ ਜਿਉਂਦਿਆਂ ਮਨੁੱਖ ਉਹ ਰਸਤਾ ਲੱਭ ਲਵੇ, ਜਿਸ ਨਾਲ ਅੰਦਰ ਵਸਦਾ ਪ੍ਰਭੂ ਲੱਭ ਪਵੇ।ਤਦ ਮਰਨੇ ਮਗਰੋਂ ਉਹ ਮਨੁੱਖ ਕਿਥੇ ਜਾਂਦਾ ਹੈ? ਉਤਰ ਹੈ, ਉਹ ਸਰੀਰ ਨਾ

www.gurugranthvakhyaan.org

All Rights Reserved by Harjinder Singh Gyani | www.GuruGranthVakhyaan.org

ਨਰਕਾਂ ਵਿਚ ਪੈਂਦਾ ਹੈ ਤੇ ਨਾ ਜੋਨੀਆਂ ਵਿਚ। ਜਾਂ ਅੰਦਰੋਂ ਲੱਭੇ ਰਸਤੇ ਨੂੰ ਛਡ ਕੇ ਮਨੁੱਖ ਹੋਰ ਕਿਸੇ ਸਾਧਨਾ ਦੇ ਰਸਤੇ ਨਹੀਂ ਪੈਂਦਾ।
ਚਚਾ ਰਚਿਤ ਚਿਤ੍ਰ ਹੈ ਭਾਰੀ ॥ ਤਜਿ ਚਿਤ੍ਰੈ ਚੇਤਹੁ ਚਿਤਕਾਰੀ ॥ ਚਿਤ੍ਰ ਬਚਿਤ੍ਰ ਇਹੈ ਅਵਝੇਰਾ ॥ ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ ॥੧੨॥ ਛਛਾ ਇਹੈ ਛਤ੍ਰਪਤਿ ਪਾਸਾ ॥ ਛਕਿ ਕਿ ਨ ਰਹਹੁ ,ਛਾਡਿ ਕਿ ਨ ਆਸਾ ॥ ਰੇ ਮਨ ਮੈ ਤਉ ਛਿਨ ਛਿਨ ਸਮਝਾਵਾ ॥ ਤਾਹਿ ਛਾਡਿ ਕਤ ਆਪੁ ਬਧਾਵਾ ॥੧੩॥ ਚੱਚੇ ਅੱਖਰ ਦਾ ਉਪਦੇਸ਼ ਹੈ, (ਹਰੀ ਦਾ) ਰਚਿਆ ਸੰਸਾਰ ਬਹੁਤ ਵੱਡਾ ਚਿਤ੍ਰ ਹੈ (ਜੋ ਸਭ ਨੂੰ ਮੋਹ ਲੈਣ ਵਾਲਾ ਹੈ)। ਚਿਤ੍ਰ (ਸੰਸਾਰ ਦੇ ਮੋਹ) ਨੂੰ ਛਡ ਕੇ (ਚਿਤ੍ਰ) ਬਣਾਉਣ ਵਾਲੇ ਨੂੰ ਯਾਦ ਕਰੋ। (ਇਹ ਸੰਸਾਰ ਰੂਪ) ਚਿਤ੍ਰ ਰੰਗ ਬਰੰਗਾ (ਮਨ ਨੂੰ ਮੋਹ ਲੈਣ ਵਾਲਾ) ਹੈ, ਇਹ (ਔਖਾ ਹੱਲ ਹੋਣ ਵਾਲਾ) ਝਗੜਾ ਹੈ, (ਜੋ ਇਸ ਦੀ ਸੁੰਦ੍ਰਤਾ ਵਿਚੋਂ ਨਿਕਲਣ ਨਹੀਂ ਦਿੰਦਾ ਤੇ ਸਭ ਨੂੰ ਕੁਰਾਹੇ ਪਾਉਂਦਾ ਹੈ। ਇਸ ਦਾ ਹੱਲ ਇਹ ਹੈ) ਚਿਤ੍ਰ ਨੂੰ ਛਡ ਕੇ ਚਿਤ੍ਰਕਾਰ (ਪ੍ਰਭੂ) ਵਿਚ ਚਿੱਤ ਨੂੰ ਜੋੜ ਕੇ ਰੱਖ।੧੨। ਛੱਛੇ ਅੱਖਰ ਦੁਆਰਾ ਆਖਦੇ ਹਨ, (ਹੇ ਮਨ!) ਇਹ ਛਤ੍ਰਪਤੀ ਪਾਤਸ਼ਾਹ (ਵਾਹਿਗੁਰੂ ਤੇਰੇ) ਪਾਸ ਹੀ ਹੈ। (ਤੂੰ ਉਸ ਵਿਚ) ਪ੍ਰਸੰਨ ਹੋ ਕੇ ਕਿਉਂ ਨਹੀਂ ਰਹਿੰਦਾ ਤੇ (ਸੰਸਾਰ ਦੀ) ਆਸਾ ਕਿਉਂ ਨਹੀਂ ਛਡ ਦਿੰਦਾ? ਹੇ ਮਨ! ਮੈਂ ਤੈਨੂ ਪਲ ਪਲ ਸਮਝਾਉਂਦਾ ਰਹਿੰਦਾ ਹਾਂ। (ਤੂੰ) ਉਸ ਪਾਤਸ਼ਾਹ ਨੂੰ ਛਡ ਕੇ (ਚਿਤ੍ਰ ਰੂਪ ਸੰਸਾਰ ਵਿਚ) ਅਪਣੇ ਆਪ ਨੂੰ ਕਿਉਂ ਬੰਨ੍ਹ ਲਿਆ ਹੈ?।੧੩।

ਪਦਾਰਥ = ਚਚਾ–ਚੱਚਾ ਅੱਖਰ। ਰਚਿਤ–ਬਣਾਇਆ ਹੋਇਆ। ਚਿਤ੍ਰ–ਸੰਸਾਰ ਰੂਪ ਮੂਰਤ। ਭਾਰੀ–ਵੱਡਾ। ਤਜਿ–ਛਡ ਕੇ। ਚਿਤ੍ਰੈ–ਚਿਤ੍ਰ (ਸੰਸਾਰ ਦੇ ਮੋਹ) ਨੂੰ। ਚੇਤਹੁ–ਯਾਦ ਕਰੋ। ਚਿਤਕਾਰੀ–ਚਿਤ੍ਰ (ਸੰਸਾਰ ਨੂੰ) ਬਣਾਉਣ ਵਾਲਾ ਚਿਤ੍ਰਕਾਰ। ਬਚਿਤ੍ਰ–ਰੰਗ ਬਰੰਗਾ; ਅਦਭੁਤ; ਸੁੰਦ੍ਰਤਾ ਵਾਲਾ; ਮਨ ਨੂੰ ਮੋਹ ਲੈਣ ਵਾਲਾ। ਇਹੈ–ਇਹ। ਅਵਝੇਰਾ–ਝਮੇਲਾ; ਝਗੜਾ। ਚਿਤੇਰਾ–ਚਿਤ੍ਰਕਾਰ (ਚਿਤ੍ਰ ਬਣਾਉਣ ਵਾਲਾ)।੧੨ । ਛਛਾ–ਛੱਛਾ ਅੱਖਰ। ਛਤ੍ਰਪਤਿ–ਛਤ੍ਰ ਦਾ ਮਾਲਕ ਵਾਹਿਗੁਰੂ। ਪਾਸਾ–ਕੋਲ। ਛਕਿ–ਤ੍ਰਿਪਤ ਹੋ ਕੇ; ਪ੍ਰਸੰਨ ਹੋ ਕੇ। ਕਿ ਨ–ਕਿਉਂ ਨਹੀਂ। ਰੇ ਮਨ–ਹੇ ਮਨ!। ਤਉ–ਤੈਨੂੰ। ਤਾਹਿ–ਉਸ (ਚਿਤ੍ਰਕਾਰ ਪ੍ਰਭੂ) ਨੂੰ। ਕਤ–ਕਿਉਂ; ਕਿੱਥੇ। ਬਧਾਵਾ–ਬੰਨ੍ਹ ਲਿਆ।੧੩।

ਜਜਾ ਜਉ ਤਨ ਜੀਵਤ ਜਰਾਵੈ ॥ ਜੋਬਨ ਜਾਰਿ ਜੁਗਤਿ ਸੋ ਪਾਵੈ ॥ ਅਸ ਜਰਿ ਪਰ ਜਰਿ ਜਰਿ ਜਬ ਰਹੈ ॥ ਤਬ ਜਾਇ ਜੋਤਿ ਉਜਾਰਉ ਲਹੈ ॥੧੪॥ (ਹਰੀ ਮਿਲਦਾ ਕਿਵੇਂ ਹੈ?) ਜੱਜੇ ਅੱਖਰ ਦੁਆਰਾ ਦਸਦੇ ਹਨ ਕਿ ਜੇ ਕੋਈ ਮਨੁੱਖ ਜਿਉਂਦਾ ਹੀ ਅਪਣੇ ਸਰੀਰ (ਦੀ ਹਉਮੈ ਤੇ ਮਮਤਾ) ਨੂੰ ਗਿਆਨ ਦੀ ਅੱਗ ਨਾਲ ਸਾੜ ਦੇਂਦਾ ਹੈ। ਅਤੇ ਜੋਬਨ (ਦੇ ਨਸ਼ੇ; ਵਿਸ਼ੇ ਵਿਕਾਰਾਂ) ਨੂੰ ਸਾੜ ਦੇਂਦਾ ਹੈ, ਉਹ (ਮਨੁੱਖ ਛਤ੍ਰਪਤੀ ਪਾਤਸ਼ਾਹ ਨੂੰ) ਮਿਲਣ ਦੀ ਜੁਗਤੀ ਪ੍ਰਾਪਤ ਕਰ ਲੈਂਦਾ ਹੈ। ਅਪਣੇ ਧਨ ਦਾ ਮੋਹ (ਜਾਂ ਹੰਕਾਰ) ਸਾੜ ਕੇ ਤੇ ਪਰਾਏ ਧਨ ਦੀ ਆਸ ਸਾੜ ਕੇ ਜੋ ਮਨੁੱਖ ਇਉਂ ਜਦ ਸੜ ਕੇ ਰਹਿੰਦਾ ਹੈ। ਤਾਂ ਕਿਤੇ ਜਾ ਕੇ ਰੱਬੀ ਜੋਤ ਦਾ ਪ੍ਰਕਾਸ ਲੱਭਦਾ ਹੈ।੧੪।

ਅਸ ਜਰਿ ਪਰ ਜਰਿ = ਮਨ ਦੀ ਜਲਨ (ਈਰਖਾ) ਤੇ ਵੈਰੀਆਂ ਤੋਂ ਪਰਾਪਤ ਹੋਈ ਪੀੜਾ, ਜਦ ਇਨ੍ਹਾਂ ਨੂੰ ਸਹਾਰ ਕੇ ਰਹਿੰਦਾ ਹੈ। ਅਸੁ–ਮਨ ਦੀ। ਜਰਿ–ਜਲਨ; ਈਰਖਾ। ਪਰ–ਵੈਰੀਆਂ ਦੀ। ਜਰਿ–ਪੀੜਾ। ਜਰਿ–ਸਹਾਰ ਕੇ। ਸਾਰੇ ਅਰਥ (ਮ.ਕੋ.) ਦੇ ਹਨ। ਅਪਣੇ ਪਦਾਰਥਾਂ ਦੇ ਮੋਹ ਨੂੰ ਸਾੜ ਕੇ ਤੇ ਪਰਾਏ ਪਦਾਰਥਾਂ ਦੀ ਆਸ ਨੂੰ ਸਾੜ ਕੇ (ਸ਼ਬਦਾਰਥ); ਆਪਾ ਭਾਵ ਸੜ ਜਾਵੇ ਤੇ ਨਾਲ ਹੀ ਪਰਾਇਆ ਭਾਵ ਸੜ ਜਾਵੇ, ਇਉਂ ਜਦ ਮੈਂ ਮੇਰੀ ਤੇ ਤੂੰ ਤੇਰੀ ਸੜ ਜਾਵੇ (ਸੰ.ਪੋ.); ਅਪਣਾ ਧਨ ਤੇ ਪਰਾਇਆ ਧਨ (ਸੰ.ਸ.; ਫ.ਸ.)।

ਪਦਾਰਥ = ਜਜਾ–ਜੱਜਾ ਅਖਰ। ਜਉ–ਜੇ। ਜੀਵਤ–ਜਿਉਂਦਾ ਹੀ। ਜਰਾਵੈ–ਸਾੜਦਾ ਹੈ। ਜੋਬਨ–ਜੁਆਨੀ। ਜਾਰਿ–ਸਾੜ ਕੇ। ਜੁਗਤਿ–(ਰੱਬ ਨੂੰ ਮਿਲਣੀ ਦੀ) ਜੁਗਤੀ; ਜੀਵਨ ਜਾਚ। ਸੋ–ਉਹ (ਮਨੁੱਖ)। ਜਬ–ਜਦ। ਤਬ–ਤਾਂ; ਤਦ। ਜਾਇ–(ਕਿਤੇ) ਜਾ ਕੇ; (ਹਿਰਦੇ ਰੂਪ) ਜਗ੍ਹਾ ਵਿਚ; (ਉਚੀ ਅਵਸਥਾ ਤੇ) ਪਹੁੰਚ ਕੇ। ਜੋਤਿ ਉਜਾਰਉ–ਜੋਤ ਦਾ ਪ੍ਰਕਾਸ਼। ਲਹੈ–ਪ੍ਰਾਪਤ ਕਰਦਾ ਹੈ; ਲੱਭ ਲੈਂਦਾ ਹੈ।੧੪।

ਅੰਗ ੩੪੧ = ਝਝਾ ਉਰਝਿ ਸੁਰਝਿ ਨਹੀ ਜਾਨਾ ॥ ਰਹਿਓ ਝਝਕਿ ਨਾਹੀ ਪਰਵਾਨਾ ॥ ਕਤ ਝਖਿ ਝਖਿ ਅਉਰਨ ਸਮਝਾਵਾ ॥ ਝਗਰੁ ਕੀਏ ਝਗਰਉ ਹੀ ਪਾਵਾ ॥੧੫॥ ਝੱਝਾ ਅਖਰ ਦੁਆਰਾ ਦਸਦੇ ਹਨ ਕਿ (ਪੰਡਤ ਵਾਦ ਵਿਵਾਦ ਕਰਕੇ) ਉਲਝਣ ਜਾਣਦਾ ਹੈ, (ਪਰ ਇਸ ਵਿਚੋਂ) ਨਿਕਲਣ ਨਹੀਂ ਜਾਣਦਾ। (ਉਹ ਸੰਸਾਰ ਵਿਚ) ਅਟਕਿਆ ਰਿਹਾ; (ਨਾਮ ਸਿਮਰਨ ਤੋਂ) ਝਿਝਕਦਾ ਰਿਹਾ, (ਇਸੇ ਲਈ ਹਰੀ ਦੇ ਦਰ ਤੇ) ਪ੍ਰਵਾਨ ਨਹੀਂ ਹੋਇਆ। (ਹੇ ਪੰਡਤ!) ਕਿਸ ਵਾਸਤੇ ਬਕਵਾਦ (ਫਜ਼ੂਲ ਦੀਆਂ ਬਹਿਸਾਂ) ਕਰਕੇ ਹੋਰਨਾਂ ਨੂੰ ਸਮਝਾਉਂਦਾ ਫਿਰਦਾ ਹੈਂ (ਉਸ ਦਾ ਕੀ ਲਾਭ?)। ਝਗੜੇ ਵਾਲੀ ਬਹਿਸ ਕਰ ਕੇ ਝਗੜਾ ਹੀ ਪੱਲੇ ਪੈਂਦਾ ਹੈ।੧੫।

ਪਦਾਰਥ = ਉਰਝਿ–ਫਸ ਕੇ। ਸੁਰਝਿ–ਨਿਕਲਣ (ਖੁੱਲ੍ਹਣ) ਦੀ। ਜਾਨਾ–ਜਾਣਿਆ। ਰਹਿਓ ਝਝਕਿ–ਅਟਕਿਆ ਰਿਹਾ; ਝਿਝਕਦਾ ਰਿਹਾ । ਕਤ–ਕਿਉਂ; ਕਿਸ ਲਈ। ਝਖਿ ਝਖਿ–ਖਪ ਖਪ ਕੇ; ਵਿਅਰਥ ਬਹਿਸਾਂ ਕਰਕੇ। ਅਉਰਨ–ਹੋਰਨਾਂ ਨੂੰ। ਝਗਰਉ–ਝਗੜਾ।੧੫।

ਢੰਢਾ ਨਿਕਟਿ ਜੁ ਘਟ ਰਹਿਓ, ਦੂਰਿ ਕਹਾ ਤਜਿ ਜਾਇ ॥ ਜਾ ਕਾਰਣਿ ਜਗੁ ਢੂਢਿਅਉ ,ਨੇਰਉ ਪਾਇਅਉ ਤਾਹਿ ॥੧੬॥ ਟਟਾ ਬਿਕਟ ਘਾਟ ਘਟ ਮਾਹੀ ॥ ਖੋਲਿ ਕਪਾਟ ਮਹਲਿ ਕਿ ਨ ਜਾਹੀ ॥ ਦੇਖਿ ਅਟਲ ਟਲਿ ਕਤਹਿ ਨ ਜਾਵਾ ॥ ਰਹੈ ਲਪਟਿ ਘਟ ਪਰਚਉ ਪਾਵਾ ॥੧੭॥ ਢੰਢੇ ਅਖਰ ਦੁਆਰਾ ਦਸਦੇ ਹਨ, (ਹੇ ਭਾਈ!) ਜਿਹੜਾ (ਪ੍ਰਭੂ ਤੇਰੇ) ਹਿਰਦੇ ਦੇ ਨੇੜੇ ਵਸ ਰਿਹਾ ਹੈ, (ਉਸ ਦੀ ਪ੍ਰਾਪਤੀ ਲਈ ਹਿਰਦੇ ਨੂੰ) ਛਡ ਕੇ ਦੂਰ (ਤੀਰਥਾਂ, ਜੰਗਲਾਂ ਜਾਂ ਪਹਾੜਾਂ ਆਦਿ ਵਿਚ) ਕਿਥੇ ਜਾਂਦਾ ਹੈਂ? ਜਿਸ ਪ੍ਰਭੂ ਦੀ ਪ੍ਰਾਪਤੀ ਵਾਸਤੇ ਜਗਤ ਨੂੰ ਢੂੰਡਿਆ ਹੈ (ਪਰ ਉਹ ਲੱਭਿਆ ਨਹੀਂ, ਗੁਰੂ ਦੀ ਕ੍ਰਿਪਾ ਨਾਲ) ਉਸ ਨੂੰ ਨੇੜੇ (ਮੈਂ ਹਿਰਦੇ ਵਿਚ) ਹੀ ਪ੍ਰਾਪਤ ਕਰ ਲਿਆ ਹੈ।੧੬।ਟੈਂਕਾ ਅੱਖਰ ਰਾਹੀਂ ਦਸਦੇ ਹਨ (ਕਿ ਪ੍ਰਭੂ ਪਰਾਪਤੀ ਦਾ) ਰਸਤਾ ਔਖਾ ਹੈ, (ਪਰ ਇਹ ਰਸਤਾ) ਹਿਰਦੇ ਵਿਚ ਹੀ ਹੈ।(ਤੇ ਪ੍ਰਭੂ ਦਾ ਮਹਿਲ ਵੀ ਹਿਰਦੇ ਵਿਚ ਹੀ ਹੈ, ਮਹਿਲ ਨੂੰ ਲੱਗੇ ਅਗਿਆਨਤਾ ਦੇ) ਦਰਵਾਜੇ ਖੋਲ੍ਹ ਕੇ (ਪ੍ਰਭੂ ਦੇ) ਮਹਿਲ ਵਿਚ ਕਿਉਂ ਨਹੀਂ ਜਾਂਦਾ? (ਹੇ ਭਾਈ! ਜੇ ਤੂੰ ਅੰਤਰਮੁਖੀ ਹੋ ਕੇ ਰੱਬ ਦੇ ਮਹਿਲਾਂ ਵਿਚ ਚਲਾ ਜਾਵੇਂ, ਤਾਂ) ਅਟੱਲ ਪ੍ਰਭੂ ਨੂੰ ਦੇਖ ਕੇ ਹਟ ਕੇ ਕਿਤੇ ਨਹੀਂ ਜਾਵੇਂਗਾ। (ਜਿਸ ਮਨੁੱਖ ਨੇ) ਹਿਰਦੇ ਵਿਚ ਪ੍ਰਭੂ ਦਾ ਪ੍ਰੇਮ ਪ੍ਰਾਪਤ ਕਰ ਲਿਆ, (ਉਹ ਸਦਾ ਪ੍ਰਭੂ ਦੇ ਚਰਨਾਂ ਨਾਲ) ਚਿੰਬੜਿਆ ਰਹਿੰਦਾ ਹੈ।੧੭।

ਪਦਾਰਥ = ਢੰਢਾ–ਢੰਢਾ ਅੱਖਰ।ਨਿਕਟਿ–ਨੇੜੇ।ਜੁ–ਜਿਹੜਾ।ਘਟ–ਹਿਰਦੇ ਵਿਚ।ਰਹਿਓ–(ਵਸ) ਰਿਹਾ ਹੈ।ਕਹਾ–ਕਿਥੇ; ਕਿਉਂ। ਤਜਿ–ਛਡ ਕੇ।ਜਾ–ਜਿਸ।ਕਾਰਣਿ–ਵਾਸਤੇ।ਢੂਢਿਅਉ–ਢੂੰਡਿਆ।ਨੇਰਉ–ਨੇੜੇ।ਪਾਇਅਉ–ਪ੍ਰਾਪਤ ਕੀਤਾ ਹੈ।੧੬।ਟਟਾ–ਅੱਖਰ ਟੈਂਕਾ (ਦਰਪਣ ਸਮੇਤ ਸਭ ਨੇ ਟੈਂਕਾ ਹੀ ਲਿਖਿਆ ਹੈ)।ਬਿਕਟ–ਔਖਾ।ਘਾਟ–ਰਸਤਾ।ਘਟ ਮਾਹੀ–ਹਿਰਦੇ ਵਿਚ।ਕਪਾਟ–ਦਰਵਾਜੇ।ਮਹਲਿ–ਰੱਬ ਦੇ ਮਹਿਲਾਂ ਵਿਚ।ਕਿ ਨ ਜਾਹੀ–ਕਿਉਂ ਨਹੀਂ ਜਾਂਦਾ।ਅਟਲ–ਅਚੱਲ; ਸਦਾ ਕਾਇਮ ਰਹਿਣ ਵਾਲਾ।ਟਲਿ–ਹਟ ਕੇ। ਕਤਹਿ–ਕਿਤੇ (ਹੋਰ ਥਾਂ)।ਰਹੈ ਲਪਟਿ–ਚਿੰਬੜਿਆ (ਜੁੜਿਆ) ਰਹਿੰਦਾ ਹੈ।ਪਰਚਉ–ਪ੍ਰੇਮ; ਗਿਆਨ; ਪਰੀਚਯ।੧੭।

ਠਠਾ ਇਹੈ ਦੂਰਿ ਠਗ ਨੀਰਾ ॥ ਨੀਠਿ ਨੀਠਿ ਮਨੁ ਕੀਆ ਧੀਰਾ ॥ ਜਿਨਿ ਠਗਿ ਠਗਿਆ, ਸਗਲ ਜਗੁ ਖਾਵਾ ॥ ਸੋ ਠਗੁ ਠਗਿਆ ਠਉਰ ਮਨੁ ਆਵਾ ॥੧੮॥ ਡਡਾ ਡਰ ਉਪਜੇ ਡਰੁ ਜਾਈ ॥ ਤਾ ਡਰ ਮਹਿ ਡਰੁ ਰਹਿਆ ਸਮਾਈ ॥ ਜਉ ਡਰ ਡਰੈ ਤਾ ਫਿਰਿ ਡਰੁ ਲਾਗੈ ॥ ਨਿਡਰ ਹੂਆ ਡਰੁ ਉਰ ਹੋਇ ਭਾਗੈ ॥੧੯॥ ਠੱਠਾ ਅੱਖਰ ਦੁਆਰਾ ਆਖਦੇ ਹਨ, (ਜਿਸ ਮਨੁੱਖ ਨੇ) ਇਹ ਠੱਗੀ ਭਾਵ ਮ੍ਰਿਗ ਤ੍ਰਿਸ਼ਨਾ ਦੇ ਜਲ ਵਾਂਗ (ਮਾਇਕ ਭੋਗ ਤੇ ਵਿਸ਼ੇ ਵਿਕਾਰ ਆਦਿ ਨੂੰ ਮਿਥਿਆ ਜਾਣ ਕੇ) ਦੂਰ ਕੀਤਾ ਹੈ।(ਉਸ ਨੇ) ਜਿਵੇਂ ਕਿਵੇਂ ਕਰਕੇ ਮਨ ਨੂੰ ਧੀਰਜ (ਟਿਕਾਉ) ਵਾਲਾ ਬਣਾ ਲਿਆ ਹੈ।(ਅਗਿਆਨ ਕਰਕੇ ਮ੍ਰਿਗ ਤ੍ਰਿਸ਼ਨਾ ਰੂਪ) ਜਿਸ ਠੱਗ ਨੇ ਸਾਰੇ ਜਗਤ ਨੂੰ ਠੱਗ ਕੇ ਖਾ ਲਿਆ ਹੈ (ਵਸ ਵਿਚ ਕਰ ਲਿਆ)।ਉਸ (ਮ੍ਰਿਗ ਤ੍ਰਿਸ਼ਨਾ ਰੂਪ) ਠਗ ਨੂੰ ਜਦ ਠੱਗ (ਜਿਤ) ਲਿਆ ਤਾਂ ਮਨ ਟਿਕਾਣੇ ਆ (ਟਿਕ) ਗਿਆ।੧੮।ਡੱਡਾ ਅੱਖਰ ਦੁਆਰਾ ਉਪਦੇਸ਼ ਦੇਂਦੇ ਹਨ (ਕਿ ਜਦ ਮਨ ਵਿਚ) ਰੱਬ ਦਾ ਡਰ ਪੈਦਾ ਹੁੰਦਾ ਹੈ ਤਾਂ (ਹੋਰ ਸਭ ਤਰ੍ਹਾਂ ਦਾ) ਡਰ ਨਾਸ਼ ਹੋ ਜਾਂਦਾ ਹੈ।ਉਸ (ਰੱਬ ਦੇ) ਡਰ ਵਿਚ ਹੋਰ ਦੂਜਾ ਡਰ ਸਮਾ (ਲੀਨ ਹੋ; ਮੁੱਕ) ਜਾਂਦਾ ਹੈ।ਜਦ (ਮਨੁੱਖ) ਇਸ ਡਰ ਤੋਂ ਡਰਦਾ ਹੈ (ਰੱਬ ਦਾ ਡਰ ਨਹੀਂ ਮੰਨਦਾ) ਤਾਂ ਫਿਰ (ਹੋਰ ਦੁਨਿਆਵੀ) ਡਰ ਆ ਲਗਦਾ ਹੈ।(ਜੇ ਮਨੁੱਖ ਰੱਬ ਦਾ ਭੈ ਧਾਰ ਕੇ ਦੁਨਿਆਵੀ ਭੈ ਤੋਂ) ਨਿਰਭੈ ਹੋ ਗਿਆ ਤਾਂ (ਜੋ ਉਸ ਦੇ) ਦਿਲ ਦਾ ਭੈ ਹੁੰਦਾ ਹੈ, (ਉਹ ਸਭ ਤੁਰੰਤ) ਨੱਸ ਜਾਂਦਾ ਹੈ।੧੯।

ਪਦਾਰਥ = ਠਠਾ–ਠੱਠਾ ਅੱਖਰ।ਇਹੈ–ਇਹ।ਠਗ ਨੀਰਾ–ਠੱਗੀ ਦਾ ਜਲ ਹੈ (ਮਾਰੂਥਲ ਦਾ ਰੇਤ ਧੁੱਪ ਦੀ ਚਮਕ ਕਰਕੇ ਪਾਣੀ ਦਿਸਦਾ ਹੈ, ਇਵੇਂ ਅਗਿਆਨ ਕਰਕੇ ਮਾਇਕ ਭੋਗ ਤੇ ਵਿਸ਼ੇ ਵਿਕਾਰ ਅਸਲੀ ਪ੍ਰਤੀਤ ਹੁੰਦੇ ਹਨ)।ਨੀਠਿ ਨੀਠਿ–ਜਿਵੇਂ ਕਿਵੇਂ; ਹੌਲੀ ਹੌਲੀ।ਕੀਆ –ਕੀਤਾ; ਬਣਾਇਆ।ਧੀਰਾ–ਧੀਰਜ (ਟਿਕਾਉ) ਵਾਲਾ।ਜਿਨਿ–ਜਿਸ ਨੇ।ਠਗਿ–ਠੱਗ ਨੇ।ਖਾਵਾ–ਖਾ ਲਿਆ।ਸੋ–ਉਹ; ਉਸ।ਠਉਰ ਆਵਾ–ਟਿਕਾਣੇ ਆ (ਟਿਕ) ਗਿਆ।੧੮।ਡਡਾ–ਡੱਡਾ ਅੱਖਰ।ਤਾ–ਉਸ।ਰਹਿਆ ਸਮਾਈ–ਸਮਾ (ਮੁੱਕ) ਜਾਂਦਾ ਹੈ।ਜਉ–ਜਦ।ਤਾ–ਤਾਂ।ਨਿਡਰ–ਨਿਰਭੈ।ਉਰ–ਦਿਲ ਦਾ।ਭਾਗੈ–ਨੱਸ ਜਾਂਦਾ ਹੈ।੧੯।

ਠਗ ਨੀਰਾ = ਮ੍ਰਿਗ ਤ੍ਰਿਸ਼ਨਾ ਦੇ ਜਲ ਵਾਂਗ ਸੰਸਾਰ (ਸੰ.ਪੋ.; ਸੰ.ਸ.)।ਮ੍ਰਿਗ ਤ੍ਰਿਸ਼ਨਾ ਦਾ ਜਲ ਭਾਵ ਮਾਇਕ ਭੋਗ (ਮ.ਕੋ.)।

ਢਢਾ ਢਿਗ ਢੂਢਹਿ ਕਤ ਆਨਾ ॥ ਢੂਢਤ ਹੀ ਢਹਿ ਗਏ ਪਰਾਨਾ ॥ ਚੜਿ ਸੁਮੇਰਿ ਢੂਢਿ ਜਬ ਆਵਾ ॥ ਜਿਹ ਗੜੁ ਗੜਿਓ ਸੁ ਗੜ ਮਹਿ ਪਾਵਾ ॥੨੦॥ ਣਾਣਾ ਰਣਿ ਰੂਤਉ ਨਰ ਨੇਹੀ ਕਰੈ ॥ ਨਾ ਨਿਵੈ ਨਾ ਫੁਨਿ ਸੰਚਰੈ ॥ ਧੰਨਿ ਜਨਮੁ ਤਾਹੀ ਕੋ ਗਣੈ ॥ ਮਾਰੈ ਏਕਹਿ ਤਜਿ ਜਾਇ ਘਣੈ ॥੨੧॥ ਢੱਢਾ ਅੱਖਰ ਦੁਆਰਾ ਉਪਦੇਸ਼ ਦੇਂਦੇ ਹਨ, (ਹੇ ਭਾਈ! ਪ੍ਰਭੂ ਤੇਰੇ) ਪਾਸ ਹੈ, (ਤੂੰ ਉਸ ਨੂੰ) ਹੋਰ ਥਾਂ ਕਿਉਂ ਖੋਜਦਾ ਫਿਰਦਾ ਹੈਂ? (ਉਸ ਪ੍ਰਭੂ ਦੀ) ਖੋਜ ਕਰਦਿਆਂ (ਅੱਗੇ ਕਈ ਸਾਧਕਾਂ ਦੇ) ਪ੍ਰਾਣ ਨਾਸ਼ ਹੋ ਗਏ।(ਰਿਸ਼ੀ ਮੁਨੀ ਸਿੱਧ ਜੋਗੀ ਆਦਿ) ਸੁਮੇਰ ਪਰਬਤ ਉਪਰ ਚੜ੍ਹ ਕੇ ਜਦ (ਢੂੰਢ ਕੇ ਵਾਪਸ) ਆਏ, (ਫਿਰ ਵੀ ਨਾ ਮਿਲਿਆ।ਤਾਂ) ਜਿਸ ਪ੍ਰਭੂ ਨੇ ਇਹ ਸਰੀਰ ਰੂਪ

ਕਿਲਾ ਘੜਿਆ ਉਹ (ਪ੍ਰਭੂ) ਸਰੀਰ ਰੂਪ ਕਿਲੇ ਵਿਚ ਹੀ ਪ੍ਰਾਪਤ ਹੋ ਗਿਆ।੨੦। ਣਾਣਾ ਅੱਖਰ ਦੁਆਰਾ ਆਖਦੇ ਹਨ, (ਸੰਸਾਰ ਰੂਪ) ਰਣ ਭੂਮੀ ਵਿਚ ਡਟਿਆ ਹੋਇਆ ਜੋ ਮਨੁੱਖ (ਬਹਾਦਰੀ ਵਾਲੀ) ਦ੍ਰਿੜਤਾ ਧਾਰਨ ਕਰਦਾ ਹੈ।(ਉਹ ਸੂਰਮਾ ਕਾਮਾਦਿਕ ਦੁਸ਼ਮਣਾਂ ਅੱਗੇ) ਝੁਕਦਾ ਨਹੀਂ ਅਤੇ ਨਾ ਫਿਰ (ਦੁਸ਼ਮਨਾਂ ਨਾਲ) ਮੇਲ ਭਾਵ ਸਮਝੌਤਾ ਕਰਦਾ ਹੈ।(ਸਾਰਾ ਜਗਤ) ਉਸ (ਸੂਰਮੇ ਪੁਰਖ) ਦਾ ਜਨਮ ਧੰਨਤਾ ਦੇ ਯੋਗ ਗਿਣਦਾ ਹੈ।(ਜੇ ਉਹ ਸੂਰਮਾ) ਇਕ ਮਨ ਨੂੰ ਮਾਰ ਦੇਂਦਾ ਹੈ (ਤਾਂ ਜਿਵੇਂ ਇਕ ਸੈਨਾ ਪਤੀ ਦੇ ਮਾਰੇ ਜਾਣ ਨਾਲ ਬਾਕੀ ਸੈਨਾ ਦੌੜ ਜਾਂਦੀ ਹੈ, ਇਸੇ ਤਰ੍ਹਾਂ) ਬਹੁਤੇ (ਕਾਮਾਦਿਕ ਵਿਕਾਰ ਰੂਪ ਵੈਰੀ ਸੂਰਮੇ ਮਨੁੱਖ ਨੂੰ ਆਪੇ) ਛਡ ਜਾਂਦੇ ਹਨ।੨੧।

ਪਦਾਰਥ = ਙਙਾ–ਙੱਙਾ ਅੱਖਰ।ਙਿਗ–ਪਾਸ; ਨੇੜੇ।ਙੂਙਹਿ–ਖੋਜਦਾ ਹੈਂ।ਕਤ–ਕਿਉਂ; ਕਿਸ ਲਈ।ਆਨਾ–ਹੋਰ ਥਾਂ।ਙਹਿ ਗਏ–ਨਾਸ ਹੋ ਗਏ।ਪਰਾਨਾ–ਪ੍ਰਾਣ।ਸੁਮੇਰਿ–ਸੁਮੇਰ ਪਰਬਤ ਉਤੇ।ਙੂਢਿ–ਖੋਜ ਕੇ।ਜਬ–ਜਦ।ਆਵਾ–ਆਇਆ।ਜਿਹ–ਜਿਸ (ਪ੍ਰਭੂ) ਨੇ। ਗੜੁ–ਸਰੀਰ ਰੂਪ ਕਿਲ੍ਹਾ।ਗੜਿਓ–ਘੜਿਆ (ਬਣਾਇਆ)।ਸੁ–ਉਹ।ਪਾਵਾ–ਪਾਇਆ।੨੦।ਰਣਿ–(ਕਾਮਾਦਿਕਾਂ ਨਾਲ) ਜੰਗ ਵਿਚ। ਰੂਤਉ–ਡਟਿਆ (ਜੁਟਿਆ) ਹੋਇਆ।ਨਰ–ਮਨੁੱਖ।ਨੇਹੀ–ਦ੍ਰਿੜ੍ਹਤਾ; ਧੀਰਜ।ਨਾ ਨਿਵੈ–ਝੁਕਦਾ ਨਹੀਂ।ਨਾ ਫੁਨਿ–ਨਾ ਫਿਰ।ਸੰਚਰੈ–ਮਿਲਦਾ (ਸਮਝੌਤਾ ਕਰਦਾ) ਹੈ।ਧੰਨਿ–ਧੰਨਤਾ ਯੋਗ।ਤਾਹੀ ਕੋ–ਉਸ (ਸੂਰਮੇ ਮਨੁੱਖ) ਦਾ।ਗਣੈ–ਗਿਣਦਾ ਹੈ।ਏਕਹਿ–ਇਕ (ਮਨ; ਅਗਿਆਨ) ਨੂੰ।ਤਜਿ ਜਾਇ–ਛਡ ਜਾਂਦੇ ਹਨ।ਘਣੇ–ਬਹੁਤੇ (ਵਿਕਾਰਾਂ ਦੀ ਫੌਜ)।੨੧।

ਤਤਾ ਅਤਰ ਤਰਿਓ ਨਹ ਜਾਈ ॥ ਤਨ ਤ੍ਰਿਭਵਣ ਮਹਿ ਰਹਿਓ ਸਮਾਈ ॥ ਜਉ ਤ੍ਰਿਭਵਣ ਤਨ ਮਾਹਿ ਸਮਾਵਾ ॥ ਤਉ ਤਤਹਿ ਤਤ ਮਿਲਿਆ ਸਚੁ ਪਾਵਾ ॥੨੨॥ ਥਥਾ ਅਥਾਹ ਥਾਹ ਨਹੀ ਪਾਵਾ ॥ ਓਹੁ ਅਥਾਹ ਇਹੁ ਥਿਰੁ ਨ ਰਹਾਵਾ ॥ ਥੋੜੈ ਥਲਿ ਥਾਨਕ ਆਰੰਭੈ ॥ ਬਿਨੁ ਹੀ ਥਾਭਹ ਮੰਦਿਰੁ ਥੰਭੈ ॥੨੩॥ ਤੱਤਾ ਅੱਖਰ ਦੁਆਰਾ ਦਸਦੇ ਹਨ, (ਸੰਸਾਰ ਸਮੁੰਦਰ) ਨਾ ਤਰੇ ਜਾਣ ਵਾਲਾ ਹੈ (ਤਰਨਾਂ ਔਖਾ ਹੈ, ਇਸ ਨੂੰ) ਤਰਿਆ ਨਹੀਂ ਜਾ ਸਕਦਾ।(ਕਿਉਂਕਿ) ਸਰੀਰ ਤਿੰਨਾਂ ਭਵਨਾਂ (ਸੁਰਗ, ਪਤਾਲ ਤੇ ਸੰਸਾਰ ਦੇ ਪਦਾਰਥਾਂ ਦੀਆਂ ਵਾਸ਼ਨਾਵਾਂ) ਵਿਚ ਲੀਨ ਰਹਿੰਦਾ ਹੈ (ਇਸ ਕਰਕੇ ਤਰਨਾ ਔਖਾ ਹੈ।ਪਰ) ਜਦ ਤਿੰਨੇ ਭਵਨ ਸਰੀਰ ਵਿਚ ਸਮਾ ਜਾਂਦੇ ਹਨ (ਸਵਰਗ ਦੀ ਇੱਛਾ ਤੇ ਦੁਨੀਆਂ ਦੇ ਰਸਾਂ ਕਸਾਂ ਦੀਆਂ ਇੱਛਾਵਾਂ ਖਤਮ ਹੋ ਜਾਂਦੀਆਂ ਹਨ)।ਤਦ ਹਰੀ ਤੱਤ ਵਿਚ ਆਤਮ ਤੱਤ ਮਿਲ ਜਾਂਦਾ ਹੈ ਅਤੇ ਸਚ ਸਰੂਪ ਪ੍ਰਭੂ ਪ੍ਰਾਪਤ ਹੋ ਜਾਂਦਾ ਹੈ।(ਸੰਸਾਰ ਦਾ ਸੂਖਮ ਤੱਤ ਤੇ ਸਰੀਰ ਦਾ ਸੂਖਮ ਤੱਤ ਆਤਮਾ ਇਕੋ ਰੂਪ ਹੈ, ਜਦ ਆਪਸ ਵਿਚ ਮਿਲ ਜਾਣ ਤਾਂ ਸਮਝੋ ਪ੍ਰਭੂ ਮਿਲ ਗਿਆ।ਪਹਿਲਾਂ ਸੰਸਾਰ ਸੱਤ ਭਾਸਦਾ ਸੀ, ਇਸੇ ਕਰਕੇ ਸੰਸਾਰ ਨਾਲ ਲਗਾਓ ਸੀ, ਸੰਸਾਰ ਦੇ ਅਸੱਤ ਭਾਸਣ ਨਾਲ ਲਗਾਓ ਖਤਮ ਹੋ ਗਿਆ ਤੇ ਇਸ ਨੂੰ ਤਰਨ ਦੀ ਲੋੜ ਹੀ ਨਾ ਰਹੀ)।੨੨।ਥੱਥਾ ਅੱਖਰ ਰਾਹੀਂ ਉਪਦੇਸ਼ ਦੇਂਦੇ ਹਨ (ਕਿ ਪ੍ਰਭੂ ਸਾਗਰ ਵਾਂਗੂ ਬਹੁਤ) ਡੂੰਘਾ ਹੈ, ਉਸ ਦਾ ਥਾਹ ਕਿਸੇ ਨੇ ਨਹੀਂ ਪਾਇਆ।ਉਹ ਪ੍ਰਭੂ ਅਤਿਅੰਤ ਡੂੰਘਾ ਹੈ, (ਉਸ ਨੂੰ ਲੱਭਣ ਜਾਂਦਾ) ਇਹ ਮਨੁੱਖੀ ਮਨ ਸਥਿਰ ਨਹੀਂ ਰਹਿੰਦਾ (ਛੇਤੀ ਮੁੜ ਆਉਂਦਾ ਹੈ, ਕਿਉਂਕਿ ਜਿਤਨੇ ਟਿਕਾਉ ਦੀ ਲੋੜ ਹੈ, ਉਤਨਾ ਟਿਕਾਉ ਮਨ ਦਾ ਹੈ ਨਹੀਂ)।ਥੋੜੇ ਜਿਹੇ ਸਥਾਨ ਤੇ ਘਰ ਬਣਾਉਣਾ ਸ਼ੁਰੂ ਕਰ ਦੇਂਦਾ ਹੈ (ਕਿਉਂਕਿ ਮਨ ਦੀ ਪਹੁੰਚ ਥੋੜੀ ਜਗ੍ਹਾ ਤੇ ਹੈ, ਥੋੜੀ ਜਗ੍ਹਾ ਤੇ ਹੀ ਹਵਾਈ ਕਿਲ੍ਹੇ ਉਸਾਰਦਾ ਰਹਿੰਦਾ ਹੈ)।ਥੰਮਾਂ ਤੋਂ ਬਿਨਾ ਹੀ ਮਕਾਨ ਥੰਮਣ ਦਾ ਵਿਅਰਥ ਜਤਨ ਕਰਦਾ ਹੈ (ਉਮਰ ਥੋੜੀ ਹੈ, ਪਰ ਪਸਾਰੇ ਵੱਡੇ ਵੱਡੇ ਪਸਾਰਦਾ ਹੈ ਤੇ ਸੁੱਖਾਂ ਦੇ ਸਾਗਰ ਹਰੀ ਨੂੰ ਯਾਦ ਨਹੀਂ ਕਰਦਾ।ਸਿਮਰਨ ਤੋਂ ਬਿਨਾ ਪਸਾਰੇ ਵਿਅਰਥ ਹਨ।ਮਨ ਵਿਚ ਖਿਆਲੀ ਮਹਿਲ ਉਸਾਰਦਾ ਰਹਿੰਦਾ ਹੈ ਤੇ ਪਦਾਰਥਾਂ ਦੇ ਰਸਾਂ ਕਸਾਂ ਵਿਚ ਪੈ ਜਾਂਦਾ ਹੈ, ਜੋ ਨਾਸ਼ਵੰਤ ਹਨ)।੨੩।

ਪਦਾਰਥ = ਤਤਾ–ਤੱਤਾ ਅੱਖਰ।ਅਤਰ–ਨਾ ਤਰੇ ਜਾਣ ਵਾਲਾ (ਸੰਸਾਰ ਸਮੁੰਦਰ ਜਿਸ ਵਿਚ ਵਿਸ਼ੇ ਵਿਕਾਰਾਂ ਦੀਆਂ ਛੱਲਾਂ ਹਨ)।ਜਉ–ਜਦ।ਤ੍ਰਿਭਵਣ–ਤਿੰਨ ਭਵਨ (ਸਾਰਾ ਜਗਤ)।ਰਹਿਓ ਸਮਾਈ–ਲੀਨ (ਖਚਿਤ; ਡੁੱਬਿਆ) ਰਹਿੰਦਾ ਹੈ।ਸਮਾਵਾ–ਸਮਾ ਜਾਂਦਾ ਹੈ; ਖਤਮ ਹੁੰਦਾ ਹੈ।ਤਉ–ਤਦ।ਤਤਹਿ–(ਹਰੀ) ਤੱਤ ਵਿਚ।ਤਤ–ਆਤਮ ਤੱਤ।ਪਾਵਾ–ਪ੍ਰਾਪਤ ਹੁੰਦਾ ਹੈ।੨੨।ਥਥਾ–ਥੱਥਾ ਅੱਖਰ।ਅਥਾਹ–ਜਿਸ ਦੀ ਡੂੰਘਾਈ ਨਾ ਲੱਭੀ ਜਾ ਸਕੇ।ਥਾਹ–ਡੂੰਘਾਈ।ਨਹੀ ਪਾਵਾ–ਨਹੀਂ ਪਾਇਆ।ਓਹੁ–ਉਹ (ਪ੍ਰਭੂ)।ਇਹੁ–ਇਹ (ਮਨ)।ਥਿਰੁ ਨ ਰਹਾਵਾ–ਟਿਕਿਆ ਨਹੀਂ ਰਹਿੰਦਾ।ਥਲਿ–ਥਾਂ ਵਿਚ।ਥਾਨਕ–ਮਕਾਨ (ਸੁਖ ਦੇ ਪਸਾਰੇ)।ਆਰੰਭੈ–ਬਣਾਉਂਦਾ ਹੈ; ਚਿਤਵਦਾ ਹੈ। ਥਾਭਹ–ਥੰਮਾਂ ਤੋਂ।ਮੰਦਿਰੁ–ਮਕਾਨ।ਥੰਭੈ–ਥੰਮਦਾ (ਖੜਾ ਕਰਦਾ) ਹੈ; ਸਹਾਰਾ ਦੇਂਦਾ ਹੈ ।੨੩।

ਦਦਾ ਦੇਖਿ ਜੁ ਬਿਨਸਨਹਾਰਾ ॥ ਜਸ ਅਦੇਖਿ ਤਸ ਰਾਖਿ ਬਿਚਾਰਾ ॥ ਦਸਵੈ ਦੁਆਰਿ ਕੁੰਚੀ ਜਬ ਦੀਜੈ ॥ ਤਉ ਦਇਆਲ ਕੋ ਦਰਸਨੁ ਕੀਜੈ ॥੨੪॥ ਧਧਾ ਅਰਧਹਿ ਉਰਧ ਨਿਬੇਰਾ ॥ ਅਰਧਹਿ ਉਰਧਹ ਮੰਝਿ ਬਸੇਰਾ ॥ ਅਰਧਹ ਛਾਡਿ ਉਰਧ ਜਉ ਆਵਾ ॥ ਤਉ ਅਰਧਹਿ ਉਰਧ ਮਿਲਿਆ ਸੁਖ ਪਾਵਾ ॥੨੫॥ ਦੱਦਾ ਅੱਖਰ ਦੁਆਰਾ ਉਪਦੇਸ਼ ਦੇਂਦੇ ਹਨ ਕਿ (ਹੇ ਭਾਈ!) ਜੋ ਕੁਛ ਦੇਖਣ ਵਿਚ ਆ

All Rights Reserved by Harjinder Singh Gyani | www.GuruGranthVakhyaan.org

ਰਿਹਾ ਹੈ, (ਉਹ ਸਭ) ਨਾਸ਼ਵੰਤ ਹੈ।ਜਿਹੜਾ (ਪ੍ਰਭੂ ਅੱਖਾਂ ਨਾਲ) ਦਿਸਦਾ ਨਹੀਂ (ਉਹ ਸਦਾ ਥਿਰ ਹੈ), ਉਸ ਦਾ ਬਿਚਾਰ (ਦਿਲ ਵਿਚ) ਰੱਖ ਭਾਵ ਹਰੀ ਦਾ ਧਿਆਨ ਕਰ।ਦਸਮੇਂ ਦੁਆਰ ਵਿਚ (ਜੋ ਅਗਿਆਨ ਦਾ ਤਾਲਾ ਲੱਗਾ ਹੋਇਆ ਹੈ, ਉਸ ਵਿਚ) ਜਦ (ਨਾਮ ਸਿਮਰਨ ਦੀ) ਚਾਬੀ ਦੇਈਦੀ ਹੈ।ਤਾਂ ਦਿਆਲ ਪ੍ਰਭੂ ਦਾ ਦਰਸ਼ਨ ਕਰੀਦਾ ਹੈ (ਹਿਰਦੇ ਵਿਚ ਲੱਗੇ ਅਗਿਆਨ ਦੇ ਤਾਲੇ ਵਿਚ ਗੁਰ ਸ਼ਬਦ ਦੀ ਚਾਬੀ ਦੇਈਏ ਤਾਂ ਹਰੀ ਦੇ ਦਰਸ਼ਨ ਕਰੀਦੇ ਹਨ)।੨੪।ਧੱਧਾ ਅੱਖਰ ਦੁਆਰਾ ਦਸਦੇ ਹਨ, (ਅਗਿਆਨ ਤੇ ਅਵਿਦਿਆ ਦੀ ਨੀਵੀਂ ਅਵਸਥਾ ਵਿਚ ਰਹਿਣ ਵਾਲੇ) ਜੀਵ ਦਾ ਉਚੇ ਪ੍ਰਭੂ ਵੱਲ ਜਾਣ (ਮੇਲ ਹੋਣ) ਨਾਲ ਜਨਮ ਮਰਨ ਦੇ ਗੇੜ ਦੀ ਖੇਡ ਮੁੱਕਦੀ ਹੈ। (ਇਹ ਜਨਮ ਮਰਣ ਉਦੋਂ ਮੁੱਕਦਾ ਹੈ, ਜਦ) ਨੀਵੇਂ ਜੀਵ ਦਾ ਉਚੇ ਪ੍ਰਭੂ ਵਿਚ ਨਿਵਾਸ ਹੁੰਦਾ ਹੈ।ਜਦ (ਮਨੁੱਖ) ਨੀਵੀਂ ਅਵਸਥਾ ਨੂੰ ਛਡ ਕੇ ਉਚੇ ਪ੍ਰਭੂ ਵੱਲ ਆਉਂਦਾ ਹੈ।ਤਾਂ ਨੀਵਾਂ ਜੀਵ ਉਚੇ ਪ੍ਰਭੂ ਨੂੰ ਮਿਲਦਾ ਹੈ ਤੇ ਆਤਮਕ ਸੁਖ ਪਾ ਲੈਂਦਾ ਹੈ।੨੫।

ਪਦਾਰਥ = ਦੇਖਿ ਜੁ–ਜੋ ਦੇਖਣ ਵਿਚ ਆਉਂਦਾ ਹੈ।ਬਿਨਸਨਹਾਰਾ–ਨਾਸ਼ਵੰਤ।ਜਸ ਅਦੇਖਿ–ਜੋ ਦਿਸਦਾ ਨਹੀਂ (ਅਦ੍ਰਿਸ਼ਟ)।ਤਸ–ਉਸ (ਪ੍ਰਭੂ) ਦਾ।ਦਸਵੈ ਦੁਆਰਿ–ਦਸਮੇਂ ਦੁਆਰ ਵਿਚ; ਹਿਰਦੇ ਵਿਚ।ਕੁੰਚੀ–ਕੁੰਜੀ (ਗੁਰ ਸ਼ਬਦ ਦੀ)।ਜਬ–ਜਦ।ਤਉ–ਤਾਂ; ਤਦ। ੨੪।ਧਧਾ–ਧੱਧਾ ਅਖਰ।ਅਰਧਹ–ਨੀਵਾਂ (ਜੀਵ)।ਉਰਧ–ਉਚਾ (ਪ੍ਰਭੂ)।ਅਰਧ ਉਰਧ–ਜੀਵ ਤੇ ਬ੍ਰਹਮ (ਮ.ਕੋ.)।ਨਿਬੇਰਾ–(ਜਨਮ ਮਰਨ ਦਾ) ਖਾਤਮਾ।ਮੰਝਿ–ਵਿਚ।ਬਸੇਰਾ–ਨਿਵਾਸ।ਜਉ–ਜਦ।ਆਵਾ–ਆਉਂਦਾ ਹੈ।ਤਉ–ਤਦ; ਤਾਂ।ਪਾਵਾ–ਪਾ ਲੈਂਦਾ ਹੈ।੨੫।

ਨੰਨਾ ਨਿਸਿ ਦਿਨੁ ਨਿਰਖਤ ਜਾਈ ॥ ਨਿਰਖਤ ਨੈਨ ਰਹੇ ਰਤਵਾਈ ॥ ਨਿਰਖਤ ਨਿਰਖਤ ਜਬ ਜਾਇ ਪਾਵਾ ॥ ਤਬ ਲੇ ਨਿਰਖਹਿ ਨਿਰਖ ਮਿਲਾਵਾ ॥੨੬॥ ਪਪਾ ਅਪਰ ਪਾਰੁ ਨਹੀ ਪਾਵਾ ॥ ਪਰਮ ਜੋਤਿ ਸਿਉ ਪਰਚਉ ਲਾਵਾ ॥ ਪਾਂਚਉ ਇੰਦ੍ਰੀ ਨਿਗ੍ਰਹ ਕਰਈ ॥ ਪਾਪੁ ਪੁੰਨੁ ਦੋਊ ਨਿਰਵਰਈ ॥੨੭॥ ਨੰਨਾ ਅੱਖਰ ਦੁਆਰਾ ਦਸਦੇ ਹਨ, (ਪ੍ਰੇਮੀਆਂ ਦਾ) ਰਾਤ ਦਿਨ (ਅਪਣੇ ਪਿਆਰੇ ਪ੍ਰਭੂ ਦਾ ਰਾਹ) ਤੱਕਦਿਆਂ ਲੰਘ ਜਾਂਦਾ ਹੈ।(ਰਾਹ) ਤੱਕਦਿਆਂ (ਪ੍ਰੇਮੀ ਦੇ) ਨੇਤ੍ਰ ਲਾਲ (ਪ੍ਰੀਤਵਾਨ) ਹੋਏ ਰਹਿੰਦੇ ਹਨ।ਤੱਕਦਿਆਂ ਤੱਕਦਿਆਂ ਜਦ (ਉਸ ਨੇ ਪ੍ਰਭੂ ਨੂੰ) ਜਾ ਪ੍ਰਾਪਤ ਕਰ ਲਿਆ।ਤਦ (ਉਸ ਹਰੀ ਨੇ ਜਿਸਦਾ ਰਾਹ) ਦੇਖਦਾ ਸੀ, ਦੇਖਣ ਵਾਲੇ (ਪ੍ਰੇਮੀ) ਨੂੰ ਨਾਲ ਲੈ ਕੇ ਅਪਣੇ ਵਿਚ ਮਿਲਾ ਲਿਆ।੨੬।ਪੱਪਾ ਅੱਖਰ ਦੁਆਰਾ ਕਥਨ ਕਰਦੇ ਹਨ ਕਿ (ਵਾਹਿਗੁਰੂ) ਪਾਰ ਰਹਿਤ ਹੈ (ਕਦੇ ਕਿਸੇ ਨੇ ਉਸਦਾ) ਪਾਰ ਨਹੀਂ ਪਾਇਆ।(ਪਰ ਜਿਸ ਮਨੁੱਖ ਨੇ ਉਸ) ਪਰਮ ਜੋਤ ਵਾਹਿਗੁਰੂ ਨਾਲ ਪ੍ਰੇਮ ਲਾਇਆ ਹੈ।(ਉਹ) ਪੰਜੇ ਗਿਆਨ ਇੰਦ੍ਰੀਆਂ (ਦੇ ਵਿਸ਼ਿਆਂ) ਨੂੰ ਕਾਬੂ ਕਰ ਲੈਂਦਾ ਹੈ।ਅਤੇ ਪਾਪ ਪੁੰਨ ਦੋਹਾਂ (ਦਾ ਭਰਮ) ਦੂਰ ਕਰ ਦੇਂਦਾ ਹੈ।(ਪੰਜੇ ਇੰਦ੍ਰੇ ਰੋਕੇ ਹੋਏ ਹਨ, ਤਾਂ ਫਿਰ ਪਾਪ ਕਰਮ ਹੁੰਦਾ ਹੀ ਨਹੀਂ।ਹਰੀ ਨਾਲ ਸਾਂਝ ਪੈ ਗਈ ਤਾਂ ਪੁੰਨ ਕਰਮਾਂ ਦਾ ਖਿਆਲ ਕਰਨ ਦੀ ਲੋੜ ਨਹੀ ਰਹਿੰਦੀ)।੨੭।

ਪਦਾਰਥ = ਨੰਨਾ–ਨੰਨਾ ਅੱਖਰ।ਨਿਸਿ–ਰਾਤ।ਨਿਰਖਤ–ਦੇਖਦਿਆਂ; ਉਡੀਕਦਿਆਂ; ਧਿਆਨ ਕਰਦਿਆਂ।ਜਾਈ–ਲੰਘ ਜਾਂਦਾ ਹੈ। ਨੈਨ–ਅੱਖਾਂ।ਰਤਵਾਈ–ਲਾਲ; ਮਤਵਾਲੇ।ਜਬ–ਜਦ।ਜਾਇ ਪਾਵਾ–ਜਾ ਪ੍ਰਾਪਤ ਕੀਤਾ (ਦਰਸ਼ਨ ਕੀਤਾ)।ਤਬ–ਤਦ।ਲੇ–(ਨਾਲ) ਲੈ ਕੇ।ਨਿਰਖਹਿ–ਦੇਖਣ ਵਾਲੇ (ਪ੍ਰੇਮੀ) ਨੂੰ।ਨਿਰਖ–ਜਿਸ (ਪ੍ਰਭੂ) ਨੂੰ ਦੇਖਦਾ ਸੀ।ਮਿਲਾਵਾ–ਮਿਲਾ ਲਿਆ।੨੬।ਪਪਾ–ਪੱਪਾ ਅੱਖਰ। ਅਪਰ–ਪਾਰ ਰਹਿਤ; ਜਿਸ ਤੋਂ ਪਰੇ ਹੋਰ ਕੋਈ ਨਹੀਂ (ਸਭ ਤੋਂ ਵੱਡਾ)।ਪਾਰ–ਹੱਦ; ਅੰਤ; ਪਾਰਲਾ ਪਾਸਾ।ਪਾਵਾ–ਪਾਇਆ।ਪਰਮ ਜੋਤਿ–ਪ੍ਰਮਾਤਮਾ।ਸਿਉ–ਨਾਲ।ਪਰਚਉ–ਪ੍ਰੇਮ।ਲਾਵਾ–ਲਾਇਆ।ਪਾਂਚਉ ਇੰਦ੍ਰੀ–ਪੰਜੇ ਗਿਆਨ ਇੰਦ੍ਰਿਆਂ (ਕੰਨ ਤੁਚਾ ਅੱਖਾਂ ਜੀਭ ਤੇ ਨੱਕ) ਦੇ ਵਿਸ਼ਿਆਂ ਨੂੰ।ਨਿਗ੍ਰਹ ਕਰਈ–ਕਾਬੂ ਕਰਦਾ ਹੈ।ਦੋਊ–ਦੋਵੇਂ।ਨਿਰਵਰਈ–ਦੂਰ ਕਰ ਦੇਂਦਾ ਹੈ।੨੭।

ਫਫਾ ਬਿਨੁ ਫੂਲਹ ਫਲੁ ਹੋਈ ॥ ਤਾ ਫਲ ਫੰਕ ਲਖੈ ਜਉ ਕੋਈ ॥ ਦੂਣਿ ਨ ਪਰਈ ਫੰਕ ਬਿਚਾਰੈ ॥ ਤਾ ਫਲ ਫੰਕ ਸਭੈ ਤਨ ਫਾਰੈ ॥ ੨੮॥ ਫੱਫਾ ਅੱਖਰ ਦੁਆਰਾ ਦਸਦੇ ਹਨ ਕਿ (ਜਪ ਤਪ ਆਦਿ ਕਰਮਾਂ ਦੇ) ਫੁੱਲ ਤੋਂ ਬਿਨਾ (ਜੋ ਬ੍ਰਹਮ ਗਿਆਨ ਰੂਪ) ਫਲ ਪੈਦਾ ਹੁੰਦਾ ਹੈ।ਉਸ ਫਲ ਦੀ ਫਾੜੀ (ਤੁਰੀਆ ਪਦ) ਨੂੰ ਜੇ ਕੋਈ ਮਨੁੱਖ ਜਾਣ (ਖਾ) ਲੈਂਦਾ ਹੈ।(ਅਤੇ ਇਸ) ਫਾੜੀ ਦੀ ਵਿਚਾਰ ਕਰਦਾ ਹੈ (ਫਿਰ ਉਹ) ਘਾਟੇ ਵਿਚ ਨਹੀਂ ਪੈਂਦਾ (ਮ.ਕੋ.); ਜਨਮ ਮਰਨ ਵਿਚ ਨਹੀਂ ਪੈਂਦਾ।ਉਸ ਫਲ ਦੀ ਫਾੜੀ ਉਨ੍ਹਾਂ ਸਾਰੇ ਸਰੀਰਾਂ ਨੂੰ ਨਾਸ਼ ਕਰ ਦੇਂਦੀ ਹੈ (ਜਿਨ੍ਹਾਂ ਵਿਚ ਅਸੀਂ ਭਟਕਣਾ ਸੀ); ਸਥੂਲ; ਕਾਰਨ ਤੇ ਸੂਖਮ ਸਰੀਰਾਂ ਨੂੰ ਨਾਸ਼ ਕਰ ਦੇਂਦੀ ਹੈ (ਤਿੰਨਾਂ ਸਰੀਰਾਂ ਦੇ ਨਾਸ਼ ਹੋਣ ਨਾਲ ਜਨਮ ਹੁੰਦਾ ਹੀ ਨਹੀਂ।ਜਿਉਂਦੇ ਸਮੇਂ ਵੀ ਉਹ ਤਿੰਨਾਂ ਤੋਂ ਉਪਰ ਤੁਰੀਆ ਪਦ ਵਿਚ ਰਹਿੰਦਾ ਹੈ)।੨੮।

ਵਿਚਾਰ = ਕਟਾਰ ਬ੍ਰਿਛ ਨੂੰ ਫੁੱਲਾਂ ਤੋਂ ਬਿਨਾ ਹੀ ਫਲ ਲਗਦਾ ਹੈ।ਬ੍ਰਹਮ ਗਿਆਨ ਰੱਬ ਦੀ ਕਿਰਪਾ ਨਾਲ ਜਪ ਤਪ ਆਦਿ ਕਰਮ ਕਰਨ ਤੋਂ ਬਿਨਾ ਹੀ ਪ੍ਰਾਪਤ ਹੋ ਜਾਂਦਾ ਹੈ।ਜਾਂ ਜਦ ਫਲ ਲਗਦੇ ਹਨ ਤਾਂ ਫੁੱਲ ਝੜ ਜਾਂਦੇ ਹਨ, ਇਵੇਂ ਬ੍ਰਹਮ ਗਿਆਨ ਹੋਣ ਨਾਲ ਕਰਮ ਕਾਂਡ ਦੀ ਲੋੜ ਨਹੀਂ ਰਹਿੰਦੀ।ਜਨਮ ਤੇ ਮਰਨ ਦੋ ਪਹਾੜਾਂ ਦੇ ਵਿਚਕਾਰ ਸਰੀਰ ਹੈ, ਜੋ ਮੁੜ ਜਨਮ ਮਰਨ ਵਿਚ ਨਹੀਂ ਪੈਂਦਾ।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਫਫਾ-ਫੱਫਾ ਅੱਖਰ। ਫੂਲਹ-(ਕਰਮ ਰੂਪ) ਫੁੱਲ। ਫਲੁ-(ਬ੍ਰਹਮ ਗਿਆਨ ਰੂਪ) ਫਲ। ਤਾ-ਉਸ। ਫੰਕ-ਫਾੜੀ। ਲਖੈ-ਸਮਝ ਲੈਂਦਾ ਹੈ; ਖਾਂਦਾ ਹੇ (ਅਨੰਦ ਮਾਣਦਾ ਹੈ)। ਜਉ-ਜੋ; ਜੇ। ਦੂਨਿ-ਘਾਟਾ; ਦੋ ਪਹਾੜਾਂ ਦੇ ਵਿਚਕਾਰਲਾ ਮੈਦਾਨ (ਜਨਮ ਮਰਨ ਦਾ ਗੇੜ)। ਨ ਪਰਈ-ਨਹੀਂ ਪੈਂਦਾ। ਫਾਰੈ-ਫਾੜ (ਨਾਸ਼ ਕਰ) ਦੇਂਦਾ ਹੈ।੨੮।

ਬਬਾ ਬਿੰਦਹਿ ਬਿੰਦ ਮਿਲਾਵਾ ॥ ਬਿੰਦਹਿ ਬਿੰਦਿ ਨ ਬਿਛੁਰਨ ਪਾਵਾ ॥ ਬੰਦਉ ਹੋਇ ਬੰਦਗੀ ਗਹੈ ॥ ਬੱਬਾ ਅੱਖਰ ਦੁਆਰਾ ਦਸਦੇ ਹਨ (ਕਿ ਜਦ) ਜਾਨਣਹਾਰ ਜੀਵ ਨੇ (ਅਪਣੇ ਆਪ ਨੂੰ) ਜਾਨਣਹਾਰ ਹਰੀ ਵਿਚ ਮਿਲਾ ਲਿਆ। (ਤਾਂ ਫਿਰ) ਜੀਵ ਦਾ ਬ੍ਰਹਮ ਨਾਲੋਂ ਵਿਛੋੜਾ ਨਹੀਂ ਪੈਂਦਾ। ਦਾਸ ਹੋ ਕੇ (ਰੱਬ ਦੀ) ਬੰਦਗੀ ਗ੍ਰਹਿਣ ਕਰੇ (ਤਾਂ ਵਾਹਿਗੁਰੂ ਨਾਲ ਜੀਵ ਦਾ ਮੇਲ ਹੁੰਦਾ ਹੈ)।

ਦੂਜਾ ਅਰਥ = (ਜਿਵੇਂ ਪਾਣੀ ਦੀ) ਬੂੰਦ ਵਿਚ ਪਾਣੀ ਦੀ ਬੂੰਦ ਮਿਲਦੀ ਹੈ (ਇਵੇਂ ਜੀਵ ਦਾ ਬ੍ਰਹਮ ਨਾਲ ਮੇਲ ਹੁੰਦਾ ਹੈ)। ਫਿਰ ਬੂੰਦ ਦਾ ਬੂੰਦ ਤੋਂ ਵਿਛੋੜਾ ਨਹੀਂ ਪੈਂਦਾ (ਜੀਵ ਬ੍ਰਹਮ ਤੋਂ ਨਹੀਂ ਵਿਛੜਦਾ। ਮੇਲ ਤਾਂ ਹੁੰਦਾ ਹੈ ਜੇ ਮਨੁੱਖ) ਦਾਸ ਬਣ ਕੇ ਬੰਦਗੀ ਕਰੇ। (ਤਾਂ ਹਰੀ ਇਸ ਦੀ) ਖਬਰ ਸਬੰਧੀ ਹੋ (ਬਣ) ਕੇ ਆਪ ਲੈਂਦਾ ਹੈ।

ਅੰਗ ੩੪੨ = ਬੰਦਕ ਹੋਇ ਬੰਧ ਸੁਧਿ ਲਹੈ ॥੨੯॥ ਬੰਦਗੀ ਕਰਨ ਵਾਲੇ ਦੀ ਖਬਰ ਵਾਹਿਗੁਰੂ ਸਬੰਧੀ ਬਣ ਕੇ ਲੈਂਦਾ ਹੈ।੨੯।

ਪਦਾਰਥ = ਬਬਾ-ਬੱਬਾ ਅੱਖਰ। ਬਿੰਦਹਿ-ਪਾਣੀ ਦੀ ਬੂੰਦ ਵਿਚ; ਜਾਨਣਹਾਰ ਹਰੀ ਵਿਚ। ਬਿੰਦਿ-ਪਾਣੀ ਦੀ ਬੂੰਦ; ਜਾਨਣਹਾਰ ਜੀਵ ਨੇ। ਮਿਲਾਵਾ-ਮਿਲਦੀ ਹੈ। ਬਿਛੁਰਨ-ਵਿਛੋੜਾ। ਨ ਪਾਵਾ-ਨਹੀਂ ਪੈਂਦਾ। ਬੰਦਉ ਹੋਇ-ਦਾਸ ਹੋ (ਬਣ) ਕੇ। ਗਹੈ-ਗ੍ਰਹਿਣ ਕਰਦਾ ਹੈ। ਬੰਦਕ-ਬੰਦਗੀ ਕਰਨ ਵਾਲਾ; ਬੰਦਨਾ ਕਰਨ ਵਾਲਾ (ਮ.ਕੋ.)। ਹੋਇ ਬੰਧ-ਸਨਬੰਧੀ ਹੋ (ਬਣ) ਕੇ। ਸੁਧਿ-ਖਬਰ। ਲਹੈ-ਲੈਂਦਾ ਹੈ।੨੯।

ਭਭਾ ਭੇਦਹਿ ਭੇਦ ਮਿਲਾਵਾ ॥ ਅਬ ਭਉ ਭਾਨਿ ਭਰੋਸਉ ਆਵਾ ॥ ਜੋ ਬਾਹਰਿ ਸੋ ਭਤਿਰਿ ਜਾਨਿਆ ॥ ਭਇਆ ਭੇਦੁ ਭੂਪਤਿ ਪਹਿਚਾਨਿਆ ॥੩੦॥ ਮਮਾ ਮੂਲ ਗਹਿਆ ਮਨੁ ਮਾਨੈ ॥ ਮਰਮੀ ਹੋਇ ਸੁ ਮਨ ਕਉ ਜਾਨੈ ॥ ਮਤ ਕੋਈ ਮਨ ਮਿਲਤਾ ਬਿਲਮਾਵੈ ॥ ਮਗਨ ਭਇਆ ਤੇ ਸੋ ਸਚੁ ਪਾਵੈ ॥੩੧॥ ਭੱਬਾ ਅੱਖਰ ਦੁਆਰਾ ਦਸਦੇ ਹਨ ਕਿ (ਜਦ) ਭੇਦ ਵਿਚ ਭੇਦ ਮਿਲਾ ਦਿਤਾ (ਜੀਵ ਤੇ ਹਰੀ ਵਿਚ ਵਿੱਥ ਮੁਕ ਗਈ ਤੇ ਦੋਵੇਂ ਇਕ ਹੋ ਗਏ; ਜੋ ਮੇਰੇ ਤੇ ਹਰੀ ਵਿਚ ਵਿੱਥ ਸੀ, ਗਿਆਨ ਦੁਆਰਾ ਉਸ) ਵਿਥ ਨੂੰ ਕੱਟ ਕੇ ਮੇਲ ਕਰ ਲਿਆ (ਸੰ.ਪੋ.)। ਹੁਣ ਡਰ ਨੂੰ ਭੰਨ ਕੇ ਭਰੋਸਾ ਆ ਗਿਆ। (ਕਿ) ਜਿਹੜਾ ਬਾਹਰ (ਪ੍ਰਭੂ ਵਿਆਪਕ) ਹੈ, ਉਹ (ਪ੍ਰਭੂ ਅਪਣੇ) ਅੰਦਰ ਵਸਦਾ ਜਾਣ ਲਿਆ ਹੈ। (ਇਸ ਤਰ੍ਹਾਂ ਜਦ ਉਸ ਪ੍ਰਭੂ ਦਾ) ਭੇਤ ਪ੍ਰਾਪਤ ਹੋ ਗਿਆ ਤਾਂ ਹਰੀ ਰਾਜੇ ਨੂੰ ਪਛਾਣ ਲਿਆ।੩੦। ਮੰਮਾ ਅੱਖਰ ਰਾਹੀਂ ਦਸਦੇ ਹਨ ਕਿ ਮੂਲ ਰੂਪ ਪ੍ਰਭੂ ਨੂੰ ਅੰਗੀਕਾਰ ਕੀਤਿਆਂ ਮਨ ਪਤੀਜਦਾ ਹੈ। (ਜੇ ਕੋਈ ਮਨੁੱਖ ਮਨ ਦਾ) ਭੇਤੀ ਹੋਵੇ, ਉਹ ਮਨ ਨੂੰ ਜਾਣ ਸਕਦਾ ਹੈ। (ਪ੍ਰਭੂ ਨਾਲ) ਮਨ ਮਿਲਦੇ ਨੂੰ ਮੱਤਾਂ ਕੋਈ ਦੇਰੀ ਕਰੇ ਭਾਵ ਦੇਰ ਨ ਲਾਵੇ। (ਕਿਉਂਕਿ ਮਨ ਦੇ ਹਰੀ ਵਿਚ) ਮਗਨ ਹੋਇਆਂ ਤੇ ਹੀ ਉਹ ਸੱਚ ਸਰੂਪ ਹਰੀ ਪ੍ਰਾਪਤ ਹੁੰਦਾ ਹੈ।੩੧।

ਪਦਾਰਥ = ਭਭਾ-ਭੱਭਾ ਅੱਖਰ। ਭੇਦਹਿ-(ਹਰੀ ਨਾਲ ਪਈ) ਵਿੱਥ ਨੂੰ। ਭੇਦਿ-ਭੇਦ ਵਿਚ; ਵਿੰਨ੍ਹ (ਮੁਕਾ) ਕੇ। ਮਿਲਾਵਾ-ਮਿਲਾ ਲਿਆ। ਅਬ-ਹੁਣ। ਭਉ-ਡਰ। ਭਾਨਿ-ਭੰਨ (ਤੋੜ) ਕੇ। ਭਰੋਸਉ-ਭਰੋਸਾ। ਆਵਾ-ਆਇਆ। ਸੋ-ਉਹ। ਭਤਿਰਿ-ਅੰਦਰ। ਭਇਆ-ਹੋ ਗਿਆ। ਭੇਦੁ-ਭੇਤ; ਗਿਆਨ। ਭੂਪਤਿ-ਧਰਤੀ (ਸ੍ਰਿਸਟੀ) ਦਾ ਮਾਲਕ ਪ੍ਰਭੂ ਪਾਤਸ਼ਾਹ।੩੦। ਮਮਾ-ਮੰਮਾ ਅੱਖਰ। ਮੂਲ-(ਜਗਤ ਦਾ) ਮੂਲ ਪ੍ਰਭੂ। ਗਹਿਆ-ਅੰਗੀਕਾਰ ਕੀਤਿਆਂ; (ਮਨ ਵਿਚ) ਵਸਾਉਣ ਨਾਲ। ਮਨੁ ਮਾਨੈ-ਮਨ ਪਤੀਜਦਾ ਹੈ। ਮਰਮੀ-ਭੇਤੀ। ਸੁ-ਉਹ। ਮਤ-ਮੱਤਾਂ। ਬਿਲਮਾਵੈ-ਦੇਰ ਲਾਏ। ਮਗਨ-ਮਸਤ; ਲੀਨ। ਭਇਆ ਤੇ-ਮਸਤ ਹੋਣ ਤੇ ਹੀ।੩੧।

ਮਮਾ ਮਨ ਸਿਉ ਕਾਜੁ ਹੈ, ਮਨ ਸਾਧੇ ਸਿਧਿ ਹੋਇ ॥ ਮਨ ਹੀ ਮਨ ਸਿਉ ਕਹੈ ਕਬੀਰਾ, ਮਨ ਸਾ ਮਿਲਿਆ ਨ ਕੋਇ ॥੩੨॥ ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੋ ਜੀਉ ॥ ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥ ਮੰਮਾ ਅੱਖਰ ਦੁਆਰਾ ਫਿਰ ਆਖਦੇ ਹਨ (ਕਿ ਮਨੁੱਖ ਦਾ) ਕੰਮ ਮਨ ਨਾਲ ਹੀ ਹੈ, ਮਨ ਨੂੰ ਸਾਧਿਆਂ ਸਿੱਧੀ ਪ੍ਰਾਪਤ ਹੁੰਦੀ ਹੈ। ਕਬੀਰ ਜੀ ਆਖਦੇ ਹਨ ਕਿ ਮਨ ਦਾ ਕੰਮ ਮਨ ਨਾਲ ਹੀ ਹੈ, ਮਨ ਵਰਗਾ (ਮਿਤ੍ਰ ਹੋਰ) ਕੋਈ ਨਹੀਂ ਮਿਲਿਆ (ਮਨ ਹੀ ਮਨ ਨੂੰ ਸਿੱਖਿਆ ਦੇਂਦਾ ਹੈ ਭਾਵ ਚੰਗਾ ਮਨ, ਬੁਰੇ ਮਨ ਨੂੰ ਬੁਰਿਆਈਆਂ ਤੋਂ ਰੋਕ ਕੇ ਚੰਗੇ ਪਾਸੇ ਲਾਉਂਦਾ ਹੈ, ਇਸ ਕਰਕੇ ਮਨ ਵਰਗਾ ਉਪਦੇਸ਼ਕ ਕੋਈ ਨਹੀਂ ਮਿਲਿਆ)।੩੨। (ਮਨ ਦੇ ਤਿੰਨ ਰੂਪ ਹਨ) ਇਹ ਮਨ ਮਾਇਆ ਨਾਲ ਮਿਲ ਕੇ ਮਾਇਆ ਰੂਪ ਹੋ ਜਾਂਦਾ ਹੈ ਅਤੇ ਇਹੋ ਮਨ ਕਲਿਆਣ ਸਰੂਪ ਪ੍ਰਮਾਤਮਾ ਨਾਲ ਮਿਲ ਕੇ ਪ੍ਰਮਾਤਮਾ ਰੂਪ ਹੋ ਜਾਂਦਾ ਹੈ। ਇਹੋ ਮਨ ਪੰਜਾਂ ਤੱਤਾਂ ਦੇ ਸਰੀਰ

ਨਾਲ ਮਿਲ ਕੇ ਸਰੀਰ ਰੂਪ ਹੁੰਦਾ ਹੈ (ਮਨ ਜੋ ਮਾਇਆ ਤੇ ਪੰਜਾਂ ਤੱਤਾਂ ਦਾ ਜੀਵ ਰੂਪ ਸੀ, ਜੀਵਤ ਭਾਵ ਤੋਂ ਮਰਨ ਨਾਲ ਜੋਤ ਸਰੂਪ ਹੋ ਗਿਆ। ਮਨ ਜਿਸ ਨਾਲ ਮਿਲਦਾ ਹੈ ਉਸੇ ਦਾ ਰੂਪ ਹੋ ਜਾਂਦਾ ਹੈ)। ਇਸ ਮਨ ਨੂੰ ਉਚਾ ਲਿਜਾ ਕੇ ਜੋ (ਮਨੁੱਖ) ਗਿਆਨ ਪਦ ਵਿਚ ਰਹਿੰਦਾ ਹੈ (ਉਹ ਬ੍ਰਹਮ ਗਿਆਨੀ ਹੈ), ਤਦ ਤਿੰਨਾਂ ਲੋਕਾਂ ਦੀਆਂ ਗੱਲਾਂ ਦਸ ਸਕਦਾ ਹੈ।੩੩।

ਗਿਆਨ ਪੱਖ = ਜਦ ਮਨ ਮਾਇਆ ਨਾਲ ਮਿਲਦਾ ਹੈ ਤਾਂ ਇਹ ਸ਼ਕਤੀ ਵਾਲਾ ਕਹੀਦਾ ਹੈ। ਜਦ ਮਨ ਪ੍ਰਭੂ ਨਾਲ ਮਿਲਦਾ ਹੈ ਤਾਂ ਸ਼ਿਵ ਰੂਪ ਕਹੀਦਾ ਹੈ। ਜਦ ਮਨ ਪੰਜਾਂ ਤੱਤਾਂ ਦੇ ਸਰੀਰ ਦਾ ਅਭਿਮਾਨੀ ਹੁੰਦਾ ਹੈ ਤਾਂ ਜੀਉ ਕਹੀਦਾ ਹੈ। ਜਦ ਸਾਧਕ ਉਨਮਨ (ਤੁਰੀਆ ਪਦ) ਵਿਚ ਜਾ ਟਿਕਦਾ ਹੈ ਤਾਂ ਤਿੰਨਾਂ ਲੋਕਾਂ ਨੂੰ ਮਿਥਿਆ ਆਖਦਾ ਹੈ ਕਿ ਇਹ ਤਾਂ ਬਾਤ ਮਾਤ੍ਰ ਹਨ, ਵਾਸਤਵ ਵਿਚ ਕੁੱਛ ਨਹੀਂ।

ਤੀਨਿ ਲੋਕ ਕੀ ਬਾਤੈ ਕਹੈ = ੧. ਜੇ ਮਨ ਪ੍ਰਭੂ ਦਾ ਧਿਆਨ ਧਰ ਕੇ ਪ੍ਰਭੂ ਵਿਚ ਟਿਕਿਆ ਰਹੇ ਤਾਂ ਪ੍ਰਭੂ ਵਾਂਗ ਸਰਵੱਗ ਹੋ ਜਾਏਗਾ ਤੇ ਤਿੰਨਾਂ ਲੋਕਾਂ ਦੇ ਜਾਨਣ ਵਾਲਾ ਤੇ ਦਸਣ ਵਾਲਾ ਹੋ ਜਾਏਗਾ। (੨) ਇਹ ਮਨ ਪੰਜਾਂ ਤੱਤਾਂ ਦੇ ਸਰੀਰ ਅੰਦਰ ਜੀਵ (ਜਿੰਦ) ਰੂਪ ਹੈ। ਇਸ ਮਨ ਨੂੰ ਲੈ (ਰੋਕ) ਕੇ ਉਨਮਨੀ ਅਵਸਥਾ ਵਿਚ ਰਹੇ ਤਾਂ ਅੰਤ੍ਰਯਾਮੀ ਹੋ ਕੇ ਤਿੰਨਾਂ ਲੋਕਾਂ ਦੀਆਂ ਗੱਲਾਂ ਦੱਸੇਗਾ।

ਪਦਾਰਥ = ਮਮਾ-ਮੰਮਾ ਅੱਖਰ। ਮਨ ਸਿਉ-ਮਨ ਨਾਲ। ਸਾਧੇ-ਕਾਬੂ ਵਿਚ ਕੀਤਿਆਂ। ਸਿਧਿ-ਮੁਕਤੀ। ਮਨ ਸਾ-ਮਨ ਵਰਗਾ।੩੨। ਸਕਤੀ-ਮਾਇਆ। ਸੀਉ-ਸ਼ਿਵ (ਕਲਿਆਣ ਸਰੂਪ ਪ੍ਰਭੂ)। ਜੀਉ-ਜੀਵ (ਸਰੀਰ)। ਲੇ-ਲੈ ਕੇ ਭਾਵ ਕਾਬੂ ਕਰਕੇ। ਜਉ-ਜਦੋਂ। ਉਨਮਨਿ -ਉਨਤ ਮਨ; ਗਿਆਨ ਅਵਸਥਾ ਵਿਚ (ਯੋਗ ਮੱਤ ਅਨੁਸਾਰ ਗਿਆਨ ਅਵਸਥਾ ਸੁਖਮਨਾ ਵਿਚ ਪ੍ਰਾਣ ਲੈ ਜਾਣ ਨਾਲ ਪ੍ਰਾਪਤ ਹੁੰਦੀ ਹੈ); ਦੁਨੀਆਂ ਤੋਂ ਉਪਰਾਮ ਹੋਇਆ ਮਨ। ਤਉ-ਤਦ। ਬਾਤੈ-ਗੱਲਾਂ। ਕਹੈ-ਦਸਦਾ ਹੈ।੩੩।

ਵਿਆਖਿਆ = ਅੰਗ ੩੨੯ ਤੇ ੨੮ ਵੇਂ ਸ਼ਬਦ ਵਿਚ ਵੀ ਮਨ ਦਾ ਹੀ ਵਿਸ਼ਾ ਚਲਦਾ ਹੈ। ਜਿਸ ਵਿਚ ਦਸਿਆ ਹੈ ਕਿ ਮਨ ਨੂੰ ਮੂਲੋਂ ਨਹੀਂ ਮਾਰਨਾ ਚਾਹੀਦਾ, ਜੇ ਮਨ ਮਰ ਗਿਆ ਤਾਂ ਕਲਿਆਣ ਕਿਸ ਦੀ ਹੋਣੀ ਹੈ ਤੇ ਕਿਸ ਨੇ ਕਰਨੀ ਹੈ? ਮਾਇਆ ਮਗਨਤਾ, ਵਿਕਾਰਾਂ ਤੇ ਅਗਿਆਨ ਵਿਚੋਂ ਮਨ ਹੀ ਕੱਢਦਾ ਹੈ। ਭਾਵ ਹੈ ਕਿ ਮਨ ਦੀਆਂ ਬੁਰਿਆਈਆਂ ਦੂਰ ਕਰਨ ਤੇ ਚੰਗਿਆਈਆਂ ਧਾਰਨ ਕਰਨ ਦੀ ਲੋੜ ਹੈ। ਫਿਰ ਮਨ ਨੇ ਮਾਇਆ, ਹਉਮੈ ਤੇ ਹੋਰ ਸਭ ਪ੍ਰਕਾਰ ਦੇ ਵਿਕਾਰਾਂ ਤੋਂ ਮੁਕਤ ਹੋ ਕੇ ਵਾਹਿਗੁਰੂ ਵਿਚ ਲੀਨ ਹੋ ਜਾਣਾ ਹੈ। ਲੀਨ ਹੋ ਕੇ ਮਨ ਨੇ ਨਾਸ਼ ਨਹੀਂ ਹੋਣਾ, ਜਿਸ ਵਿਚ ਲੀਨ ਹੋਇਆ ਹੈ, ਉਸੇ ਦਾ ਰੂਪ ਹੋ ਜਾਵੇਗਾ {ਕਹੁ ਕਬੀਰ ਜੋ ਜਾਨੈ ਭੇਉ। ਮਨੁ ਮਧੁਸੂਦਨੁ ਤ੍ਰਿਭਵਣ ਦੇਉ ੩੨੯}। ਮਨ ਦਾ ਇਹ ਭੇਤ ਇਸ ਮੰਮੇ ਅੱਖਰ ਵਿਚ ਖੁਲ੍ਹਦਾ ਹੈ। ਇਥੇ ਮਨ ਦੇ ਤਿੰਨ ਰੂਪ ਦੱਸੇ ਹਨ, ਪੰਜਾਂ ਤੱਤਾਂ ਦੀ ਸ਼ੁੱਧ ਅੰਸ਼ ਤੋਂ ਮਨ ਬਣਦਾ ਹੈ {ਇਹੁ ਮਨੁ ਪੰਚ ਤਤ ਕੋ ਜੀਉ} ਆਖਿਆ ਹੈ, ਗੁਰੂ ਨਾਨਕ ਦੇਵ ਜੀ ਦਾ ਵੀ ਵਾਕ ਹੈ {ਇਹੁ ਮਨੁ ਪੰਚ ਤਤੁ ਤੇ ਜਨਮਾ ੪੧੫}। ਪੰਜਾਂ ਤੱਤਾਂ ਦੀ ਸੂਖਮ ਅੰਸ਼ ਮਨ ਨੂੰ ਵਸ ਕਰਕੇ ਹਰੀ ਦੇ ਨਾਮ ਨਾਲ ਰੰਗਣਾ ਹੈ। ਦੂਜਾ ਮਨ ਸ਼ਿਵ ਰੂਪ ਹੈ, ਜੋ ਆਤਮ ਜੋਤ ਹੈ {ਮਨ ਤੂੰ ਜੋਤਿ ਸਰੂਪੁ ਹੈ, ਆਪਣਾ ਮੂਲੁ ਪਛਾਣੁ ੪੪੧}। ਕਬੀਰ ਜੀ ਨੇ ਮਨ ਦੇ ਇਸ ਅਸਲੀ ਤੇ ਆਦਿ ਸਰੂਪ ਨੂੰ ਇਥੇ (ਇਹੁ ਮਨੁ ਸੀਉ) ਕਿਹਾ ਹੈ। ਜਦ ਮਨ ਹਉਮੈ ਵਿਚ ਫਸਿਆ ਹੋਇਆ ਸੀ, ਪੰਚ ਤੱਤ ਤੇ ਸ਼ਕਤੀ ਰੂਪ ਸੀ, ਉਹ ਮਨ ਗੁਰ ਸ਼ਬਦ ਦੀ ਬਰਕਤ ਨਾਲ ਸੀਉ ਰੂਪ ਹੋ ਗਿਆ {ਅਬ ਮਨੁ ਉਲਟਿ ਸਨਾਤਨੁ ਹੂਆ ੩੨੭}, ਇਹ ਅਵਸਥਾ ਸਹਿਜ ਸੁਖ ਵਿਚ ਸਮਾ ਜਾਣ ਦੀ ਹੈ। ਤੀਜਾ ਮਨ ਹੈ ਸ਼ਕਤੀ ਰੂਪ, ਇਹ ਦੋਹਾਂ ਦੇ ਵਿਚਕਾਰ ਹੈ। ਪੰਚ ਤੱਤ ਦਾ ਜੀਵ ਰੂਪ ਮਨ ਤੇ ਸ਼ਕਤੀ ਰੂਪ ਮਨ ਦਾ ਪ੍ਰਕਾਸ਼ਕ ਸ਼ਿਵ ਰੂਪ ਮਨ ਹੈ। ਸ਼ਿਵ ਰੂਪ ਮਨ ਦਾ ਅਸਰ ਜਦ ਸ਼ਕਤੀ ਰੂਪ ਮਨ ਲੈਂਦਾ ਹੈ, ਤਾਂ ਉਚੇ ਵਿਚਾਰ ਪੈਦਾ ਹੁੰਦੇ ਹਨ, ਫਿਰ ਇਹੋ ਸ਼ਕਤੀ ਰੂਪ ਮਨ ਵਿਕਾਰਾਂ ਤੇ ਬੁਰੇ ਵਿਚਾਰਾਂ ਤੋਂ ਰੋਕਦਾ ਹੈ। ਪੰਚ ਤੱਤ ਰੂਪ ਮਨ ਜਦ ਵਿਸ਼ੇ ਵਿਕਾਰਾਂ ਤੇ ਭੋਗਾਂ ਵਿਚ ਜਾਂਦਾ ਹੈ, ਤਾਂ ਤਾਕਤ ਸਾਰੀ ਇਸੇ ਸ਼ਕਤੀ ਰੂਪ ਮਨ ਦੀ ਹੁੰਦੀ ਹੈ। ਸੋਧਣਾ ਇਸੇ ਪੰਚ ਤੱਤ ਰੂਪ ਮਨ ਨੂੰ ਹੈ, ਇਸ ਦੀਆਂ ਨੀਵੀਆਂ ਰੁਚੀਆਂ ਨੂੰ ਰੋਕਣਾ ਹੈ। ਸ਼ਕਤੀ ਰੂਪ ਮਨ ਜਦ ਪੰਚ ਤੱਤ ਰੂਪ ਮਨ ਨੂੰ ਵਸ ਕਰ ਲੈਂਦਾ ਹੈ, ਤਾਂ ਉਪਰ ਨੂੰ ਉਚਾ ਉਠਦਾ ਹੈ ਤੇ ਸਾਰੀ ਤਾਕਤ ਇੰਦ੍ਰੀਆਂ ਨੂੰ ਕਾਬੂ ਕਰਨ, ਸਿਮਰਨ, ਕੀਰਤਨ, ਸੱਤਸੰਗ, ਗਿਆਨ ਵਿਚਾਰ ਰਾਹੀਂ ਗੁਰਮੁਖਾਂ ਵਾਲਾ ਜੀਵਨ ਗੁਜਾਰਨ ਵੱਲ ਖਰਚਦਾ ਹੈ। ਜਦ ਇਸ ਵਿਚੋਂ ਦ੍ਵੈਤ ਭਾਵਨਾ ਨਿਕਲ ਜਾਂਦੀ ਹੈ ਤਾਂ ਦੋਵੇਂ ਮਨ, ਸ਼ਿਵ ਰੂਪ ਮਨ ਵਿਚ ਮਿਲ ਜਾਂਦੇ ਹਨ ਅਤੇ ਸ਼ਿਵ ਰੂਪ ਮਨ ਪਰਮ ਜੋਤ ਵਾਹਿਗੁਰੂ ਨਾਲ ਇਕ ਰੂਪ ਹੋ ਜਾਂਦਾ ਹੈ। ਜਦ ਤਕ ਸਰੀਰ ਰਹਿੰਦਾ ਹੈ, ਤਦ ਤਕ ਤਿੰਨੇ ਮਨ ਰਹਿੰਦੇ ਹਨ, ਨਹੀਂ ਤਾਂ ਸਰੀਰ ਦੀ ਕ੍ਰਿਆ ਰੁਕ ਜਾਂਦੀ ਹੈ। ਮਨ ਮੁੜ ਨੀਵੀਆਂ ਰੁਚੀਆਂ ਵਿਚ ਪ੍ਰਵਿਰਤ ਨਹੀਂ ਹੁੰਦਾ ਤੇ ਇੰਦ੍ਰੀਆਂ ਨੂੰ ਭੋਗਾਂ ਵੱਲ ਨਹੀਂ ਜਾਣ ਦੇਂਦਾ। ਇਸ ਅਵਸਥਾ ਵਿਚ ਜਦ ਦੋਵੇਂ ਮਨ ਉਨਤ ਹੋ ਕੇ ਸ਼ਿਵ ਰੂਪ ਮਨ ਵਿਚ ਰਹਿੰਦੇ ਹਨ, ਤਾਂ ਮਨੁੱਖ ਤਿੰਨਾਂ ਲੋਕਾਂ ਦੀਆਂ ਗੱਲਾਂ ਦਸਦਾ ਹੈ।

ਮਨ ਨੂੰ ਮਾਰੋ ਨਾ, ਗੁਰ ਸ਼ਬਦ ਦੁਆਰਾ ਇਸ ਨੂੰ ਸੁਧਾਰੋ। ਇਸੇ ਮਨ ਨੇ ਮਨੁੱਖ ਨੂੰ ਗਿਆਨੀ, ਭਗਤ, ਸੰਤ ਤੇ ਜੀਵਨ ਮੁਕਤ ਬਣਾਉਣਾ

All Rights Reserved by Harjinder Singh Gyani | www.GuruGranthVakhyaan.org

ਹੈ। ਮਨ ਨੇ ਹੀ ਨੀਵੀਆਂ ਰੁਚੀਆਂ ਚੋਂ ਕੱਢ ਕੇ ਗਿਆਨ ਪਦ ਵਿਚ ਲੈ ਜਾਣਾ ਹੈ। ਮਨ ਹੀ ਮਨ ਨੂੰ ਕਹਿੰਦਾ ਸੀ ਕਿ ਪਹਿਲਾਂ ਤੂੰ ਵੈਰੀ ਸੀ, ਹੁਣ ਚੰਗਾ ਹੋ ਕੇ ਮਿਤ੍ਰ ਬਣ ਗਿਆ ਹੈਂ। ਜੇ ਬੁਰਾ ਮਨ ਨਾ ਬਦਲੇ ਤਾਂ ਸੱਤ ਸੰਗ ਵਿਚ, ਗੁਰੂ ਸ਼ਰਣ ਵਿਚ ਤੇ ਹਰੀ ਵੱਲ ਕੌਣ ਜਾਉ। ਇਸ ਕਰਕੇ ਕਬੀਰ ਜੀ ਆਖਦੇ ਹਨ ਕਿ ਹੇ ਮਨ! ਤੇਰੇ ਵਰਗਾ ਹੋਰ ਕੋਈ ਮਿਤ੍ਰ ਨਹੀਂ।

ਯਯਾ ਜਉ ਜਾਨਹਿ ਤਉ ਦੁਰਮਤਿ ਹਨਿ, ਕਰਿ ਬਸਿ ਕਾਇਆ ਗਾਉ ॥ ਰਣਿ ਰੂਤਉ ਭਾਜੈ ਨਹੀ, ਸੂਰਉ ਥਾਰਉ ਨਾਉ ॥੩੪॥ ਰਾਰਾ ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸੁ ਪਹਿਚਾਨਿਆ ॥ ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥੩੫॥ ਯਯਾ ਅੱਖਰ ਦੁਆਰਾ ਆਖਦੇ ਹਨ, (ਹੇ ਭਾਈ!) ਜੇ ਤੂੰ ਕੁਛ ਜਾਣਦਾ ਹੈਂ; ਜੇ ਤੈਨੂੰ ਗਿਆਨ ਮਿਲ ਗਿਆ ਹੈ, ਤਾਂ (ਉਸ ਗਿਆਨ ਨਾਲ) ਖੋਟੀ ਬੁੱਧੀ ਨੂੰ ਨਾਸ਼ ਕਰ ਅਤੇ ਸਰੀਰ ਰੂਪ ਪਿੰਡ ਨੂੰ (ਅਪਣੇ) ਵਸ ਵਿਚ ਕਰ (ਇੰਦ੍ਰਿਆਂ ਨੂੰ ਵਿਸ਼ਿਆਂ ਵੱਲ ਜਾਣ ਤੋਂ ਰੋਕ ਰੱਖ। ਜੇ ਅਜੇਹਾ ਕਰਨ ਦੇ) ਜੁੱਧ ਵਿਚ ਰੁੱਝਿਆ ਹੋਇਆ ਤੂੰ ਨੱਸ ਨਾ ਜਾਵੇਂ ਤਾਂ ਤੇਰਾ ਨਾਮ ਸੂਰਮਾ ਹੈ।੩੪। ਰਾਰਾ ਅੱਖਰ ਦੁਆਰਾ ਉਪਦੇਸ਼ ਦੇਂਦੇ ਹਨ, (ਜਿਸ ਮਨੁੱਖ ਨੇ ਵਿਸ਼ਿਆਂ ਦੇ) ਰਸ ਨੂੰ ਬੇਸੁਆਦਾ ਕਰਕੇ ਜਾਣਿਆ ਹੈ। (ਉਸ ਨੇ ਵਿਸ਼ੇ) ਰਸਾਂ ਤੋਂ ਰਹਿਤ ਹੋ ਕੇ ਉਸ (ਆਤਮ) ਰਸ ਨੂੰ ਪਛਾਣ ਲਿਆ ਹੈ। ਦੂਜਾ ਅਰਥ = ਜੋ ਹਰੀ ਦਾ ਨਾਮ ਰਸ ਹੈ, (ਉਹ ਮਨੁੱਖ ਨੇ) ਬੇਸੁਆਦਾ ਕਰਕੇ ਸਮਝਿਆ ਹੈ। (ਜੋ ਵਿਸ਼ੇ) ਰਸ ਬੇਸੁਆਦੇ ਹੁੰਦੇ ਹਨ, (ਉਨ੍ਹਾਂ ਨੂੰ ਮਨੁੱਖ ਨੇ) ਉਤਮ ਰਸ ਪਛਾਣਿਆ ਹੈ (ਟਕਸਾਲ; ਫ.ਸ.)। ਇਹ (ਵਿਸ਼ੇ ਤੇ ਮਾਇਕ) ਰਸ (ਜਿਸ ਪੁਰਖ ਨੇ) ਛਡ ਦਿਤੇ ਹਨ, (ਉਸ ਨੂੰ) ਉਹ ਆਤਮ ਰਸ ਆ ਗਿਆ। (ਜਦ) ਉਹ ਆਤਮ ਰਸ ਪੀਤਾ ਤਾਂ ਇਹ (ਵਿਸ਼ੇ ਰਸ) ਚੰਗਾ ਨਹੀਂ ਲਗਦਾ।੩੫।

ਪਦਾਰਥ = ਯਯਾ-ਯਯਾ ਅੱਖਰ। ਜਉ-ਜੇ। ਜਾਨਹਿ-ਜਾਣਦਾ ਹੈਂ; ਗਿਆਨ ਮਿਲਿਆ ਹੈ। ਤਉ-ਤਾਂ। ਦੁਰਮਤਿ-ਖੋਟੀ ਬੁੱਧੀ (ਮੂਰਖਤਾ)। ਹਨਿ-ਨਾਸ਼ ਕਰ। ਕਰਿ ਬਸਿ-ਵਸ ਵਿਚ ਕਰ। ਕਾਇਆ-ਸਰੀਰ। ਗਾਉ-ਪਿੰਡ। ਰਣਿ-ਜੁੱਧ ਭੂਮੀ ਵਿਚ। ਰੂਤਉ-ਰੁਝਿਆ (ਡਟਿਆ) ਹੋਇਆ। ਭਾਜੈ ਨਹੀ-ਨੱਸ ਨਾ ਜਾਵੇਂ। ਸੂਰਉ-ਸੂਰਮਾ। ਥਾਰਉ-ਤੇਰਾ।੩੪। ਰਾਰਾ-ਰਾਰਾ ਅੱਖਰ। ਰਸੁ-ਵਿਸ਼ਿਆਂ; ਮਾਇਆ ਦਾ ਸੁਆਦ। ਨਿਰਸ (ਨਿ+ਰਸ ਬੋਲੋ)-ਬੇਸੁਆਦਾ; ਫਿੱਕਾ। ਹੋਇ ਨਿਰਸ-ਰਸਾਂ ਤੋਂ ਰਹਿਤ ਹੋ ਕੇ; ਰਸਾਂ ਦਾ ਤਿਆਗੀ ਹੋ ਕੇ। ਸੁ ਰਸੁ-ਉਹ ਆਤਮਕ ਅਨੰਦ; ਸ੍ਰੇਸਟ ਆਤਮਕ ਅਨੰਦ। ਆਵਾ-ਆ ਗਿਆ। ਪੀਆ-ਪੀਤਾ। ਨਹੀ ਭਾਵਾ-ਚੰਗਾ ਨਹੀਂ ਲੱਗਾ।੩੫।

ਲਲਾ ਐਸੇ ਲਿਵ ਮਨੁ ਲਾਵੈ ॥ ਅਨਤ ਨ ਜਾਇ ਪਰਮ ਸਚੁ ਪਾਵੈ ॥ ਅਰੁ ਜਉ ਤਹਾ ਪ੍ਰੇਮ ਲਿਵ ਲਾਵੈ ॥ ਤਉ ਅਲਹ ਲਹੈ ਲਹਿ ਚਰਨ ਸਮਾਵੈ ॥੩੬॥ ਵਵਾ ਬਾਰ ਬਾਰ ਬਿਸਨ ਸਮ੍ਹਾਰਿ ॥ ਬਿਸਨ ਸਮ੍ਹਾਰਿ ਨ ਆਵੈ ਹਾਰਿ ॥ ਬਲਿ ਬਲਿ ਜੇ ਬਿਸਨ ਤਨਾ ਜਸੁ ਗਾਵੈ ॥ ਵਿਸਨ ਮਿਲੇ ਸਭ ਹੀ ਸਚੁ ਪਾਵੈ ॥੩੭॥ ਲੱਲਾ ਅੱਖਰ ਦੁਆਰਾ ਦਸਦੇ ਹਨ, (ਜੇ ਮਨੁੱਖ ਦਾ) ਮਨ ਪ੍ਰਭੂ ਵਿਚ ਇਸ ਤਰ੍ਹਾਂ ਲਿਵ ਲਾਵੇ। (ਕਿ ਉਸ ਦਾ ਮਨ) ਕਿਸੇ ਹੋਰ ਥਾਂ ਤੇ ਨਾ ਜਾਵੇ ਭਾਵ ਮਨ ਨੂੰ ਭਟਕਣ ਨਾ ਦੇਵੇ, (ਫਿਰ ਉਹ) ਪਰਮ ਸਚੁ (ਵਾਹਿਗੁਰੂ) ਨੂੰ ਪਾ ਲੈਂਦਾ ਹੈ। ਅਤੇ ਜੇ ਪ੍ਰੇਮ ਨਾਲ ਉਥੇ (ਪ੍ਰਭੂ ਦੇ ਚਰਨਾਂ ਵਿਚ) ਲਿਵ ਲਾਵੇ। ਤਾਂ (ਉਹ) ਰੱਬ ਨੂੰ ਜਾਣ ਲੈਂਦਾ ਹੈ ਤੇ ਜਾਣ ਕੇ (ਰੱਬ ਦੇ) ਚਰਨਾਂ ਵਿਚ ਸਮਾ ਜਾਂਦਾ ਹੈ।੩੬। ਵਾਵਾ ਅੱਖਰ ਦੁਆਰਾ ਉਪਦੇਸ਼ ਦੇਂਦੇ ਹਨ, ਬਾਰ ਬਾਰ ਵਾਹਿਗੁਰੂ ਨੂੰ ਯਾਦ ਕਰ। ਵਾਹਿਗੁਰੂ ਨੂੰ ਯਾਦ ਕਰਦਿਆਂ (ਕਦੇ) ਹਾਰ ਨਹੀਂ ਆਉਂਦੀ (ਜੀਵਨ ਦੀ ਬਾਜੀ ਜਿਤ ਲੈਂਦਾ ਹੈ। ਮੈਂ ਉਨ੍ਹਾਂ ਪੁਰਖਾਂ ਤੋਂ) ਮਨ ਤੇ ਤਨ ਕਰਕੇ ਬਲਹਾਰ ਜਾਂਦਾ ਹਾਂ, ਜਿਹੜੇ ਵਾਹਿਗੁਰੂ ਦੇ ਪੁਤ੍ਰਾਂ (ਭਗਤਾਂ) ਦਾ ਜਸ ਗਾਉਂਦੇ ਹਨ। (ਕਿਉਂਕਿ ਉਹ ਭਗਤ) ਵਾਹਿਗੁਰੂ ਨਾਲ ਮਿਲੇ ਹੋਏ ਹਨ, (ਉਨ੍ਹਾਂ ਭਗਤਾਂ ਦੀ ਸੰਗਤ ਕਰਨ ਵਾਲੇ ਸਾਰੇ ਪੁਰਖ) ਸੱਚ ਸਰੂਪ ਵਾਹਿਗੁਰੂ ਨੂੰ ਪ੍ਰਾਪਤ ਕਰ ਲੈਂਦੇ ਹਨ।੩੭।

ਪਦਾਰਥ = ਲਲਾ-ਲੱਲਾ ਅੱਖਰ। ਐਸੇ-ਇਸ ਤਰ੍ਹਾਂ (ਅਜੇਹੇ ਤਰੀਕੇ ਨਾਲ)। ਲਿਵ ਲਾਵੈ-ਬਿਰਤੀ ਜੋੜੇ। ਅਨਤ-ਕਿਸੇ ਹੋਰ ਥਾਂ। ਅਰੁ-ਅਤੇ। ਜਉ-ਜੇ। ਤਹਾ-ਉਥੇ (ਚਰਨਾਂ ਵਿਚ)। ਤਉ-ਤਾਂ। ਅਲਹ-ਰੱਬ; ਅਲੱਭ ਪ੍ਰਭੂ। ਲਹੈ-ਜਾਣ; ਲੱਭ ਲੈਂਦਾ ਹੈ। ਲਹਿ-ਜਾਣ ਕੇ। ੩੬। ਵਵਾ-ਵਾਵਾ ਅੱਖਰ। ਬਿਸਨ-ਵਾਹਿਗੁਰੂ। ਸਮ੍ਹਾਰਿ-ਯਾਦ ਕਰ। ਬਿਸਨ ਤਨਾ-ਪ੍ਰਭੂ ਦੇ ਪੁਤ੍ਰ (ਭਗਤ); ਹਰੀ ਦੇ ਸਰੂਪ ਦਾ।੩੭।

ਵਾਵਾ ਵਾਹੀ ਜਾਨੀਐ, ਵਾ ਜਾਨੇ ਇਹੁ ਹੋਇ ॥ ਇਹੁ ਅਰੁ ਓਹੁ ਜਬ ਮਿਲੈ, ਤਬ ਮਿਲਤ ਨ ਜਾਨੈ ਕੋਇ ॥੩੮॥ ਸਸਾ ਸੋ ਨੀਕਾ ਕਰਿ ਸੋਧਹੁ ॥ ਘਟ ਪਰਚਾ ਕੀ ਬਾਤ ਨਿਰੋਧਹੁ ॥ ਘਟ ਪਰਚੈ ਜਉ ਉਪਜੈ ਭਾਉ ॥ ਪੂਰਿ ਰਹਿਆ ਤਹ ਤ੍ਰਿਭਵਣ ਰਾਉ ॥੩੯॥ ਵਾਵਾ ਅੱਖਰ ਦੁਆਰਾ ਦਸਦੇ ਹਨ, ਉਸ ਹਰੀ ਨੂੰ ਜਾਣੀਏ (ਹਰੀ ਦਾ ਗਿਆਨ ਹਾਸਲ ਕਰ ਲਈਏ, ਤਾਂ) ਉਸ ਦੇ ਜਾਣਿਆਂ ਇਹ ਜੀਵ ਹਰੀ ਰੂਪ ਹੋ ਜਾਂਦਾ ਹੈ। ਇਹ ਜੀਵ ਤੇ ਉਹ ਪ੍ਰਭੂ ਜਦ (ਇਕ ਦੂਜੇ ਨਾਲ) ਮਿਲ ਜਾਂਦੇ ਹਨ, ਤਦ ਮਿਲਿਆਂ ਹੋਇਆਂ ਨੂੰ ਕੋਈ ਜਾਣ ਨਹੀਂ ਸਕਦਾ (ਕਿ ਇਹ ਦੋ ਹਨ) {ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ ੯੬੯}।੩੮। ਸੱਸਾ ਅੱਖਰ ਦੁਆਰਾ ਉਪਦੇਸ਼

ਦੇਂਦੇ ਹਨ ਕਿ ਉਸ ਮਨ ਨੂੰ ਚੰਗੀ ਤਰ੍ਹਾਂ ਸੋਧ ਲਵੋ (ਮਨ ਨੂੰ ਖੋਜੋ ਤੇ ਬੁੱਧੀ ਨਾਲ ਦੇਖੋ ਕਿ ਮਨ ਕੀ ਹੈ? ਵਿਸ਼ੇ ਵਿਕਾਰਾਂ ਵਲੋਂ ਮਨ ਨੂੰ) ਰੋਕੋ ਅਤੇ ਮਨ ਦੇ ਜਾਨਣ ਦੀਆਂ ਗੱਲਾਂ ਕਰੋ (ਅਪਣੇ ਆਪ ਨੂੰ ਜਾਣੋ); ਮਨ ਬਹਿਲਾਉਣ ਦੀਆਂ ਬਾਹਰ ਮੁਖੀ ਗੱਲਾਂ (ਤੋਂ ਮਨ) ਨੂੰ ਰੋਕੋ (ਫ.ਸ.)। ਮਨ ਨੂੰ ਜਾਨਣ (ਮਨ ਵਿਚ ਗਿਆਨ ਹੋਣ) ਨਾਲ ਜੇ (ਹਰੀ ਦਾ) ਪ੍ਰੇਮ ਪੈਦਾ ਹੋ ਜਾਵੇ। ਤਾਂ ਤਿੰਨਾਂ ਭਵਨਾਂ ਵਿਚ ਵਿਆਪਕ ਹੋ ਰਿਹਾ ਪ੍ਰਭੂ ਪਾਤਸ਼ਾਹ ਉਥੇ (ਮਨ ਵਿਚ) ਦਿਸ ਪਵੇਗਾ।੩੯।

ਪਦਾਰਥ = ਵਾਵਾ–ਵਾਵਾ ਅੱਖਰ। ਵਾਹੀ–ਵਹੀ (ਹਿੰਦੀ) ਉਸ (ਹਰੀ) ਨੂੰ। ਵਾ–ਉਸ ਦੇ। ਜਾਨੇ–ਜਾਣਿਆਂ। ਇਹੁ–ਇਹ (ਜੀਵ)। ਅਰੁ–ਅਤੇ। ਓਹੁ–ਉਹ (ਹਰੀ)। ਜਬ–ਜਦ। ਤਬ–ਤਦ। ਮਿਲਤ–ਮਿਲਿਆਂ ਨੂੰ।੩੮। ਸਸਾ–ਸੱਸਾ ਅੱਖਰ। ਸੋ–ਉਸ (ਮਨ ਨੂੰ)। ਨੀਕਾ ਕਰਿ –ਚੰਗੀ ਤਰ੍ਹਾਂ। ਸੋਧਹੁ–ਸੋਧ (ਠੀਕ ਕਰ) ਲਵੋ। ਘਟ–ਮਨ; ਹਿਰਦਾ। ਪਰਚਾ ਕੀ–ਜਾਨਣ ਦੀ। ਬਾਤ–ਗੱਲਾਂ। ਨਿਰੋਧਹੁ–ਰੋਕੋ। ਪਰਚੈ–ਜਾਨਣ ਨਾਲ। ਜਉ–ਜਦ। ਭਾਉ–ਪ੍ਰੇਮ। ਪੂਰਿ ਰਹਿਆ–ਵਿਆਪਕ ਹੋ ਰਿਹਾ। ਤ੍ਰਿਭਵਣ–ਤਿੰਨਾਂ ਭਵਨਾਂ ਦਾ। ਰਾਉ–ਪਾਤਸ਼ਾਹ।੩੯।

ਖਖਾ ਖੋਜਿ ਪਰੈ ਜਉ ਕੋਈ ॥ ਜੋ ਖੋਜੈ ਸੋ ਬਹੁਰਿ ਨ ਹੋਈ ॥ ਖੋਜਿ ਬੂਝਿ ਜਉ ਕਰੈ ਬੀਚਾਰਾ ॥ ਤਉ ਭਵਜਲ ਤਰਤ ਨ ਲਾਵੈ ਬਾਰਾ ॥੪੦॥ ਸਸਾ ਸੋ ਸਹ ਸੇਜ ਸਵਾਰੈ ॥ ਸੋਈ ਸਹੀ ਸੰਦੇਹ ਨਿਵਾਰੈ ॥ ਅਲਪ ਸੁਖ ਛਾਡਿ ਪਰਮ ਸੁਖ ਪਾਵਾ ॥ ਤਬ ਇਹ ਤ੍ਰੀਅ ਓਹੁ ਕੰਤੁ ਕਹਾਵਾ ॥੪੧॥ ਖੱਖਾ ਅੱਖਰ ਦੁਆਰਾ ਉਪਸੇਸ਼ ਦੇਂਦੇ ਹਨ, ਜੇ ਕੋਈ ਪੁਰਖ (ਤਿੰਨਾਂ ਭਵਨਾਂ ਦੇ ਪਾਤਸ਼ਾਹ ਦੀ) ਖੋਜ ਵਿਚ ਪੈਂਦਾ ਹੈ। ਜੋ (ਉਸ ਨੂੰ) ਖੋਜ ਲੈਂਦਾ ਹੈ, ਉਹ ਫਿਰ (ਹਰੀ ਤੋਂ) ਭਿੰਨ ਨਹੀਂ ਹੁੰਦਾ (ਹਰੀ ਵਿਚ ਲੀਨ ਹੋ ਜਾਂਦਾ ਹੈ); ਉਸਦਾ ਮੁੜ ਜਨਮ ਮਰਣ ਨਹੀਂ ਹੁੰਦਾ। (ਫਿਰ ਉਸ ਪਾਸੋਂ) ਜੇ ਕੋਈ (ਹੋਰ ਮਨੁੱਖ ਹਰੀ ਨੂੰ) ਬੁੱਝ ਕੇ ਤੇ ਖੋਜ ਕੇ ਵਿਚਾਰ ਕਰਦਾ ਹੈ। ਤਾਂ (ਉਹ) ਸੰਸਾਰ ਸਮੁੰਦਰ ਤੋਂ ਤਰਦਿਆਂ ਦੇਰ ਨਹੀਂ ਲਾਉਂਦਾ।੪੦। ਸੱਸਾ ਅੱਖਰ ਰਾਹੀਂ ਦਸਦੇ ਹਨ, ਉਹ ਵਾਹਿਗੁਰੂ (ਸਭ ਦਾ) ਪਤੀ ਹੈ (ਜੋ ਜੀਵ ਰੂਪ) ਸਖੀ (ਪਤੀ ਦੇ ਮਿਲਾਪ ਦਾ ਅਨੰਦ ਮਾਨਣ ਲਈ ਅਪਣੀ ਹਿਰਦਾ ਰੂਪ) ਸੇਜ ਸਵਾਰਦੀ ਹੈ (ਮੰਦ ਵਾਸ਼ਨਾਵਾਂ ਤੇ ਵਿਕਾਰਾਂ ਤੋਂ ਬਚਾਈ ਰੱਖਦੀ ਹੈ)। ਉਹ ਹੀ ਸਖੀ ਅਪਣੇ ਸੰਸੇ ਦੂਰ ਕਰਦੀ ਹੈ। (ਜਦ ਉਹ ਸਖੀ) ਥੋੜੇ ਚਿਰ ਰਹਿਣ ਵਾਲੇ (ਵਿਸ਼ੇ ਵਿਕਾਰਾਂ ਦੇ) ਸੁਖ ਛਡ ਕੇ ਮਹਾਨ (ਆਤਮਕ) ਸੁਖ ਪ੍ਰਾਪਤ ਕਰਦੀ ਹੈ। ਤਦ ਇਹ (ਜੀਵ ਰੂਪ ਸਖੀ ਪ੍ਰਭੂ ਦੀ) ਇਸਤ੍ਰੀ ਤੇ ਉਹ (ਪ੍ਰਭੂ ਜੀਵ ਰੂਪ ਇਸਤ੍ਰੀ ਦਾ) ਕੰਤ ਕਹਾਉਂਦਾ ਹੈ (ਜੀਵ ਤੇ ਪ੍ਰਭੂ ਇਕ ਰੂਪ ਹੋ ਜਾਂਦੇ ਹਨ)।੪੧।

ਪਦਾਰਥ = ਖਖਾ–ਖੱਖਾ ਅੱਖਰ। ਖੋਜਿ ਪਰੈ–ਖੋਜ ਵਿਚ ਪੈਂਦਾ ਹੈ। ਜਉ–ਜੇ। ਸੋ–ਉਹ। ਬਹੁਰਿ–ਫਿਰ; ਮੁੜ। ਬੂਝਿ–ਸਮਝ ਕੇ। ਤਉ–ਤਾਂ। ਭਵਜਲ–ਸੰਸਾਰ ਸਮੁੰਦਰ। ਤਰਤ–ਤਰਦਿਆਂ (ਪਾਰ ਲੰਘਦਿਆਂ)। ਬਾਰਾ–ਦੇਰ।੪੦। ਸਸਾ–ਸੱਸਾ ਅੱਖਰ। ਸੋ–ਉਹ। ਸਹ–ਪਤੀ। ਸੇਜ–ਹਿਰਦਾ ਰੂਪ ਸੇਜ। ਸਵਾਰੈ–ਸੁਧਾਰ ਕਰਦੀ ਹੈ। ਸੋਈ–ਉਹ ਹੀ। ਸਹੀ–ਜੀਵ ਰੂਪ ਸਖੀ। ਸੰਦੇਹ–ਸੰਸਾ; ਭਰਮ। ਨਿਵਾਰੈ–ਦੂਰ ਕਰਦੀ ਹੈ। ਅਲਪ–ਥੋੜਾ; ਤੁੱਛ। ਪਾਵਾ–ਪ੍ਰਾਪਤ ਕਰਦੀ ਹੈ। ਤਬ–ਤਦ। ਤ੍ਰੀਅ–ਇਸਤ੍ਰੀ। ਕੰਤੁ–ਪਤੀ। ਕਹਾਵਾ–ਕਹਾਉਂਦਾ ਹੈ।੪੧।

ਹਾਹਾ ਹੋਤ ਹੋਇ ਨਹੀ ਜਾਨਾ ॥ ਜਬ ਹੀ ਹੋਇ ਤਬਹਿ ਮਨੁ ਮਾਨਾ ॥ ਹੈ ਤਉ ਸਹੀ ਲਖੈ ਜਉ ਕੋਈ ॥ ਤਬ ਓਹੀ ਉਹੁ ਏਹੁ ਨ ਹੋਈ ॥੪੨॥ ਲਿੰਉ ਲਿੰਉ ਕਰਤ ਫਿਰੈ ਸਭੁ ਲੋਗੁ ॥ ਤਾ ਕਾਰਣਿ ਬਿਆਪੈ ਬਹੁ ਸੋਗੁ ॥ ਲਖਿਮੀ ਬਰ ਸਿਉ ਜਉ ਲਿਉ ਲਾਵੈ ॥ ਸੋਗੁ ਮਿਟੈ ਸਭ ਹੀ ਸੁਖ ਪਾਵੈ ॥੪੩॥ ਖਖਾ ਖਿਰਤ ਖਪਤ ਗਏ ਕੇਤੇ ॥ ਖਿਰਤ ਖਪਤ ਅਜਹੂੰ ਨਹ ਚੇਤੇ ॥ ਅਬ ਜਗੁ ਜਾਨਿ ਜਉ ਮਨਾ ਰਹੈ ॥ ਜਹ ਕਾ ਬਿਛੁਰਾ ਤਹ ਥਿਰੁ ਲਹੈ ॥੪੪॥ ਹਾਹਾ ਅੱਖਰ ਦੁਆਰਾ ਉਪਦੇਸ਼ ਦੇਂਦੇ ਹਨ ਕਿ ਸੰਸਾਰ ਵਿਚ ਪੈਦਾ ਹੋ ਕੇ (ਮਨੁੱਖ ਨੇ ਪ੍ਰਭੂ ਦੀ) ਹੋਂਦ ਨੂੰ ਨਹੀਂ ਜਾਣਿਆ। ਜਦ ਹੀ ਹੋਂਦ ਦਾ ਯਕੀਨ ਹੁੰਦਾ ਹੈ, ਤਦ ਹੀ ਮਨ ਨੂੰ ਸ਼ਾਂਤੀ ਆਉਂਦੀ ਹੈ। (ਪ੍ਰਭੂ) ਹੈ ਤਾਂ ਜਰੂਰ (ਪਰ) ਕੇ ਕੋਈ ਮਨੁੱਖ (ਇਸ ਸਚਾਈ ਨੂੰ) ਸਮਝ ਲਵੇ। ਦੂਜਾ ਅਰਥ = ਪ੍ਰਭੂ ਸਰੂਪ ਹੁੰਦਾ ਹੋਇਆ (ਅਪਣੇ ਆਪ ਨੂੰ ਜੀਵ ਨੇ ਪ੍ਰਭੂ ਸਰੂਪ) ਨਹੀਂ ਜਾਣਿਆ। (ਪਰ) ਜਦ ਹੀ (ਜੀਵ ਪ੍ਰਭੂ ਸਰੂਪ) ਹੋ ਜਾਂਦਾ ਹੈ, ਤਾਂ ਮਨ ਨੂੰ ਯਕੀਨ ਹੋ ਜਾਂਦਾ ਹੈ (ਕਿ ਮੈਂ ਪ੍ਰਭੂ ਸਰੂਪ ਹਾਂ)। ਹੈ ਤਾਂ ਠੀਕ ਸਾਰੇ ਹੀ (ਜੀਵ ਪ੍ਰਭੂ ਦਾ ਰੂਪ, ਪਰ) ਜੇ ਕੋਈ ਮਨੁੱਖ ਜਾਣ (ਅਨੁਭਵ ਕਰ) ਲਵੇ। ਤਦ ਓਹੀ ਉਹ ਹੁੰਦਾ ਹੈ (ਸਭ ਪਾਸੇ ਪ੍ਰਭੂ ਹੀ ਵਿਆਪਕ ਹੋ ਰਿਹਾ ਦਿਸਦਾ ਹੈ, ਫਿਰ) ਇਹ ਜੀਵ ਉਸ ਤੋਂ ਵੱਖਰਾ ਨਹੀਂ ਹੁੰਦਾ (ਉਸਦਾ ਰੂਪ ਹੀ ਹੋਇਆ ਹੁੰਦਾ ਹੈ)।੪੨। (ਜੇ ਜੀਵ ਹਰੀ ਦਾ ਰੂਪ ਹੈ ਤਾਂ ਦੁਖੀ ਕਿਉਂ ਹੁੰਦਾ ਹੈ? ਉਤਰ = ਮੈਂ) ਇਹ (ਪਦਾਰਥ) ਲੈ ਲਵਾਂ, ਔਹ (ਪਦਾਰਥ ਵੀ) ਲੈ ਲਵਾਂ, ਸਾਰਾ ਜਗਤ (ਇਹੋ ਕੁਛ) ਕਰਦਾ ਫਿਰਦਾ ਹੈ। ਇਸ ਕਾਰਣ ਕਰਕੇ (ਲੋਕਾਂ ਨੂੰ) ਬਹੁਤ ਸੋਗ ਵਿਆਪਦਾ ਹੈ। ਜਦ (ਇਹ ਜੀਵ) ਪ੍ਰਮਾਤਮਾ ਨਾਲ ਲਿਵ ਲਗਾ ਲੈਂਦਾ ਹੈ। (ਤਾਂ ਇਸ ਦਾ) ਸੋਗ ਮਿਟ ਜਾਂਦਾ ਹੈ ਤੇ ਸਾਰੇ ਸੁਖ ਪ੍ਰਾਪਤ ਕਰ ਲੈਂਦਾ ਹੈ।੪੩। ਖੱਖਾ ਅੱਖਰ ਦੁਆਰਾ ਕਥਨ ਕਰਦੇ ਹਨ, (ਪਦਾਰਥਾਂ ਤੇ ਮਾਇਆ ਵਾਸਤੇ) ਕਿਤਨੇ ਹੀ ਲੋਕ ਖਪਦੇ (ਸੰਸਾਰ ਵਿਚੋਂ) ਨਾਸ਼ ਹੋ ਗਏ ਹਨ; ਮਰਦਿਆਂ ਖਪਦਿਆਂ

www.GuruGranthVakhyaan.org

ਜੀਵ ਦੇ ਕਈ ਜਨਮ ਲੰਘ ਗਏ ਹਨ।(ਜੋ ਲੋਕ ਜਿਉਂਦੇ ਹਨ, ਉਹ) ਮਰਦਿਆਂ ਖਪਦਿਆਂ ਨੂੰ ਦੇਖ ਕੇ ਅਜੇ ਵੀ ਵਾਹਿਗੁਰੂ ਨੂੰ ਚੇਤੇ ਨਹੀਂ ਕਰਦੇ (ਉਨ੍ਹਾਂ ਨੂੰ ਮੌਤ ਯਾਦ ਨਹੀਂ)।ਹੁਣ ਵੀ ਜਗਤ ਨੂੰ ਮਿਥਿਆ ਜਾਣ ਕੇ ਜੇ ਜੀਵ ਦਾ ਮਨ (ਪ੍ਰਭੂ ਵਿਚ) ਟਿਕਿਆ ਰਹੇ; ਜੇ (ਇਸ ਵਿਚ ਖਚਿੱਤ ਹੋਣ ਤੋਂ) ਰੁਕਿਆ ਰਹੇ (ਟਕਸਾਲ; ਮ.ਕੋ.; ਸੰ.ਪੋ.।ਤਾਂ ਵਾਸ਼ਨਾਵਾਂ ਕਰਕੇ) ਜਿਸ ਪ੍ਰਭੂ ਨਾਲੋਂ ਵਿਛੜਿਆ ਹੈ, ਉਸ ਨੂੰ ਮਿਲ ਪੈਂਦਾ ਹੈ ਤੇ ਥਿਰਤਾ ਪ੍ਰਾਪਤ ਕਰ ਲੈਂਦਾ ਹੈ; ਪੱਕਾ ਟਿਕਾਣਾ ਲੱਭ ਲੈਂਦਾ ਹੈ।੪੪।

ਪਦਾਰਥ = ਹਾਹਾ-ਹਾਹਾ ਅੱਖਰ।ਹੋਇ-ਪੈਦਾ ਹੋ ਕੇ।ਹੋਤ-(ਪ੍ਰਭੂ ਦੀ) ਹੋਂਦ ਨੂੰ; ਹੁੰਦਾ ਹੋਇਆ।ਜਬ-ਜਦ।ਹੋਇ-ਹੋਂਦ ਦਾ ਯਕੀਨ ਹੋਇਆ।ਤਬਹਿ-ਤਦ ਹੀ।ਮਨੁ ਮਾਨਾ-ਮਨ ਨੂੰ ਸ਼ਾਂਤੀ ਆਈ; ਮਨ ਮੰਨ ਗਿਆ।ਤਉ-ਤਾਂ।ਸਹੀ-ਠੀਕ; ਸਚਮੁੱਚ।ਲਖੈ-ਜਾਣ ਲਵੇ।ਜਉ-ਜੇ।ਓਹੀ ਉਹੁ-ਉਹ ਪ੍ਰਭੂ ਹੀ ਪ੍ਰਭੂ।ਇਹੁ-ਇਹ ਜੀਵ।੪੨।ਲਿੰਉ ਲਿੰਉ-ਲੈਣ ਦੀ ਇੱਛਾ (ਮ.ਕੋ.); ਆਹ ਲੈ ਲਵਾਂ, ਔਹ ਲੈ ਲਵਾਂ।ਕਰਤ ਫਿਰੈ-ਕਰਦਾ ਫਿਰਦਾ ਹੈ।ਲੋਗੁ-ਜਗਤ; ਹਰੇਕ ਜੀਵ।ਤਾ ਕਾਰਨਿ-ਇਸ ਕਾਰਣ ਕਰਕੇ।ਬਿਆਪੈ-ਵਿਆਪਦਾ ਹੈ; ਲਗਦਾ ਹੈ।ਬਹੁ-ਬਹੁਤ।ਲਖਿਮੀ ਬਰ-ਮਾਇਆ ਦਾ ਪਤੀ ਵਾਹਿਗੁਰੂ।ਸਿਉ-ਨਾਲ।ਜਉ-ਜਦ; ਜੇ।ਲਿਉ-ਲਿਵ; ਪ੍ਰੇਮ।੪੩।ਖਖਾ-ਖੱਖਾ ਅੱਖਰ।ਖਿਰਤ ਗਏ-ਖਿਰ (ਨਾਸ਼ ਹੋ) ਗਏ।ਖਪਤ-ਖਪਦੇ ਹੋਏ।ਕੇਤੇ-ਕਿਤਨੇ; ਬੇਅੰਤ।ਅਜਹੂੰ-ਅਜੇ ਵੀ।ਨਹ ਚੇਤ-ਯਾਦ ਨਹੀਂ ਕਰਦਾ।ਅਬ-ਹੁਣ।ਜਾਨਿ-ਜਾਣ ਕੇ; ਸਮਝ ਕੇ।ਜਉ-ਜੇ।ਮਨਾ-ਮਨ; ਮਨੂੰਆਂ (ਰੁਕਿਆ ਰਹੇ)।ਜਹ ਕਾ-ਜਿਸ (ਪ੍ਰਭੂ) ਤੋਂ।ਤਹ -ਉਸ ਵਿਚ।ਥਿਰੁ-ਥਿਰਤਾ; ਟਿਕਾਉ; ਪੱਕਾ ਟਿਕਾਣਾ।ਲਹੈ-ਪ੍ਰਾਪਤ ਕਰ ਲੈਂਦਾ ਹੈ।੪੪।

ਅੰਗ ੩੪੩ = ਬਾਵਨ ਅਖਰ ਜੋਰੇ ਆਨਿ ॥ ਸਕਿਆ ਨ ਅਖਰੁ ਏਕੁ ਪਛਾਨਿ ॥ ਸਤ ਕਾ ਸਬਦੁ ਕਬੀਰਾ ਕਹੈ ॥ ਪੰਡਿਤ ਹੋਇ ਸੁ ਅਨਭੈ ਰਹੈ ॥ ਪੰਡਿਤ ਲੋਗਹ ਕਉ ਬਿਉਹਾਰ ॥ ਗਿਆਨਵੰਤ ਕਉ ਤਤੁ ਬੀਚਾਰ ॥ ਜਾ ਕੈ ਜੀਅ ਜੈਸੀ ਬੁਧਿ ਹੋਈ ॥ ਕਹਿ ਕਬੀਰ ਜਾਨੈਗਾ ਸੋਈ ॥੪੫॥ (ਪਾਂਧੇ ਪੰਡਤਾਂ ਨੇ) ਬਵੰਜਾ ਅੱਖਰ ਹੋਰ (ਭਾਵਾਂ ਵਿਚ) ਜੋੜੇ ਹਨ; (ਕਬੀਰ ਜੀ ਆਖਦੇ ਹਨ, ਗਿਆਨ ਪ੍ਰਾਪਤ ਕਰਨ ਵਾਸਤੇ) ਬਵੰਜਾ ਅੱਖਰ ਲਿਆ ਕੇ ਜੋੜੇ ਹਨ।(ਪਰ ਅੱਖਰ ਪੜ੍ਹਾਉਣ ਵਾਲੇ ਪਾਂਧਿਆਂ ਵਿਚੋਂ ਕੋਈ ਵੀ) ਇਕ ਨਾਸ਼ ਰਹਿਤ ਪ੍ਰਭੂ ਨਹੀਂ ਪਛਾਣ ਸਕਿਆ।(ਇਸ ਬਾਵਨ ਅਖਰੀ ਰਾਹੀਂ) ਕਬੀਰ ਸੱਚ ਦਾ ਉਪਦੇਸ਼ ਆਖਦਾ ਹੈ।ਜੋ ਪੰਡਤ ਹੁੰਦਾ ਹੈ, ਉਹ ਅਨੁਭਵ ਵਾਲੀ ਗਿਆਨ ਅਵਸਥਾ ਵਿਚ ਰਹਿੰਦਾ ਹੈ।ਪੰਡਤਾਂ ਨੇ ਤਾਂ ਲੋਕਾਂ ਨੂੰ (ਅੱਖਰ ਪੜ੍ਹਾਉਣ ਦਾ) ਵਿਹਾਰ ਬਣਾਇਆ ਹੋਇਆ ਹੈ; ਪੰਡਤਾਂ ਦਾ ਲੋਕਾਂ ਨੂੰ (ਪੜ੍ਹਾਉਣਾ ਮਾਇਆ ਕਮਾਉਣ ਲਈ) ਵਪਾਰ ਹੈ।(ਪਰ) ਗਿਆਨਵਾਨਾਂ ਲਈ (ਇਹ ਅੱਖਰ) ਤੱਤ ਵਿਚਾਰ ਦਾ ਪ੍ਰਯੋਜਨ ਹੁੰਦਾ ਹੈ।ਕਬੀਰ ਜੀ ਆਖਦੇ ਹਨ, ਜਿਸ ਮਨੁੱਖ ਦੇ ਮਨ ਵਿਚ ਜਿਹੋ ਜਿਹੀ ਬੁੱਧੀ ਹੁੰਦੀ ਹੈ, (ਉਹ ਇਨ੍ਹਾਂ ਅੱਖਰਾਂ ਦੁਆਰਾ) ਉਹ ਹੀ ਕੁਝ ਸਮਝੇਗਾ (ਜਿਸ ਤਰ੍ਹਾਂ ਦੀ ਕਿਸੇ ਦੀ ਬੁੱਧੀ ਹੋਵੇਗੀ, ਉਵੇਂ ਹੀ ਮਨੁੱਖ ਇਸ ਦੀ ਵਿਚਾਰ ਨੂੰ ਸਮਝੇਗਾ)।੪੫।

ਪਦਾਰਥ = ਬਾਵਨ-ਬਵੰਜਾ।ਜੋਰੇ ਆਨਿ-ਲਿਆ ਕੇ ਜੋੜ ਦਿਤੇ; ਹੋਰ ਭਾਵਾਂ ਵਿਚ ਜੋੜੇ ਹਨ (ਸੰ.ਪੋ.)।ਅਖਰੁ ਏਕੁ-ਨਾਸ਼ ਰਹਿਤ ਇਕ ਪ੍ਰਭੂ; ਇਕ ਰਾਮ ਨਾਮ ਮੰਤ੍ਰ।ਸਤ ਕਾ-ਸੱਤ ਸਰੂਪ ਪ੍ਰਭੂ ਦਾ।ਸਬਦੁ-ਨਾਮ; ਉਪਦੇਸ਼।ਸੁ-ਉਹ।ਅਨਭੈ-ਅਨੁਭਵ ਵਾਲੀ ਗਿਆਨ ਅਵਸਥਾ ਵਿਚ।ਲੋਗਹ ਕਉ-ਲੋਕਾਂ ਨੂੰ।ਬਿਉਹਾਰ-ਵਿਹਾਰ; ਰੋਜੀ ਕਮਾਉਣ ਦਾ ਕੰਮ।ਜਾ ਕੈ-ਜਿਸ ਦੇ।ਜੀਅ-ਮਨ ਵਿਚ।੪੫।

ੴ ਸਤਿਗੁਰ ਪ੍ਰਸਾਦਿ ॥ ਰਾਗੁ ਗਉੜੀ ਥਿਤੀਂ ਜੀ ਕੀਂ ॥ ਸਰਬ ਸ਼ਕਤੀਮਾਨ ਪ੍ਰਮਾਤਮਾ ਇਕ ਹੈ, ਜੋ ਸੱਚੇ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।ਗਉੜੀ ਰਾਗ ਵਿਚ ਥਿਤੀਂ ਬਾਣੀ ਕਬੀਰ ਜੀ ਦੀ ਉਚਾਰੀ ਹੋਈ ਹੈ, ਜਿਸ ਵਿਚ ਹਰੀ ਸਿਮਰਨ ਦਾ ਉਪਦੇਸ਼ ਹੈ।

ਉਥਾਨਕਾ = ਹਿੰਦੂ ਲੋਕ ਚੰਦ ਦੀਆਂ ਥਿੱਤਾਂ ਅਨੁਸਾਰ ਵਰਤ ਰੱਖਦੇ ਹਨ ਤੇ ਸ਼ਾਸਤ੍ਰਾਂ ਦੇ ਦੱਸੇ ਧਰਮ ਕਰਮ ਕਰਦੇ ਹਨ।ਇਨ੍ਹਾਂ ਪੰਦਰਾਂ ਥਿਤਾਂ ਤੇ ਹਫਤੇ ਦੇ ਸੱਤ ਦਿਨਾਂ ਨਾਲ ਕਈ ਦੇਵੀ ਦੇਵਤਿਆਂ ਦੀ ਪੂਜਾ ਦਾ ਸਬੰਧ ਜੋੜ ਲਿਆ ਗਿਆ।ਇਸ ਬਾਣੀ ਦੁਆਰਾ ਕਬੀਰ ਜੀ ਦਾ ਉਦੇਸ਼ ਹੈ ਕਿ ਥਿੱਤਾਂ ਵਾਰਾਂ ਦੇ ਵਹਿਮਾਂ ਭਰਮਾਂ ਨੂੰ ਛਡ ਕੇ ਵਾਹਿਗੁਰੂ ਦਾ ਭਜਨ ਕੀਤਾ ਜਾਵੇ।ਥਿਤੀ ਬਾਰੇ ਹੋਰ ਵਿਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੨੯੬ ਉਤੇ 'ਥਿਤੀ ਗਉੜੀ ਮਹਲਾ ੫' ਦੀ ਵਿਆਖਿਆ ਵਿਚ ਪੜ੍ਹੇ ਜਾ ਸਕਦੇ ਹਨ।

ਸਲੋਕੁ ॥ ਪੰਦ੍ਰਹ ਥਿਤੀਂ ਸਾਤ ਵਾਰ ॥ ਕਹਿ ਕਬੀਰ ਉਰਵਾਰ ਨ ਪਾਰ ॥ ਸਾਧਿਕ ਸਿਧ ਲਖੈ ਜਉ ਭੇਉ ॥ ਆਪੇ ਕਰਤਾ ਆਪੇ ਦੇਉ ॥੧॥ ਥਿਤੀਂ ॥ ਅੰਮਾਵਸ ਮਹਿ ਆਸ ਨਿਵਾਰਹੁ ॥ ਅੰਤਰਜਾਮੀ ਰਾਮੁ ਸਮਾਰਹੁ ॥ ਜੀਵਤ ਪਾਵਹੁ ਮੋਖ ਦੁਆਰ ॥ ਅਨਭਉ ਸਬਦੁ ਤਤੁ ਨਿਜੁ ਸਾਰ ॥੧॥ ਚਰਨ ਕਮਲ ਗੋਬਿੰਦ ਰੰਗੁ ਲਾਗਾ ॥ ਸੰਤ ਪ੍ਰਸਾਦਿ ਭਏ ਮਨ ਨਿਰਮਲ, ਹਰਿ ਕੀਰਤਨ ਮਹਿ ਅਨਦਿਨੁ ਜਾਗਾ

All Rights Reserved by Harjinder Singh Gyani | www.GuruGranthVakhyaan.org

॥੧॥ਰਹਾਉ॥ (ਜੋ ਲੋਕ ਹਰੀ ਦਾ ਸਿਮਰਨ ਛੱਡ ਕੇ) ਪੰਦਰਾਂ ਤਿੱਥਾਂ ਤੇ ਸੱਤ ਦਿਨਾਂ (ਦੇ ਚੰਗੇ ਮਾੜੇ ਪ੍ਰਭਾਵ ਦੇ ਵਹਿਮ ਵਿਚ ਪੈ ਕੇ ਇਨ੍ਹਾਂ ਦਾ ਮਹਾਤਮ ਮੰਨ ਕੇ ਪੂਜਾ ਵਰਤ ਆਦਿ ਕਰਮ ਕਰਦੇ ਹਨ)।ਕਬੀਰ ਜੀ ਆਖਦੇ ਹਨ, (ਉਨ੍ਹਾਂ ਦਾ) ਨਾ ਇਹ ਲੋਕ ਸੰਵਰਦਾ ਹੈ ਤੇ ਨਾ ਪਰਲੋਕ ਸੰਵਰਦਾ ਹੈ।ਸਾਧਨਾ ਕਰਨ ਵਾਲੇ ਸਿਧ ਪੁਰਖ ਜਦ ਇਸ ਭੇਤ ਨੂੰ ਜਾਣ ਲੈਂਦੇ ਹਨ।(ਤਾਂ ਉਹ ਸਮਝ ਲੈਂਦੇ ਹਨ ਕਿ ਪੰਦਰਾਂ ਥਿੱਤਾਂ ਤੇ ਸੱਤਾਂ ਦਿਨਾਂ ਦਾ) ਰਚਨਹਾਰ ਵਾਹਿਗੁਰੂ ਆਪੇ ਹੈ ਤੇ ਆਪ ਹੀ (ਸਭ ਦਾ) ਪ੍ਰਕਾਸ਼ਕ ਹੈ; ਕਰਤਾਰ ਆਪ ਹੀ ਜਗਤ ਦਾ ਕਰਤਾ ਹੈ ਤੇ ਆਪ ਹੀ ਇਸ ਦਾ ਪ੍ਰਕਾਸ਼ਕ ਹੈ (ਵਾਹਿਗੁਰੂ ਦਾ ਭਜਨ ਕਰਨ ਵਾਲਾ ਉਸੇ ਦਾ ਰੂਪ ਹੋ ਜਾਂਦਾ ਹੈ)।੧।
ਥਿਤੀਂ।ਮੱਸਿਆ ਦੁਆਰਾ ਦਸਦੇ ਹਨ ਕਿ ਹਿਰਦੇ ਵਿਚੋਂ (ਹੋਰ ਦੂਜੀ) ਆਸ ਦੂਰ ਕਰ ਦਿਓ {ਕਾਹੂ ਫਲ ਕੀ ਇਛਾ ਨਹੀ ਬਾਛੈ ੨੭੪}।ਅੰਤ੍ਰਜਾਮੀ ਵਾਹਿਗੁਰੂ ਨੂੰ ਸਿਮਰੋ।(ਫਿਰ ਤੁਸੀਂ) ਜਿਉਂਦਿਆਂ (ਇਸੇ ਜੀਵਨ ਵਿਚ) ਹੀ ਮੁਕਤੀ ਦਾ ਦਰ ਪਾ ਲਵੋਗੇ।(ਅਤੇ ਤੁਹਾਨੂੰ ਅਪਣੇ) ਨਿਜ ਤੱਤ ਤੇ ਬ੍ਰਹਮ ਤੱਤ ਦਾ ਅਨੁਭਵ (ਸ੍ਵੈ ਸਰੂਪ ਤੇ ਬ੍ਰਹਮ ਸਰੂਪ ਦਾ ਗਿਆਨ) ਹੋ ਜਾਏਗਾ।੧।(ਇਹੋ ਜਿਹਾ ਗਿਆਨ ਕਿਵੇਂ ਹੁੰਦਾ ਹੈ? ਉਤਰ = ਜਿਨ੍ਹਾਂ ਪੁਰਖਾਂ ਨੂੰ) ਗੋਬਿੰਦ ਦੇ ਚਰਨਾਂ ਕਮਲਾਂ ਦਾ ਪ੍ਰੇਮ ਲੱਗਾ ਹੈ।ਅਤੇ ਸੰਤ ਗੁਰੂ ਦੀ ਕ੍ਰਿਪਾ ਨਾਲ ਮਨ ਨਿਰਮਲ ਹੋ ਗਏ ਹਨ ਤੇ ਦਿਨ ਰਾਤ ਹਰੀ ਦੇ ਕੀਰਤਨ ਵਿਚ ਜਾਗਦੇ ਹਨ (ਉਨ੍ਹਾਂ ਨੂੰ ਗਿਆਨ ਹੁੰਦਾ ਹੈ)।੧।ਰਹਾਉ।
ਪੰਦ੍ਰਹ ਥਿਤੀਂ = ੧. ਕਬੀਰ ਜੀ ਆਖਦੇ ਕਿ ਪੰਦਰਾਂ ਥਿੱਤਾਂ ਤੇ ਸੱਤ ਦਿਨਾਂ (ਦੇ ਚੰਗੇ ਮੰਦੇ ਪ੍ਰਭਾਵ ਤੇ ਇਨ੍ਹਾਂ ਦੇ ਮਹਾਤਮ ਦੇ ਵਹਿਮ ਨੂੰ ਛਡ ਕੇ ਅਸੀਂ ਵਾਹਿਗੁਰੂ ਦਾ ਸਿਮਰਨ ਕਰਦੇ ਹਾਂ, ਜਿਸਦੇ) ਉਰਵਾਰ ਤੇ ਪਾਰ ਦਾ ਕੋਈ ਅੰਤ ਨਹੀਂ (ਬੇਅੰਤ ਹੈ)।੨. ਕਬੀਰ ਜੀ ਕਹਿੰਦੇ ਹਨ ਕਿ ਪੰਦਰਾਂ ਥਿੱਤਾਂ ਤੇ ਸੱਤ ਦਿਨ ਕਿਥੋਂ ਸ਼ੁਰੂ ਹੁੰਦੇ ਹਨ ਤੇ ਕਿਥੇ ਮੁਕਦੇ ਹਨ, ਇਨ੍ਹਾਂ ਦਾ ਕੋਈ ਅੰਤ ਨਹੀਂ, (ਕਿਉਂਕਿ ਥਿੱਤਾਂ ਤੇ ਦਿਨਾਂ ਦਾ ਗੇੜ ਖੂਹ ਦੀਆਂ ਟਿੰਡਾਂ ਵਾਂਗ ਚਲਦਾ ਹੈ, ਇਹ ਆਉਂਦੇ ਜਾਂਦੇ ਮੁਕਦੇ ਨਹੀਂ, ਸਿਲਸਿਲਾ ਜਾਰੀ ਰਹਿੰਦਾ ਹੈ)।
ਪਦਾਰਥ = ਪੰਦ੍ਰਹ ਥਿਤੀਂ–ਪੰਦਰਾਂ ਥਿੱਤਾਂ (ਚੰਦ੍ਰਮਾ ਦੇ ਵਧਣ ਘਟਣ ਦੇ ਹਿਸਾਬ ਅਨੁਸਾਰ ਦਿਨ ਨੂੰ ਥਿਤ ਕਹਿੰਦੇ ਹਨ)।ਸਾਤ ਵਾਰ–ਹਫਤੇ ਦੇ ਸੱਤ ਦਿਨ।ਕਹਿ–ਆਖਦਾ ਹੈ।ਉਰਵਾਰ–ਪੁਰਲਾ ਪਾਸਾ; ਇਹ ਲੋਕ।ਪਾਰ–ਪਾਰ ਵਾਲਾ ਪਾਸਾ; ਪਰਲੋਕ।ਸਾਧਿਕ–ਸਾਧਨਾ ਕਰਨ ਵਾਲੇ ਲੋਕ।ਸਿਧ–ਉਚੀ ਆਤਮਕ ਅਵਸਥਾ ਵਾਲੇ ਸਾਧੂ।ਭੇਉ–ਭੇਤ।ਕਰਤਾ–ਰਚਨਹਾਰ ਵਾਹਿਗੁਰੂ।ਦੇਉ–ਪ੍ਰਕਾਸ਼ਕ ਵਾਹਿਗੁਰੂ।੧।ਅੰਮਾਵਸ–ਮੱਸਿਆ ਦਾ ਦਿਨ।ਮਹਿ–(ਹਿਰਦੇ) ਵਿਚ।ਨਿਵਾਰਹੁ–ਦੂਰ ਕਰੋ।ਸਮਾਰਹੁ–ਸਿਮਰੋ।ਜੀਵਤ–ਜਿਉਂਦਿਆਂ ਹੀ; ਇਸੇ ਜੀਵਨ ਵਿਚ ਹੀ।ਮੋਖ ਦੁਆਰ–ਮੁਕਤੀ ਦਾ ਦਰ (ਗਿਆਨ)।ਅਨਭਉ–ਗਿਆਨ।ਸਬਦੁ ਤਤੁ–ਬ੍ਰਹਮ ਤੱਤ।ਨਿਜ ਸਾਰ–ਅਪਣਾ ਆਤਮ ਤੱਤ (ਸ੍ਵੈ ਸਰੂਪ)।੧।ਰੰਗੁ–ਪ੍ਰੇਮ।ਭਏ–ਹੋ ਗਏ।ਨਿਰਮਲ–ਸ਼ੁੱਧ।ਜਾਗਾ–ਜਾਗਦੇ ਹਨ।੧।ਰਹਾਉ।
ਪਰਿਵਾ ਪ੍ਰੀਤਮ ਕਰਹੁ ਬੀਚਾਰ ॥ ਘਟ ਮਹਿ ਖੇਲੈ ਅਘਟ ਅਪਾਰ ॥ ਕਾਲ ਕਲਪਨਾ ਕਦੇ ਨ ਖਾਇ ॥ ਆਦਿ ਪੁਰਖ ਮਹਿ ਰਹੈ ਸਮਾਇ ॥੨॥ ਦੁਤੀਆ ਦੁਹ ਕਰਿ ਜਾਨੈ ਅੰਗ ॥ ਮਾਇਆ ਬ੍ਰਹਮ ਰਮੈ ਸਭ ਸੰਗ ॥ ਨਾ ਓਹੁ ਬਢੈ ਨਾ ਘਟਤਾ ਜਾਇ ॥ ਅਕੁਲ ਨਿਰੰਜਨ ਏਕੈ ਭਾਇ ॥੩॥ ਏਕਮ (ਥਿੱਤ ਦੁਆਰਾ ਆਖਦੇ ਹਨ, ਹੇ ਭਾਈ!) ਪਿਆਰੇ ਪ੍ਰਭੂ ਦੀ ਵਿਚਾਰ ਕਰੋ।(ਜੋ ਹਰੇਕ) ਜੀਵ ਵਿਚ ਖੇਲਦਾ ਹੈ ,(ਪਰ ਆਪ ਉਹ) ਸਰੀਰ ਰਹਿਤ ਹੈ ਤੇ ਪਾਰ ਰਹਿਤ (ਬੇਅੰਤ) ਹੈ।(ਜਿਹੜਾ ਪੁਰਖ) ਆਦਿ ਪੁਰਖ ਵਿਚ ਜੁੜਿਆ ਰਹਿੰਦਾ ਹੈ।ਉਸ ਨੂੰ) ਕਾਲ ਦੀ ਚਿੰਤਾ ਕਦੇ ਨਹੀਂ ਖਾਂਦੀ; ਮੌਤ ਤੇ ਸ਼ੁੱਭ ਅਸੁੱਭ ਸਮੇਂ ਦੀ ਵਿਚਾਰ ਕਦੇ ਨਹੀਂ ਸਤਾਉਂਦੀ (ਸੰ.ਪੋ.)।੨। ਦੂਜੀ ਥਿਤ (ਦੁਆਰਾ ਦਸਦੇ ਹਨ, ਗਿਆਨੀ ਪੁਰਖ) ਜਾਣਦਾ ਹੈ (ਕਿ ਸੰਸਾਰ) ਦੋ ਅੰਗਾਂ (ਹਿੱਸਿਆਂ) ਕਰਕੇ ਬਣਿਆ ਹੈ।ਇਕ ਬ੍ਰਹਮ ਤੇ ਦੂਜੀ ਮਾਇਆ, (ਇਹ ਦੋਵੇਂ) ਸਭ ਨਾਲ ਵਿਆਪ ਰਹੇ ਹਨ।(ਮਾਇਆ ਘਟਦੀ ਵਧਦੀ ਅਤੇ ਬਦਲਦੀ ਰਹਿੰਦੀ ਹੈ, ਪਰ) ਉਹ ਬ੍ਰਹਮ ਨਾ ਵਧਦਾ ਹੈ ਤੇ ਨਾ ਘਟਦਾ ਤੇ ਨਾ ਕਿਤੇ ਜਾਂਦਾ ਹੈ (ਸੰਸਾਰ ਤੇ ਸਭ ਜੀਵਾਂ ਦੇ ਸਰੀਰ ਵਧਦੇ ਘਟਦੇ ਵੀ ਹਨ, ਪ੍ਰਭੂ ਸਭ ਵਿਚ ਵਿਆਪਕ ਹੋਣ ਕਰ ਕੇ ਵਧਦਾ ਘਟਦਾ ਨਹੀਂ।ਉਹ) ਕੁਲ ਰਹਿਤ, ਮਾਇਆ ਰਹਿਤ ਤੇ ਇਕੋ ਹੀ ਹਾਲਤ ਵਿਚ ਰਹਿੰਦਾ ਹੈ।੩।
ਪਦਾਰਥ = ਪਰਿਵਾ–ਏਕ ਥਿੱਤ।ਘਟ ਮਹਿ–ਹਰੇਕ ਜੀਵ ਵਿਚ।ਅਘਟ–ਸਰੀਰ ਰਹਿਤ।ਅਪਾਰ–ਪਾਰ ਰਹਿਤ (ਬੇਅੰਤ)।ਕਾਲ–ਮੌਤ।ਕਲਪਨਾ–ਚਿੰਤਾ।ਆਦਿ ਪੁਰਖ–ਨਿਰੰਕਾਰ।ਰਹੈ ਸਮਾਇ–ਲੀਨ ਰਹਿੰਦਾ ਹੈ।੨।ਦੁਤੀਆ–ਦੂਜੀ ਥਿੱਤ।ਦੁਹ–ਦੋ।ਰਮੈ–ਵਿਆਪ (ਮਿਲ) ਰਹੇ ਹਨ।ਬਢੈ–ਵਧਦਾ।ਅਕੁਲ–ਕੁਲ ਰਹਿਤ।ਨਿਰੰਜਨ–ਮਾਇਆ ਰਹਿਤ।ਏਕੈ ਭਾਇ–ਇਕ ਹਾਲਤ ਵਿਚ; ਇਕ ਰਸ।੩।
ਤ੍ਰਿਤੀਆ ਤੀਨੇ ਸਮ ਕਰਿ ਲਿਆਵੈ ॥ ਆਨਦ ਮੂਲ ਪਰਮ ਪਦੁ ਪਾਵੈ ॥ ਸਾਧ ਸੰਗਤਿ ਉਪਜੈ ਬਿਸ੍ਵਾਸ ॥ ਬਾਹਰਿ ਭੀਤਰਿ ਸਦਾ ਪ੍ਰਗਾਸ ॥੪॥ ਚਉਥਹਿ ਚੰਚਲ ਮਨ ਕਉ ਗਹਹੁ ॥ ਕਾਮ ਕ੍ਰੋਧ ਸੰਗਿ ਕਬਹੁ ਨ ਬਹਹੁ ॥ ਜਲ ਥਲ ਮਾਹੇ ਆਪਹਿ ਆਪ ॥ ਆਪੈ ਜਪਹੁ ਆਪਨਾ ਜਾਪ ॥੫॥ ਤੀਜੀ ਥਿੱਤ ਦੁਆਰਾ ਆਖਦੇ ਹਨ, ਤਿੰਨ (ਇੜਾ ਪਿੰਗਲਾ ਤੇ ਸੁਖਮਨਾ ਵਿਚ ਸੁਆਸਾਂ ਨੂੰ) ਇਕੋ ਜਿਹਾ

All Rights Reserved by Harjinder Singh Gyani | www.GuruGranthVakhyaan.org

ਕਰਕੇ (ਜੋ ਪੁਰਖ) ਲਿਆਉਂਦਾ ਹੈ।(ਉਹ) ਅਨੰਦ ਦੇ ਮੂਲ ਪਰਮ ਪਦ ਨੂੰ ਪ੍ਰਾਪਤ ਕਰ ਲੈਂਦਾ ਹੈ।(ਪਰਮ ਪਦ ਕਿਵੇਂ ਪ੍ਰਾਪਤ ਹੁੰਦਾ ਹੈ? ਉਤਰ, ਪਹਿਲਾਂ ਉਸ ਮਨੁੱਖ ਨੂੰ) ਸਾਧ ਸੰਗਤ ਵਿਚ ਰਹਿ ਕੇ ਵਿਸ਼ਵਾਸ ਪੈਦਾ ਹੁੰਦਾ ਹੈ।(ਕਿ ਹਿਰਦੇ ਦੇ) ਅੰਦਰ ਤੇ ਬਾਹਰ (ਸਭ ਜਗ੍ਹਾ) ਸਦਾ ਹਰੀ ਦਾ ਹੀ ਪ੍ਰਕਾਸ਼ ਹੈ।੪।ਚੌਥੀ ਤਿੱਥ ਨੂੰ (ਇਹ ਕੰਮ ਕਰੋ ਕਿ) ਚੰਚਲ ਮਨ ਨੂੰ ਫੜ ਲਵੋ (ਕਾਬੂ ਕਰਕੇ ਰੱਖੋ)।ਕਾਮ ਕ੍ਰੋਧ ਆਦਿਕਾਂ ਦੇ ਨਾਲ ਕਦੇ ਨਾ ਬੈਠੋ; ਕਾਮ ਕ੍ਰੋਧ ਵਾਲੇ ਲੋਕਾਂ ਨਾਲ ਕਦੇ ਨਾ ਬੈਠੋ।(ਮਨ ਵਿਚ ਇਹ ਵਿਸ਼ਵਾਸ ਰੱਖੋ ਕਿ) ਜਲਾਂ ਤੇ ਥਲਾਂ ਵਿਚ (ਵਾਹਿਗੁਰੂ) ਆਪ ਹੀ ਆਪ ਵਸਦਾ ਹੈ।(ਪ੍ਰਭੂ ਸਭ ਵਿਚ ਵਸਦਾ ਹੈ, ਤੁਹਾਡੇ ਵਿਚ ਵੀ ਹੈ, ਉਹ ਹੀ ਤੁਹਾਡਾ ਅਪਣਾ ਆਪ ਹੈ, ਜਦ ਜਾਪ ਜਪੋਗੇ ਤਾਂ ਤੁਸੀਂ ਉਸ ਦਾ ਰੂਪ ਹੋ ਕੇ) ਆਪਣਾ ਜਾਪ ਆਪੇ ਜਪਦੇ ਅਨੁਭਵ ਕਰੋਗੇ।੫।

ਤੀਨੇ ਸਮ ਕਰਿ ਲਿਆਵੇ = ਇੜਾ ਪਿੰਗਲਾ ਤੇ ਸੁਖਮਨਾ (ਜਾਂ ਜਾਗ੍ਰਤ, ਸੁਪਨ ਤੇ ਸੁਖੋਪਤ) ਵਿਚ ਮਨ ਨੂੰ ਇਕੋ ਜਿਹਾ ਕਰਕੇ ਲਿਆਵੇ ਭਾਵ ਤੁਰੀਆ ਪਦ ਵਿਚ ਆਵੇ; ਤਿੰਨ ਗੁਣਾਂ (ਤਮੋ, ਰਜੋ ਤੇ ਸਤੋ ਗੁਣਾਂ) ਨੂੰ ਬਰਾਬਰ ਕਰੇ (ਇਉਂ ਮਾਇਆ ਦਾ ਨਾਸ਼ ਹੁੰਦਾ ਹੈ)।

ਪਦਾਰਥ = ਤ੍ਰਿਤੀਆ–ਤੀਜੀ ਥਿੱਤ।ਸਮ ਕਰਿ–ਬਰਾਬਰ ਕਰਕੇ।ਆਨਦ ਮੂਲ–ਅਨੰਦ ਦਾ ਸੋਮਾ।ਪਰਮ ਪਦੁ–ਤੁਰੀਆ ਪਦ; ਉਚੀ ਆਤਮਕ ਅਵਸਥਾ।ਬਿਸ੍ਵਾਸ–ਭਰੋਸਾ।ਭੀਤਰਿ–(ਸਰੀਰ ਦੇ) ਅੰਦਰ।੪।ਚਉਥਹਿ–ਚੌਥੀ ਥਿਤ ਨੂੰ।ਮਨ ਕਉ–ਮਨ ਨੂੰ।ਗਹਹੁ–ਫੜੋ ।ਸੰਗਿ–ਨਾਲ।ਕਬਹੁ–ਕਦੇ ਵੀ।ਬਹਹੁ–ਬੈਠੋ।ਮਾਹੇ (ਮਾਹਿ)–ਵਿਚ।ਆਪਹਿ ਆਪ–ਆਪ ਹੀ ਆਪ।੫।

ਪਾਂਚੈ ਪੰਚ ਤਤ ਬਿਸਥਾਰ ॥ ਕਨਿਕ ਕਾਮਿਨੀ ਜੁਗ ਬਿਉਹਾਰ ॥ ਪ੍ਰੇਮ ਸੁਧਾ ਰਸੁ ਪੀਵੈ ਕੋਇ ॥ ਜਰਾ ਮਰਣ ਦੁਖੁ ਫੇਰਿ ਨ ਹੋਇ ॥੬ ॥ ਛਠਿ ਖਟੁ ਚਕ੍ਰ ਛਹੂੰ ਦਿਸ ਧਾਇ ॥ ਬਿਨੁ ਪਰਚੈ ਨਹੀ ਥਿਰਾ ਰਹਾਇ ॥ ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥ ਕਰਮ ਧਰਮ ਕੀ ਸੂਲ ਨ ਸਹਹੁ ॥੭॥ ਪੰਚਮੀ ਦੁਆਰਾ ਦਸਦੇ ਹਨ ਕਿ (ਸੰਸਾਰ) ਪੰਜਾਂ ਤੱਤਾਂ ਦਾ ਪਸਾਰਾ ਹੈ।(ਹਰੀ ਨੂੰ ਭੁੱਲ ਕੇ ਸੰਸਾਰ ਵਿਚ ਜੀਵ ਦਾ) ਵਿਹਾਰ ਸੋਨਾ ਭਾਵ ਮਾਇਆ ਤੇ ਇਸਤ੍ਰੀ ਦੋਹਾਂ ਨਾਲ ਹੈ।(ਮਾਇਆ ਤੇ ਇਸਤ੍ਰੀ ਦੇ ਪ੍ਰੇਮ ਵਿਚੋਂ ਨਿਕਲ ਕੇ) ਕੋਈ ਵਿਰਲਾ (ਮਨੁੱਖ ਹਰੀ ਦੇ) ਪ੍ਰੇਮ ਦਾ ਅੰਮ੍ਰਿਤ ਰਸ ਪੀਂਦਾ ਹੈ।(ਉਸ ਨੂੰ) ਮੁੜ ਬੁਢੇਪੇ ਤੇ ਮੌਤ ਦਾ ਦੁਖ ਨਹੀਂ ਹੁੰਦਾ।੬।ਛੇਵੀਂ ਥਿਤ ਦੁਆਰਾ ਦਸਦੇ ਹਨ (ਮਨੁੱਖ ਦੇ) ਛੇ ਚੱਕਰ (ਪੰਜ ਗਿਆਨ ਇੰਦ੍ਰੇ ਤੇ ਛੇਵਾਂ ਮਨ) ਛੇ ਪਾਸੇ ਦੌੜਦੇ ਹਨ (ਆਪੋ ਆਪਣੇ ਵਿਸ਼ਿਆਂ ਵੱਲ ਦੌੜਦੇ ਹਨ)।ਗਿਆਨ ਤੋਂ ਬਿਨਾ (ਇੰਦ੍ਰੇ ਤੇ ਮਨ) ਟਿਕਾਉ ਵਿਚ ਨਹੀਂ ਰਹਿੰਦੇ।ਦੁਬਿਧਾ ਨੂੰ ਮੇਟ ਕੇ ਖਿਮਾ ਧਾਰਨ ਕਰੀ ਰੱਖੋ।(ਇਸ ਦਾ ਫਲ ਇਹ ਹੋਵੇਗਾ ਕਿ ਤੁਸੀਂ) ਧਰਮ ਕਰਮ ਦੇ ਬੰਧਨਾਂ ਦਾ ਦੁਖ ਨਹੀਂ ਸਹੋਗੇ।੭।

ਪਦਾਰਥ = ਪਾਂਚੈ–ਪੰਚਮੀ ਥਿਤ।ਪੰਚ ਤਤ–ਪੰਜ ਤੱਤਾਂ ਦਾ।ਬਿਸਥਾਰ–ਪਸਾਰਾ।ਕਨਿਕ–ਸੋਨਾ; ਧਨ।ਕਾਮਿਨੀ–ਇਸਤ੍ਰੀ।ਜੁਗ–ਦੋਹਾਂ ਨਾਲ।ਬਿਉਹਾਰ–ਵਿਹਾਰ; ਲੈਣ ਦੇਣ।ਪ੍ਰੇਮ ਸੁਧਾ–ਪ੍ਰੇਮ ਅੰਮ੍ਰਿਤ।ਜਰਾ–ਬੁਢੇਪਾ।ਮਰਣ–ਮੌਤ।ਫੇਰਿ–ਮੁੜ ਦੁਬਾਰਾ।੬।ਛਠਿ–ਛੇਵੀਂ ਥਿਤ।ਖਟੁ ਚਕ੍ਰ–ਛੇ ਚੱਕ੍ਰਾਂ ਵਾਲਾ ਸਰੀਰ; ਪੰਜ ਗਿਆਨ ਇੰਦ੍ਰੇ ਤੇ ਛੇਵਾਂ ਮਨ (ਇਨ੍ਹਾਂ ਛੇਆਂ) ਦਾ ਗਰੋਹ (ਮ.ਕੋ. ਵਿਚ ਚਕ੍ਰ ਦਾ ਅਰਥ ਗਰੋਹ ਵੀ ਹੈ)।ਛਹੂੰ ਦਿਸ–ਛੇ ਦਿਸ਼ਾਂ ਵਿਚ (ਉਤਰ ਦੱਖਣ ਪੂਰਬ ਪਛਮ, ਹੇਠਾਂ ਤੇ ਉਪਰ)।ਧਾਇ–ਦੌੜਦਾ (ਭਟਕਦਾ) ਹੈ।ਪਰਚੈ–ਗਿਆਨ।ਨਹੀ ਥਿਰਾ ਰਹਾਇ–ਟਿਕਾਉ ਵਿਚ ਨਹੀਂ ਰਹਿੰਦਾ।ਗਹਿ ਰਹਹੁ–ਧਾਰਨ ਕਰੋ।ਸੂਲ–ਦੁਖ।ਨ ਸਹਹੁ–ਨਹੀਂ ਸਹੋਗੇ।੭।

ਕਰਮ ਧਰਮ = ਛੇ ਸ਼ਾਸਤ੍ਰਾਂ ਦੇ ਦੱਸੇ ਕਰਮ ਧਰਮ ਅਨੁਸਾਰ ਕੀਤੇ ਪਾਪ ਪੁੰਨ, ਜਿਨ੍ਹਾਂ ਦਾ ਫਲ ਦੁਖ ਸੁਖ ਵਿਚ ਮਿਲਦਾ ਹੈ।ਇਹ ਦੁਖ ਸੁਖ ਸੂਲ ਵਾਂਗ ਚੁਭਣ ਵਾਲੀ ਪੀੜਾ ਹਨ।ਸੁਖ ਥੋੜੇ ਸਮੇਂ ਦਾ ਹੁੰਦਾ ਹੈ ਜੋ ਮੁੜ ਦੁਖ ਵਿਚ ਬਦਲ ਜਾਂਦਾ ਹੈ।

ਸਾਤੈਂ ਸਤਿ ਕਰਿ ਬਾਚਾ ਜਾਣਿ ॥ ਆਤਮ ਰਾਮੁ ਲੇਹੁ ਪਰਵਾਣਿ ॥ ਛੂਟੈ ਸੰਸਾ ਮਿਟਿ ਜਾਹਿ ਦੁਖ ॥ ਸੁੰਨ ਸਰੋਵਰਿ ਪਾਵਹੁ ਸੁਖ ॥੮॥ ਅਸਟਮੀ ਅਸਟ ਧਾਤੁ ਕੀ ਕਾਇਆ ॥ ਤਾ ਮਹਿ ਅਕੁਲ ਮਹਾ ਨਿਧਿ ਰਾਇਆ ॥ ਗੁਰ ਗਮ ਗਿਆਨ ਬਤਾਵੈ ਭੇਦ ॥ ਉਲਟਾ ਰਹੈ ਅਭੰਗ ਅਛੇਦ ॥੯॥ ਸੱਤਵੀਂ ਥਿਤ ਨੂੰ ਸਤਿਗੁਰੂ ਦੇ ਬਚਨ ਸੱਚ ਕਰਕੇ ਜਾਣ (ਮੰਨ।ਫਿਰ ਗੁਰੂ ਨੂੰ) ਪ੍ਰਵਾਨ ਹੋ ਕੇ (ਅਪਣੇ) ਆਤਮਾ ਰਾਮ ਨੂੰ ਪਛਾਣ ਲਵੇਂਗਾ।(ਤੇਰਾ) ਸੰਸਾ ਦੂਰ ਹੋ ਜਾਏਗਾ ਤੇ ਦੁਖ ਵੀ ਮਿਟ ਜਾਣਗੇ।ਅਫੁਰ ਬ੍ਰਹਮ ਰੂਪ ਸਰੋਵਰ ਵਿਚ ਵਾਸਾ ਹੋ ਜਾਵੇਗਾ ਤੇ ਸੁਖ ਪਾ ਲਵੇਂਗਾ (ਸੁਖਦਾਈ ਸ਼ਾਂਤ ਅਵਸਥਾ ਪ੍ਰਾਪਤ ਹੋ ਜਾਵੇਗੀ)।੮।ਅਸਟਮੀ ਦੁਆਰਾ ਉਪਦੇਸ਼ ਹੈ ਕਿ ਮਨੁੱਖਾ ਦੇਹ ਅੱਠ ਧਾਤਾਂ ਦੀ ਬਣੀ ਹੋਈ ਹੈ।ਉਸ ਵਿਚ ਕੁਲ ਰਹਿਤ ਮਹਾਨ ਖਜਾਨੇ ਦਾ ਰਾਜਾ ਵਾਹਿਗੁਰੂ ਵਸਦਾ ਹੈ।ਗੁਰੂ ਪਾਸ ਪਹੁੰਚ ਕੇ ਪ੍ਰਾਪਤ ਕੀਤਾ ਗਿਆਨ (ਜਦ ਸਾਧਕ ਨੂੰ ਇਹ) ਭੇਤ ਦਸਦਾ ਹੈ; ਬ੍ਰਹਮ ਗਿਆਨ ਦੀ ਪ੍ਰਾਪਤੀ ਵਾਲਾ ਗੁਰੂ (ਜਦ ਜੀਵ ਈਸ਼ਵਰ ਦੀ ਏਕਤਾ ਦਾ) ਭੇਤ ਦਸਦਾ ਹੈ।(ਤਾਂ ਮਨ ਨੂੰ ਸਰੀਰਕ ਮੋਹ ਵੱਲੋਂ) ਉਲਟਾ ਕੇ (ਮਨੁੱਖ) ਅਟੁੱਟ ਤੇ ਅਖੰਡ ਹਰੀ ਵਿਚ ਜੁੜਿਆ ਰਹਿੰਦਾ ਹੈ।੯।

ਪਦਾਰਥ = ਸਾਤੈਂ–ਸੱਤਵੀਂ ਥਿਤ।ਸਤਿ ਕਰਿ–ਸੱਚ ਕਰਕੇ।ਜਾਣਿ–ਸਮਝ; ਮੰਨ।ਆਤਮ ਰਾਮੁ–ਪ੍ਰਮਾਤਮਾ।ਪਰਵਾਣਿ–ਪ੍ਰਵਾਣ ਹੋ ਕੇ

All Rights Reserved by Harjinder Singh Gyani | www.GuruGranthVakhyaan.org

।ਛੂਟੈ–ਦੂਰ ਹੋ ਜਾਏਗਾ।ਸੰਸਾ–ਸ਼ੱਕ; ਭਰਮ।ਸੁੰਨ ਸਰੋਵਰਿ–ਅਫੁਰ ਪ੍ਰਭੂ ਰੂਪ ਸਰੋਵਰ ਵਿਚ।੮।ਅਸਟਮੀ–ਅੱਠਵੀਂ ਥਿਤ।ਅਸਟ ਧਾਤੁ ਕੀ–ਅੱਠ ਧਾਤ ਦੀ (ਚਾਰ ਮਾਤਾ ਦੀਆਂ–ਖਲੜੀ, ਵਾਲ, ਲਹੂ ,ਨਾੜਾਂ।ਚਾਰ ਪਿਤਾ ਦੀਆਂ–ਹੱਡੀਆਂ, ਮਾਸ, ਵੀਰਜ ਤੇ ਚਰਬੀ) ।ਕਾਇਆ–ਦੇਹੀ।ਤਾ ਮਹਿ–ਉਸ ਵਿਚ।ਅਕੁਲ–ਕੁਲ ਰਹਿਤ।ਮਹਾ ਨਿਧਿ–ਵੱਡਾ ਖਜਾਨਾ।ਰਾਇਆ–ਪ੍ਰਭੂ ਰਾਜਾ।ਗੁਰ ਗਮ ਗਿਆਨ –ਗੁਰੂ ਪਾਸ ਪਹੁੰਚ ਕੇ ਪ੍ਰਾਪਤ ਕੀਤਾ ਗਿਆਨ; ਬ੍ਰਹਮ ਗਿਆਨ ਨੂੰ ਪ੍ਰਾਪਤ ਹੋਇਆ ਗੁਰੂ; ਉਹ ਗਿਆਨ ਜੋ ਗੁਰੂ ਨੇ ਨਿਜ ਤਜਰਬੇ ਨਾਲ ਪੈਦਾ ਕੀਤਾ ਹੈ।ਭੇਦ–ਭੇਤ।ਅਭੰਗ–ਅਟੁੱਟ (ਜੋ ਟੁੱਟਦਾ ਨਹੀਂ)।ਅਛੇਦ–ਅਖੰਡ (ਜੋ ਕੱਟਿਆ ਨਾ ਜਾ ਸਕੇ)।੯।

ਨਉਮੀ ਨਵੈ ਦੁਆਰ ਕਉ ਸਾਧਿ ॥ ਬਹਤੀ ਮਨਸਾ ਰਾਖਹੁ ਬਾਂਧਿ ॥ ਲੋਭ ਮੋਹ ਸਭ ਬੀਸਰਿ ਜਾਹੁ ॥ ਜੁਗੁ ਜੁਗੁ ਜੀਵਹੁ ਅਮਰ ਫਲ ਖਾਹੁ ॥੧੦॥ ਨੌਮੀ ਥਿਤ ਦੁਆਰਾ ਉਪਦੇਸ਼ ਦੇਂਦੇ ਹਨ (ਕਿ ਸਰੀਰ ਦੇ) ਨੌਂ ਦੁਆਰਿਆਂ (ਦੇ ਰਸਾਂ) ਨੂੰ ਰੋਕ ਕੇ ਰੱਖੋ (ਨੌਂਆਂ ਨੂੰ ਵਿਸ਼ਿਆਂ ਵੱਲ ਜਾਣ ਤੋਂ ਰੋਕ ਰੱਖੋ।ਅਤੇ ਨਦੀ ਦੇ ਪ੍ਰਵਾਹ ਵਾਂਗ) ਵਗਦੀਆਂ ਖਾਹਿਸ਼ਾਂ ਨੂੰ ਬੰਨ੍ਹ ਕੇ ਰੱਖੋ।ਲੋਭ ਮੋਹ ਆਦਿ ਸਾਰੇ (ਵਿਕਾਰਾਂ ਨੂੰ) ਭੁੱਲ ਜਾਵੋ।(ਫਿਰ ਤੁਸੀਂ) ਜੁਗੋ ਜੁਗ ਜੀਵੋਗੇ ਤੇ ਮੁਕਤੀ ਰੂਪ ਅਮਰ ਫਲ ਖਾਓਗੇ।੧੦।

ਅੰਗ ੩੪੪ = ਦਸਮੀ ਦਹਦਿਸ ਹੋਇ ਅਨੰਦ ॥ ਛੂਟੈ ਭਰਮੁ ਮਿਲੈ ਗੋਬਿੰਦ ॥ ਜੋਤਿ ਸਰੂਪੀ ਤਤ ਅਨੂਪ ॥ ਅਮਲ ਨ ਮਲਨ ਛਾਹ ਨਹੀ ਧੂਪ ॥੧੧॥ ਦਸਵੀਂ ਥਿਤ (ਦੁਆਰਾ ਆਖਦੇ ਹਨ ਕਿ ਹੇ ਭਾਈ! ਗਿਆਨ ਫਲ ਖਾ ਕੇ ਜਦ) ਭਰਮ ਦੂਰ ਹੁੰਦਾ ਹੈ, ਤਾਂ ਗੋਬਿੰਦ ਮਿਲ ਜਾਂਦਾ ਹੈ।(ਫਿਰ) ਸਭ ਪਾਸੇ ਅਨੰਦ (ਅਨੁਭਵ) ਹੁੰਦਾ ਹੈ।ਪ੍ਰਭੂ ਪ੍ਰਕਾਸ਼ ਸਰੂਪ ਹੈ ਅਤੇ ਉਪਮਾ ਤੋਂ ਰਹਿਤ (ਅਤੀ ਸੁੰਦਰ) ਹੈ। (ਉਹ) ਮੈਲ ਤੋਂ ਰਹਿਤ ਹੈ, ਮਲੀਨ ਨਹੀਂ ਹੁੰਦਾ, (ਉਹ) ਨਾ ਛਾਂ ਹੈ ਤੇ ਨਾ ਹੀ ਧੁੱਪ ਹੈ (ਰਾਗ ਦ੍ਵੈਸ਼, ਅਵਿਦਿਆ ਦੀ ਮੈਲ ਨਹੀਂ, ਸ਼ਾਂਤੀ ਸਰੂਪ ਹੈ, ਤਮੋ ਗੁਣੀ ਨਹੀਂ); ਉਹ ਮਲ ਰਹਿਤ ਵੀ ਨਹੀ ਹੈ, ਮੈਲਾ ਵੀ ਨਹੀਂ ਹੈ, ਛਾਂ ਤੇ ਧੁੱਪ ਵੀ ਉਸ ਵਿਚ ਨਹੀਂ ਕਹੀ ਜਾ ਸਕਦੀ (ਇਹ ਪੱਖ ਉਸ ਲਈ ਨਹੀਂ ਵਰਤੇ ਜਾ ਸਕਦੇ, ਇਹ ਪੱਖ ਕੇਵਲ ਸੰਸਾਰ ਦੀ ਵਰਤੋਂ ਵਾਸਤੇ ਹਨ)।੧੧।

ਪਦਾਰਥ = ਨਉਮੀ–ਨੌਂਵੀਂ ਥਿਤ।ਨਵੈ ਦੁਆਰ–ਸਰੀਰ ਦੇ ਨੌਂ ਦਰਵਾਜੇ (ਦੋ ਅੱਖਾਂ, ਦੋ ਨੱਕ, ਦੋ ਕੰਨ, ਮੂੰਹ, ਦੋ ਮਲ ਮੂਤ੍ਰ)।ਕਉ– ਨੂੰ।ਸਾਧਿ–ਰੋਕ ਕੇ ਰੱਖੋ।ਬਹਤੀ–ਵਗਦੀ ਹੋਈ (ਨਦੀ ਪ੍ਰਵਾਹ ਵਾਂਗ)।ਮਨਸਾ–ਫੁਰਨੇ; ਇਛਾਵਾਂ।ਬਾਂਧਿ–ਬੰਨ੍ਹ ਕੇ।ਜੁਗੁ ਜੁਗੁ–ਜੁਗੋ ਜੁਗ (ਸਦਾ ਹੀ)।ਅਮਰ ਫਲ–ਮੌਤ ਤੋਂ ਰਹਿਤ ਕਰਨ ਵਾਲਾ ਬ੍ਰਹਮ ਗਿਆਨ ਦਾ ਫਲ।੧੦।ਦਸਮੀ–ਦਸਮੀ ਥਿੱਤ।ਦਹਦਿਸ–ਦਸੇ (ਹਰ) ਪਾਸੇ।ਛੂਟੈ–ਦੂਰ ਹੁੰਦਾ ਹੈ।ਜੋਤਿ ਸਰੂਪ–ਪ੍ਰਕਾਸ਼ ਸਰੂਪ।ਤਤ–ਪ੍ਰਭੂ।ਅਨੂਪ–ਉਪਮਾ ਤੋਂ ਰਹਿਤ (ਬਹੁਤ ਸੁੰਦਰ)।ਅਮਲ–ਮੈਲ ਰਹਿਤ (ਨਿਰਮਲ; ਪਵਿਤ੍ਰ)।ਮਲਨ–ਮਲੀਨ; ਅਪਵਿਤ੍ਰ (ਮਲਨ ਦਾ ਜੁੜਤ ਪਾਠ = ਟਕਸਾਲ; ਸੰ.ਸ.; ਬਾ.ਪ੍ਰ.; ਨਰੋਤਮ; ਨਿਰਣੈ। ਮਲ ਨ = ਪਦ ਛੇਦ ਪਾਠ = ਦਰਪਣ; ਸੰ.ਪੋ.; ਇੰਗਲਿਸ਼ ਟੀਕਾ; ਸ਼ਬਦਾਰਥ; ਫ.ਸ. ਹਨ)।ਛਾਹ–ਛਾਂ।ਧੂਪ–ਧੁੱਪ।੧੧।

ਏਕਾਦਸੀ ਏਕ ਦਿਸ ਧਾਵੈ ॥ ਤਉ ਜੋਨੀ ਸੰਕਟ ਬਹੁਰਿ ਨ ਆਵੈ ॥ ਸੀਤਲ ਨਿਰਮਲ ਭਇਆ ਸਰੀਰਾ ॥ ਦੂਰਿ ਬਤਾਵਤ ਪਾਇਆ ਨੀਰਾ ॥ ੧੨॥ ਬਾਰਸਿ ਬਾਰਹ ਉਗਵੈ ਸੂਰ ॥ ਅਹਿਨਿਸਿ ਬਾਜੇ ਅਨਹਦ ਤੂਰ ॥ ਦੇਖਿਆ ਤਿਹੂੰ ਲੋਕ ਕਾ ਪੀਉ ॥ ਅਜਰਜੁ ਭਇਆ ਜੀਵ ਤੇ ਸੀਉ ॥੧੩॥ ਇਕਾਦਸੀ ਦੁਆਰਾ ਉਪਦੇਸ਼ ਦੇਂਦੇ ਹਨ ਕਿ (ਜਿਸ ਮਨੁੱਖ ਦਾ ਮਨ) ਇਕ ਵਾਹਿਗੁਰੂ ਵੱਲ ਦੌੜਦਾ ਹੈ।ਤਾਂ (ਉਸ ਨੂੰ) ਜੋਨੀਆਂ ਵਿਚ ਪੈਣ ਦਾ ਦੁਖ ਮੁੜ ਕੇ ਨਹੀਂ ਆਉਂਦਾ (ਮੁੜ ਉਹ ਕਿਸੇ ਜੂਨ ਵਿਚ ਨਹੀਂ ਪੈਂਦਾ।ਅਗਿਆਨੀ ਲੋਕ ਜਿਸ ਵਾਹਿਗੁਰੂ ਨੂੰ) ਦੂਰ ਦਸਦੇ ਸਨ, (ਉਹ ਉਸਨੂੰ) ਨੇੜਿਓਂ (ਅਪਣੇ ਅੰਦਰੋਂ) ਹੀ ਪ੍ਰਾਪਤ ਹੋ ਗਿਆ।(ਜਿਸ ਕਰਕੇ ਤ੍ਰਿਸ਼ਨਾ ਦੀ ਤਪਤ ਤੋਂ ਉਸਦਾ) ਸਰੀਰ ਠੰਢਾ ਤੇ (ਵਿਕਾਰਾਂ ਦੀ ਮੈਲ ਤੋਂ) ਨਿਰਮਲ ਹੋ ਗਿਆ।੧੨।ਬਾਰ੍ਹਵੀਂ ਥਿਤ ਦੁਆਰਾ ਕਹਿੰਦੇ ਹਨ, (ਜਿਸ ਮਨੁੱਖ ਦਾ ਮਨ ਵਾਹਿਗੁਰੂ ਨਾਲ ਜੁੜ ਗਿਆ, ਉਸ ਦੇ ਅੰਦਰ ਇੱਨਾ ਗਿਆਨ ਪ੍ਰਕਾਸ਼ਿਆ ਕਿ ਮਾਨੋਂ) ਬਾਰਾਂ ਸੂਰਜ ਚੜ੍ਹ ਪਏ ਹਨ।(ਅਤੇ ਉਸ ਦੇ ਅੰਦਰ) ਦਿਨ ਰਾਤ ਅਨਹਦ ਧੁਨੀ ਦੇ ਬਾਜੇ ਵਜਦੇ ਰਹਿੰਦੇ ਹਨ (ਅਨੰਤ ਖੁਸ਼ੀ ਪਰਗਟੀ ਹੈ; ਅਜਪਾ ਜਾਪ ਹੁੰਦਾ ਰਹਿੰਦਾ ਹੈ। ਇਹ ਤਦ ਹੋਇਆ, ਜਦ ਉਸ ਪੁਰਖ ਨੇ) ਤਿੰਨਾਂ ਲੋਕਾਂ ਦਾ ਮਾਲਕ ਵਾਹਿਗੁਰੂ ਦੇਖ ਲਿਆ।(ਇਕ ਐਸੀ) ਅਚਰਜ ਖੇਡ ਵਰਤੀ ਹੈ (ਕਿ ਉਹ ਸਧਾਰਨ) ਜੀਵ ਤੋਂ ਵਾਹਿਗੁਰੂ ਰੂਪ ਹੋ ਗਿਆ।੧੩।

ਪਦਾਰਥ = ਏਕਾਦਸੀ–ਇਕਾਦਸੀ ਤਿਥ।ਏਕ ਦਿਸ–ਇਕ ਪਾਸੇ (ਇਕ ਹਰੀ ਵੱਲ)।ਧਾਵੈ–ਦੌੜਦਾ ਹੈ।ਤਉ–ਤਾਂ।ਜੋਨੀ–ਜੋਨੀਆਂ ਵਿਚ; ਜਨਮ ਮਰਨ ਵਿਚ।ਸੰਕਟ–ਦੁਖ।ਬਹੁਰਿ–ਮੁੜ ਦੁਬਾਰਾ।ਸੀਤਲ–ਠੰਢਾ।ਭਇਆ–ਹੋਇਆ।ਬਤਾਵਤ–ਦਸਦੇ ਸੀ।ਨੀਰਾ–ਨੇੜੇ (ਅਪਣੇ ਅੰਦਰੋਂ)।੧੨।ਬਾਰਸਿ–ਚੰਦ ਦੀ ਬਾਰ੍ਹਵੀਂ ਥਿਤ ਦੁਆਦਸੀ।ਬਾਰਹ ਸੂਰ–ਬਾਰਾਂ ਸੂਰਜ।ਉਗਵੈ–ਚੜ੍ਹ ਪਏ ਹਨ।ਅਹਿਨਿਸਿ–

ਦਿਨ ਰਾਤ।ਬਾਜੇ-ਵਜਦੇ ਹਨ।ਅਨਹਦ-ਬਿਨਾ ਵਜਾਇਆਂ; ਲਗਾਤਾਰ; ਇਕ ਰਸ।ਤੂਰ-ਬਾਜੇ; ਰਣਸਿੰਗਾ।ਤਿਹੂੰ ਲੋਕ-ਤਿੰਨ ਲੋਕ।ਪੀਉ-ਪਤੀ; ਮਾਲਕ।ਭਇਆ-ਹੋਇਆ।ਤੇ-ਤੋਂ।ਸੀਉ-ਸ਼ਿਵ (ਕਲਿਆਣ ਸਰੂਪ ਪ੍ਰਮਾਤਮਾ)।੧੩।

ਤੇਰਸਿ ਤੇਰਹ ਅਗਮ ਬਖਾਣਿ ॥ ਅਰਧ ਉਰਧ ਬਿਚਿ ਸਮ ਪਹਿਚਾਣਿ ॥ ਨੀਚ ਊਚ ਨਹੀ ਮਾਨ ਅਮਾਨ ॥ ਬਿਆਪਿਕ ਰਾਮ ਸਗਲ ਸਾਮਾਨ ॥੧੪॥ ਚਉਦਸਿ ਚਉਦਹ ਲੋਕ ਮਝਾਰਿ ॥ ਰੋਮ ਰੋਮ ਮਹਿ ਬਸਹਿ ਮੁਰਾਰਿ ॥ ਸਤ ਸੰਤੋਖ ਕਾ ਧਰਹੁ ਧਿਆਨ ॥ ਕਥਨੀ ਕਥੀਐ ਬ੍ਰਹਮ ਗਿਆਨ ॥੧੫॥ ਤਰੌਦਸੀ ਤਿਥ ਦੁਆਰਾ ਆਖਦੇ ਹਨ (ਕਿ ਹੇ ਭਾਈ!) ਤੇਰਾਂ ਆਗਮ (ਚਾਰ ਵੇਦ, ਛੇ ਸ਼ਾਸਤ੍ਰ, ਸਿਮ੍ਰਿਤੀ, ਪੁਰਾਣ ਤੇ ਤੰਤ੍ਰ ਸ਼ਾਸਤ੍ਰ ਇਹ) ਕਹਿੰਦੇ ਹਨ।ਕਿ ਹੇਠਾਂ ਉਪਰ (ਸਭ ਜਗ੍ਹਾ) ਵਿਚ ਹਰੀ ਨੂੰ ਇਕੋ ਜਿਹਾ ਪਛਾਣ।ਉਚ ਨੀਚ ਤੇ ਮਾਨ ਅਪਮਾਨ ਦਾ ਫਰਕ ਨ ਰੱਖ।(ਕਿਉਂਕਿ) ਵਾਹਿਗੁਰੂ ਸਭ ਵਿਚ ਇਕੋ ਜਿਹਾ ਵਿਆਪਕ ਹੈ।ਦੂਜਾ ਅਰਥ = (ਜੋ ਪੁਰਖ) ਅਪਹੁੰਚ ਵਾਹਿਗੁਰੂ ਦਾ ਜਸ ਉਚਾਰਦਾ ਹੈ, ਉਹ ਜਨਮ ਮਰਨ ਤੋਂ ਰਹਿਤ ਹੋ ਗਿਆ।ਉਹ ਹੇਠਾਂ ਉਤੇ ਸਭ ਜਗ੍ਹਾ ਵਿਚ ਪ੍ਰਭੂ ਨੂੰ ਇਕ ਸਮਾਨ ਪਛਾਣਦਾ ਹੈ।ਉਹ ਕਿਸੇ ਨੂੰ ਉਚਾ ਨੀਵਾਂ ਨਹੀਂ ਜਾਣਦਾ ਤੇ ਮਾਨ ਅਪਮਾਨ ਦਾ ਵੀ ਭੇਦ ਨਹੀਂ ਰਖਦਾ।(ਕਿਉਂਕਿ ਉਹ) ਸਭ ਵਿਚ ਰਾਮ ਨੂੰ ਇਕੋ ਜਿਹਾ ਵਿਆਪਕ ਜਾਣਦਾ ਹੈ (ਸਮ ਦ੍ਰਿਸ਼ਟੀ ਵਾਲਾ ਹੋ ਜਾਂਦਾ ਹੈ)।੧੪।ਚੌਦਸ ਥਿਤ ਰਾਹੀਂ ਦਸਦੇ ਹਨ ਕਿ ਚੌਦਾਂ ਲੋਕਾਂ (ਭਵਨਾਂ) ਵਿਚ।ਅਤੇ ਸਾਰੇ ਜੀਵਾਂ ਦੇ ਰੋਮ ਰੋਮ ਵਿਚ ਵਾਹਿਗੁਰੂ ਵਸਦਾ ਹੈ।(ਉਸ ਦੀ ਪ੍ਰਾਪਤੀ ਲਈ) ਸਤ ਸੰਤੋਖ (ਆਦਿ ਗੁਣ ਅਪਣੇ ਅੰਦਰ ਟਿਕਾ ਕੇ ਪ੍ਰਭੂ) ਦਾ ਧਿਆਨ ਧਰੋ।ਅਤੇ ਕਥਨੀ ਦੁਆਰਾ ਬ੍ਰਹਮ ਗਿਆਨ ਦੀਆਂ ਹੀ ਗੱਲਾਂ ਕਰੀਏ।੧੫।

ਪਦਾਰਥ = ਤੇਰਸਿ-ਤਰੌਦਸੀ ਥਿਤ।ਤੇਰਹ-ਚਾਰ ਵੇਦ, ਛੇ ਸ਼ਾਸਤ੍ਰ ,ਸਿਮ੍ਰਿਤੀ, ਪੁਰਾਣ ਤੇ ਤੰਤ੍ਰ ਸ਼ਾਸਤ੍ਰ (ਮ.ਕੋ.); ਚਾਰ ਵੇਦ ਤੇ ਨੌਂ ਵਿਆਕਰਣ; ਅਪਹੁੰਚ ਪ੍ਰਭੂ।ਬਖਾਣਿ-ਕਹਿੰਦੇ ਹਨ; ਜਸ ਉਚਾਰਦਾ ਹੈ।ਅਰਧ-ਹੇਠਾਂ; ਪਤਾਲ।ਉਰਧ-ਉਪਰ; ਅਕਾਸ਼।ਬਿਚਿ-ਵਿਚ।ਸਮ-ਇਕੋ ਜਿਹਾ।ਮਾਨ-ਆਦਰ।ਅਮਾਨ-ਅਪਮਾਨ।ਸਗਲ-ਸਾਰਿਆਂ ਵਿਚ।ਸਾਮਾਨ-ਬਰਾਬਰ; ਇਕੋ ਜਿਹਾ।੧੪।ਚਉਦਸਿ-ਚੌਦੇਂ ਦੀ ਥਿੱਤ।ਚਉਦਹ ਲੋਕ-ਚੌਦਾਂ ਭਵਨ (ਸੱਤ ਪਤਾਲ ਤੇ ਸੱਤ ਅਕਾਸ਼)।ਮਝਾਰਿ-ਵਿਚ।ਬਸਹਿ-ਵਸਦਾ ਹੈ।ਮੁਰਾਰਿ-ਵਾਹਿਗੁਰੂ।ਕਥਨੀ ਕਥੀਐ-ਉਹ ਗੱਲਾਂ ਕਰੀਏ (ਫਜ਼ੂਲ ਗੱਲਾਂ ਨਾ ਕਰੀਏ)।੧੫। ਜੇਤਾ ਬੋਲਣੁ ਤੇਤਾ ਗਿਆਨੈ। (੨੩੬)

ਪੂਨਿਉ ਪੂਰਾ ਚੰਦ ਅਕਾਸ ॥ ਪਸਰਹਿ ਕਲਾ ਸਹਜ ਪਰਗਾਸ ॥ ਆਦਿ ਅੰਤਿ ਮਧਿ ਹੋਇ ਰਹਿਆ ਥੀਰ ॥ ਸੁਖ ਸਾਗਰ ਮਹਿ ਰਮਹਿ ਕਬੀਰ ॥੧੬॥ ਪੁੰਨਿਆ ਦੁਆਰਾ ਦਸਦੇ ਹਨ ਕਿ ਹਿਰਦੇ ਰੂਪ ਅਕਾਸ਼ ਵਿਚ ਪੂਰਨ ਗਿਆਨ ਰੂਪ ਚੰਦ ਪ੍ਰਕਾਸ਼ਿਆ ਹੈ।ਗਿਆਨ ਰੂਪ ਚੰਦ ਦੇ ਪ੍ਰਕਾਸ਼ ਦੀਆਂ ਕਲਾਂ ਹਿਰਦੇ ਰੂਪ ਅਕਾਸ਼ ਵਿਚ ਫੈਲੀਆਂ ਹਨ (ਜਿਵੇਂ ਪੁੰਨਿਆਂ ਨੂੰ ਚੰਦ ਦੀਆਂ ਕਲਾਂ ਦਾ ਚਾਨਣਾ ਸਾਰੇ ਪਾਸੇ ਪਸਰਦਾ ਹੈ, ਤਿਵੇਂ ਹਿਰਦੇ ਵਿਚ ਗਿਆਨ ਦਾ ਪੂਰਾ ਚਾਨਣ ਹੋ ਰਿਹਾ ਹੈ।ਜੋ) ਵਾਹਿਗੁਰੂ ਆਦਿ ਮੱਧ ਤੇ ਅੰਤ ਤਿੰਨਾਂ ਕਾਲਾਂ ਵਿਚ ਸਥਿਰ ਹੋ ਰਿਹਾ ਹੈ।(ਉਸ) ਸੁੱਖਾਂ ਦੇ ਸਾਗਰ ਵਾਹਿਗੁਰੂ ਵਿਚ ਕਬੀਰ ਮਿਲ ਰਿਹਾ ਹੈ।੧੬।

ਪਸਰਹਿ ਕਲਾ = ਚੰਦ ਦੀਆਂ ਕਿਰਨਾਂ ਦੇ ਪਸਰਨ ਕਰਕੇ ਸੁਤੇ ਹੀ ਪ੍ਰਕਾਸ਼ ਹੁੰਦਾ ਹੈ, ਇਸੇ ਤਰ੍ਹਾਂ ਜਦ ਹਿਰਦੇ ਰੂਪ ਅਕਾਸ਼ ਵਿਚ ਪੂਰਨ ਗਿਆਨ ਰੂਪ ਚੰਦ ਚੜ੍ਹਿਆ ਤਾਂ ਸ਼ਾਂਤੀ ਸਤ ਸੰਤੋਖ ਦਇਆ ਧਰਮ ਖਿਮਾ ਸਹਿਸ਼ੀਲਤਾ ਆਦਿ ਗੁਣਾਂ ਦੀਆਂ ਕਲਾਂ ਪਸਰੀਆਂ ਹਨ।ਜਾਂ ਦਸ ਇੰਦ੍ਰੇ ਤੇ ਮਨ ਰੋਕ ਰੱਖਣੇ, ਪੰਜ ਤੱਤਾਂ ਦੇ ਗੁਣ ਧਾਰਨ ਕਰਨਾ, ਇਹ ਗਿਆਨ ਰੂਪ ਚੰਦ ਦੀਆਂ ਸੋਲ੍ਹਾਂ ਕਲਾਂ ਦੇ ਪਸਰਨੇ ਦਾ ਚਾਨਣ ਹੈ, ਜੋ ਰਿਦੇ ਅਕਾਸ਼ ਵਿਚ ਹੁੰਦਾ ਹੈ।(ਸੰ.ਸ.)।ਚੰਦ ਦੇ ਚਾਨਣ ਦੀ ਸ਼ਕਤੀ; ਚਾਨਣ ਦੀਆਂ ਕਿਰਨਾਂ ਖਿਲਰਦੀਆਂ ਹਨ।

ਪਦਾਰਥ = ਪੂਨਿਉ-ਪੁੰਨਿਆ (ਪੂਰਨਮਾਸੀ)।ਚੰਦ-ਗਿਆਨ ਰੂਪ ਜਾਂ ਪ੍ਰਭੂ ਰੂਪ ਚੰਦ।ਅਕਾਸ-ਹਿਰਦੇ ਰੂਪ ਅਕਾਸ਼ ਵਿਚ।ਪਸਰਹਿ-ਖਿਲਰੀਆਂ ਹਨ।ਕਲਾ-ਮੱਸਿਆ ਪਿੱਛੋਂ ਜਦ ਚੰਦ ਨਿਕਲਦਾ ਹੈ, ਤਾਂ ਉਹ ਚੰਦ ਦੀ ਇਕ ਕਲਾ ਹੁੰਦੀ ਹੈ, ਇਉਂ ਹਰ ਰਾਤ ਨੂੰ ਚੰਦ ਦੀ ਇਕ ਕਲਾ ਵਧਦੀ ਜਾਂਦੀ ਹੈ ਤੇ ਪੁੰਨਿਆ ਨੂੰ ਚੰਦ ਦੀਆਂ ਪੂਰਨ ਕਲਾਂ ਦਾ ਚਾਨਣ ਹੁੰਦਾ ਹੈ।ਸਹਜ ਪਰਗਾਸ-ਗਿਆਨ ਦਾ ਪ੍ਰਕਾਸ਼ ;ਸੁਤੇ ਸਿਧ ਜਾਂ ਕੁਦਰਤੀ ਪ੍ਰਕਾਸ਼।ਆਦਿ-ਜਗਤ ਦੇ ਸ਼ੁਰੂ ਹੋਣ ਦੇ ਸਮੇਂ ਤੋਂ।ਮਧਿ-ਸ਼ੁਰੂ ਤੋਂ ਅੰਤ ਹੋਣ ਦੇ ਵਿਚਕਾਰਲੇ ਸਮੇਂ ਵਿਚ।ਅੰਤਿ-ਜਗਤ ਦਾ ਅੰਤ ਹੋਣ ਸਮੇਂ।ਥੀਰ-ਥਿਰ-ਸਥਿਰ; ਅਚੱਲ।ਸੁਖ ਸਾਗਰ-ਸੁੱਖਾਂ ਦਾ ਸਮੁੰਦਰ ਪ੍ਰਭੂ।ਰਮਹਿ-ਮਿਲ ਰਿਹਾ ਹੈ।੧੬।

ਉਥਾਨਕਾ = ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਦਿਨ ਸੱਤ ਹੀ ਹਨ।ਪੰਡਤ ਲੋਕਾਂ ਨੇ ਕੁਝ ਦਿਨਾਂ ਨੂੰ ਸ਼ੁੱਭ ਤੇ ਕੁਛ ਦਿਨਾਂ ਨੂੰ ਅਸੁੱਭ ਮੰਨ ਲਿਆ ਹੋਇਆ ਸੀ।ਕਈ ਮੰਗਲਵਾਰ ਨੂੰ ਅਸ਼ੁੱਭ ਮੰਨਦੇ ਹਨ ਤੇ ਕਈ ਬੁੱਧਵਾਰ ਨੂੰ ਚੰਗਾ ਸਮਝਦੇ ਹਨ।ਸਾਰੇ ਦਿਨ ਹਰੀ ਦੇ ਬਣਾਏ ਹੋਏ ਹਨ ਅਤੇ ਸਾਰੇ ਦਿਨ ਚੰਗੇ ਹਨ ਜੇ ਹਰੀ ਦਾ ਭਜਨ ਕੀਤਾ ਜਾਵੇ {ਸੋਈ ਦਿਵਸੁ ਭਲਾ ਮੇਰੇ ਭਾਈ।ਹਰਿ ਗੁਨ ਗਾਇ ਪਰਮ ਗਤਿ ਪਾਈ ੩੯੫}।ਚੰਗੇ ਮਾੜੇ ਦਿਨ ਦੇ ਵਹਿਮ ਨੂੰ ਦੂਰ ਕਰਨ ਲਈ ਭਗਤ ਕਬੀਰ ਜੀ ਨੇ ਇਸ ਬਾਣੀ ਦੀ ਰਚਨਾ ਕੀਤੀ ਹੈ।

All Rights Reserved by Harjinder Singh Gyani | www.GuruGranthVakhyaan.org

ੴ ਸਤਿਗੁਰ ਪ੍ਰਸਾਦਿ ॥ ਰਾਗੁ ਗਉੜੀ ਵਾਰ ਕਬੀਰ ਜੀਉ ਕੇ ੭ ॥ ਬਾਰ ਬਾਰ ਹਰਿ ਗੁਨ ਗਾਵਉ ॥ ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ ॥੧॥ਰਹਾਉ॥ ਆਦਿਤ ਕਰੈ ਭਗਤਿ ਆਰੰਭ ॥ ਕਾਇਆ ਮੰਦਰ ਮਨਸਾ ਥੰਭ ॥ ਅਹਿਨਿਸਿ ਅਖੰਡ ਸੁਰਹੀ ਜਾਇ ॥ ਤਉ ਅਨਹਦ ਬੇਣੁ ਸਹਜ ਮਹਿ ਬਾਇ ॥੧॥ (ਕਬੀਰ ਜੀ ਆਖਦੇ ਹਨ ਕਿ ਦਿਨਾਂ ਦੇ ਸ਼ੁੱਭ ਅਸ਼ੁੱਭ ਹੋਣ ਦਾ ਵਹਿਮ ਛਡ ਕੇ ਮੈਂ) ਬਾਰ ਬਾਰ ਹਰੀ ਦੇ ਗੁਣ ਗਾਉਂਦਾ ਹਾਂ। ਗੁਰੂ ਪਾਸ ਪਹੁੰਚ ਕੇ ਮੈਂ ਉਸ ਹਰੀ (ਨੂੰ ਪ੍ਰਾਪਤ ਕਰਨ) ਦਾ ਭੇਤ ਪ੍ਰਾਪਤ ਕਰਦਾ ਹਾਂ।੧।ਰਹਾਉ। ਐਤਵਾਰ ਦੁਆਰਾ ਦਸਦੇ ਹਨ (ਕਿ ਜੋ ਮਨੁੱਖ ਹਰੀ ਦੀ) ਭਗਤੀ ਸ਼ੁਰੂ ਕਰਦਾ ਹੈ। ਉਹ) ਸਰੀਰ ਰੂਪ ਘਰ ਵਿਚੋਂ (ਉਠ ਰਹੀਆਂ) ਖਾਹਿਸ਼ਾਂ ਨੂੰ ਰੋਕ ਲੈਂਦਾ ਹੈ।(ਫਿਰ ਉਸ ਦੀ) ਬਿਰਤੀ ਦਾ ਦਿਨ ਰਾਤ (ਵਾਹਿਗੁਰੂ ਦੇ ਸਿਮਰਨ ਵਿਚ) ਅਟੁੱਟ ਪ੍ਰਵਾਹ ਚੱਲ ਪੈਂਦਾ ਹੈ।ਤਾਂ ਸਹਿਜ ਅਵਸਥਾ ਵਿਚ (ਟਿਕ ਕੇ ਉਸ ਦੇ ਅੰਦਰ) ਇਕ ਰਸ ਵੀਣਾ ਵਿਚ ਵਜਦੀ ਹੈ (ਹਿਰਦੇ ਅੰਦਰ ਸਿਮਰਨ ਦੀ ਸੰਗੀਤਕ ਧੁਨੀ ਵਜਣ ਲਗ ਪੈਂਦੀ ਹੈ)।੧।

ਪਦਾਰਥ = ਵਾਰ ੭–ਸੱਤ ਦਿਨ। ਬਾਰ ਬਾਰ–ਘੜੀ ਮੁੜੀ (ਹਰ ਵੇਲੇ)। ਗੁਰ ਗਮਿ–ਗੁਰੂ ਪਾਸ ਪਹੁੰਚ ਕੇ। ਭੇਦੁ–ਭੇਤ। ਸੁ–ਉਹ; ਉਸ।੧।ਰਹਾਉ। ਆਦਿਤ–ਅਦਿਤ ਦੇ ਪੁਤ੍ਰ ਸੂਰਜ ਦਾ ਦਿਨ ਐਤਵਾਰ। ਕਾਇਆ ਮੰਦਰ–ਸਰੀਰ ਰੂਪ ਘਰ ਵਿਚੋਂ। ਮਨਸਾ–ਖਾਹਿਸ਼ਾਂ; ਫੁਰਨੇ। ਥੰਭ–ਰੋਕਦਾ ਹੈ। ਅਹਿਨਿਸਿ–ਦਿਨ ਰਾਤ। ਅਖੰਡ–ਅਟੁੱਟ; ਲਗਾਤਾਰ। ਸੁਰਹੀ–ਬਿਰਤੀ। ਤਉ–ਤਾਂ। ਅਨਹਦ–ਇਕ ਰਸ। ਬੇਣੁ–ਬੰਸਰੀ; ਵੀਣਾ; ਮੁਰਲੀ। ਸਹਜ ਮਹਿ–ਸਹਿਜ ਅਵਸਥਾ ਵਿਚ। ਬਾਇ–ਵਜਦੀ ਹੈ।੧।

ਸੋਮਵਾਰਿ ਸਸਿ ਅੰਮ੍ਰਿਤੁ ਝਰੈ ॥ ਚਾਖਤ ਬੇਗਿ ਸਗਲ ਬਿਖ ਹਰੈ ॥ ਬਾਣੀ ਰੋਕਿਆ ਰਹੈ ਦੁਆਰ ॥ ਤਉ ਮਨੁ ਮਤਵਾਰੋ ਪੀਵਨਹਾਰ ॥੨॥ ਮੰਗਲਵਾਰੇ ਲੇ ਮਾਹੀਤਿ ॥ ਪੰਚ ਚੋਰ ਕੀ ਜਾਣੈ ਰੀਤਿ ॥ ਘਰ ਛੋਡੇਂ ਬਾਹਰਿ ਜਿਨਿ ਜਾਇ ॥ ਨਾਤਰੁ ਖਰਾ ਰਿਸੈ ਹੈ ਰਾਇ ॥੩॥ ਸੋਮਵਾਰ ਰਾਹੀਂ ਦਸਦੇ ਹਨ ਕਿ ਗੁਰੂ ਰੂਪ ਚੰਦ੍ਰਮਾ ਤੋਂ ਜੋ ਉਪਦੇਸ਼ ਰੂਪ ਅੰਮ੍ਰਿਤ ਟਪਕਦਾ ਹੈ।(ਉਸ ਨੂੰ) ਚਖਦਿਆਂ ਛੇਤੀ ਹੀ (ਵਿਸ਼ੇ ਵਿਕਾਰਾਂ ਦੀ) ਸਾਰੀ ਜਹਿਰ ਦੂਰ ਹੋ ਜਾਂਦੀ ਹੈ।(ਜਦ ਮਨ ਗੁਰੂ ਦੀ) ਬਾਣੀ ਰਾਹੀਂ ਨੌਂ ਦੁਆਰਿਆਂ (ਵਿਚ ਭਟਕਣ) ਤੋਂ ਰੋਕਿਆ ਰਹਿੰਦਾ ਹੈ। ਤਾਂ ਮਨ ਮਸਤ ਹੋ ਕੇ (ਉਸ ਅੰਮ੍ਰਿਤ ਨੂੰ) ਪੀਣ ਵਾਲਾ ਬਣਦਾ ਹੈ।੨। ਮੰਗਲਵਾਰ (ਦਾ ਉਪਦੇਸ਼ ਹੈ ਕਿ ਅਪਣੇ ਮਨ ਦੀਆਂ ਵਾਸ਼ਨਾਵਾਂ ਤੇ ਵਿਸ਼ਿਆਂ) ਦੀ ਅਸਲੀਅਤ ਨੂੰ ਜਾਣ ਲਵੇ। ਪੰਜ ਚੋਰਾਂ (ਦੇ ਚੋਰੀ ਕਰਨ) ਦਾ ਤਰੀਕਾ ਵੀ ਜਾਣ ਲਵੇ; ਪੰਜ ਚੋਰਾਂ ਨੂੰ (ਕਾਬੂ ਕਰਨ ਦਾ) ਢੰਗ ਜਾਣ ਲਵੇ।(ਮਨ ਨੂੰ) ਹਿਰਦਾ ਘਰ ਛਡ ਕੇ ਬਾਹਰ ਨਾ ਜਾਣ ਦੇਵੇ। ਨਹੀਂ ਤਾਂ ਹਰੀ ਰਾਜਾ ਬਹੁਤ ਗੁੱਸੇ ਹੁੰਦਾ ਹੈ (ਭਟਕਿਆ ਮਨ ਦੁਖੀ ਹੁੰਦਾ ਹੈ ਤੇ ਇਕਾਗਰ ਹੋਣਾ ਕਠਨ ਹੈ, ਇਹੋ ਪ੍ਰਭੂ ਦਾ ਗੁੱਸੇ ਹੋਣਾ ਹੈ)।੩।

ਅੰਮ੍ਰਿਤ ਝਰੈ = ਸੋਮਵਾਰ ਦੁਆਰਾ ਦਸਦੇ ਹਨ ਕਿ ਗੁਰੂ ਵੱਲੋਂ ਦਿਤੇ ਗਿਆਨ ਰੂਪ ਚੰਦ ਦੀਆਂ ਸ਼ਾਂਤ ਕਿਰਨਾਂ ਤੋਂ ਅੰਮ੍ਰਿਤ ਵਰ੍ਹਦਾ ਹੈ (ਹਿਰਦੇ ਵਿਚ ਠੰਢ ਵਰਤ ਜਾਂਦੀ ਹੈ। ਯੋਗ ਮੱਤ ਅਨੁਸਾਰ ਮਸਤਕ ਵਿਚ ਸਥਿਤ) ਚੰਦ੍ਰਮਾ, ਜਿਸ ਤੋਂ ਅੰਮ੍ਰਿਤ ਟਪਕਦਾ ਹੈ (ਮ.ਕੋ.)।

ਬਾਣੀ ਰੋਕਿਆ = (ਪਰ ਜੇ) ਬਾਣੀ ਆਦਿਕ ਇੰਦ੍ਰੀਆਂ ਦੇ ਦੁਆਰਿਆਂ ਦਾ ਸਮਦਾਇ ਰੋਕਿਆ ਰਹੇ (ਫ.ਸ.)। ਜੇ ਬਾਣੀ ਦਾ ਦੁਆਰ (ਮੂੰਹ ਬਾਣੀ ਬੋਲਣ ਵੱਲੋਂ ਭਾਵ ਫਜੂਲ ਗੱਲਾਂ ਕਰਨ ਤੋਂ) ਰੋਕਿਆ ਰਹੇਗਾ (ਸੰ.ਪੋ.)। ਭਾਵ ਇੰਦ੍ਰੀਆਂ ਨੂੰ ਵਿਸ਼ਿਆਂ ਵੱਲੋਂ ਰੋਕ ਰੱਖੇ।

ਪਦਾਰਥ = ਸੋਮਵਾਰਿ–ਸੋਮਵਾਰ ਦੁਆਰਾ (ਸੋਮਵਾਰ ਚੰਦ੍ਰਮਾ ਦਾ ਦਿਨ ਹੈ)। ਸਸਿ–ਗੁਰੂ (; ਗਿਆਨ; ਵਾਹਿਗੁਰੂ) ਰੂਪ ਚੰਦ ਤੋਂ। ਝਰੈ–ਟਪਕਦਾ ਹੈ; ਵਰਸਦਾ ਹੈ। ਚਾਖਤ–ਚਖਦਿਆਂ (ਧਾਰਨ ਕਰਨ ਨਾਲ)। ਬੇਗਿ–ਛੇਤੀ। ਸਗਲ–ਸਾਰੇ। ਬਿਖ–ਵਿਸ਼ੇ ਵਿਕਾਰਾਂ ਦੀ ਜਹਿਰ। ਹਰੈ–ਦੂਰ ਹੋ ਜਾਂਦੀ ਹੈ। ਬਾਣੀ ਦੁਆਰ–ਬੋਲ ਬੋਲਣ ਵਾਲਾ ਮੂੰਹ। ਤਉ–ਤਾਂ। ਮਤਵਾਰੋ–ਮਸਤ। ਪੀਵਨਹਾਰ–ਪੀਣ ਵਾਲਾ।੨। ਮੰਗਲ ਵਾਰੇ–ਮੰਗਲਵਾਰ ਦਾ ਦਿਨ। ਲੇ ਮਾਹੀਤਿ (ਅ.)–ਅਸਲੀਅਤ; ਸਾਰ ਤੱਤ (ਅਪਣੇ ਅੰਦਰ ਦੀ ਕਮਜੋਰੀ) ਨੂੰ ਜਾਣ ਲਵੇ, (ਜਿੱਥੇ ਪੰਜ ਵੈਰੀਆਂ ਵੱਲੋਂ ਹਮਲਾ ਹੋ ਸਕਦਾ ਹੈ)। ਮੁਹੀਤ (ਅ.)–ਘੇਰਨ ਵਾਲਾ (ਦੈਵੀ ਗੁਣਾਂ ਦੀ ਸੈਨਾ ਲੈ ਕੇ ਅੰਦਰ ਬੈਠੇ ਕਾਮਾਦਿਕ ਵੈਰੀਆਂ ਨੂੰ) ਘੇਰ ਲਵੇ। ਰੀਤਿ–ਤਰੀਕਾ। ਜਿਨਿ ਜਾਇ–ਨਾ ਜਾਵੇ। ਨਤਰੁ–ਨਹੀਂ ਤਾਂ। ਰਿਸੈ ਹੈ–ਗੁਸੇ ਹੁੰਦਾ ਹੈ। ਰਾਇ–ਪ੍ਰਭੂ ਪਾਤਸ਼ਾਹ।੨।

ਬੁਧਵਾਰਿ ਬੁਧਿ ਕਰੈ ਪ੍ਰਗਾਸ ॥ ਹਿਰਦੈ ਕਮਲ ਮਹਿ ਹਰਿ ਕਾ ਬਾਸ ॥ ਗੁਰ ਮਿਲਿ ਦੋਊ ਏਕ ਸਮ ਧਰੈ ॥ ਉਰਧ ਪੰਕ ਲੈ ਸੂਧਾ ਕਰੈ ॥੪॥ ਬ੍ਰਿਹਸਪਤਿ ਬਿਖਿਆ ਦੇਇ ਬਹਾਇ ॥ ਤੀਨਿ ਦੇਵ ਏਕ ਸੰਗਿ ਲਾਇ ॥ ਤੀਨਿ ਨਦੀ ਤਹ ਤ੍ਰਿਕੁਟੀ ਮਾਹਿ ॥ ਅਹਿਨਿਸਿ ਕਸਮਲ ਧੋਵਹਿ ਨਾਹਿ ॥੫॥ ਬੁਧਵਾਰ ਵਾਲੇ ਦਿਨ (ਮਨੁੱਖ ਅਪਣੀ) ਬੁੱਧੀ ਵਿਚ ਗਿਆਨ ਦਾ ਪ੍ਰਕਾਸ਼ ਕਰੇ; ਬੁੱਧੀ ਨੂੰ ਉਜਲ ਕਰੇ ਭਾਵ ਬੁੱਧੀ ਵਿਚੋਂ ਵਾਸ਼ਨਾਵਾਂ ਦੀ ਮੈਲ ਦੂਰ ਕਰੇ। ਹਿਰਦੇ ਕਮਲ ਵਿਚ ਹਰੀ ਦਾ ਨਿਵਾਸ (ਨਿਸਚੇ ਕਰਕੇ) ਜਾਣੇ। ਗੁਰੂ ਨੂੰ ਮਿਲ ਕੇ ਹਿਰਦਾ ਕਮਲ ਤੇ ਹਰੀ ਦੋਹਾਂ ਵਿਚ ਇਕ ਬਰਾਬਰ ਬਿਰਤੀ ਧਾਰੇ (ਦੋਹਾਂ ਨੂੰ ਇਕ ਕਰ ਦੇਵੇ)। ਮੂਧੇ ਹੋਏ ਹਿਰਦੇ ਕਮਲ ਨੂੰ (ਅਪਣੇ ਵਸ ਵਿਚ) ਲੈ ਕੇ

All Rights Reserved by Harjinder Singh Gyani | www.GuruGranthVakhyaan.org

ਸਿਧਾ ਕਰੇ (ਤਾਂ ਜੋ ਉਸ ਵਿਚ ਨਾਮ ਅੰਮ੍ਰਿਤ ਟਿਕ ਸਕੇ ਭਾਵ ਬੇਮੁਖ ਹੋਏ ਹਿਰਦੇ ਨੂੰ ਹਰੀ ਦੇ ਸਨਮੁਖ ਕਰੇ)।੪।ਵੀਰਵਾਰ ਵਾਲੇ ਦਿਨ ਵਿਸ਼ੇ ਵਿਕਾਰਾਂ ਨੂੰ (ਵੈਰਾਗ ਰੂਪ ਨਦੀ ਦੇ ਪ੍ਰਵਾਹ ਵਿਚ) ਰੋੜ੍ਹ ਦੇਵੇ।ਤਿੰਨ (ਬ੍ਰਹਮਾ ਵਿਸ਼ਨੂ ਤੇ ਸ਼ਿਵ) ਦੇਵਤਿਆਂ ਨੂੰ ਇਕ ਵਾਹਿਗੁਰੂ ਨਾਲ ਲਗਾ ਦੇਵੇ (ਤਿੰਨ ਦੇਵਤਿਆਂ ਦੀ ਪੂਜਾ ਛਡ ਕੇ ਉਨ੍ਹਾਂ ਦੇ ਰਚਨਹਾਰ ਹਰੀ ਵਿਚ ਬਿਰਤੀ ਲਗਾਵੇ)।ਕਰਮ, ਗਿਆਨ ਤੇ ਭਗਤੀ ਇਹ ਤਿੰਨ ਨਦੀਆਂ ਦਾ ਸੰਗਮ ਉਥੇ ਦਸਮ ਦੁਆਰ ਵਿਚ ਹੈ (ਜਿਥੇ ਹਰੀ ਵਸਦਾ ਹੈ)।ਦਿਨ ਰਾਤ ਉਥੇ ਨਹਾ ਕੇ ਅਪਣੇ ਪਾਪਾਂ ਦੀ ਮੈਲ ਨੂੰ ਧੋਂਦਾ ਰਹੇ; ਪਾਪਾਂ ਦੀ ਮੈਲ ਕਿਉਂ ਨਹੀਂ ਧੋਂਦਾ?।੫।

ਪਦਾਰਥ = ਬੁਧਵਾਰਿ–ਬੁਧ ਵਾਲੇ ਦਿਨ।ਬੁਧਿ–ਬੁਧੀ ਵਿਚ।ਬਾਸ–ਨਿਵਾਸ।ਦੋਊ–ਦੋਵੇਂ (ਹਿਰਦਾ ਤੇ ਪ੍ਰਭੂ)।ਏਕ ਸਮ–ਇਕ ਸਮਾਨ। ਧਰੈ–ਧਾਰੇ।ਉਰਧ–ਮੂਧਾ।ਪੰਕ–ਹਿਰਦਾ ਕਮਲ।ਲੈ–ਲੈ ਕੇ।ਸੂਧਾ–ਸਿੱਧਾ; ਸਨਮੁਖ।੪।ਬ੍ਰਿਹਸਪਤਿ–ਵੀਰਵਾਰ ਦਾ ਦਿਨ।ਬਿਖਿਆ–ਵਿਸ਼ੇ ਵਿਕਾਰ; ਮਾਇਆ।ਦੇਇ ਬਹਾਇ–ਰੋੜ੍ਹ ਦੇਵੇ।ਤੀਨਿ ਦੇਵ–ਤਿੰਨ ਦੇਵਤੇ (ਬ੍ਰਹਮਾ ਵਿਸ਼ਨੂ ਅਤੇ ਸ਼ਿਵ)।ਏਕ ਸੰਗਿ–ਇਕ ਹਰੀ ਨਾਲ।ਲਾਇ–(ਲਿਵ) ਲਗਾਵੇ।ਤੀਨਿ ਨਦੀ–ਕਰਮ ਗਿਆਨ ਤੇ ਭਗਤੀ ਰੂਪ ਨਦੀਆਂ; ਇੜਾ ਪਿੰਗਲਾ ਤੇ ਸੁਖਮਨਾ ਰੂਪ ਗੰਗਾ ਜਮਨਾ ਤੇ ਸਰਸੁਤੀ ਨਦੀਆਂ ਦਾ ਸੰਗਮ।ਤਹ–ਉਥੇ; ਉਸ।ਤ੍ਰਿਕੁਟੀ ਮਾਹਿ–ਦਸਮ ਦੁਆਰ ਵਿਚ ਜਿਥੇ ਹਰੀ ਵਸਦਾ ਹੈ।ਅਹਿਨਿਸਿ–ਦਿਨ ਰਾਤ।ਕਸਮਲ–ਪਾਪ।ਧੋਵਹਿ–ਧੋਂਦਾ ਹੈ।ਨਾਹਿ–ਨ੍ਹਾ ਕੇ (ਮ.ਕੋ.) ਦਰਪਣ ਤੋਂ ਬਿਨਾ ਸਭ ਦਾ ਇਹੀ ਅਰਥ ਹੈ; ਨਹੀਂ।੫।

ਸੁਕ੍ਰਿਤੁ ਸਹਾਰੈ ਸੁ ਇਹ ਬ੍ਰਤਿ ਚੜੈ ॥ ਅਨਦਿਨ ਆਪਿ ਆਪ ਸਿਉ ਲੜੈ ॥ ਸੁਰਖੀ ਪਾਂਚਉ ਰਾਖੈ ਸਬੈ ॥ ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ ॥੬॥ ਥਾਵਰ ਥਿਰੁ ਕਰਿ ਰਾਖੈ ਸੋਇ ॥ ਜੋਤਿ ਦੀ ਵਟੀ ਘਟ ਮਹਿ ਜੋਇ ॥ ਬਾਹਰਿ ਭੀਤਰਿ ਭਇਆ ਪ੍ਰਗਾਸੁ ॥ ਤਬ ਹੂਆ ਸਗਲ ਕਰਮ ਕਾ ਨਾਸੁ ॥੭॥ ਸ਼ੁਕਰਵਾਰ ਦੁਆਰਾ ਕਹਿੰਦੇ ਹਨ ਜੋ ਚੰਗੇ ਕੰਮਾਂ ਦੇ ਅਸਰ ਨੂੰ ਜਰਦਾ ਹੈ, ਉਸ ਦਾ ਇਹ ਬਰਤ ਸੰਪੂਰਨ ਹੁੰਦਾ ਹੈ, ਪੁੰਨ ਕਰਮ ਕਰਨ ਨਾਲ ਹਉਮੈ ਵਿਚ ਪੈਣ ਦਾ ਖਤਰਾ ਹੁੰਦਾ ਹੈ, ਉਸ ਨੂੰ ਜਰਨਾ ਇਕ ਬੜਾ ਬਰਤ ਹੈ।ਇਥੇ ਸੁਕ੍ਰਿਤ ਦੂਹਰੇ ਅਰਥਾਂ ਵਿਚ ਆਇਆ ਹੈ (ਸ਼ਬਦਾਰਥ)।ਹਰ ਰੋਜ (ਉਹ) ਅਪਣੇ ਆਪ ਭਾਵ ਮਨ ਨਾਲ ਲੜਦਾ ਹੈ।ਅਤੇ ਪੰਜ ਗਿਆਨ ਇੰਦ੍ਰੀਆਂ ਨੂੰ (ਸ਼ਬਦ ਸਪਰਸ ਰਸ ਰੂਪ ਗੰਧ) ਸਾਰਿਆਂ ਪਾਸਿਆਂ ਤੋਂ ਰੋਕ ਰਖਦਾ ਹੈ।ਤਾਂ ਉਹ ਦ੍ਵੈਤ ਭਾਵਨਾ ਵਾਲੀ ਦ੍ਰਿਸਟੀ ਵਿਚ ਕਦੇ ਨਹੀਂ ਪੈਂਦਾ।੬।ਜਿਹੜੀ ਪ੍ਰਭੂ ਜੋਤ ਦੀ ਬੱਤੀ ਹਿਰਦੇ ਵਿਚ ਹੈ, ਉਸ ਨੂੰ ਟਿਕਾ ਕੇ ਰੱਖੇ (ਸ਼ਬਦਾਰਥ); ਸ਼ਨਿਚਰਵਾਰ ਦਾ ਉਪਦੇਸ਼ ਹੈ (ਕਿ ਦ੍ਵੈਤ ਭਾਵਨਾ ਦੂਰ ਹੋਣ ਕਰਕੇ) ਹਿਰਦੇ ਵਿਚ ਜੋ ਰੱਬੀ ਗਿਆਨ ਪ੍ਰਾਪਤ ਹੋਇਆ ਹੈ, ਉਸਨੂੰ ਦ੍ਰਿੜ ਕਰਕੇ ਰੱਖੇ।(ਰੱਬੀ ਜੋਤ ਦੀ ਬਰਕਤ ਨਾਲ ਜਦ) ਅੰਦਰ ਤੇ ਬਾਹਰ ਚਾਨਣ ਹੋ ਗਿਆ ਹੈ (ਸਰੀਰ ਦੇ ਅੰਦਰ ਤੇ ਬਾਹਰ ਸੰਸਾਰ ਵਿਚ ਰੱਬੀ ਜੋਤ ਦਿਸ ਪਈ)।ਤਾਂ ਸਾਰੇ (ਪਿਛਲੇ ਜਨਮਾਂ ਤੇ ਹੁਣ ਦੇ) ਕਰਮਾਂ ਦਾ ਨਾਸ਼ ਹੋ ਗਿਆ (ਜਿਸ ਨਾਲ ਜਨਮ ਮਰਣ ਦਾ ਝੰਝਟ ਮੁੱਕ ਗਿਆ)।੭।

ਪਦਾਰਥ = ਸੁਕ੍ਰਿਤ–ਸ਼ੁਕ੍ਰਵਾਰ ਵਾਲਾ ਦਿਨ (ਮ.ਕੋ.); ਪੁੰਨ ਕਰਮ।ਸਹਾਰੈ–ਸਹਾਰਦਾ ਹੈ।ਸੁ–ਉਸ ਦਾ।ਬ੍ਰਤਿ–ਬਰਤ।ਚੜੈ–ਸਿਰੇ ਚੜ੍ਹਦਾ ਹੈ; ਪੂਰਨ ਹੁੰਦਾ ਹੈ।ਅਨਦਿਨ–ਹਰ ਰੋਜ।ਆਪਿ ਆਪ ਸਿਉ–ਅਪਣੇ ਆਪ ਨਾਲ।ਸੁਰਖੀ ਪਾਂਚਉ–ਪੰਜੇ ਗਿਆਨ ਇੰਦ੍ਰੇ।ਰਾਖੈ –(ਰੋਕ) ਰਖਦਾ ਹੈ।ਸਬੈ–ਸਾਰੇ ਪਾਸਿਆਂ ਤੋਂ।ਤਉ–ਤਾਂ।ਦੂਜੀ ਦ੍ਰਿਸਟਿ–ਦ੍ਵੈਤ ਭਾਵ ਵਾਲੀ ਨਜਰ ਵਿਚ।ਨ ਪੈਸੇ–ਨਹੀਂ ਪੈਂਦਾ।ਕਬੈ–ਕਦੇ।੬।ਥਾਵਰ–ਸ਼ਨਿਚਰਵਾਰ ਦਾ ਦਿਨ।ਥਿਰੁ ਕਰਿ–ਦ੍ਰਿੜ ਕਰਕੇ; ਟਿਕਾ ਕਰਕੇ।ਸੋਇ–ਉਸ (ਜੋਤਿ ਦੀਵਟੀ) ਨੂੰ।ਘਟ ਮਹਿ–ਹਿਰਦੇ ਵਿਚ।ਜੋਇ–ਜੋ।ਭਤਿਰਿ–ਅੰਦਰ।ਤਬ–ਤਾਂ।ਸਗਲ–ਸਾਰੇ।ਕਰਮ–ਕਰਮਾਂ ਦੇ ਸੰਸਕਾਰ।੭।

ਜੋਤਿ ਦੀਵਟੀ = ਜੋਤ ਦਾ ਦੀਵਾ (ਦਿਉੜੀ–ਮਿੱਟੀ ਦਾ ਦੀਵਾ) ਜੋ ਦਿਲ ਵਿਚ ਬਲ ਰਿਹਾ ਹੈ।ਜੋਤਿ ਦੀ ਵਟੀ–ਗਿਆਨ; ਜੋਤ ਦੀ ਬੱਤੀ ਜੋ ਹਿਰਦੇ ਵਿਚ ਬਲਦੀ ਹੈ, ਉਸਨੂੰ ਪੱਕਾ ਕਰਕੇ ਰੱਖੇ (ਬੁਝਣ ਨਾ ਦੇਵੇ ਭਾਵ ਗਿਆਨ ਨੂੰ ਦਿਲ ਵਿਚੋਂ ਜਾਣ ਨਾ ਦੇਵੇ)।

ਅੰਗ ੩੪੫ = ਜਬ ਲਗੁ ਘਟ ਮਹਿ ਦੂਜੀ ਆਨ ॥ ਤਉ ਲਉ ਮਹਲਿ ਨ ਲਾਭੈ ਜਾਨ ॥ ਰਮਤ ਰਾਮ ਸਿਉ ਲਾਗੋ ਰੰਗੁ ॥ ਕਹਿ ਕਬੀਰ ਤਬ ਨਿਰਮਲ ਅੰਗ ॥੮॥੧॥ (ਸੱਤਾਂ ਦਿਨਾਂ ਦਾ ਸੰਖੇਪ ਸਿਧਾਂਤ ਦਸਦੇ ਹਨ, ਮਨੁੱਖ) ਜਦ ਤਕ ਹਿਰਦੇ ਵਿਚ (ਹਰੀ ਤੋਂ ਬਿਨਾ ਕਿਸੇ) ਹੋਰ ਦੂਜੇ ਦੀ ਸ਼ਰਣ ਤਕਦਾ ਹੈ; ਕਿਸੇ ਹੋਰ ਦੂਜੇ ਦੀ ਮੰਨ ਮਨੌਤ ਕਰਦਾ ਹੈ।ਤਦ ਤਕ (ਇਸ ਨੂੰ ਪ੍ਰਭੂ ਦੇ) ਸਰੂਪ ਵਿਚ ਜਾਣ ਦਾ ਮੌਕਾ ਪ੍ਰਾਪਤ ਨਹੀਂ ਹੁੰਦਾ; ਰੱਬ ਨਾਲ ਨਹੀਂ ਜੁੜ ਸਕਦਾ।ਰਾਮ ਨੂੰ ਸਿਮਰਦਿਆਂ (ਜਦ ਮਨੁੱਖ ਦਾ) ਰਾਮ ਨਾਲ ਪ੍ਰੇਮ ਲਗ ਗਿਆ; ਵਿਆਪਕ ਰਾਮ ਨਾਲ ਪ੍ਰੇਮ ਲਗ ਗਿਆ।ਕਬੀਰ ਜੀ ਆਖਦੇ ਹਨ ਕਿ ਤਦ (ਉਸ ਦਾ) ਸਰੀਰ ਪਵਿਤ੍ਰ ਹੋ ਜਾਂਦਾ ਹੈ ।੮।੧।

ਪਦਾਰਥ = ਜਬ ਲਗੁ–ਜਦ ਤਕ।ਘਟ ਮਹਿ–ਹਿਰਦੇ ਵਿਚ।ਦੂਜੀ ਆਨ–ਦੂਜਾ ਕੋਈ ਹੋਰ (ਕਿਸੇ ਹੋਰ ਦਾ ਆਸਰਾ ਜਾਂ ਸ਼ਰਣ); ਹੋਰ

www.gurugranthvakhyaan.org

ਦੂਜੇ ਦੀ ਮੰਨ ਮਨੌਤ।ਤਉ ਲਉ–ਤਦ ਤਕ।ਮਹਲਿ–ਪ੍ਰਭੂ ਦੇ ਸਰੂਪ ਵਿਚ।ਨ ਲਾਭੈ ਜਾਨ–ਜਾਣਾ ਨਹੀਂ ਮਿਲਦਾ।ਰਮਤ ਰਾਮ–ਰਾਮ ਨੂੰ ਸਿਮਰਦਿਆਂ; ਵਿਆਪਕ ਵਾਹਿਗੁਰੂ।ਸਿਉ–ਨਾਲ।ਰੰਗੁ–ਪ੍ਰੇਮ।ਤਬ–ਤਦ।ਨਿਰਮਲ–ਪਵਿਤ੍ਰ।ਅੰਗ–ਸਰੀਰਕ ਅੰਗ।੮।੧।

ਰਾਗੁ ਗਉੜੀ ਚੇਤੀ ਬਾਣੀ ਨਾਮ ਦੇਉ ਜੀਉ ਕੀ ੴ ਸਤਿਗੁਰ ਪ੍ਰਸਾਦਿ ॥

ਦੇਵਾ ਪਾਹਨ ਤਾਰੀਅਲੇ ॥ ਰਾਮ ਕਹਤ ਜਨ ਕਸ ਨ ਤਰੇ ॥੧।ਰਹਾਉ॥ ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ, ਬਿਆਧਿ ਅਜਾਮਲੁ ਤਾਰੀਅਲੇ ॥ ਚਰਨ ਬਧਿਕ ਜਨ ਤੇਊ ਮੁਕਤਿ ਭਏ ॥ ਹਉ ਬਲਿ ਬਲਿ ਜਿਨ ਰਾਮ ਕਹੇ ॥੧॥ ਦਾਸੀ ਸੁਤ ਜਨੁ ਬਿਦਰੁ ਸੁਦਾਮਾ, ਉਗ੍ਰਸੈਨ ਕਉ ਰਾਜ ਦੀਏ ॥ ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ, ਨਾਮੇ ਕੇ ਸੁਆਮੀ ਤੇਊ ਤਰੇ ॥੨॥੧॥ ਹੇ ਪ੍ਰਭੂ! (ਤੁਸੀਂ ਸਮੁੰਦਰ ਉਤੇ) ਪੱਥਰ ਤਾਰੇ ਸਨ (ਜਿਨ੍ਹਾਂ ਉਤੇ ਰਾਮ ਰਾਮ ਲਿਖਿਆ ਗਿਆ ਸੀ।ਸੰਸਾਰ ਸਮੁੰਦਰ ਤੋਂ ਉਹ) ਮਨੁੱਖ ਕਿਉਂ ਨਹੀਂ ਤਰਨਗੇ (ਜਿਹੜੇ) ਰਾਮ ਦਾ ਨਾਮ ਉਚਾਰਦੇ ਹਨ? (ਜਰੂਰ ਤਰ ਜਾਣਗੇ)।੧।ਰਹਾਉ।(ਹੇ ਪ੍ਰਭੂ! ਸਿਮਰਨ ਦਾ ਸਦਕਾ ਤੁਸੀਂ) ਗਨਿਕਾ ਵੇਸਵਾ ਤਾਰ ਦਿਤੀ {ਸੂਆ ਪੜਾਵਾ ਗਨਿਕਾ ਤਰੀ ੮੭੪}, ਰੂਪ ਹੀਣ ਕੁਬਜਾ, ਸ਼ਿਕਾਰੀ ਤੇ ਅਜਾਮਲ ਵਰਗੇ ਪਾਪੀ ਵੀ (ਆਪ ਜੀ ਨੇ ਸੰਸਾਰ ਸਮੁੰਦਰ ਤੋਂ) ਤਾਰ ਦਿਤੇ।(ਕ੍ਰਿਸ਼ਨ ਜੀ ਦੇ) ਚਰਨਾਂ ਨੂੰ ਤੀਰ ਨਾਲ ਵਿੰਨ੍ਹਣ ਵਾਲਾ ਸ਼ਿਕਾਰੀ (ਅਤੇ ਉਸ ਵਰਗੇ ਜੋ ਹੋਰ ਪਾਪੀ) ਮਨੁੱਖ ਸਨ, ਉਹ ਵੀ ਮੁਕਤ ਹੋ ਗਏ ਸਨ।(ਇਸ ਲਈ ਮੈਂ ਨਾਮ ਦੇਵ ਮਨ ਤਨ ਕਰਕੇ ਉਨ੍ਹਾਂ ਤੋਂ) ਬਲਿਹਾਰ ਹਾਂ, ਜਿਨ੍ਹਾਂ ਨੇ ਰਾਮ ਦਾ ਨਾਮ ਸਿਮਰਿਆ ਹੈ।੧।ਦਾਸੀ ਦਾ ਪੁਤ੍ਰ ਭਗਤ ਬਿਦਰ ਤੇ ਸੁਦਾਮਾ ਆਦਿ ਤਾਰ ਦਿਤੇ (ਅਤੇ ਕੰਸ ਨੂੰ ਮਾਰ ਕੇ ਉਸ ਦੀ ਕੈਦ ਵਿਚੋਂ ਛੁਡਾ ਕੇ) ਉਗ੍ਰਸੈਨ ਨੂੰ ਰਾਜ ਦਿਤਾ।ਜਪ ਹੀਣ ਕੁਬਿਜਾ, ਤਪ ਹੀਣ ਗਨਿਕਾ, ਕੁਲ ਹੀਣ ਬਿਆਧ, ਬਧਿਕ ਤੇ ਬਿਦਰ ਅਤੇ ਕਰਮ ਹੀਣ ਅਜਾਮਲ (ਆਦਿ ਜਿਤਨੇ ਵੀ ਸਨ), ਉਹ ਵੀ ਨਾਮ ਦੇਵ ਜੀ ਦੇ ਮਾਲਕ ਵਾਹਿਗੁਰੂ (ਨੂੰ ਜਪ ਕੇ) ਤਰ ਗਏ।੨।੧।

ਨੋਟ = ਰਾਮ ਚੰਦਰ ਜੀ ਨੇ ਲੰਕਾ ਨੂੰ ਪੁਲ ਬੰਨ੍ਹਣ ਵੇਲੇ ਪੱਥਰ ਤਾਰੇ ਜਾਂ ਪੱਥਰ ਬਣ ਕੇ ਪਈ ਗੋਤਮ ਦੀ ਇਸਤ੍ਰੀ ਅਹਿਲਿਆ ਨੂੰ ਤਾਰਿਆ।ਤੇ ਕ੍ਰਿਸ਼ਨ ਜੀ ਨੇ ਜਿਹੜੇ ਭਗਤਾਂ ਨੂੰ ਤਾਰਿਆ, ਉਹ ਸਭ ਵਾਹਿਗੁਰੂ ਦੀ ਬਖਸ਼ੀ ਸ਼ਕਤੀ ਨਾਲ ਤਾਰੇ ਗਏ।

ਪਦਾਰਥ = ਦੇਵਾ–ਹੇ ਪ੍ਰਕਾਸ਼ ਸਰੂਪ ਪ੍ਰਭੂ!।ਪਾਹਨ–ਪੱਥਰ।ਤਾਰੀਅਲੇ–ਤਾਰ ਲਏ।ਰਾਮ–ਸਰਬ ਵਿਆਪਕ ਵਾਹਿਗੁਰੂ।ਕਹਤ–ਕਹਿੰਦੇ (ਸਿਮਰਦੇ) ਹਨ।ਜਨ–ਮਨੁੱਖ।ਕਸ ਨ–ਕਿਉਂ ਨਹੀਂ।੧।ਰਹਾਉ।ਤਾਰੀਲੇ–ਤਾਰ ਦਿਤੀ।ਗਨਿਕਾ–ਇਕ ਵੇਸਵਾ (ਜਿਸ ਨੂੰ ਇਕ ਸਾਧੂ ਨੇ ਰਾਮ ਨਾਮ ਦਾ ਉਪਦੇਸ਼ ਸਿਖਾਉਣ ਲਈ ਤੋਤਾ ਦਿਤਾ, ਉਹ ਤੋਤੇ ਨੂੰ ਰਾਮ ਨਾਮ ਸਿਖਾਲਦੀ ਆਪ ਭਗਤ ਬਣ ਗਈ)। ਬਿਨੁ ਰੂਪ–ਰੂਪ ਹੀਣ।ਕੁਬਿਜਾ–ਇਕ ਜੁਆਨ ਲੜਕੀ ਜੋ ਕੁੱਬੀ ਸੀ, ਇਹ ਕੰਸ ਦੇ ਬਾਗ ਦੀ ਮਾਲਣ ਸੀ, ਕ੍ਰਿਸ਼ਨ ਜੀ ਨੇ ਇਸਦਾ ਕੁੱਬ ਠੀਕ ਕਰ ਦਿਤਾ।ਬਿਆਧਿ–ਸ਼ਿਕਾਰੀ; ਰੋਗ ਗ੍ਰਸਤ; ਵਿਕਾਰੀ।ਅਜਾਮਲ–ਵੇਸਵਾ ਗਾਮੀ ਬ੍ਰਹਮਣ (ਮਰਨ ਸਮੇਂ ਪੁਤ੍ਰ ਨਰਾਇਣ ਨੂੰ ਵਾਜਾਂ ਮਾਰਦੇ ਦੀ ਲਿਵ ਅਸਲੀ ਨਰਾਇਣ ਨਾਲ ਜੁੜ ਗਈ ਤੇ ਤਰ ਗਿਆ)।ਬਧਿਕ–ਸ਼ਿਕਾਰੀ (ਜਿਸਨੇ ਕ੍ਰਿਸ਼ਨ ਜੀ ਦੇ ਚਰਨ ਵਿਚ ਚਮਕਦਾ ਪਦਮ ਦੇਖ ਕੇ ਹਿਰਨ ਦੀ ਅੱਖ ਦੇ ਭੁਲੇਖੇ ਤੀਰ ਮਾਰਿਆ, ਪਛਤਾਵਾ ਕਰਨ ਤੇ ਬਖਸ਼ਿਆ ਗਿਆ।ਬਲਿ ਬਲਿ–ਮਨ ਤਨ ਕਰਕੇ ਕੁਰਬਾਨ ਹਾਂ।ਰਾਮ ਕਹੇ–ਪ੍ਰਭੂ ਨੂੰ ਸਿਮਰਿਆ।ਦਾਸ ਸੁਤ–ਦਾਸੀ ਦਾ ਪੁਤ੍ਰ।ਜਨੁ–ਭਗਤ।ਸੁਦਾਮਾ–ਕ੍ਰਿਸ਼ਨ ਜੀ ਦਾ ਜਮਾਤੀ ਮਿਤ੍ਰ।ਉਗ੍ਰਸੈਨ–ਕੰਸ ਦਾ ਪਿਓ (ਜਿਸ ਨੂੰ ਕੰਸ ਨੇ ਗਦੀਓਂ ਲਾਹ ਕੇ ਰਾਜ ਸੰਭਾਲਿਆ ਤੇ ਕੈਦ ਕਰ ਲਿਆ।ਕ੍ਰਿਸ਼ਨ ਜੀ ਨੇ ਕੰਸ ਨੂੰ ਮਾਰ ਕੇ ਉਗ੍ਰਸੈਨ ਨੂੰ ਰਾਜ ਦਿਤਾ)।ਕੁਲ ਹੀਨ–ਨੀਵੀਂ ਕੁਲ ਵਾਲਾ।ਕ੍ਰਮ ਹੀਨ–ਕਰਮ ਹੀਣ।ਤੇਊ–ਉਹ ਵੀ।੨।੧।

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥ ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥ ਰਾਮ ਗੁਸਈਆ ਜੀਅ ਕੇ ਜੀਵਨਾ ॥ ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥੧॥ਰਹਾਉ॥ ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥ ਚਰਣ ਨ ਛਾਡਉ ਸਰੀਰ ਕਲ ਜਾਈ ॥੨॥ ਕਹੁ ਰਵਿਦਾਸ ਪਰਉ ਤੇਰੀ ਸਾਭਾ ॥ ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥੩॥੧॥ (ਹੇ ਪ੍ਰਭੂ!) ਮੈਨੂੰ ਦਿਨ ਰਾਤ ਇਹੋ ਸੋਚ ਰਹਿੰਦੀ ਹੈ ਕਿ ਮੇਰੀ ਸੰਗਤ ਨੀਚ (ਜਾਤ ਦੇ ਮਨੁੱਖਾਂ ਨਾਲ) ਹੈ।ਮੇਰਾ ਕੰਮ (ਚੰਮ ਦੇ ਕੱਟਣ ਵੱਢਣ ਵਾਲਾ) ਖੋਟਾ ਹੈ ਤੇ ਜਨਮ ਵੀ ਬੁਰੀ ਤਰ੍ਹਾਂ ਦਾ ਹੈ (ਸ਼ੂਦਰ ਜਾਤੀ ਵਿਚ ਹੋਇਆ ਹੈ)।੧।ਹੇ ਜੀਵਾਂ ਦੇ ਜੀਵਨ ਦਾਤੇ! ਹੇ ਪ੍ਰਿਥਵੀ ਦੇ ਮਾਲਕ ਰਾਮ!।ਮੈਨੂੰ ਭੁਲਾਓ ਨਾ, (ਬੇਸ਼ੱਕ ਮੈਂ ਸ਼ੂਦਰ ਹਾਂ, ਪਰ) ਮੈਂ ਤੇਰਾ ਦਾਸ ਹਾਂ।੧।ਰਹਾਉ।ਮੇਰੀ (ਇਹ) ਬਿਪਤਾ ਦੂਰ ਕਰ ਦਿਓ, (ਮੈਨੂੰ ਅਪਣੇ ਚਰਨਾਂ ਦਾ) ਸ਼ੁੱਭ ਭਾਵਨਾ

www.gurugranthvakhyaan.org

All Rights Reserved by Harjinder Singh Gyani | www.GuruGranthVakhyaan.org

ਵਾਲਾ ਦਾਸ ਬਣਾ ਲਵੋ ਜੀ।(ਐਸੀ ਕ੍ਰਿਪਾ ਕਰੋ ਕਿ ਮੈਂ ਆਪ ਜੀ ਦੇ) ਚਰਨ ਨਾ ਛੱਡਾਂ, (ਕੀ ਪਤਾ) ਸਰੀਰ ਕਲੁ ਨੂੰ ਚਲਾ ਜਾਵੇ।੨। ਰਵਿਦਾਸ ਜੀ ਆਖਦੇ ਹਨ, (ਹੇ ਪ੍ਰਭੂ!) ਮੈਂ ਤੇਰੀ ਸ਼ਰਣ ਵਿਚ ਪਿਆ ਹਾਂ।(ਮੈਨੂੰ) ਦਾਸ ਨੂੰ ਛੇਤੀ ਮਿਲੋ, ਦੇਰ ਨਾ ਕਰ।੩।੧। (ਸ਼ੁੱਭ ਜਨਮ, ਸ਼ੁੱਭ ਕਰਮ ਤੇ ਸ਼ੁੱਭ ਸੰਗਤ ਆਦਿ ਦਾ ਮੇਰੇ ਵਿਚ ਕੋਈ ਗੁਣ ਨਹੀਂ, ਪਰ ਮੈਂ ਤੇਰਾ ਸੇਵਕਾ ਹਾਂ, ਮੈਨੂੰ ਵਿਸਾਰੋ ਨਾ)।

ਪਦਾਰਥ = ਪੋਚ–ਨੀਚ (ਨੀਚ ਲੋਕਾਂ ਨਾਲ; ਕਾਮਾਦਿਕਾਂ ਨਾਲ)।ਸੋਚ–ਚਿੰਤਾ।ਕੁਟਿਲਤਾ–ਖੋਟਾ (ਪਸ਼ੂਆਂ ਦੇ ਕੱਟਣ ਵੱਢਣ ਵਾਲਾ)। ਕੁਭਾਂਤੀ–ਬੁਰੀ ਤਰ੍ਹਾਂ ਦਾ (ਸ਼ੂਦਰ ਜਾਤੀ ਵਿਚੋਂ)।੧।ਗੁਸਈਆ–ਹੇ ਪ੍ਰਿਥਵੀ ਦੇ ਮਾਲਕ!।ਜੀਅ ਕੇ–ਜੀਵਾਂ ਦੇ।ਜੀਵਨਾ–ਜੀਵਨ ਦੇਣ ਵਾਲੇ।ਮੋਹਿ–ਮੈਨੂੰ।ਨ ਬਿਸਾਰਹੁ–ਨਾ ਭੁਲਾਓ।ਜਨੁ–ਦਾਸ।੧।ਰਹਾਉ।ਹਰਹੁ–ਦੂਰ ਕਰੋ।ਬਿਪਤਿ–ਮੁਸੀਬਤ।ਕਰਹੁ–ਕਰੋ; ਬਣਾ ਲਵੋ।ਸੁਭਾਈ–ਚੰਗੀ ਭਾਵਨਾ ਵਾਲਾ।ਸਰੀਰ ਕਲ–ਸਰੀਰ ਦੀ ਸ਼ਕਤੀ (ਸੱਤਿਆ; ਪ੍ਰਾਣ ਸ਼ਕਤੀ); ਕਲੁ (ਮ.ਕੋ.; ਸੰ.ਸ.; ਫ.ਸ.; ਸੰ.ਪੋ.)।ਜਾਈ–ਚਲਾ ਜਾਵੇ।੨।ਪਰਉ–ਪੈਂਦਾ ਹਾਂ।ਸਾਭਾ–ਸ਼ਰਣ।ਬੇਗਿ–ਛੇਤੀ।ਕਰਿ ਨ–ਨਾ ਕਰ।ਬਿਲਾਂਬਾ–ਦੇਰ।੩।੧।

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥ ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥ ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ਰਹਾਉ॥ ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥ ਆਬਾਦਾਨੁ ਸਦਾ ਮਸਹੂਰ ॥ ਊਹਾ ਗਨੀ ਬਸਹਿ ਮਾਮੂਰ ॥੨॥ ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥ ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥ (ਜਿੱਥੇ ਮੈਂ ਵਸਦਾ ਹਾਂ, ਉਸ) ਸ਼ਹਿਰ ਦਾ ਨਾਂ ਬੇਗਮ ਪੁਰਾ ਹੈ (ਲੋਕਾਂ ਦੇ ਕਲਪੇ ਸੁਰਗ ਦੇ ਮੁਕਾਬਲੇ ਉਤੇ ਆਤਮਕ ਸੁਖ ਦੀ ਅਵਸਥਾ ਦਾ ਵਰਨਣ ਹੈ)।ਦੁਖ ਤੇ ਚਿੰਤਾ ਉਸ ਥਾਂ ਤੇ ਨਹੀਂ ਹੈ।(ਉਥੇ) ਨਾ ਪਰੇਸ਼ਾਨੀ ਹੈ ਤੇ ਨਾ (ਉਥੇ) ਟੈਕਸ ਲਾਏ ਜਾਣ ਵਾਲਾ ਮਾਲ ਹੈ; ਮਾਲ ਤੇ ਟੈਕਸ ਭਰਨ ਦੀ ਕੋਈ ਪਰੇਸ਼ਾਨੀ ਨਹੀਂ।ਨਾ ਉਥੇ ਕੋਈ ਭੁੱਲ ਹੋਣ ਦਾ ਡਰ ਹੈ ਅਤੇ ਨਾ ਘਾਟਾ ਪੈਣ ਦਾ ਡਰ ਹੈ।੧।ਹੁਣ ਮੈਂ ਰਹਿਣ ਦੀ ਬੜੀ ਚੰਗੀ ਜਗ੍ਹਾ ਪ੍ਰਾਪਤ ਕਰ ਲਈ ਹੈ।ਹੇ ਮੇਰੇ ਭਾਈ! ਉਥੇ (ਉਸ ਜਗ੍ਹਾ ਭਾਵ ਗਿਆਨ ਅਵਸਥਾ ਵਿਚ) ਸਦਾ ਸੁੱਖ ਸ਼ਾਂਤੀ ਹੈ।੧।ਰਹਾਉ।(ਉਸ ਦੇਸ਼ ਦੀ) ਪਾਤਸ਼ਾਹੀ ਸਦਾ ਕਾਇਮ ਰਹਿੰਦੀ ਹੈ।(ਉਥੇ ਦਾ ਵਸਨੀਕ) ਦੂਜਾ ਤੀਜਾ ਨਹੀਂ ਹੁੰਦਾ, (ਉਥੇ ਜੋ ਹੈ) ਉਹ ਇਕੋ ਹਨ (ਇਕ ਬਰਾਬਰ ਹਨ, ਕੋਈ ਛੋਟਾ ਵੱਡਾ ਜਾਂ ਉਚਾ ਨੀਵਾਂ ਨਹੀਂ।ਉਹ ਸ਼ਹਿਰ) ਸਦਾ ਅਬਾਦ ਰਹਿੰਦਾ ਹੈ ਤੇ ਮਸ਼ਹੂਰ ਹੈ (ਇਹ ਕੋਈ ਨਵੀਂ ਗੱਲ ਨਹੀਂ।ਸਾਰੇ ਉਚੀ ਆਤਮਕ ਅਵਸਥਾ ਵਾਲਿਆਂ ਨੂੰ ਉਸ ਸ਼ਹਿਰ ਦਾ ਪਤਾ ਹੈ); ਸੰਘਣੀ ਵੱਸੋਂ ਵਾਲਾ ਹੈ।ਉਥੇ ਰੱਜੇ ਪੁੱਜੇ ਧਨੀ ਲੋਕ ਵਸਦੇ ਹਨ (ਉਸ ਅਵਸਥਾ ਵਿਚ ਪਹੁੰਚੇ ਲੋਕਾਂ ਨੂੰ ਮਾਇਕ ਭੁੱਖ ਨਹੀਂ ਰਹਿੰਦੀ)।੨।(ਉਥੇ ਕਿਸੇ ਤੇ ਕੋਈ ਪਾਬੰਦੀ ਜਾਂ ਬੰਦਸ਼ ਨਹੀਂ, ਉਨ੍ਹਾਂ ਨੂੰ) ਜਿਵੇਂ ਚੰਗਾ ਲਗਦਾ ਹੈ, ਤਿਵੇਂ ਤਿਵੇਂ (ਉਹ) ਸੈਰ ਕਰਦੇ (ਘੁੰਮਦੇ ਫਿਰਦੇ) ਹਨ।(ਉਹ ਉਸ ਪਾਤਸ਼ਾਹੀ) ਮਹਿਲ ਦੇ ਭੇਤੀ ਹਨ, (ਮਹਿਲ ਵਿਚ ਵਸਣ ਵਾਲੇ ਉਨ੍ਹਾਂ ਦੇ ਵਾਕਫ ਹਨ, ਇਸ ਲਈ ਉਨ੍ਹਾਂ ਨੂੰ ਉਥੇ ਆਉਣ ਜਾਣ ਤੋਂ) ਕੋਈ ਰੋਕਦਾ ਨਹੀਂ।ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਚਮਾਰ (ਜਨਮ ਮਰਣ ਤੋਂ) ਮੁਕਤ ਹੋ ਗਿਆ ਹਾਂ।ਜੋ ਮਨੁੱਖ ਸਾਡੇ (ਬੇਗਮ ਪੁਰੇ) ਸ਼ਹਿਰ ਦਾ ਵਾਸੀ ਹੈ, ਉਹ ਸਾਡਾ ਮਿਤ੍ਰ ਹੈ।੩।੨।

ਦੋਮ ਨ ਸੇਮ = (ਉਥੇ ਕੋਈ) ਦੂਜਾ ਤੀਜਾ ਨਹੀ, (ਉਥੇ ਅਦੁਤੀ) ਉਹ ਇਕੋ ਵਾਹਿਗੁਰੂ ਹੈ।(ਉਸ ਦੇਸ਼ ਦੇ ਪਾਤਸ਼ਾਹ ਦਾ ਕੋਈ) ਦੂਜਾ ਗੁਰਵਜੀਰ ਤੇ ਤੀਜਾ ਦੀਵਾਨ ਆਦਿਕ ਕੋਈ ਨਹੀਂ (ਉਸ ਦਾ ਕੋਈ ਸਲਾਹਕਾਰ ਨਹੀਂ, ਆਪ ਹੀ ਸਭ ਕੁਛ ਕਰਣਹਾਰ ਹੈ)।

ਪਦਾਰਥ = ਬੇਗਮ ਪੁਰਾ–ਗਮ ਤੇ ਚਿੰਤਾ ਤੋਂ ਰਹਿਤ ਗਿਆਨ ਅਵਸਥਾ।ਸਹਰ–ਸ਼ਹਿਰ।ਅੰਦੋਹੁ (ਫਾ.)–ਸੰਸਾ; ਚਿੰਤਾ।ਤਿਹਿ ਠਾਉ–ਉਸ ਥਾਂ ਤੇ।ਤਸਵੀਸ (ਅ.)–ਘਬਰਾਹਟ; ਹੈਰਾਨੀ; ਪਰੇਸ਼ਾਨੀ।ਖਿਰਾਜ–ਖਰਾਜ (ਅ.) ਟੈਕਸ।ਮਾਲੁ (ਅ.)–ਧਨ ਜਾਇਦਾਤ।ਖਉਫੁ (ਅ.)–ਡਰ।ਖਤਾ (ਅ.)–ਭੁੱਲ।ਤਰਸੁ (ਫਾ.)–ਡਰ (ਤ੍ਰਾਸ)।ਜਵਾਲੁ (ਅ.)–ਘਾਟਾ।੧।ਅਬ–ਹੁਣ।ਮੋਹਿ–ਮੈਂ।ਖੂਬ (ਫਾ.)–ਉਤਮ ;ਸ੍ਰੇਸਟ।ਵਤਨ ਗਹ (ਫਾ.)–ਰਹਿਣ ਦੀ ਥਾਂ।ਪਾਈ–ਪ੍ਰਾਪਤ ਕੀਤੀ।ਊਹਾ–ਉਥੇ।ਖੈਰਿ (ਅ.)–ਸੁੱਖ ਸ਼ਾਂਤੀ।ਭਾਈ–ਹੇ ਭਾਈ!।੧। ਰਹਾਉ।ਕਾਇਮ (ਅ.)–ਸਥਿਰ ਰਹਿੰਦੀ ਹੈ।ਦਾਇਮ (ਅ.)–ਸਦਾ।ਦੋਮ (ਫਾ.)–ਦੂਜਾ।ਸੇਮ (ਫਾ.)–ਤੀਜਾ।ਏਕ ਸੋ–ਉਹ ਇਕ; ਇਕੋ ਜਿਹਾ।ਆਹੀ–ਹਨ।ਆਬਾਦਾਨ (ਫਾ.)–ਅਬਾਦ (ਵਸਦਾ) ਹੈ।ਮਸਹੂਰ–ਮਸ਼ਹੂਰ (ਅ.); ਪ੍ਰਸਿੱਧ।ਗਨੀ (ਅ.)–ਧਨੀ; ਅਮੀਰ।ਬਸਹਿ–ਵਸਦੇ ਹਨ।ਮਾਮੂਰ (ਅ.)–ਰੱਜੇ ਹੋਏ; ਅਮਰ; ਅਨੰਦ ਨਾਲ; ਆਤਮ ਗਿਆਨੀ।੨।ਸੈਲ–ਸੈਰ।ਭਾਵੈ–ਚਾਹੁੰਦੇ ਹਨ; ਚੰਗਾ ਲਗਦਾ ਹੈ।ਮਹਰਮ (ਅ.)–ਪੂਰਾ ਭੇਤੀ।ਮਹਲ–ਮਹਿਲ (ਸਰੂਪ) ਦਾ।ਕੋ–ਕੋਈ।ਨ ਅਟਕਾਵੈ–ਰੋਕਦਾ ਨਹੀਂ।ਖਲਾਸ (ਅ.)–ਮੁਕਤ।ਹਮ ਸਹਰੀ–ਸਾਡੇ ਸ਼ਹਿਰ ਦਾ ਵਾਸੀ; ਸਤਸੰਗੀ।ਸੋ–ਉਹ (ਮਨੁੱਖ)।ਮੀਤ–ਮਿਤ੍ਰ।ਹਮਾਰਾ–ਸਾਡਾ।੩।੨।

www.gurugranthvakhyaan.org

ੴ ਸਤਿਗੁਰ ਪ੍ਰਸਾਦਿ ॥ ਗਉੜੀ ਬੈਰਾਗਣਿ ਰਵਿਦਾਸ ਜੀਉ ॥ ਘਟ ਅਵਘਟ ਡੂਗਰ ਘਣਾ, ਇਕੁ ਨਿਰਗੁਣੁ ਬੈਲੁ ਹਮਾਰ ॥ ਰਮਈਏ ਸਿਉ ਇਕ ਬੇਨਤੀ, ਮੇਰੀ ਪੂੰਜੀ ਰਾਖੁ ਮੁਰਾਰਿ ॥੧॥ ਕੋ ਬਨਜਾਰੋ ਰਾਮ ਕੋ, ਮੇਰਾ ਟਾਂਡਾ ਲਾਦਿਆ ਜਾਇ ਰੇ ॥੧॥ਰਹਾਉ॥ (ਨਾਮ ਰੂਪ ਸੌਦਾ ਲੱਦ ਕੇ ਲੈ ਜਾਣ ਵਾਲਾ ਪ੍ਰਮਾਰਥ ਦਾ) ਰਸਤਾ ਬੜਾ ਕਠਨ ਰਸਤਾ ਤੇ ਪਹਾੜੀ ਹੈ (ਪਹਾੜੀ ਰਸਤੇ ਤੇ ਚੜ੍ਹਨਾ ਹੋਰ ਵੀ ਔਖਾ ਹੁੰਦਾ ਹੈ, ਇਸ ਰਸਤੇ ਤੇ ਚਲਣ ਵਾਲਾ) ਇਕ ਮੇਰਾ ਮਨ ਰੂਪ ਬੈਲ ਵੀ ਕਮਜ਼ੋਰ ਹੈ।(ਇਸ ਲਈ ਪ੍ਰਭੂ ਦੀ ਮਦਤ ਮੰਗਦੇ ਹਨ) ਪ੍ਰਭੂ ਕੋਲ ਇਕ ਬੇਨਤੀ ਹੈ, ਹੇ ਪ੍ਰਭੂ! (ਮਨ ਰੂਪ ਬੈਲ ਉਪਰ ਲੱਦੀ ਨਾਮ ਰੂਪ) ਮੇਰੀ ਪੂੰਜੀ ਦੀ ਰੱਖਿਆ ਕਰ।੧।(ਫਿਰ ਸੰਸਾਰੀ ਲੋਕਾਂ ਵੱਲ ਤਕਦੇ ਹਨ ਤੇ ਪੁੱਛਦੇ ਹਨ ਕਿ ਤੁਹਾਡੇ ਵਿਚੋਂ) ਹੇ ਭਾਈ! ਕੋਈ ਰਾਮ ਦੇ ਨਾਮ ਦਾ ਵਪਾਰੀ ਹੈ? (ਜੋ ਮੇਰੇ ਨਾਲ ਤੁਰੇ, ਕਿਉਂਕਿ) ਮੇਰਾ ਮਾਲ ਲੱਦਿਆ ਜਾ ਰਿਹਾ ਹੈ (ਕੋਈ ਗੁਰਮੁਖ ਮੈਨੂੰ ਅਪਣੀ ਸੰਗਤ ਵਿਚ ਮਿਲਾ ਕੇ ਨਾਮ ਜਪਾਵੇ)।੧।ਰਹਾਉ।

ਅੰਗ ੩੪੬ = ਹਉ ਬਨਜਾਰੋ ਰਾਮ ਕੋ, ਸਹਜ ਕਰਉ ਬ੍ਯ੍ਯਾਪਾਰ ॥ ਮੈ ਰਾਮ ਨਾਮ ਧਨੁ ਲਾਦਿਆ, ਬਿਖੁ ਲਾਦੀ ਸੰਸਾਰਿ ॥੨॥ਉਰਵਾਰ ਕੇ ਦਾਨੀਆ, ਲਿਖਿ ਲੇਹੁ ਆਲ ਪਤਾਲੁ ॥ ਮੋਹਿ ਜਮ ਡੰਡੁ ਨ ਲਾਗਈ, ਤਜੀਲੇ ਸਰਬ ਜੰਜਾਲ ॥੩॥ ਜੈਸਾ ਰੰਗੁ ਕਸੁੰਭ ਕਾ, ਤੈਸਾ ਇਹੁ ਸੰਸਾਰੁ ॥ ਮੇਰੇ ਰਮਈਏ ਰੰਗੁ ਮਜੀਠ ਕਾ, ਕਹੁ ਰਵਿਦਾਸ ਚਮਾਰ ॥੪॥੧॥ ਮੈਂ ਰਾਮ ਰੂਪ ਸ਼ਾਹ ਦਾ ਵਪਾਰੀ ਹਾਂ ਅਤੇ ਮੈਂ ਗਿਆਨ ਦੀ ਪ੍ਰਾਪਤੀ ਲਈ ਵਪਾਰ ਕਰਦਾ ਹਾਂ।ਮੈਂ ਰਾਮ ਦਾ ਨਾਮ ਰੂਪ ਧਨ ਲੱਦਿਆ ਹੈ, ਪਰ ਸੰਸਾਰ (ਬ੍ਰਿਤੀ ਵਾਲੇ ਵਪਾਰੀਆਂ) ਨੇ ਬਿਖ ਲੱਦੀ ਹੋਈ ਹੈ।੨।ਹੇ ਲੋਕ ਪ੍ਰਲੋਕ ਦੇ (ਜੀਵਾਂ ਦੇ ਕਰਮ) ਜਾਨਣ ਵਾਲੇ ਚਿਤ੍ਰ ਗੁਪਤੋ! (ਤੁਸੀਂ ਜੋ ਮਰਜੀ ਮੰਦੇ ਚੰਗੇ ਕਰਮਾਂ ਦਾ ਹਿਸਾਬ) ਊਲ ਜਲੂਲ ਲਿਖ ਲਵੋ।ਮੈਨੂੰ ਜਮਾਂ ਦਾ ਦੰਡ ਨਹੀਂ ਲਗ ਸਕਦਾ, (ਕਿਉਂਕਿ ਮੈਂ) ਫਸਾਉਣ ਵਾਲੇ ਸਾਰੇ ਧੰਦੇ ਛਡ ਦਿਤੇ ਹਨ (ਅਜੇਹਾ ਕਰਮ ਮੈਂ ਕੀਤਾ ਹੀ ਨਹੀਂ, ਜਿਸ ਦਾ ਦੰਡ ਮਿਲੇ)।੩।(ਨਾਮ ਜਪ ਕੇ ਮੈਨੂੰ ਗਿਆਨ ਹੋ ਗਿਆ ਕਿ) ਜਿਸ ਤਰ੍ਹਾਂ ਕਸੁੰਭੇ ਦੇ ਫੁੱਲ ਦਾ ਰੰਗ (ਦੇਖਣ ਨੂੰ ਸੋਹਣਾ, ਪਰ ਕੱਚਾ) ਹੁੰਦਾ ਹੈ, ਉਸੇ ਤਰ੍ਹਾਂ ਦਾ ਇਹ ਸੰਸਾਰ ਹੈ (ਇਸ ਦੇ ਭੋਗਾਂ ਦਾ ਅਨੰਦ ਛਿਨ ਭੰਗਰ ਹੈ)।ਚਮਾਰ ਰਵਿਦਾਸ ਜੀ ਕਹਿੰਦੇ ਹਨ ਕਿ ਮੇਰੇ ਭਗਵਾਨ ਦੇ ਨਾਮ ਦਾ ਰੰਗ ਮਜੀਠ ਦਾ ਹੈ (ਜੋ ਪੱਕਾ ਹੈ)।੪।੧।

ਨੋਟ = ਗਿਆਨ ਇੰਦ੍ਰੀਆਂ ਦਾ ਸਮੂਹ (ਕੰਨ ਤੁਚਾ ਅੱਖ ਜੀਭ ਨੱਕ) ਵਣਜਾਰਿਆਂ ਦਾ ਟਾਂਡਾ ਹੈ, ਇਨ੍ਹਾਂ ਨੇ ਨਾਮ ਰੂਪ ਮਾਲ ਲੱਦਣਾ ਹੈ।ਇਨ੍ਹਾਂ ਦੇ ਰਾਹ ਵਿਚ ਸ਼ਬਦ ਸਪਰਸ ਰੂਪ ਰਸ ਗੰਧ ਔਖੀਆਂ ਘਾਟੀਆਂ ਹਨ, ਗੁਣ ਤੇ ਵਿਚਾਰ ਹੀਣ ਮਨ ਚਲ ਨਹੀਂ ਸਕਦਾ।

ਪਦਾਰਥ = ਘਟ–ਰਸਤਾ।ਅਵਘਟ–ਔਖਾ।ਡੂਗਰ–ਪਹਾੜ ਦਾ।ਘਣਾ–ਬਹੁਤ।ਇਕੁ–ਇਕ (ਕਾਰਣ ਇਹ ਵੀ) ਹੈ।ਨਿਰਗੁਣੁ–ਬਲ ਰਹਿਤ; ਕਮਜੋਰ (ਮ.ਕੋ.); ਗੁਣਾਂ ਤੋਂ ਖਾਲੀ।ਬੈਲੁ–ਮਨ ਜਾਂ ਸਰੀਰ ਰੂਪ ਬਲਦ।ਹਮਾਰ–ਮੇਰਾ; ਸਾਡਾ।ਰਮਈਏ ਸਿਉ–ਵਾਹਿਗੁਰੂ ਕੋਲ।ਪੂੰਜੀ–ਨਾਮ ਰੂਪ ਪੂੰਜੀ।ਰਾਖੁ–ਰੱਖਿਆ ਕਰ।ਮੁਰਾਰਿ–ਵਾਹਿਗੁਰੂ।੧।ਕੋ–ਕੋਈ।ਬਨਜਾਰੋ–ਵਪਾਰੀ।ਟਾਂਡਾ–ਵਪਾਰ ਦੀ ਸਮੱਗ੍ਰੀ ਨਾਲ ਲੱਦਿਆ ਬਲਦਾਂ ਤੇ ਗੱਡਿਆਂ ਦਾ ਕਾਫਲਾ।ਲਾਦਿਆ ਜਾਇ–ਲੱਦਿਆ ਜਾਂਦਾ ਹੈ।ਰੇ–ਹੇ ਭਾਈ!।੧।ਰਹਾਉ।ਹਉ–ਮੈਂ।ਕੋ–ਦਾ ।ਸਹਜ–ਗਿਆਨ; ਤੁਰੀਆ ਪਦ; ਨਿਰ ਯਤਨ (ਸੁਭਾਵਕ)।ਕਰਉ–ਮੈਂ ਕਰਦਾ ਹਾਂ।ਬ੍ਯ੍ਯਾਪਾਰ–ਵਪਾਰ।ਬਿਖੁ–ਮਾਇਆ ਜਾਂ ਵਿਸ਼ੇ ਵਿਕਾਰਾਂ ਦੀ ਜਹਿਰ।ਲਾਦੀ–ਲੱਦੀ ਹੋਈ ਹੈ।ਸੰਸਾਰਿ–ਸੰਸਾਰੀ ਲੋਕਾਂ ਨੇ।੨।ਉਰਵਾਰ ਪਾਰ ਕੇ ਦਾਨੀਆ–ਲੋਕ ਪ੍ਰਲੋਕ ਦੇ (ਜੀਵਾਂ ਦੇ ਕਰਮ) ਜਾਨਣ ਵਾਲੇ ਹੇ ਚਿਤ੍ਰ ਗੁਪਤ!।ਆਲ ਪਤਾਲ–ਊਲ ਜਲੂਲ; ਸ਼ੁੱਭ ਅਸ਼ੁੱਭ (ਮੰਦਾ ਚੰਗਾ)।ਮੋਹਿ–ਮੈਨੂੰ।ਡੰਡੁ–ਡੰਨ; ਸਜਾ। ਤਜੀਲੇ–ਛਡ ਦਿਤੇ।ਸਰਬ–ਸਾਰੇ।ਜੰਜਾਲ–ਬੰਧਨ (ਫਸਾਉਣ ਵਾਲੇ ਧੰਦੇ)।੩।ਕਸੁੰਭ–ਗੂੜ੍ਹੇ ਲਾਲ ਰੰਗ ਦਾ ਫੁੱਲ, ਜੋ ਧੁੱਪ ਤੇ ਪਾਣੀ ਲੱਗਣ ਤੇ ਛੇਤੀ ਫਿੱਕਾ ਪੈ ਜਾਂਦਾ ਹੈ (ਮਾਇਕ ਪਦਾਰਥਾਂ ਦੇ ਭੋਗ ਕਸੁੰਭੇ ਫੁੱਲ ਵਾਂਗ ਛਿਨ ਭੰਗਰ ਹਨ)।ਮਜੀਠ–ਇਕ ਬੇਲ, ਜਿਸ ਦੀ ਡੰਡੀ ਵਿਚੋਂ ਪੱਕਾ ਲਾਲ ਰੰਗ ਨਿਕਲਦਾ ਹੈ (ਰੱਬ ਦੇ ਪ੍ਰੇਮ ਤੇ ਨਾਮ ਦਾ ਪੱਕਾ ਰੰਗ ਹੁੰਦਾ ਹੈ, ਜੋ ਉਤਰਦਾ ਨਹੀਂ)।੪।੧।

ਗਉੜੀ ਪੂਰਬੀ ਰਵਿਦਾਸ ਜੀਉ ੴ ਸਤਿਗੁਰ ਪ੍ਰਸਾਦਿ ॥ ਕੂਪੁ ਭਰਿਓ ਜੈਸੇ ਦਾਦਿਰਾ, ਕਛੁ ਦੇਸੁ ਬਿਦੇਸੁ ਨ ਬੂਝ ॥ ਐਸੇ ਮੇਰਾ ਮਨੁ ਬਿਖਿਆ ਬਿਮੋਹਿਆ, ਕਛੁ ਆਰਾ ਪਾਰੁ ਨ ਸੂਝ ॥੧॥ ਸਗਲ ਭਵਨ ਕੇ ਨਾਇਕਾ, ਇਕੁ ਛਿਨੁ ਦਰਸੁ ਦਿਖਾਇ ਜੀ ॥੧॥ਰਹਾਉ ॥ ਮਲਿਨ ਭਈ ਮਤਿ ਮਾਧਵਾ, ਤੇਰੀ ਗਤਿ ਲਖੀ ਨ ਜਾਇ ॥ ਕਰਹੁ ਕ੍ਰਿਪਾ ਭ੍ਰਮੁ ਚੂਕਈ, ਮੈ ਸੁਮਤਿ ਦੇਹੁ ਸਮਝਾਇ ॥੨॥ ਜੋਗੀਸਰ ਪਾਵਹਿ ਨਹੀ, ਤੁਅ ਗੁਣ ਕਥਨੁ ਅਪਾਰ ॥ ਪ੍ਰੇਮ ਭਗਤਿ ਕੈ ਕਾਰਣੈ, ਕਹੁ ਰਵਿਦਾਸ ਚਮਾਰ ॥੩॥੧॥ ਜਿਵੇਂ ਪਾਣੀ ਨਾਲ ਭਰਿਆ ਖੂਹ ਹੋਵੇ, (ਉਸ ਵਿਚ ਪਏ) ਡੱਡੂ ਨੂੰ ਕੁੱਛ ਪਤਾ ਹੀ ਨਹੀਂ (ਕਿ ਖੂਹ ਤੋਂ ਬਾਹਰ ਵੀ ਕੋਈ ਵੱਡਾ) ਦੇਸ ਵਿਦੇਸ਼ ਹੈ (ਵਿਸ਼ਿਆਂ ਦੇ ਪਾਣੀ ਨਾਲ ਭਰੇ ਸੰਸਾਰ ਰੂਪ ਖੂਹ ਵਿਚ ਰਹਿੰਦੇ ਜੀਵ ਰੂਪ ਡੱਡੂ ਨੂੰ ਪਤਾ ਹੀ ਨਹੀਂ ਕਿ ਵਿਸ਼ੇ ਸੁਖ ਤੋਂ ਪਰੇ ਵੀ ਕੋਈ ਸੱਚਾ ਸੁਖ ਹੈ)।ਇਸੇ

All Rights Reserved by Harjinder Singh Gyani | www.GuruGranthVakhyaan.org

ਤਰ੍ਹਾਂ ਮੇਰਾ ਮਨ ਵਿਸ਼ਿਆਂ ਦੇ ਖੂਹ ਵਿਚ ਚੰਗੀ ਤਰ੍ਹਾਂ ਮੋਹਿਆ ਹੋਇਆ ਹੈ, (ਇਸ ਮਨ ਨੂੰ) ਆਤਮਾ ਪ੍ਰਮਾਤਮਾ ਕੁਛ ਸੁਝਦਾ ਹੀ ਨਹੀਂ; ਪਤਾ ਹੀ ਨਹੀਂ ਕਿ ਬ੍ਰਹਮ ਸੱਤ ਹੈ ਤੇ ਜਗਤ ਮਿਥਿਆ ਹੈ।੧।ਹੇ ਸਾਰੇ ਖੰਡਾਂ ਬ੍ਰਹਮੰਡਾਂ ਦੇ ਮਾਲਕ! ਇਕ ਛਿਨ ਮਾਤ੍ਰ ਅਪਣਾ ਦਰਸ਼ਨ ਦਿਖਾ ਦਿਓ ਜੀ।੧।ਰਹਾਉ।ਹੇ ਪ੍ਰਭੂ! (ਵਿਸ਼ਿਆਂ ਵਿਚ ਫਸੀ ਹੋਣ ਕਰਕੇ) ਮੇਰੀ ਅਕਲ ਮੈਲੀ ਹੋਈ ਪਈ ਹੈ, (ਇਸ ਕਰਕੇ ਮੈਥੋਂ) ਤੇਰੀ ਹਾਲਤ ਜਾਣੀ ਨਹੀਂ ਜਾਂਦੀ।(ਮੇਰੇ ਤੇ) ਕ੍ਰਿਪਾ ਕਰੋ, (ਤਾਂ ਕਿ ਮੇਰਾ) ਭਰਮ ਦੂਰ ਹੋ ਜਾਵੇ ਅਤੇ ਮੈਨੂੰ ਚੰਗੀ ਮੱਤ ਸਮਝਾ ਦਿਓ। ੨।ਤੇਰੇ ਗੁਣਾਂ ਦਾ ਕਥਨ ਪਾਰ ਰਹਿਤ ਹੈ (ਬਿਆਨ ਨਹੀਂ ਕੀਤੇ ਜਾ ਸਕਦੇ), ਵੱਡੇ ਜੋਗੀ ਵੀ (ਤੇਰੇ ਗੁਣਾਂ ਦਾ ਅੰਤ) ਨਹੀਂ ਪਾ ਸਕਦੇ। (ਹੇ ਪ੍ਰਭੂ!) ਪ੍ਰੇਮਾ ਭਗਤੀ ਪ੍ਰਾਪਤ ਕਰਨ ਵਾਸਤੇ ਮੈਂ ਰਵਿਦਾਸ ਚਮਾਰ! (ਤੇਰਾ ਜਸ) ਕਹਿੰਦਾ ਹਾਂ (ਅੰਤ ਲੈਣ ਵਾਸਤੇ ਨਹੀਂ)।੩।੧।

ਪਦਾਰਥ = ਕੂਪੁ–ਖੂਹ।ਭਰਿਓ–ਭਰਿਆ ਹੋਇਆ।ਦਦਿਰਾ–ਡੱਡੂ।ਦੇਸੁ ਬਿਦੇਸੁ–ਲੋਕ ਪ੍ਰਲੋਕ।ਨ ਬੂਝ–ਸਮਝ ਨਹੀਂ; ਪਤਾ ਨਹੀਂ। ਐਸੇ–ਇਸੇ ਤਰ੍ਹਾਂ।ਬਿਖਿਆ–ਵਿਸ਼ਿਆਂ ਵਿਚ।ਬਿਮੋਹਿਆ–ਚੰਗੀ ਤਰ੍ਹਾਂ ਮੋਹਿਆ ਹੈ; ਫਸਿਆ ਹੈ।ਆਰਾ ਪਾਰੁ–ਆਤਮਾ ਪ੍ਰਮਾਤਮਾ ;ਉਰਾਰ ਤੇ ਪਾਰ; ਚੰਗਾ ਮੰਦਾ।ਸੂਝ–ਸੁਝਦਾ ਨਹੀਂ।੧।ਸਗਲ–ਸਾਰੇ।ਭਵਨ–ਖੰਡਾਂ ਬ੍ਰਹਮੰਡਾਂ ਦਾ; ਲੋਕਾਂ (ਇਦ੍ਰ ਲੋਕ ਸ਼ਿਵ ਲੋਕ ਆਦਿ) ਦਾ।ਨਾਇਕਾ–ਹੇ ਮਾਲਕ!।੧।ਰਹਾਉ।ਮਲਿਨ–ਮੈਲੀ।ਮਤਿ–ਅਕਲ।ਮਾਧਵਾ–ਹੇ ਪ੍ਰਭੂ!।ਗਤਿ–ਹਾਲਤ।ਲਖੀ ਨ ਜਾਇ–ਜਾਣੀ ਨਹੀਂ ਜਾਂਦੀ।ਭ੍ਰਮੁ–ਭਰਮ।ਚੂਕਈ–ਮੁੱਕ ਜਾਵੇ।ਮੈ–ਮੈਨੂੰ।ਸੁਮਤਿ–ਚੰਗੀ ਅਕਲ।੨।ਜੋਗੀਸਰ–ਵੱਡੇ ਜੋਗੀ ਨਾਥ ਆਦਿਕ। ਤੁਅ ਗੁਣ–ਤੇਰੇ ਗੁਣਾਂ ਦਾ। ਅਪਾਰੁ–ਪਾਰ ਰਹਿਤ; ਬੇਅੰਤ।ਕੈ ਕਾਰਨੈ–(ਪ੍ਰਾਪਤ) ਕਰਨ ਦੇ ਵਾਸਤੇ।੩।੧।

ਵਿਆਖਿਆ = ਆਮ ਕਹਾਵਤ ਹੈ ਕਿ ਖੂਹ ਦੇ ਡੱਡੂ ਨੂੰ ਮਾਨ ਸਰੋਵਰ ਦਾ ਕੀ ਪਤਾ? ਖੂਹ ਦੇ ਡੱਡੂ ਲਈ ਤਾਂ ਖੂਹ ਹੀ ਸਮੁੰਦਰ ਹੈ, ਉਸ ਨੂੰ ਖੂਹ ਤੋਂ ਬਾਹਰ ਦੀ ਦੁਨੀਆਂ ਦਾ ਪਤਾ ਨਹੀਂ।ਇਸੇ ਪ੍ਰਕਾਰ ਮਨੁੱਖ ਦਾ ਮਨ ਸਮਝਦਾ ਹੈ ਕਿ ਵਿਸ਼ਿਆਂ ਵਿਕਾਰਾਂ ਤੋਂ ਪਰੇ ਹੋਰ ਕੋਈ ਅਨੰਦ ਨਹੀਂ।ਪੰਜ ਗਿਆਨ ਇੰਦ੍ਰਿਆਂ ਰਾਹੀਂ ਪ੍ਰਾਪਤ ਹੋਣ ਵਾਲੇ ਗਿਆਨ ਤੋਂ ਪਰੇ ਆਤਮਕ ਤੇ ਬ੍ਰਹਮ ਗਿਆਨ ਦੀ ਮਨ ਨੂੰ ਸਮਝ ਨਹੀਂ।ਵਿਸ਼ਿਆਂ ਦੇ ਕਾਰਨ ਮਲੀਨ ਹੋਈ ਬੁੱਧੀ ਨੂੰ ਉਜਲ ਕਰਨ ਲਈ ਭਗਤ ਜੀ ਪ੍ਰਭੂ ਤੋਂ ਸੁਮੱਤ ਮੰਗਦੇ ਹਨ।ਤਾਂ ਕਿ ਪ੍ਰਭੂ ਤੋਂ ਪ੍ਰਾਪਤ ਹੋਈ ਸਮਝ ਨਾਲ ਭਰਮ ਦੂਰ ਹੋ ਜਾਵੇ ਅਤੇ ਉਸਦੇ ਦਰਸ਼ਨ ਹੋ ਜਾਣ।

ਗਉੜੀ ਬੈਰਾਗਣਿ ੴ ਸਤਿਗੁਰ ਪ੍ਰਸਾਦਿ ॥ ਸਤਜੁਗਿ ਸਤੁ ਤੇਤਾ ਜਗੀ, ਦੁਆਪਰਿ ਪੂਜਾ ਚਾਰ ॥ ਤੀਨੌ ਜੁਗ ਤੀਨੌ ਦਿੜੇ, ਕਲਿ ਕੇਵਲ ਨਾਮ ਅਧਾਰ ॥੧॥ ਪਾਰੁ ਕੈਸੇ ਪਾਇਬੋ ਰੇ ॥ ਮੋ ਸਉ ਕੋਊ ਨ ਕਹੈ ਸਮਝਾਇ ॥ ਜਾ ਤੇ ਆਵਾਗਵਨੁ ਬਿਲਾਇ ॥੧॥ਰਹਾਉ॥ ਬਹੁ ਬਿਧਿ ਧਰਮ ਨਿਰੂਪੀਐ, ਕਰਤਾ ਦੀਸੈ ਸਭ ਲੋਇ ॥ ਕਵਨ ਕਰਮ ਤੇ ਛੂਟੀਐ, ਜਿਹ ਸਾਧੇ ਸਭ ਸਿਧਿ ਹੋਇ ॥੨॥ ਕਰਮ ਅਕਰਮ ਬੀਚਾਰੀਐ, ਸੰਕਾ ਸੁਨਿ ਬੇਦ ਪੁਰਾਨ ॥ ਸੰਸਾ ਸਦ ਹਿਰਦੈ ਬਸੈ, ਕਉਨੁ ਹਿਰੈ ਅਭਿਮਾਨੁ ॥੩॥ (ਹਿੰਦੂ ਸ਼ਾਸਤ੍ਰਾਂ ਅਨੁਸਾਰ) ਸਤਜੁਗ ਵਿਚ ਸੱਚ ਬੋਲਣਾ ਧਰਮ ਜਾਣਿਆ ਜਾਂਦਾ ਸੀ, ਤ੍ਰੇਤੇ ਵਿਚ ਜੱਗ ਕਰਨੇ ਤੇ ਦੁਆਪਰ ਵਿਚ ਦੇਵਤਿਆਂ ਦੀ ਪੂਜਾ ਆਦਿਕ ਕਰਮਾਂ ਨੂੰ ਧਰਮ ਜਾਣਿਆ ਜਾਂਦਾ ਸੀ।ਤਿੰਨੇ ਜੁਗਾਂ ਵਿਚ ਇਹ ਤਿੰਨ ਕਰਮ ਪ੍ਰਚਲਤ ਸਨ; (ਸ਼ਾਸਤ੍ਰਾਂ ਨੇ) ਤਿੰਨੇ ਜੁੱਗਾਂ ਵਿਚ ਇਹ ਤਿੰਨ ਕਰਮ ਦ੍ਰਿੜ ਕਰਵਾਏ, ਪਰ ਕਲਜੁਗ ਵਿਚ (ਮੁਕਤੀ ਪ੍ਰਾਪਤ ਕਰਨ ਵਾਸਤੇ) ਕੇਵਲ ਹਰੀ ਦੇ ਨਾਮ ਦਾ ਹੀ ਆਸਰਾ ਹੈ।੧।ਹੇ ਭਾਈ! (ਸ਼ਾਸਤ੍ਰਾਂ ਦੇ ਦੱਸੇ ਕਰਮ ਕਰਕੇ ਸੰਸਾਰ ਸਮੁੰਦਰ ਦਾ) ਪਾਰਲਾ ਪਾਸਾ ਕਿਵੇਂ ਪ੍ਰਾਪਤ ਕਰੋਗੇ ਭਾਵ ਪਾਰ ਕਿਵੇਂ ਹੋਵੋਗੇ? (ਇਹ ਗੱਲ) ਮੈਨੂੰ ਕੋਈ ਵੀ ਸਮਝਾ ਕੇ ਨਹੀਂ ਦਸਦਾ।ਜਿਸ ਨਾਲ ਜਨਮ ਮਰਨ ਮਿਟ ਜਾਵੇ।੧।ਰਹਾਉ।(ਸ਼ਾਸਤ੍ਰਾਂ ਅਨੁਸਾਰ) ਧਰਮ ਕਰਮ ਦਾ ਬਹੁਤ ਤਰ੍ਹਾਂ ਨਾਲ ਨਿਰਨਾ ਕਰਕੇ ਦੱਸਿਆ ਗਿਆ ਹੈ ਅਤੇ ਸਾਰਾ ਜਗਤ (ਇਹ ਧਾਰਮਕ ਕਰਮ) ਕਰਦਾ ਦਿਸ ਵੀ ਰਿਹਾ ਹੈ।(ਪਰ ਉਹ) ਕਿਹੜੇ ਕਰਮ ਹਨ, ਜਿਨ੍ਹਾਂ ਦੇ ਕਰਨ ਨਾਲ (ਜਨਮ ਮਰਨ ਤੋਂ) ਛੁਟ ਜਾਈਏ ਤੇ ਜਿਨ੍ਹਾਂ ਦੇ ਸਾਧਿਆਂ ਸਾਰੀ ਸਫਲਤਾ ਪ੍ਰਾਪਤ ਹੋਵੇ; (ਕਰਮ ਕਰਨ ਦਾ ਜੋ ਮਨੋਰਥ ਹੈ, ਉਹ) ਸਫਲ ਹੋ ਜਾਵੇ।੨।ਬੇਦ ਪੁਰਾਣਾਂ ਵਿਚ ਦੱਸੇ ਕਰਮ ਸੁਣ ਕੇ ਜੇ ਵਿਚਾਰੀਏ ਕਿ ਕਿਹੜਾ ਕਰਮ ਕਰਨ ਯੋਗ ਹੈ ਤੇ ਕਿਹੜਾ ਨਾ ਕਰਨੇ ਯੋਗ ਹੈ, ਤਾਂ ਸ਼ੰਕਾ ਪੈਦਾ ਹੁੰਦਾ ਹੈ।ਇਹ ਸ਼ੰਕਾ ਸਦਾ ਹਿਰਦੇ ਵਿਚ ਬਸਿਆ ਰਹਿੰਦਾ ਹੈ, (ਫਿਰ ਦੱਸੋ ਕਰਮ ਕੀਤਿਆਂ ਜੋ) ਹੰਕਾਰ ਪੈਦਾ ਹੁੰਦਾ ਹੈ, ਉਸ ਨੂੰ ਕੌਣ ਦੂਰ ਕਰੇਗਾ?।੩।

ਪਦਾਰਥ = ਸਤੁ–ਸੱਚ; ਦਾਨ।ਤੇਤਾ–ਤ੍ਰੇਤਾ ਜੁਗ।ਜਗੀ (ਜੱਗੀ ਬੋਲੋ)–ਜੱਗ ਕਰਨੇ।ਪੂਜਾ ਚਾਰ–(ਦੇਵਤਿਆਂ ਦੀ) ਪੂਜਾ ਆਦਿ ਕਰਮ ।ਦਿੜੇ–ਪ੍ਰਚਲਤ ਸਨ।ਕਲਿ–ਕਲਜੁਗ।ਅਧਾਰ–ਆਸਰਾ।੧।ਪਾਰੁ–ਪਾਰਲਾ ਪਾਸਾ।ਪਾਇਬੋ–ਪਾਵੋਂਗੇ।ਰੇ–ਹੇ ਭਾਈ!।ਮੋ ਸਉ–ਮੈਨੂੰ ।ਕੋਊ–ਕੋਈ (ਵੀ ਕਰਮ ਕਾਂਡੀ ਮਨੁੱਖ)।ਜਾ ਤੇ–ਜਿਸ ਨਾਲ।ਆਵਾ ਗਵਨ–ਜਨਮ ਮਰਨ ਦਾ ਚੱਕ੍ਰ।ਬਿਲਾਇ–ਮਿਟ ਜਾਵੇ।੧।ਰਹਾਉ ।ਬਹੁ ਬਿਧਿ–ਬਹੁਤ ਤਰ੍ਹਾਂ ਦੇ।ਧਰਮ–(ਸ਼ਾਸਤ੍ਰ ਅਨੁਸਾਰ ਵਰਣ ਆਸ਼੍ਰਮ ਦੇ ਵੱਖ ਵੱਖ) ਧਾਰਮਕ ਕਰਮ।ਨਿਰੂਪੀਐ–ਨਿਰਣਾ ਕਰਕੇ

ਦੱਸਿਆ ਹੈ। ਕਰਤਾ ਦੀਸੈ–(ਧਾਰਮਕ ਕਰਮ) ਕਰਦਾ ਦਿਸਦਾ ਹੈ। ਸਭ ਲੋਇ–ਸਾਰਾ ਜਗਤ। ਕਵਨ–ਕਿਹੜਾ। ਤੇ–ਤੋਂ; ਨਾਲ। ਛੂਟੀਐ –ਛੁਟ ਜਾਈਏ। ਜਿਹ ਸਾਧੇ–ਜਿਸ (ਕਰਮ) ਦੇ ਸਾਧਣ (ਕਰਨ) ਨਾਲ। ਸਿਧਿ–(ਮਨੋਰਥ ਦੀ) ਸਫਲਤਾ।੨। ਕਰਮ–(ਸ਼ਾਸਤ੍ਰਾਂ ਦੇ) ਨੀਯਤ ਕੀਤੇ ਕਰਮ। ਅਕਰਮ–(ਸ਼ਾਸਤ੍ਰਾਂ ਵੱਲੋਂ ਮਨ੍ਹਾਂ ਕੀਤੇ) ਕਰਮ। ਸੰਸਾ–ਸ਼ੰਕਾ। ਸਦ–ਸਦਾ। ਹਿਰੈ–ਦੂਰ ਕਰੇ।੩।

ਬਾਹਰੁ ਉਦਕਿ ਪਖਾਰੀਐ, ਘਟ ਭੀਤਰਿ ਬਿਬਿਧ ਬਿਕਾਰ ॥ ਸੁਧ ਕਵਨ ਪਰ ਹੋਇਬੋ, ਸੁਚ ਕੁੰਚਰ ਬਿਧਿ ਬਿਉਹਾਰ ॥੪॥ ਰਵਿ ਪ੍ਰਗਾਸ ਰਜਨੀ ਜਥਾ ਗਤਿ, ਜਾਨਤ ਸਭ ਸੰਸਾਰ ॥ ਪਾਰਸ ਮਾਨੋ ਤਾਬੋ ਛੁਏ, ਕਨਕ ਹੋਤ ਨਹੀ ਬਾਰ ॥੫॥ ਪਰਮ ਪਰਸ ਗੁਰੁ ਭੇਟੀਐ ,ਪੂਰਬ ਲਿਖਤ ਲਿਲਾਟ ॥ ਉਨਮਨ ਮਨ ਮਨ ਹੀ ਮਿਲੇ, ਛੁਟਕਤ ਬਜਰ ਕਪਾਟ ॥੬॥ ਭਗਤਿ ਜੁਗਤਿ ਮਤਿ ਸਤਿ ਕਰੀ, ਭ੍ਰਮ ਬੰਧਨ ਕਾਟਿ ਬਿਕਾਰ ॥ ਸੋਈ ਬਸਿ ਰਸਿ ਮਨ ਮਿਲੇ, ਗੁਨ ਨਿਰਗੁਨ ਏਕ ਬਿਚਾਰ ॥੭॥ ਅਨਿਕ ਜਤਨ ਨਿਗ੍ਰਹ ਕੀਏ, ਟਾਰੀ ਨ ਟਰੈ ਭ੍ਰਮ ਫਾਸ ॥ ਪ੍ਰੇਮ ਭਗਤਿ ਨਹੀ ਊਪਜੈ, ਤਾ ਤੇ ਰਵਿਦਾਸ ਉਦਾਸ ॥੮॥੧॥ (ਸਰੀਰਕ ਇਸ਼ਨਾਨ ਧਾਰਮਕ ਕਰਮ ਗਿਣਿਆ ਜਾਂਦਾ ਹੈ, ਸਰੀਰ ਨੂੰ) ਬਾਹਰ ਤੋਂ (ਬੇਸ਼ਕ) ਧੋ ਲਈਏ, ਪਰ ਹਿਰਦੇ ਅੰਦਰ ਕਈ ਪ੍ਰਕਾਰ ਦੇ ਵਿਕਾਰ ਭਰੇ ਪਏ ਹਨ। (ਫਿਰ ਇਹ ਸਰੀਰ) ਸ਼ੁੱਧ ਚੰਗੀ ਤਰ੍ਹਾਂ ਕਿਵੇਂ ਹੋਵੇਗਾ? ਇਹ ਸੁੱਚ ਵਿਹਾਰ ਤਾਂ ਹਾਥੀ ਦੇ ਨਹਾਉਣ ਵਾਂਗ ਹੈ (ਜੋ ਨਹਾ ਕੇ ਉਪਰ ਮਿੱਟੀ ਪਾ ਲੈਂਦਾ ਹੈ)।੪। ਜਿਵੇਂ ਸੂਰਜ ਦੇ ਚੜ੍ਹਨ ਨਾਲ ਰਾਤ ਨਾਸ ਹੋ ਜਾਂਦੀ ਹੈ, (ਇਹ ਗਲ) ਸਾਰਾ ਸੰਸਾਰ ਜਾਣਦਾ ਹੈ। (ਅਤੇ) ਜਾਣ ਲਵੋ ਕਿ ਪਾਰਸ ਨਾਲ ਤਾਂਬਾ ਛੋਹ ਜਾਵੇ, ਤਾਂ ਸੋਨਾ ਹੁੰਦਿਆਂ ਦੇਰ ਨਹੀਂ ਲਗਦੀ।੫। (ਤਿਵੇਂ ਜਦ) ਮੱਥੇ ਤੇ ਪਿਛਲੇ (ਕਰਮਾਂ ਦੇ) ਲਿਖੇ ਲੇਖ ਅਨੁਸਾਰ ਪਰਮ ਪਾਰਸ ਗੁਰੂ ਨੂੰ ਮਿਲੀਦਾ ਹੈ। ਤਾਂ ਮਨ ਦੇ ਅੱਗੇ ਅਗਿਆਨ ਦੇ ਪੱਥਰ ਵਰਗੇ ਕਰੜੇ {ਆਸਾ ਅੰਦੇਸਾ ਦੁਇ ਪਟ ਜੜੇ ੮੭੭} ਦਰਵਾਜੇ ਖੁੱਲ੍ਹ ਜਾਂਦੇ ਹਨ ਤੇ ਸੰਸਾਰੀ ਮਨ ਉਚਾ ਹੋ ਕੇ ਆਤਮਾ (ਜਾਂ ਉਤਮ ਮਨ) ਵਿਚ ਮਿਲ ਜਾਂਦਾ ਹੈ।੬। (ਜਿਸ ਪ੍ਰੇਮੀ ਨੇ) ਭਗਤੀ ਦੀ ਜੁਗਤੀ ਨਾਲ ਮੱਤ ਵਿਚ ਸੱਚ ਧਾਰਨ ਕਰ ਲਿਆ, (ਉਸਦੇ) ਭਰਮ ਤੇ ਵਿਕਾਰਾਂ ਦੇ ਬੰਧਨ ਕੱਟੇ ਗਏ। (ਫਿਰ) ਉਹ ਪੁਰਖ ਮਨ ਵਸ ਕਰਕੇ ਨਾਮ ਰਸ ਰਾਹੀਂ ਪ੍ਰਭੂ ਨੂੰ ਮਿਲ ਪੈਂਦਾ ਹੈ ਅਤੇ ਸਰਗੁਣ ਤੇ ਨਿਰਗੁਣ (ਪ੍ਰਭੂ) ਨੂੰ ਇਕ ਬਰਾਬਰ ਵਿਚਾਰਦਾ ਹੈ।੭। (ਸ਼ਾਸਤ੍ਰਾਂ ਦੇ ਦੱਸੇ ਕਰਮ ਕਾਂਡ ਨਾਲ) ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਰੋਕਣ ਦੇ ਅਨੇਕਾਂ ਜਤਨ ਕੀਤੇ, (ਪਰ) ਭਰਮ ਦੀ ਫਾਂਸੀ ਟਾਲੀ ਹੋਈ ਟਲਦੀ ਨਹੀਂ (ਹਟਾਈ ਨਹੀਂ ਹਟਦੀ। ਕਰਮ ਕਾਂਡ ਨਾਲ) ਪ੍ਰੇਮਾ ਭਗਤੀ ਪੈਦਾ ਨਹੀਂ ਹੁੰਦੀ, ਇਸ ਕਰਕੇ ਰਵਿਦਾਸ (ਇਸ ਤਰ੍ਹਾਂ ਦੇ ਕਰਮ ਕਾਂਡ ਤੋਂ) ਉਦਾਸ ਹੈ (ਕਰਮ ਕਾਂਡ ਦਾ ਤਿਆਗੀ ਤੇ ਪ੍ਰਭੂ ਦਾ ਭਗਤ ਬਣ ਗਿਆ ਹੈ)।੮।੧।

ਪਦਾਰਥ = ਬਾਹਰਿ–ਬਾਹਰੋਂ। ਉਦਕਿ–ਪਾਣੀ ਨਾਲ। ਪਖਾਰੀਐ–ਧੋ ਲਈਏ। ਘਟ ਭੀਤਰਿ–ਹਿਰਦੇ ਅੰਦਰ। ਬਿਬਿਧਿ–ਕਈ ਕਿਸਮ ਦੇ। ਸੁਧ–ਸ਼ੁੱਧ; ਪਵਿਤ੍ਰ। ਕਵਨ–ਕਿਵੇਂ। ਪਰ–ਚੰਗੀ ਤਰ੍ਹਾਂ; ਲੇਕਿਨ। ਹੋਇਬੋ–ਹੋਵੇਗਾ। ਸੁਚ–ਸੁੱਚਮਤਾ। ਕੁੰਚਰ ਬਿਧਿ–ਹਾਥੀ (ਦੇ ਤਰੀਕੇ) ਵਾਂਗ। ਬਿਉਹਾਰ–ਵਿਹਾਰ; ਕੰਮ।੪। ਰਵਿ–ਸੂਰਜ। ਰਜਨੀ–ਰਾਤ। ਜਥਾ–ਜਿਵੇਂ। ਗਤਿ–ਨਾਸ਼ ਹੁੰਦੀ ਹੈ। ਮਾਨੋ–ਜਾਣੋ। ਤਾਬੋ–ਤਾਂਬਾ। ਛੁਏ–ਛੋਹ ਜਾਵੇ। ਕਨਕ–ਸੋਨਾ। ਹੋਤ–ਹੁੰਦਿਆਂ। ਬਾਰ–ਦੇਰ।੫। ਪਰਮ–ਉਤਮ। ਪਾਰਸ–ਤਾਂਬੇ ਤੇ ਲੋਹੇ ਨੂੰ ਸੋਨਾ ਬਣਾਉਣ ਵਾਲਾ ਪੱਥਰ। ਭੇਟੀਐ–ਮਿਲੀਏ। ਪੂਰਬ ਲਿਖਤ–ਪਿਛਲੇ ਕਰਮਾਂ ਦੀ ਲਿਖਤ। ਲਿਲਾਟ–ਮੱਥੇ ਉਤੇ। ਉਨਮਨ–ਉਲਟ ਕੇ; ਉਚਾ ਹੋ ਕੇ। ਮਨ ਮਨ ਹੀ ਮਿਲੇ–ਸੰਸਾਰੀ ਮਨ ਉਚੇ ਮਨ ਵਿਚ ਜਾ ਮਿਲਦਾ ਹੈ (ਨੀਵਾਂ ਮਨ ਉਚਾ ਹੋ ਕੇ ਆਤਮਾ ਵਿਚ ਮਿਲ ਜਾਂਦਾ ਹੈ)। ਛੁਟਕਤ–ਛੁਟ (ਖੁਲ੍ਹ) ਜਾਂਦੇ ਹਨ। ਬਜਰ–ਪੱਥਰ ਵਰਗੇ ਕਰੜੇ। ਕਪਾਟ–ਦਰਵਾਜੇ (ਅਗਿਆਨ ਦੇ ਪੜਦੇ)।੬। ਜੁਗਤਿ–ਤਰੀਕਾ; ਸਾਧਨ। ਮਤਿ–ਬੁੱਧੀ; ਅਕਲ। ਸਤਿ ਕਰੀ–ਸੱਚ ਧਾਰਣ ਕਰ ਲਿਆ। ਸੋਈ–ਉਹ। ਬਸਿ–ਵਸ ਕਰਕੇ। ਰਸਿ–(ਨਾਮ) ਰਸ ਰਾਹੀਂ। ਗੁਨ ਨਿਰਗੁਨ–ਗੁਣਾਂ ਵਾਲਾ (ਸਰਗੁਨ ਤੇ ਮਾਇਆ ਦੇ ਤਿੰਨ) ਗੁਣਾਂ ਤੋਂ ਰਹਿਤ ਪ੍ਰਭੂ।੭। ਨਿਗ੍ਰਹ–(ਮਨ ਨੂੰ) ਵਿਕਾਰਾਂ ਵੱਲੋਂ ਰੋਕਣ ਦੇ। ਟਾਰੀ ਨ ਟਰੈ–ਹਟਾਈ ਹਟਦੀ ਨਹੀਂ। ਭ੍ਰਮ ਫਾਸ–ਭਰਮ ਦੀ ਫਾਹੀ। ਤਾ ਤੇ–ਇਸ ਲਈ। ਉਦਾਸ–ਉਪਰਾਮ; ਤਿਆਗੀ।੮।੧।

ਵਿਆਖਿਆ = ੧. ਹਰੇਕ ਜੁਗ ਵਿਚ ਨਾਮ ਸਿਮਰਨ ਦੁਆਰਾ ਹੀ ਮੁਕਤੀ ਮਿਲਦੀ ਰਹੀ ਹੈ, ਪਰ ਮਨੁੱਖ ਦੀ ਅਪਣੀ ਪ੍ਰਵਿਰਤੀ ਨੇ ਮੰਨ ਲਿਆ ਕਿ ਸਤਜੁਗ ਵਿਚ ਸੱਚ, ਤ੍ਰੇਤੇ ਵਿਚ ਜੱਗਾਂ ਦੁਆਰਾ, ਦੁਆਪਰ ਵਿਚ ਦੇਵਤਿਆਂ ਦੀ ਪੂਜਾ ਕਰਨ ਨਾਲ ਮੁਕਤੀ ਮਿਲਦੀ ਸੀ। ਅਤੇ ਕਲਜੁਗ ਵਿਚ ਨਾਮ ਦੇ ਆਸਰੇ ਮੁਕਤੀ ਮਿਲਦੀ ਹੈ। ਕਰਮ ਕਾਂਡੀਆਂ ਨੇ ਹਰੇਕ ਜੁਗ ਦਾ ਵੱਖਰਾ ਵਖਰਾ ਧਰਮ ਮਿਥ ਲਿਆ, ਭਗਤ ਜੀ ਰਹਾਉ ਵਾਲੀ ਤੁਕ ਵਿਚ ਪੁੱਛਦੇ ਹਨ ਕਿ ਸ਼ਾਸਤ੍ਰ ਤੇ ਸਿਮ੍ਰਿਤੀਆਂ ਦੇ ਦੱਸੇ ਕਰਮ ਕਰਕੇ ਤੁਸੀਂ ਅਪਣਾ ਜਨਮ ਮਰਣ ਕਿਵੇਂ ਮੇਟ ਸਕੋਗੇ? ਕਲਜੁਗ ਵਿਚ ਤਾਂ ਨਾਮ ਦੇ ਆਸਰੇ ਮੁਕਤੀ ਮਿਲਦੀ ਤੁਸੀਂ ਦਸਦੇ ਹੋ, ਤਾਂ ਫਿਰ ਹੁਣ ਦੂਜੇ ਜੁਗਾਂ ਵਾਲੇ ਕਰਮ ਕਿਉਂ ਕਰਦੇ ਹੋ? ਅੰਕ ੨ = ਵੱਖ ਵੱਖ ਵਰਣ ਆਸ਼੍ਰਮਾਂ ਦੇ ਲੋਕਾਂ ਲਈ ਵੱਖ ਵੱਖ ਤਰ੍ਹਾਂ ਦੇ ਕਰਮ ਧਰਮ ਦਾ ਵਿਧਾਨ ਹੈ। ਸਾਰਾ ਜਗਤ ਇਹ

All Rights Reserved by Harjinder Singh Gyani | www.GuruGranthVakhyaan.org

ਕਰਮ ਕਰਦਾ ਵੀ ਹੈ {ਜੋਗ ਸਬਦੰ ਗਿਆਨ ਸਬਦੰ, ਬੇਦ ਸਬਦੰ ਬ੍ਰਾਹਮਣਹ।ਖਤ੍ਰੀ ਸਬਦੰ ਸੂਰ ਸਬਦੰ, ਸੂਦ੍ਰ ਸਬਦੰ ਪਰਾ ਕ੍ਰਿਤਹ ੪੬੯}।ਅੰਕ ੩ = ਜਿਹੜਾ ਕਰਮ ਇਕ ਜਾਤੀ ਦੇ ਮਨੁਖ ਕਈ ਯੋਗ ਹੈ, ਓਹੀ ਕਰਮ ਦੂਜੀ ਜਾਤੀ ਦੇ ਮਨੁੱਖ ਲਈ ਮਨ੍ਹਾ ਹੈ।ਵੇਦਾਂ ਸ਼ਾਸਤ੍ਰਾਂ ਵਿਚ ਇਸ ਤਰ੍ਹਾਂ ਦੇ ਕਰਮਾਂ ਦੀ ਵਿਧੀ ਪੜ੍ਹ ਕੇ ਮਨ ਵਿਚ ਸ਼ੰਕਾ ਪੈਦਾ ਹੁੰਦੀ ਹੈ।ਜਦ ਕਰਮ ਕਾਂਡ ਦਾ ਅਜੇਹਾ ਸ਼ੰਕਾ ਹਿਰਦੇ ਵਿਚ ਬਸਿਆ ਰਿਹਾ, ਤਾਂ ਕਰਮ ਕਰਨ ਤੇ ਜੋ ਅਭਿਮਾਨ ਪੈਦਾ ਹੁੰਦਾ ਹੈ, ਉਹ ਕਿਵੇਂ ਦੂਰ ਹੋਵੇਗਾ? ਅੰਕ ੪ = ਹਾਥੀ ਦੇ ਨਹਾਉਣ ਵਾਂਗ ਮਨੁੱਖ ਸ਼ੁੱਭ ਕਰਮ ਕਰਕੇ ਫਿਰ ਹੰਕਾਰ ਰੂਪ ਮਿਟੀ ਪਾ ਲੈਂਦਾ ਹੈ।ਇਕ ਪਾਪ ਉਤਾਰ ਕੇ ਅਨੇਕਾਂ ਹੋਰ ਪਾਪ ਚੜ੍ਹਾ ਲੈਂਦਾ ਹੈ {ਪਾਪ ਕਰਹਿ ਪੰਚਾਂ ਕੇ ਬਸਿ ਰੇ।ਤੀਰਥਿ ਨਾਇ ਕਹਹਿ ਸਭਿ ਉਤਰੇ।ਬਹੁਰਿ ਕਮਾਵਹਿ ਹੋਇ ਨਿਸੰਕ।ਜਮ ਪੁਰਿ ਬਾਂਧਿ ਖਰੇ ਕਾਲੰਕ ੧੩੪੮}।ਪਹਿਲੇ ਚਾਰ ਪਦਿਆਂ ਵਿਚ ਵੇਦ ਸ਼ਾਸਤ੍ਰਾਂ ਦੇ ਦ੍ਰਿੜ ਕਰਾਏ ਕਰਮ ਕਾਂਡ ਦਾ ਹੀ ਵਰਨਣ ਕਰਦੇ ਹਨ।ਫਿਰ ਅੱਗੇ ਭਗਤ ਜੀ ਅਪਣਾ ਭਗਤੀ ਮੱਤ ਬਿਆਨ ਕਰਦੇ ਹਨ।ਅੰਕ ੫ = ਗਿਆਨ ਰੂਪ ਸੂਰਜ ਦੇ ਪ੍ਰਕਾਸ਼ਨ ਨਾਲ ਅਗਿਆਨਤਾ ਦਾ ਹਨ੍ਹੇਰਾ ਮਿਟ ਜਾਂਦਾ ਹੈ।ਗੁਰੂ ਦਾ ਉਪਦੇਸ਼ ਮਨ ਵਿਚ ਵਸਾਇਆਂ ਗੁਰੂ ਰੂਪ ਹੁੰਦਿਆਂ ਦੇਰ ਨਹੀਂ ਲਗਦੀ।ਅੰਕ ੬ = ਪਾਰਸ ਤਾਂਬੇ ਤੇ ਲੋਹੇ ਨੂੰ ਸੋਨਾ ਤਾਂ ਬਣਾ ਦੇਂਦਾ ਹੈ, ਪਰ ਪਾਰਸ ਨਹੀਂ ਬਣਾ ਸਕਦਾ।ਸਾਰੇ ਪਾਰਸਾਂ ਵਿਚੋਂ ਗੁਰੂ ਵੱਡਾ ਪਾਰਸ ਹੈ, ਜੋ ਸਿੱਖ ਨੂੰ ਅਪਣੇ ਵਰਗਾ ਬਣਾ ਦੇਂਦਾ ਹੈ।ਅੰਕ ੭ = ਗੁਰੂ ਦੀ ਉਪਦੇਸ਼ ਰੂਪ ਛੋਹ ਪ੍ਰਾਪਤ ਕਰਕੇ ਵੇਦਾਂ ਸ਼ਾਸਤ੍ਰਾਂ ਦੀ ਵਿਚਾਰ ਨਾਲ ਪੈਦਾ ਹੋਏ ਸੰਸੇ ਮੁੱਕ ਜਾਂਦੇ ਹਨ, ਇਉਂ ਮਨੁੱਖ ਪ੍ਰਭੂ ਨੂੰ ਮਿਲ ਪੈਂਦਾ ਹੈ।ਅੰਕ ੮ = ਭਗਤ ਜੀ ਦਸਦੇ ਹਨ ਕਿ ਮੈਂ ਸ਼ਾਸਤ੍ਰਾਂ ਦੇ ਦੱਸੇ ਕਰਮ ਕਰਨੇ ਛਡ ਦਿਤੇ ਹਨ ਤੇ ਕਰਮ ਕਾਂਡ ਪ੍ਰੇਮਾ ਭਗਤ ਪੈਦਾ ਨਹੀਂ ਹੋਣ ਦੇਂਦਾ।ਸਿੱਟਾ ਇਹ ਹੈ ਕਿ ਨਾਮ ਜਪਣ ਨਾਲ ਹੀ ਮਨੁੱਖ ਮੁਕਤ ਹੁੰਦਾ ਹੈ।

ਗਉੜੀ ਰਾਗ ਵਿਚ ਕਬੀਰ ਸਾਹਿਬ ਦੇ ਸ਼ਬਦ = ੭੪

ਬਾਵਨ ਅੱਖਰੀ ਦੇ ਸਲੋਕ = ੪੫

ਪੰਦਰਾਂ ਥਿੱਤਾਂ ਦੇ ਸਲੋਕ = ੧੬

ਸੱਤ ਵਾਰਾਂ ਦੇ ਸਲੋਕ = ੮

ਨਾਮ ਦੇਵ ਜੀ ਦਾ ਸ਼ਬਦ = ੧

ਰਵਿਦਾਸ ਜੀ ਦੇ ਸ਼ਬਦ = ੫

ਗਉੜੀ ਰਾਗ ਵਿਚ ਭਗਤਾਂ ਦੇ ਕੁਲ ਸ਼ਬਦ = ੧੪੯

ਗੁਰੂ ਮਹਾਰਾਜ ਜੀ ਦੀ ਅਪਾਰ ਕਿਰਪਾ ਦਾ ਸਦਕਾ ਰਾਗ ਗਉੜੀ ਦੀ ਵਿਆਖਿਆ ਸੰਪੂਰਨ ਹੋਈ ਹੈ।

ਅਰਦਾਸ = ਹੇ ਸੱਚੇ ਪਾਤਸ਼ਾਹ! ਆਪ ਜੀ ਨੇ ਬਲ ਤੇ ਬੁੱਧੀ ਬਖਸ਼ ਕੇ ਇਹ ਵਿਆਖਿਆ ਲਿਖਵਾਈ ਹੈ।ਆਪ ਜੀ ਦਾ ਕੋਟਾਨ ਕੋਟ ਸ਼ੁਕਰ ਹੈ, ਇਸੇ ਪ੍ਰਕਾਰ ਅੱਗੇ ਵੀ ਮੇਹਰ ਕਰਕੇ ਗੁਰਬਾਣੀ ਦੀ ਵਿਚਾਰ ਲਿਖਵਾ ਲੈਣੀ ਜੀ।

ਟੀਕਾਕਾਰ ਦਾਸਨਿਦਾਸ = ਹਰਜਿੰਦਰ ਸਿੰਘ ਗਿਆਨੀ

www.gurugranthvakhyaan.org

All Rights Reserved by Harjinder Singh Gyani | www.GuruGranthVakhyaan.org